ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 26 May, 2025) ਪਟਿਆਲਾ ਸੋਮਵਾਰ, 26 ਮਈ, 2025, 13 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 144 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਲਈ ਜ਼ਿਮਨੀ ਚੋਣ ਦਾ ਐਲਾਨ

ਚੰਡੀਗੜ੍ਹ, 25 ਮਈ (ਚੜ੍ਹਦੀਕਲਾ ਬਿਊਰੋ) : ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੀ 64-ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਲਈ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਲਈ ਜਾਰੀ ਕੀਤੇ ਗਏ ਪ੍ਰੋਗਰਾਮ ਮੁਤਾਬਕ 26 ਮਈ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।



# ਗੁਰੂ ਗੋਬਿੰਦ ਸਿੰਘ ਜੀ ਦਾ ਪੂਰਬਲਾ ਤਪ-ਅਸਥਾਨ ਸਥਾਨ: ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ

**ਕਰਨੈਲ ਸਿੰਘ ਐਮ.ਏ.**
**ਲੁਧਿਆਣਾ**

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੇਮਕੁੰਟ, ਹੇਮਕੁੰਡ ਅਤੇ ਹੇਮਕੂਟ ਦਾ ਸ਼ਾਬਦਿਕ ਅਰਥ ਹੈ ਹਿਮਾਲਿਆ ਦੀ ਧਾਰਾ ਵਿੱਚ ਇੰਦ੍ਰਦਯੁਮਨਸਰ ਕੋਲ ਹੇਮਕੂਟ ਪਰਬਤ ਹੈ ਜਿਸ ਦਾ ਜ਼ਿਕਰ ਮਹਾਂਭਾਰਤ ਦੇ ਆਦਿ ਪਰਬ ਦੇ 119ਵੇਂ ਅਧਿਆਏ ਵਿੱਚ ਆਇਆ ਹੈ। 'ਇੰਦ੍ਰਦਯੁਮਨਸਰ ਪ੍ਰਾਪਯ ਹੇਮਕੂਟ ਮਤੀਤਯਚ' ਪਟਨੇ ਦੇ ਜ਼ਿਲ੍ਹੇ ਰਾਜਗਿਰੀ ਦੇ ਪੰਜ ਪਹਾੜਾਂ 'ਚੋਂ 'ਰਤਨਗਿਰਿ' ਦਾ ਨਾਂ ਵੀ ਹੇਮਕੂਟ ਹੈ। ਦਸਮ ਗ੍ਰੰਥ ਵਿੱਚ ਵੀ ਹੇਮਕੁੰਟ ਬਾਰੇ ਜ਼ਿਕਰ ਹੈ।

ਹੇਮਕੁੰਟ ਪਰਬਤ ਹੈ ਜਹਾਂ॥
ਸਪਤ ਸਿਰਿੰਗ ਸੋਭਿਤ ਹੈ ਤਹਾਂ॥
(ਦਸਮ ਗ੍ਰੰਥ, ਅੰਗ ੫੪)

ਸ੍ਰੀ ਹੇਮਕੁੰਟ ਸਾਹਿਬ ਦੇ ਅਸਥਾਨ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਬਲੇ ਜਨਮ ਵਿੱਚ ਦੁਸ਼ਟ-ਦਮਨ ਦੇ ਰੂਪ ਵਿੱਚ ਅਕਾਲ ਪੁਰਖ ਦਾ ਸਿਮਰਨ ਕੀਤਾ। ਇਹ ਹਿਮਾਚਲ ਵਿੱਚ 4632 ਮੀਟਰ ਦੀ ਉਚਾਈ 'ਤੇ ਇੱਕ ਬਰਫੀਲੀ ਝੀਲ ਦੇ ਕਿਨਾਰੇ ਸੱਤ ਪਹਾੜਾਂ ਦੇ ਵਿਚਕਾਰ ਸਥਿਤ ਹੈ। ਇਹਨਾਂ ਸੱਤਾਂ ਪਹਾੜਾਂ 'ਤੇ ਨਿਸ਼ਾਨ ਸਾਹਿਬ ਝੂਲਦੇ ਹਨ। ਇਹ ਅਸਥਾਨ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨਾਂ 'ਚੋਂ ਇੱਕ ਮੰਨਿਆ ਜਾਂਦਾ ਹੈ। ਸ੍ਰੀ ਹੇਮਕੁੰਟ ਸਾਹਿਬ ਦਾ ਅਸਥਾਨ ਉੱਤਰ ਪ੍ਰਦੇਸ਼ ਵਿੱਚ ਹਰਿਦੁਆਰ, ਰਿਸ਼ੀਕੇਸ਼, ਸ੍ਰੀ ਨਗਰ ਗੜ੍ਹਵਾਲ, ਕਰੁਣ ਪ੍ਰਯਾਗ, ਪਿੱਪਲਕੋਟੀ, ਜੋਸ਼ੀ ਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਤੋਂ ਉੱਪਰ ਸਮੁੰਦਰ ਦੀ ਸਤਹ ਤੋਂ 15210 ਫੁੱਟ ਦੀ ਉਚਾਈ 'ਤੇ ਹੈ। ਇਸ ਪਵਿੱਤਰ ਅਸਥਾਨ ਦੀ ਯਾਤਰਾ ਲਈ ਆਉਣ ਵਾਲੇ ਪ੍ਰਮੁੱਖ ਪੜਾਵਾਂ 'ਚੋਂ ਰਿਸ਼ੀਕੇਸ਼ ਨੰਬਰ ਇੱਕ 'ਤੇ ਹੈ। ਇੱਥੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਹੈ। ਸੰਗਤਾਂ ਦੇ ਰਹਿਣ ਵਾਸਤੇ ਵੱਡੀ ਗਿਣਤੀ ਵਿੱਚ ਕਮਰੇ ਬਣੇ ਹੋਏ ਹਨ। ਜੇਕਰ ਯਾਤਰੂ ਸੰਗਤਾਂ ਨੂੰ ਕਮਰੇ ਨਾ ਵੀ ਮਿਲਣ ਤਾਂ ਉਹ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਵਾਲੇ ਸਸਤੇ, ਮਹਿੰਗੇ ਹੋਟਲ ਵੀ ਕਾਫ਼ੀ ਗਿਣਤੀ ਵਿੱਚ ਮੌਜੂਦ ਹਨ, ਉਹਨਾਂ ਵਿੱਚ ਰਾਤ ਕੱਟ ਸਕਦੇ ਹਨ। ਹਰਿਦੁਆਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪੁਰਾਤਨ ਸ਼ਹਿਰ ਨੂੰ ਰਿਸ਼ੀਆਂ ਦਾ ਘਰ ਕਿਹਾ ਜਾਂਦਾ ਹੈ। ਰੇਲਵੇ ਦਾ ਇਹ ਆਖਰੀ ਸਟੇਸ਼ਨ ਹੈ। ਇੱਥੋਂ ਪਹਾੜੀ ਸਫ਼ਰ ਸ਼ੁਰੂ ਹੁੰਦਾ ਹੈ। ਯਾਤਰੀ ਆਪਣੇ ਨਾਲ ਦਵਾਈ, ਹਲਕਾ ਭੋਜਨ ਲੈ ਕੇ ਚੱਲਣ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਕਾਫ਼ੀ ਯਾਤਰੀਆਂ ਨੂੰ ਉਲਟੀਆਂ ਆ ਜਾਂਦੀਆਂ ਹਨ। ਇਸ ਸਮੱਸਿਆ ਤੋਂ ਬਚਣ ਲਈ ਸਾਰੀ ਯਾਤਰਾ ਦੌਰਾਨ ਹਲਕਾ ਭੋਜਨ ਲਉ। ਪਹਾੜੀ ਯਾਤਰਾ ਸ਼ੁਰੂ ਹੋਣ ਸਾਰ ਹੀ ਜੇਕਰ ਦਵਾਈ ਲੈ ਲਈ ਜਾਵੇ ਤਾਂ ਹੋਰ ਵੀ ਵਧੀਆ ਹੈ। ਰਿਸ਼ੀਕੇਸ਼ ਮਗਰੋਂ ਰਸਤਾ ਵਲ-ਵਲੇਵੇਂ ਖਾਂਦੀਆਂ ਸੜਕਾਂ, ਇੱਕ ਪਾਸੇ ਅੰਤਾਂ ਦੀ ਡੂੰਘਾਈ ਵਿੱਚ ਵਹਿੰਦੀ ਗੰਗਾ, ਦੂਜੇ ਪਾਸੇ ਅਸਮਾਨ ਛੂੰਹਦੇ ਪਹਾੜ ਰਸਤੇ ਵਿੱਚ ਥਾਂ-ਥਾਂ ਚੱਲ ਰਹੇ ਪਾਣੀ ਦੇ ਝਰਨੇ ਅਤੇ ਇਸ ਨੂੰ ਮੋਹ ਲੈਣ ਵਾਲੀ ਹਰਿਆਵਲ ਦੇਖ ਕੇ ਮਨ ਖਿੜ ਉੱਠਦਾ ਹੈ। ਰਿਸ਼ੀਕੇਸ਼ ਤੋਂ 104 ਕਿਲੋਮੀਟਰ ਅਤੇ ਸ੍ਰੀ ਨਗਰ ਗੜ੍ਹਵਾਲ ਤੋਂ 252 ਕਿਲੋਮੀਟਰ ਦੇ ਫਾਸਲੇ 'ਤੇ ਜੋਸ਼ੀ ਮੱਠ ਦਾ ਅਸਥਾਨ ਹੈ। ਜੋਸੀਮੱਠ ਸ਼ੰਕਰਾਚਾਰੀਆ ਦੁਆਰਾ ਸਥਾਪਿਤ ਚਾਰ ਮੱਠਾਂ 'ਚੋਂ ਇੱਕ ਹੈ। ਸਮੁੰਦਰ ਤੱਟ ਤੋਂ ਇਸ ਦੀ ਉਚਾਈ 6000 ਫੁੱਟ ਹੈ। ਹੇਮ ਗੰਗਾ ਅਤੇ ਅਲਕਨੰਦਾ ਦੇ ਸੰਗਮ 'ਤੇ ਗੁਰਦੁਆਰਾ ਗੋਬਿੰਦ ਘਾਟ ਸਥਿਤ ਹੈ। ਇੱਥੇ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟ੍ਰੱਸਟ ਵੱਲੋਂ ਰਿਹਾਇਸ਼ ਤੇ ਲੰਗਰ ਦਾ ਯਾਤਰੀਆਂ ਲਈ ਸੁਚੱਜਾ ਪ੍ਰਬੰਧ ਹੈ। ਇੱਥੇ ਸੰਗਤ ਨੂੰ ਰਾਤ ਵਿਸ਼ਰਾਮ ਕਰਨ ਲਈ ਕੰਬਲ ਦਿੱਤੇ ਜਾਂਦੇ ਹਨ। ਯਾਤਰੂਆਂ ਦੇ ਸਮਾਨ ਲਈ ਗੱਠੜੀ ਘਰ ਹੈ। ਇੱਥੇ ਇੱਕ ਡਿਸਪੈਂਸਰੀ ਵੀ ਹੈ, ਜਿੱਥੋਂ ਲੋੜਵੰਦ, ਯਾਤਰੂ ਦਵਾਈ, ਮਲ੍ਹਮ-ਪੱਟੀ ਆਦਿ ਲੈ ਸਕਦੇ ਹਨ।



ਗੁਰਦੁਆਰਾ ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਲਈ ਪੈਦਲ ਯਾਤਰਾ ਆਰੰਭ ਹੁੰਦੀ ਹੈ। ਯਾਤਰੀ ਗੱਡੀਆਂ ਪਾਰਕਿੰਗ ਕਰਕੇ ਆਪਣਾ ਸਮਾਨ ਅਟੈਚੀਕੇਸ, ਬੈਗ, ਬਿਸਤਰੇ ਤੇ ਨਕਦੀ/ਕੈਸ਼ ਅਮਾਨਤ ਵਜੋਂ ਗੋਬਿੰਦ ਘਾਟ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਬੰਧਕਾਂ ਕੋਲ ਜਮ੍ਹਾ ਕਰਵਾ ਕੇ ਅੱਗੇ ਯਾਤਰਾ ਲਈ ਚੱਲਦੇ ਹਨ। ਗੁਰਦੁਆਰਾ ਗੋਬਿੰਦ ਘਾਟ ਵਿਖੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ। ਹਰ ਯਾਤਰੂ ਨੂੰ ਹੇਮਕੁੰਟ ਸਾਹਿਬ ਪਹੁੰਚਣ ਤੋਂ ਪਹਿਲਾਂ ਅੰਮ੍ਰਿਤ ਛੱਕ ਕੇ ਜਾਣਾ ਚਾਹੀਦਾ ਹੈ। ਤਾਂ ਹੀ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਗੋਬਿੰਦ ਘਾਟ ਤੋਂ ਗੋਬਿੰਦ ਧਾਮ ਦੀ 12 ਕਿਲੋਮੀਟਰ ਪੈਦਲ ਯਾਤਰਾ ਸੁੰਮਵਾਲੀ ਸੋਟੀ ਦੇ ਸਹਾਰੇ, ਸਤਿਨਾਮੁ-ਵਾਹਿਗੁਰੂ ਦਾ ਜਾਪ ਕਰਦਿਆਂ, ਉੱਚੇ ਨੀਵੇਂ ਰਸਤੇ 'ਤੇ ਪੈਦਲ ਚੱਲਦੀਆਂ ਸੰਗਤਾਂ ਕੁਦਰਤੀ ਦਰਖ਼ਤਾਂ, ਫਲਾਂ, ਫੁੱਲਾਂ ਨੂੰ ਵੇਖਦੀਆਂ ਗੋਬਿੰਦ ਧਾਮ ਪਹੁੰਚਦੀਆਂ ਹਨ। ਇਹ 12 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਬਜ਼ੁਰਗਾਂ, ਰੋਗੀਆਂ ਅਤੇ ਛੋਟੇ ਬੱਚਿਆਂ ਲਈ ਘੋੜਾ, ਕਾਂਡੀ ਤੇ ਪਿੱਠੂ ਦੀ ਸਵਾਰੀ ਦਾ ਪ੍ਰਬੰਧ ਵੀ ਹੈ। ਇਹ ਕਿਰਾਏ 'ਤੇ ਮਿਲਦੇ ਹਨ। ਯਾਤਰੂਆਂ ਨੂੰ ਇਸ ਸਫ਼ਰ ਦੌਰਾਨ ਬਿਸਕੁਟ, ਕਾਜੂ, ਮਨੱਕਾ, ਛੁਹਾਰੇ, ਬਦਾਮ, ਅਖਰੋਟ, ਫਰੂਟ, ਨਿੰਬੂ, ਚੂਰਨ, ਟਾਫੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਰਸਤੇ ਵਿੱਚ ਵੀ ਚਾਹ, ਬਿਸਕੁਟ, ਕੋਲਡ ਡਰਿੰਕ, ਪਕੌੜਿਆਂ ਦੀਆਂ ਕਾਫ਼ੀ ਦੁਕਾਨਾਂ ਹਨ। ਪਰ ਉਹਨਾਂ ਤੋਂ ਸਮਾਨ ਬਹੁਤ ਮਹਿੰਗਾ ਮਿਲਦਾ ਹੈ। ਇਹਨਾਂ ਦੇ ਰੇਟ ਆਮ ਰੇਟ (ਕੀਮਤ) ਨਾਲੋਂ ਤਿੰਨ ਗੁਣਾਂ ਹੁੰਦੇ ਹਨ।

ਗੋਬਿੰਦ ਧਾਮ ਵਿਖੇ ਇੱਕ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰਾ ਗੋਬਿੰਦ ਧਾਮ ਵਿਖੇ ਲੰਗਰ, ਚਾਹ, ਦਵਾ-ਦਾਰੂ ਦਾ ਸੁਚੱਜਾ ਪ੍ਰਬੰਧ ਹੈ। ਪਹਾੜਾਂ ਦੀ ਗੋਦ 'ਚ ਏਕਾਂਤ ਵਿੱਚ ਇਸ ਗੁਰਦੁਆਰਾ ਸਾਹਿਬ ਵਿੱਚ ਪਹੁੰਚਦਿਆਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਬ੍ਰਹਿਮੰਡ ਵਿੱਚ ਪਹੁੰਚ ਗਏ ਹੋਈਏ। ਇੱਥੇ ਸ਼ਾਂਤ ਵਾਤਾਵਰਨ ਹੈ, ਕੋਈ ਪ੍ਰਦੂਸ਼ਣ ਨਹੀਂ ਹੈ ਤੇ ਨਾ ਹੀ ਸ਼ੋਰ-ਸ਼ਰਾਬਾ। ਇੱਥੇ ਸਿਰਫ ਤਨ ਤੇ ਮਨ ਦੀ ਸ਼ਾਂਤੀ ਮਿਲਦੀ ਹੈ। ਇੱਥੇ ਹਰ ਸ਼ਰਧਾਲੂ ਨੂੰ ਆਰਾਮ ਕਰਨ ਲਈ ਚਾਰ ਜਾਂ ਪੰਜ ਕੰਬਲ ਦਿੱਤੇ ਜਾਂਦੇ ਹਨ। ਗੋਬਿੰਦ ਧਾਮ ਵਿਖੇ ਸੰਗਤਾਂ ਦੇ ਠਹਿਰਣ ਲਈ ਕਮਰੇ ਅਤੇ ਵੱਡਾ ਹਾਲ ਵੀ ਬਣਿਆ ਹੋਇਆ ਹੈ। ਰਾਤ ਵਿਸ਼ਰਾਮ ਕਰਨ ਉਪਰੰਤ ਅਗਲੇ ਦਿਨ ਸੰਗਤ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਰਵਾਨਾ ਹੁੰਦੀ ਹੈ। ਇੱਥੋਂ 7 ਕਿਲੋਮੀਟਰ ਦੀ ਸਖ਼ਤ ਤੇ ਸਿੱਧੀ ਚੜ੍ਹਾਈ 'ਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਸਥਿਤ ਹੈ। ਇਸ ਅਸਥਾਨ 'ਤੇ ਪੱਥਰ ਦੀਆਂ 1160 ਪੌੜੀਆਂ ਰਾਹੀਂ ਵੀ ਚੜ੍ਹ ਕੇ ਪਹੁੰਚਿਆ ਜਾ ਸਕਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤੱਕ ਜਾਣ ਵਾਲੇ ਰਸਤੇ 'ਤੇ ਸਰਕਾਰ ਵੱਲੋਂ ਇੱਕ ਪੁੱਲ ਬਣਾਇਆ ਗਿਆ ਹੈ। ਗੁਰਦੁਆਰਾ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ ਜਾਣ ਵਾਲੇ ਰਸਤੇ ਨੂੰ ਪੱਕਾ ਕੀਤਾ ਗਿਆ ਹੈ। ਇਸ ਅਸਥਾਨ 'ਤੇ ਪਹੁੰਚਣ ਲਈ 3 ਤੋਂ 4 ਘੰਟੇ ਤੱਕ ਦਾ ਸਮਾਂ ਲੱਗਦਾ ਹੈ। ਜਿਵੇਂ ਹੀ ਸ੍ਰੀ ਹੇਮਕੁੰਟ ਸਾਹਿਬ ਸੰਗਤਾਂ ਨੂੰ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ ਤਾਂ ਮਨ ਦੀ ਖ਼ੁਸ਼ੀ ਜੈਕਾਰਿਆਂ ਦੀ ਗੂੰਜ ਵਿੱਚ ਬਦਲ ਜਾਂਦੀ ਹੈ। ਇਸ ਤੀਰਥ ਅਸਥਾਨ ਦੇ ਇੱਕ ਪਾਸੇ ਵਿਸ਼ਾਲ ਸਰੋਵਰ ਹੈ। ਜਿਸ ਦੇ ਸ਼ੁੱਧ ਤੇ ਠੰਡੇ ਜਲ ਵਿੱਚ ਇਸ਼ਨਾਨ ਕਰਦਿਆਂ ਹੀ 19 ਕਿਲੋਮੀਟਰ ਦੀ ਪੈਦਲ ਚੜ੍ਹਾਈ ਦੇ ਕਾਰਨ ਥੱਕੇ ਹੋਏ ਯਾਤਰੂਆਂ ਦਾ ਸਰੀਰ ਤਰੋ-ਤਾਜ਼ਾ ਹੋ ਜਾਂਦਾ ਹੈ। ਸਰੋਵਰ ਦੇ ਕਿਨਾਰੇ ਸੰਨ 1926 ਈ: ਦਾ ਬਣਿਆ ਗੁਰਦੁਆਰਾ ਸਾਹਿਬ ਹੈ। ਜੋ ਭਗਤੀ ਤੇ ਪ੍ਰਭੂ ਮਿਲਾਪ ਦਾ ਪ੍ਰਤੀਕ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੁਨੀਆਂ ਵਿੱਚ ਸਭ ਤੋਂ ਉੱਚੇ ਸਥਾਨ 'ਤੇ ਸਥਿਤ ਹੈ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਤਿੰਨ ਪਾਸੇ ਚੋਟੀਆਂ ਕਦੇ ਹਰੀਆਂ-ਭਰੀਆਂ ਅਤੇ ਕਦੇ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ, ਚੌਥੇ ਪਾਸੇ ਬਾਰ੍ਹਾਂ ਮਹੀਨੇ ਬਰਫ਼ ਨਾਲ ਢਕਿਆ ਹੋਇਆ ਪਰਬਤ ਇਸ ਸਰੋਵਰ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ। ਸਰਦੀ ਦੇ ਮੌਸਮ ਵਿੱਚ ਬਰਫ਼ ਇੰਨੀ ਜ਼ਿਆਦਾ ਪੈਂਦੀ ਹੈ ਕਿ ਗੁਰਦੁਆਰਾ ਸਾਹਿਬ, ਨਿਸ਼ਾਨ ਸਾਹਿਬ ਅਤੇ ਸਰੋਵਰ ਵੀ ਬਰਫ਼ ਨਾਲ ਢਕੇ ਜਾਂਦੇ ਹਨ। ਹੇਮਕੁੰਟ ਸਾਹਿਬ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਬਰਫ਼ਾਂ ਨਾਲ ਢਕਿਆ ਰਹਿੰਦਾ ਹੈ। ਅਪ੍ਰੈਲ ਮਹੀਨੇ ਵਿੱਚ ਫ਼ੌਜ, ਬੰਗਾਲ ਇੰਜੀਨੀਅਰ ਤੇ ਬਾਰਡਰ ਵਾਲੇ ਫ਼ੌਜੀ ਤੇ ਕਰਮਚਾਰੀ ਇਹ ਰਸਤਾ ਖੋਲ੍ਹਦੇ ਹਨ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਸੰਗਤਾਂ ਨੂੰ ਰਾਤ ਠਹਿਰਣ ਦੀ ਆਗਿਆ ਨਹੀਂ ਮਿਲਦੀ ਕਿਉਂਕਿ ਸ੍ਰੀ ਹੇਮਕੁੰਟ ਸਾਹਿਬ ਵਿਖੇ ਆਕਸੀਜਨ ਬਹੁਤ ਘੱਟ ਹੁੰਦੀ ਹੈ ਤੇ ਸੰਗਤਾਂ ਦਾ ਜ਼ਿਆਦਾ ਇਕੱਠ ਵੀ ਨਹੀਂ ਹੋਣ ਦਿੱਤਾ ਜਾਂਦਾ। ਪ੍ਰਬੰਧਕ ਸਪੀਕਰ ਰਾਹੀਂ ਹੀ ਇਹ ਅਨਾਊਂਸਮੈਂਟ ਵਾਰ-ਵਾਰ ਕਰਦੇ ਰਹਿੰਦੇ ਹਨ ਕਿ ਸੰਗਤਾਂ ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ, ਚਾਹ ਤੇ ਖਿਚੜੀ ਦਾ ਲੰਗਰ ਛੱਕ ਕੇ ਤੇ ਪ੍ਰਸ਼ਾਦ ਲੈ ਕੇ ਵਾਪਿਸ ਗੋਬਿੰਦ ਧਾਮ ਪਹੁੰਚਣ। ਸੰਗਤਾਂ ਨੇ ਵਾਪਿਸ ਗੋਬਿੰਦ ਧਾਮ ਆ ਕੇ ਹੀ ਲੰਗਰ ਛਕਣਾ ਅਤੇ ਵਿਸ਼ਰਾਮ ਕਰਨਾ ਹੁੰਦਾ ਹੈ।

ਹਰ ਸਾਲ ਲੱਖਾਂ ਹੀ ਸੰਗਤਾਂ ਯਾਤਰਾ ਕਰਕੇ ਇਸ ਅਸਥਾਨ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਜਾਂਦਾ ਹੈ। ਵਾਹਿਗੁਰੂ ਮਿਹਰ ਕਰੇ, ਸਰਬੱਤ ਸੰਗਤਾਂ ਦੀ ਯਾਤਰਾ ਸੁੱਖਾਂ ਨਾਲ ਬਤੀਤ ਹੋਵੇ।

# ਪਿੰਡ ਜੰਡੀਰਾਂ 'ਚ ਗੁਰਮਤਿ ਸਮਾਗਮ ਕਰਵਾਏ




ਭੋਗਪੁਰ, 25 ਮਈ ( ਜੰਡੀਰ ਸੈਣੀ) : ਭੋਗਪੁਰ ਦੇ ਪਿੰਡ ਜੰਡੀਰਾਂ ਵਿੱਚ ਸਵਰਗਵਾਸੀ ਸਰਦਾਰ ਜਸਪਾਲ ਸਿੰਘ ਪੁਲਿਸ ਮੁਲਾਜ਼ਮ ਸਨ ਅਤੇ ਉਹਨਾਂ ਦੇ ਪਿਤਾ ਸਰਦਾਰ ਜਸਵੰਤ ਸਿੰਘ ਉਹ ਵੀ ਪੰਜਾਬ ਪੁਲਿਸ ਦੇ ਇੰਸਪੈਕਟਰ ਰਹਿ ਚੁੱਕੇ ਸਨ ਅਤੇ ਦੋਨੋਂ ਪਿਓ ਪੁੱਤ ਹੀ ਆਪਣੀ ਜੀਵਨ ਯਾਤਰਾ ਨੂੰ ਪੂਰਾ ਕਰਦੇ ਹੋਏ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ ਤੇ ਦੋਨਾਂ ਪਰਿਵਾਰਾਂ ਦੀ ਜ਼ਿੰਮੇਵਾਰੀ ਛੋਟੇ ਬੇਟੇ ਬਖਸ਼ੀਸ਼ ਸਿੰਘ ਦੇ ਸਿਰ ਪੈ ਗਈ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਆਪਣਾ ਫਰਜ਼ ਪੂਰਾ ਕਰਦੇ ਹੋਏ ਜਸਪਾਲ ਸਿੰਘ ਦੇ ਸਪੁੱਤਰ ਹਰਪ੍ਰੀਤ ਸਿੰਘ ਨੂੰ ਪੰਜਾਬ ਪੁਲਿਸ ਵਿੱਚ ਜਲੰਧਰ ਵਿਖੇ ਪਿਤਾ ਦੀ ਜੌਬ ਦੇ ਦਿੱਤੀ ਗਈ। ਪੁਲਿਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਸਵਰਗਵਾਸੀ ਪਿਤਾ ਅਤੇ ਦਾਦੇ ਦੀ ਕਮੀ ਨੂੰ ਤਾਂ ਨਹੀਂ ਪੂਰਾ ਕੀਤਾ ਜਾ ਸਕਦਾ ਪਰ ਸਿਰ 'ਤੇ ਜ਼ਿੰਮੇਵਾਰੀ ਦਾ ਬੋਝ ਜ਼ਰੂਰ ਹਲਕਾ ਹੋ ਗਿਆ। ਕੁਝ ਦਿਨ ਪਹਿਲੇ ਹੀ ਜਸਪਾਲ ਸਿੰਘ ਦੇ ਮਾਤਾ ਤੀਰਥ ਕੌਰ ਵੀ ਜੰਡੀਰਾਂ ਪਿੰਡ ਦੇ ਸਰਪੰਚ ਰਹਿ ਚੁੱਕੇ ਸਨ, ਉਹ ਵੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਭ ਨੂੰ ਵਿਛੋੜਾ ਦੇ ਗਏ ਅਤੇ ਅੱਜ ਉਹਨਾਂ ਦੇ ਗ੍ਰਹਿ ਪਿੰਡ ਜੰਡੀਰਾਂ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਰਾਗੀ ਜਥਿਆਂ ਨੇ ਨਿਰੋਲ ਗੁਰਬਾਣੀ ਰਾਹੀਂ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਨਾ ਕੀਤਾ। ਚੜ੍ਹਦੀਕਲਾ ਟਾਈਮ ਟੀਵੀ ਦੀ ਟੀਮ ਪੱਤਰਕਾਰ ਜੰਡੀਰ ਸੈਣੀ ਦੀ ਟੀਮ ਵਿਸ਼ੇਸ਼ ਤੌਰ 'ਤੇ ਪੁੱਜੀ ਅਤੇ ਇਸ ਮੌਕੇ 'ਤੇ ਖਾਸ ਤੌਰ 'ਤੇ ਪਹੁੰਚੇ ਜਥੇਦਾਰ ਉਜਲ ਸਿੰਘ ਕਪੂਰਥਲਾ ਰੇਲਵੇ ਕੋਚ ਫੈਕਟਰੀ ਵਾਲਿਆਂ ਨੇ ਵੀ ਆਪਣੀ ਹਾਜ਼ਰੀ ਭਰੀ ਅਤੇ ਵਿਚਾਰ ਦੱਸੇ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਗੁਰੂ ਹਰਗੋਬਿੰਦ ਸਾਹਿਬ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਡੱਡੋਆਣਾ ਸਾਹਿਬ ਪਿੰਡ ਉਧੋ ਨੰਗਲ ਦਾ ਮੇਲਾ 2 ਜੂਨ ਨੂੰ

ਚੌਕ ਮਹਿਤਾ, 25 ਮਈ (ਬਲਜਿੰਦਰ ਸਿੰਘ ਰੰਧਾਵਾ) : ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਿਕ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਉਧੋ ਨੰਗਲ ਵਿਖੇ ਗੁਰਦੁਆਰਾ ਸ੍ਰੀ ਡੱਡੋਆਣਾ ਸਾਹਿਬ ਵਿਖੇ ਸਾਲਾਨਾ ਮੇਲਾ 2 ਜੂਨ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠਾਂ ਦੇ ਭੋਗ ਪਾਉਣ ਤੋਂ ਬਾਅਦ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਉੱਘੇ ਕੀਰਤਨੀ ਜਥੇ ਅਤੇ ਕਥਾਵਾਚਕ ਤੋਂ ਇਲਾਵਾ ਭਾਈ ਬਲਵਿੰਦਰ ਸਿੰਘ ਬਹਿਲਾਂ ਕਵੀਸ਼ਰੀ ਜੱਥਾ ਤੇ ਮਾਝੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨਗੇ। ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਅਪੀਲ ਕਰਦਿਆਂ ਦੱਸਿਆ ਕਿ ਇਸ ਧਾਰਮਿਕ ਮੇਲੇ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਬਣਾਉ। ਗੁਰਦੁਆਰਾ ਸਾਹਿਬ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸੇਵਾਦਾਰ ਕੁਲਵੰਤ ਸਿੰਘ ਵੱਲੋਂ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਇਸ ਸਮੇਂ ਜਸਪਾਲ ਸਿੰਘ ਕਾਲੀ, ਜਗੀਰ ਸਿੰਘ, ਜਸਪਾਲ ਸਿੰਘ, ਸੂਬੇਦਾਰ ਮੁਖਤਾਰ ਸਿੰਘ, ਸੂਬੇਦਾਰ ਮਲਜਿੰਦਰ ਸਿੰਘ ਜੱਗਬੀਰ ਸਿੰਘ, ਤੇਜਪਾਲ ਸਿੰਘ, ਗੁਰਵਿੰਦਰ ਸਿੰਘ ਗੁਰੂ, ਰੋਹਨਦੀਪ ਸਿੰਘ, ਗੁਰਮੀਤ ਸਿੰਘ ਅਤੇ ਮਨਵਿੰਦਰ ਸਿੰਘ ਮਿੰਟੂ ਹਾਜ਼ਰ ਸਨ।



# ਦਮਦਮੀ ਟਕਸਾਲ ਵੱਲੋਂ ਪਿੰਡ ਖੱਬੇ ਰਾਜਪੂਤਾਂ ਵਿਖੇ ਸ਼ਹੀਦੀ ਦੀਵਾਨ ਸਜਾਏ

ਚੌਕ ਮਹਿਤਾ, 25 ਮਈ (ਬਲਜਿੰਦਰ ਸਿੰਘ ਰੰਧਾਵਾ) : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਜੂਨ 84 ਦੇ ਤੀਸਰੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ-ਵੱਖ ਨਗਰਾਂ ਵਿੱਚ ਕਰਵਾਏ ਜਾ ਰਹੇ ਕਥਾ ਕੀਰਤਨ ਸਮਾਗਮਾਂ ਦੀ ਲੜੀ ਤਹਿਤ ਅੱਜ ਪਿੰਡ ਖੱਬੇ ਰਾਜਪੂਤਾਂ ਦੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਸ਼ਹੀਦੀ ਦੀਵਾਨ ਸਜਾਏ ਗਏ। ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਇਲਾਹੀ ਬਾਣੀ ਅਤੇ ਬੀਰ ਰਸ ਵਾਲਾ ਸ਼ਬਦ ਕੀਰਤਨ ਸਰਵਣ ਕਰਵਾਇਆ ਗਿਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਜੁੜ ਬੈਠੀਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ, ਸੰਗਤ ਵਿੱਚ ਆਉਣ ਦਾ ਮਹਾਤਮ ਦੱਸਿਆ। ਉਹਨਾਂ ਨੇ ਸੰਗਤਾਂ ਨੂੰ ਅੰਮ੍ਰਿਤ ਛਕਣ ਅਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ। ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਨੇ ਨਿਭਾਈ ਅਤੇ ਮੰਚ ਸੰਚਾਲਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਸਰਪੰਚ ਮਨਦੀਪ ਸਿੰਘ ਸੋਨਾ, ਕੁਲਵੰਤ ਸਿੰਘ ਸ਼ਾਹ, ਮਾਸਟਰ ਸੁਖਵਿੰਦਰ ਸਿੰਘ, ਪ੍ਰਧਾਨ ਸੁੱਚਾ ਸਿੰਘ ਬੱਲ, ਜੁਗਰਾਜ ਸਿੰਘ, ਡਾਕਟਰ ਸਰਦੂਲ ਸਿੰਘ ਵਿਰਕ, ਗੁਰਦਿਆਲ ਸਿੰਘ ਬੱਲ, ਜਥੇਦਾਰ ਸ਼ਿੰਗਾਰਾ ਸਿੰਘ, ਹਰਦੇਵ ਸਿੰਘ, ਅੰਤਰਪ੍ਰੀਤ ਸਿੰਘ ਲੱਧਾ ਮੁੰਡਾ, ਗੁਰਲਾਲ ਸਿੰਘ, ਜਥੇਦਾਰ ਅਜੀਤ ਸਿੰਘ ਨਿਹੰਗ, ਪ੍ਰੋਫੈਸਰ ਜੋਬਨਪ੍ਰੀਤ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਾਹਿਬ ਸਿੰਘ, ਰਤਨ ਸਿੰਘ, ਦੀਪਾ ਸਿੰਘ, ਅਰਜਨ ਸਿੰਘ, ਗੁਰਦੀਪ ਸਿੰਘ, ਸੂਬੇਦਾਰ ਨਿਸ਼ਾਨ ਸਿੰਘ, ਦੀਦਾਰ ਸਿੰਘ ਅਤੇ ਹੋਰ ਬਹੁਤ ਸੰਗਤਾਂ ਮੌਜੂਦ ਸਨ।



# ਸਾਲ 'ਚ ਦੋ ਵਾਰੀ ਭਾਰੀ ਵਾਧਾ ਕਰਨ ਨਾਲ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਇਆ ਰਜਿਸਟਰੀ ਖਰਚਾ ਭਰਨਾ : ਕਾਕਾ ਕੰਬੋਜ

ਜਲਾਲਾਬਾਦ, 25 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਲੋਕਾਂ ਨੂੰ ਝੂਠੇ ਵਾਅਦੇ ਕਰ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਅੱਜ ਹਰ ਮੋਰਚੇ 'ਤੇ ਫ਼ੇਲ੍ਹ ਸਾਬਤ ਹੋਈ ਹੈ। ਪੰਜਾਬ ਸਰਕਾਰ ਨੇ ਆਮ ਲੋਕਾਂ ਨੂੰ ਵਿੱਤੀ ਬੋਝ ਦਾ ਕੋਈ ਵੀ ਮੌਕਾ ਨਹੀਂ ਗਵਾਇਆ ਅਤੇ ਪੰਜਾਬੀਆਂ ਨਾਲ ਧੋਖਾ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਨੇ ਕੀਤਾ। ਉਨ੍ਹਾਂ ਕਿਹਾ ਕਿ ਲੋਕ ਲੁਭਾਉਣੇ ਵਾਅਦਿਆਂ ਦੇ ਘੋੜੇ 'ਤੇ ਸਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀਆਂ ਨੂੰ ਖੁੱਡੇ ਲਾਉਣ ਦਾ ਮੌਕਾ ਨਹੀਂ ਛੱਡ ਰਹੇ। ਪੰਜਾਬ ਸਰਕਾਰ ਵੱਲੋਂ ਹੁਣ ਕੁਲੈਕਟਰ ਰੇਟਾਂ ਵਿਚ ਭਾਰੀ ਵਾਧਾ ਕਰਕੇ ਇਸ ਵਰਗ ਨਾਲ ਜੁੜੇ ਹਰ ਇੱਕ ਵਿਅਕਤੀ ਦੀ ਆਰਥਿਕਤਾ 'ਤੇ ਸੱਟ ਮਾਰੀ ਹੈ। ਕਾਕਾ ਕੰਬੋਜ ਨੇ ਕਿਹਾ ਕਿ ਸਰਕਾਰ ਵੱਲੋਂ ਕੁਲੈਕਟਰ ਰੇਟਾਂ 'ਚ ਕੀਤੇ ਵਾਧੇ ਨਾਲ ਮਾਰਕੀਟ ਡਾਊਨ ਹੋਈ ਹੈ। ਡੀਲਰ, ਖਰੀਦਦਾਰ ਦੋਵੇਂ ਪ੍ਰੇਸ਼ਾਨ ਹਨ। ਪੰਡਾਂ ਦੀਆਂ ਪੰਡਾਂ ਰਜਿਸਟਰੀ ਖਰਚੇ ਕਰਨੇ ਹੁਣ ਆਮ ਲੋਕਾਂ ਦੀ ਤਾਂ ਪਹੁੰਚ ਤੋਂ ਬਾਹਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ 27/8/2024 ਨੂੰ ਰੇਟਾਂ ਵਿੱਚ 28 ਪ੍ਰਤੀਸ਼ਤ ਦਾ ਵਾਧਾ ਕੀਤਾ ਸੀ, ਅਜੇ 8 ਮਹੀਨੇ ਹੀ ਗੁਜ਼ਰੇ ਸਨ ਕਿ ਸਰਕਾਰ ਦਾ ਮਨ ਨਹੀਂ ਭਰਿਆ ਅਤੇ ਹੁਣ ਸਰਕਾਰ ਨੇ 10 ਤੋਂ 80 ਫ਼ੀਸਦੀ ਤੱਕ ਰੇਟਾਂ ਵਿੱਚ ਭਾਰੀ ਵਾਧਾ ਕਰਕੇ ਲੋਕਾਂ ਨੂੰ ਵੱਡੀ ਸੱਟ ਮਾਰੀ ਹੈ। 28 ਪ੍ਰਤੀਸ਼ਤ ਤੱਕ ਕੀਤੇ ਵਾਧੇ ਵਿਚ ਰੇਟ ਪਹਿਲਾਂ 8 ਲੱਖ ਸੀ, ਉੱਥੇ ਇਹ ਰੇਟ 8 ਲੱਖ 50 ਹਜ਼ਾਰ ਕਰ ਦਿੱਤਾ ਗਿਆ, 27/8/2024 ਨੂੰ ਕੀਤੇ ਵਾਧੇ ਮੁਤਾਬਿਕ ਕੁਲੈਕਟਰ ਰੇਟ 10 ਲੱਖ ਰੁਪਏ ਹੋ ਗਏ। ਹੁਣ 19/5/2025 ਨੂੰ ਕੀਤੇ ਵਾਧੇ ਤੋਂ ਬਾਅਦ ਰੇਟ 11 ਲੱਖ ਰੁਪਏ ਕਰ ਦਿੱਤੇ ਗਏ ਹਨ। ਜਿਸ ਨਾਲ ਆਮ ਲੋਕਾਂ ਦੀ ਆਰਥਿਕਤਾ 'ਤੇ ਵੱਡਾ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ਹਿਰੀ ਪਲਾਟਾਂ ਦੀ ਗੱਲ ਕਰੀਏ ਤਾਂ 2 ਲੱਖ ਰੁਪਏ ਤੋਂ 2 ਲੱਖ 66 ਹਜ਼ਾਰ ਰੁਪਏ ਸਿੱਧੇ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਭਾਰੀ ਵਾਧੇ ਕਾਰਨ ਆਮ ਵਿਅਕਤੀ ਤਾਂ ਰਜਿਸਟਰੀ ਕਰਵਾਉਣੋਂ ਵੀ ਡਰਨ ਲੱਗਿਆ ਹੈ। ਰਜਿਸਟਰੀ ਦਾ ਇਨ੍ਹਾਂ ਜ਼ਿਆਦਾ ਖਰਚਾ ਵਧਣ ਕਾਰਨ ਕਾਰੋਬਾਰ ਵੀ ਇੱਕ ਤਰ੍ਹਾਂ ਨਾਲ ਠੱਪ ਹੋ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੁਲੈਕਟਰ ਰੇਟਾਂ ਵਿੱਚ ਕੀਤਾ ਗਿਆ ਵਾਧਾ ਵਾਪਸ ਲਿਆ ਜਾਵੇ ਤਾਂ ਜੋ ਆਮ ਲੋਕਾਂ ਨੂੰ ਕੁੱਝ ਰਾਹਤ ਮਿਲ ਸਕੇ।



# ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ ਵਿੱਚ ਕੌਂਸਲ ਦ ਕੌਂਸਲਰਜ਼ ਵਿਸ਼ੇ 'ਤੇ ਵਰਕਸ਼ਾਪ ਆਯੋਜਿਤ

ਫਤਹਿਗੜ੍ਹ ਸਾਹਿਬ, 25 ਮਈ (ਹਰਪ੍ਰੀਤ ਕੌਰ ਟਿਵਾਣਾ) : ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ, ਫਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ Counsel the Counselors ਵਿਸ਼ੇ ਉੱਤੇ ਇੱਕ ਦਿਨਾ ਵਰਕਸ਼ਾਪ ਆਯੋਜਿਤ ਕੀਤੀ ਗਈ। ਇਹ ਵਰਕਸ਼ਾਪ ਜ਼ਿਲ੍ਹੇ ਦੇ ਸਕੂਲੀ ਕੌਂਸਲਰਾਂ ਲਈ ਵਿਸ਼ੇਸ਼ ਤੌਰ 'ਤੇ 'ਸਕੂਲਾਂ ਵਿੱਚ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨਾ' ਵਿਸ਼ੇ ਹੇਠ ਕਰਵਾਈ ਗਈ।

ਵਰਕਸ਼ਾਪ ਦਾ ਉਦੇਸ਼ ਸਕੂਲ ਕੌਂਸਲਰਾਂ ਨੂੰ ਮਾਨਸਿਕ ਸਿਹਤ ਸਬੰਧੀ ਜਾਗਰੂਕ ਕਰਨ ਅਤੇ ਵਿਦਿਆਰਥੀਆਂ ਲਈ ਸਹਾਇਕ ਵਾਤਾਵਰਣ ਬਣਾਉਣ ਲਈ ਉਨ੍ਹਾਂ ਦੀ ਸਮਰਥਾ ਵਿੱਚ ਵਾਧਾ ਕਰਨਾ ਸੀ।

ਵਰਕਸ਼ਾਪ ਦੀ ਸ਼ੁਰੂਆਤ ਸਾਰੇ ਮਹਿਮਾਨਾਂ ਅਤੇ ਭਾਗੀਦਾਰਾਂ ਦਾ ਸਵਾਗਤ ਕਰਦਿਆਂ ਕੀਤੀ ਗਈ। ਮੁੱਖ ਵਿਆਖਿਆਨ ਡਾ. ਦਮਨਜੀਤ ਸੰਧੂ, ਡੀਨ, ਡਾਇਰੈਕਟਰੇਟ ਆਫ ਇੰਟਰਨੈਸ਼ਨਲ ਅਫੇਅਰਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤਾ ਗਿਆ। ਉਨ੍ਹਾਂ ਨੇ ਬੱਚਿਆਂ, ਵਿੱਚ ਵੱਧ ਰਹੀਆਂ ਮਾਨਸਿਕ ਸਮੱਸਿਆਵਾਂ, ਕੋਵਿਡ-19 ਤੋਂ ਬਾਅਦ ਦੀਆਂ ਚੁਣੌਤੀਆਂ ਅਤੇ ਸਕੂਲਾਂ ਵਿੱਚ ਸੁਰੱਖਿਅਤ ਅਤੇ ਸਮਰਥਕ ਮਾਹੌਲ ਬਣਾਉਣ ਵਿੱਚ ਕੌਂਸਲਰਾਂ ਦੀ ਭੂਮਿਕਾ ਉੱਤੇ ਵਿਚਾਰ ਸਾਂਝੇ ਕੀਤੇ।

ਇਸ ਤੋਂ ਬਾਅਦ, ਨੌਜਵਾਨ ਇਤਿਹਾਸਕਾਰ ਸਿਮਰ ਸਿੰਘ ਨੇ ਇਤਿਹਾਸਕ ਘਟਨਾਵਾਂ ਰਾਹੀਂ ਪ੍ਰੇਰਨਾ ਅਤੇ ਕੌਂਸਲਿੰਗ ਤੇ ਆਪਣਾ ਵਿਚਾਰ ਰੱਖਿਆ। ਉਨ੍ਹਾਂ ਨੇ ਇਤਿਹਾਸਕ ਕਹਾਣੀਆਂ ਰਾਹੀਂ ਵਿਦਿਆਰਥੀਆਂ ਵਿੱਚ ਹੌਸਲਾ ਅਤੇ ਸੰਘਰਸ਼ ਕਰਨ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੱਤਾ।

ਰੋਜ਼ਗਾਰ ਵਿਭਾਗ ਤੋਂ ਸ੍ਰੀ ਹਰਮਨਜੀਤ ਸਿੰਘ ਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨੌਕਰੀਯੋਗ ਬਣਾਉਣ ਲਈ ਲਾਗੂ ਕੀਤੀਆਂ ਸਕੀਮਾਂ ਅਤੇ ਸਰੋਤਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਮਾਰਗਦਰਸ਼ਨ ਕੌਂਸਲਰ ਸ੍ਰੀ ਦੀਪਕ ਕੁਮਾਰ ਨੇ ਵੀ ਕਾਲਜ ਦੇ ਆਯੋਜਕਾਂ ਨਾਲ ਰਿਸ਼ਤਾ ਸਥਾਪਤ ਕੀਤਾ।

ਟਰੱਸਟ ਮੈਂਬਰ ਜਗਦੀਪ ਸਿੰਘ ਚੀਮਾ ਅਤੇ ਅਵਤਾਰ ਸਿੰਘ ਰੀਆ ਵੀ ਇਸ ਮੌਕੇ ਮੌਜੂਦ ਸਨ। ਟਰੱਸਟ ਦੇ ਸਕੱਤਰ ਜਸਵਿੰਦਰ ਸਿੰਘ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਸਟਾਫ ਦੀ ਕੋਸ਼ਿਸ਼ ਦੀ ਸਰਾਹਨਾ ਕੀਤੀ।

ਵਰਕਸ਼ਾਪ ਦਾ ਸਮਾਪਨ ਕਾਲਜ ਦੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਵੱਲੋਂ ਧੰਨਵਾਦ ਪ੍ਰਸਤਾਵ ਨਾਲ ਹੋਇਆ। ਉਨ੍ਹਾਂ ਨੇ ਸਾਰੇ ਸਪੀਕਰਾਂ ਅਤੇ ਭਾਗੀਦਾਰਾਂ ਦੀ ਭੂਮਿਕਾ ਦੀ ਸਰਾਹਨਾ ਕਰਦਿਆਂ ਇਸ ਤਰਾਂ ਦੇ ਸਾਂਝੇ ਮੰਚਾਂ ਦੀ ਲੋੜ ਅਤੇ ਇਨ੍ਹਾ ਦੀ ਮਹੱਤਤਾ ਬਾਰੇ ਗੱਲ ਕੀਤੀ।

ਇਸ ਵਰਕਸ਼ਾਪ ਵਿੱਚ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 82 ਸਕੂਲਾਂ ਦੇ ਗਾਈਡੈਂਸ ਕੌਂਸਲਰਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਸਟਾਫ ਨੇ ਭਾਗ ਲਿਆ। ਇਹ ਵਰਕਸ਼ਾਪ ਸਕੂਲ ਪੱਧਰ 'ਤੇ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸੀ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਅੰਮ੍ਰਿਤਧਾਰੀ ਵਿਦਿਆਰਥੀ ਮੁਫ਼ਤ ਸਿੱਖਿਆ ਸਕੀਮ ਤਹਿਤ ਪਹਿਲੇ ਬੈਚ ਦੀ ਪੜ੍ਹਾਈ ਪੂਰੀ

ਫਤਹਿਗੜ੍ਹ ਸਾਹਿਬ, 25 ਮਈ, (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਮੁਫਤ ਸਿੱਖਿਆ ਸਕੀਮ ਤਹਿਤ ਪਹਿਲੇ ਬੈਚ ਵਿੱਚੋਂ ਪਾਸ ਹੋਣ ਵਾਲੀਆਂ ਅੰਮ੍ਰਿਤਧਾਰੀ ਲੜਕੀਆਂ ਦੇ ਸਨਮਾਨ ਲਈ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਸਮਾਗਮ ਦੌਰਾਨ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਪਰਿਤ ਪਾਲ ਸਿੰਘ ਨੇ ਵਿਦਿਆਰਥੀਆਂ ਅਤੇ ਧਰਮ ਅਧਿਐਨ ਵਿਭਾਗ ਨੂੰ ਵਧਾਈ ਦਿੰਦਿਆਂ ਇਸ ਉਪਰਾਲੇ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟ, ਸ੍ਰੀ ਅੰਮ੍ਰਿਤਸਰ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਹਨਾਂ ਚੋਣਵੇਂ ਵਿਦਿਆਰਥੀਆਂ ਦੀ ਪੜ੍ਹਾਈ ਦੀ ਅਕਾਦਮਿਕ ਫੀਸ, ਰਿਹਾਇਸ਼ ਅਤੇ ਖਾਣੇ ਦਾ ਖਰਚ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲੇ ਬੈਚ ਨੇ ਨਾ ਸਿਰਫ ਸਫਲਤਾ ਪੂਰਵਕ ਆਪਣਾ ਅਧਿਐਨ ਪੂਰਾ ਕੀਤਾ ਹੈ, ਸਗੋਂ ਪੜ੍ਹਾਈ ਦੇ ਨਾਲ ਨਾਲ ਹੋਰ ਸਹਿ ਅਕਾਦਮਿਕ ਗਤੀਵਿਧੀਆਂ ਵਿੱਚ ਵੀ ਵੱਡੀਆਂ ਮੱਲਾਂ ਮਾਰਦਿਆਂ ਯੂਨੀਵਰਸਿਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਲਸਾ ਪੰਥ ਦਾ ਨਾਂ ਰੌਸ਼ਨ ਕੀਤਾ ਹੈ।

ਜਿਕਰਯੋਗ ਹੈ ਕਿ ਇਸ ਸਕੀਮ ਤਹਿਤ ਯੋਗ ਵਿਦਿਆਰਥੀ ਯੂਨੀਵਰਸਿਟੀ ਦੇ ਕਿਸੇ ਵੀ ਪ੍ਰੋਗਰਾਮ ਦੀ ਮੁਫਤ ਪੜ੍ਹਾਈ ਕਰ ਸਕਦਾ ਹੈ। ਪਹਿਲੇ ਬੈਚ ਵਿੱਚੋਂ ਲਵਪ੍ਰੀਤ ਕੌਰ ਨੇ ਐਮ.ਐਸ.ਸੀ ਬੌਟਨੀ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਦਿਲਜੀਤ ਕੌਰ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਮੁਕਾਬਲੇ ਵਿੱਚੋਂ ਗੋਲਡ ਮੈਡਲ ਹਾਸਲ ਕੀਤਾ ਹੈ। ਸਿਮਰਨਜੀਤ ਕੌਰ ਨੇ ਨੈਸ਼ਨਲ ਅਸਾਮ ਗਤਕਾ ਵਿੱਚ ਪਹਿਲਾ ਸਥਾਨ ਗੋਆ ਗਤਕਾ ਮੁਕਾਬਲੇ ਵਿੱਚ ਦੂਜਾ ਸਥਾਨ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸੋਨ ਤਮਗਾ ਅਤੇ ਨਗਦ ਇਨਾਮ ਵੀਹ ਹਜ਼ਾਰ ਰੁਪਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਤਕਾ ਮੁਕਾਬਲਿਆਂ ਵਿੱਚ ਨਗਦ ਨਾਮ ਸੱਤ ਹਜ਼ਾਰ ਰੁਪਏ/ ਦੂਜਾ ਸਥਾਨ ਹਾਸਿਲ ਕੀਤਾ ਹੈ। ਕੁਲਵਿੰਦਰ ਕੌਰ ਨੇ ਪਟਿਆਲਾ ਵਿਖੇ ਹੋਏ ਕੌਮੀ ਦੁਮਾਲਾ ਮੁਕਾਬਲੇ ਵਿੱਚ ਪਹਿਲਾ ਸਥਾਨ, ਕਵਿਤਾ ਮੁਕਾਬਲੇ ਵਿੱਚ ਦੂਜਾ ਤੇ ਲੇਖ ਮੁਕਾਬਲੇ ਵਿੱਚ ਦੂਜਾ ਇਨਾਮ ਹਾਸਿਲ ਕੀਤਾ ਹੈ। ਪ੍ਰਭਸਿਮਰਨ ਕੌਰ ਨੇ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਪਹਿਲਾ ਅਤੇ ਸਵਾਲ-ਜਵਾਬ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਵਿਦਿਆਰਥੀ ਨੇ ਰਿਮਟ ਯੂਨੀਵਰਸਿਟੀ ਵਿਖੇ ਰੰਗੋਲੀ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਹੈ।

ਇਸ ਤੋਂ ਇਲਾਵਾ ਇਸ ਸਕੀਮ ਤਹਿਤ ਸਿੱਖਿਆ ਹਾਸਿਲ ਕਰ ਰਹੀਆਂ ਬੱਚੀਆਂ ਨੇ ਯੂਨੀਵਰਸਿਟੀ ਵਿਖੇ ਹੋਏ ਵੱਖੋ ਵੱਖ ਕੌਮੀ ਮੁਕਾਬਲਿਆਂ ਵਿੱਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਡਾ. ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਇਹ ਯੋਜਨਾ ਅੱਗੇ ਵੀ ਜਾਰੀ ਰਹੇਗੀ ਜਿਸ ਤੋਂ ਅੰਮ੍ਰਿਤਧਾਰੀ ਬੱਚੀਆਂ ਭਰਪੂਰ ਲਾਹਾ ਲੈ ਸਕਦੀਆਂ ਹਨ। ਪ੍ਰੋਫੈਸਰ ਬਿਲਿੰਗ ਨੇ ਦੱਸਿਆ ਕਿ ਮੁਫਤ ਸਿੱਖਿਆ ਯੋਜਨਾ ਤਹਿਤ ਪਹਿਲੇ ਬੈਚ ਵਿਚ ਸੌ ਬੱਚੀਆਂ ਦਾਖਲ ਕੀਤੀਆਂ ਗਈਆਂ ਸਨ ਜਦਕਿ ਇਸ ਯੋਜਨਾ ਨੂੰ ਧਿਆਨ ਵਿਚ ਰਖਦਿਆਂ ਧਰਮ ਪ੍ਰਚਾਰ ਕਮੇਟੀ ਵੱਲੋਂ ਅਗਲੇ ਸਾਲ ਸੱਤਰ ਸੀਟਾ ਹੋਰ ਵਧਾ ਦਿੱਤੀਆਂ ਗਈਆਂ ਸਨ। ਉਨ੍ਹਾਂ ਖੁਸ਼ੀ ਜਾਹਿਰ ਕੀਤੀ ਕਿ ਇਹ ਬੱਚੀਆਂ ਜਿਥੇ ਅਕਾਦਮਿਕ ਤੌਰ 'ਤੇ ਸਮਰੱਥ ਬਣ ਕੇ ਅਗਲੇਰੀ ਪੜ੍ਹਾਈ ਜਾਂ ਰੁਜਗਾਰ ਵੱਲ ਵਧ ਰਹੀਆਂ ਹਨ, ਉਥੇ ਇਹ ਇਕ ਚੰਗੇ ਕਿਰਦਾਰ ਅਤੇ ਮਰਯਾਦਾ ਨੂੰ ਸਿੱਖ ਚੁੱਕੀਆਂ ਹਨ।

ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਦੇਵ ਸਿੰਘ ਨੇ ਹਾਜਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ, ਡਾ. ਅੰਕਦੀਪ ਕੌਰ, ਕੋਆਡੀਨੇਟਰ ਆਈ.ਕਿਊ.ਏ.ਸੀ. ਸੈਲ, ਡਾ. ਹਰਨੀਤ ਬਿਲਿੰਗ, ਮੁਖੀ ਸਿੱਖਿਆ ਵਿਭਾਗ, ਹੋਸਟਲ ਵਾਰਡਨ ਨਰਿੰਦਰ ਕੌਰ ਅਤੇ ਧਰਮ ਅਧਿਐਨ ਵਿਭਾਗ ਤੋਂ ਡਾ. ਪਲਵਿੰਦਰ ਕੌਰ ਤੇ ਜਸਵੀਰ ਸਿੰਘ ਹਾਜ਼ਰ ਸਨ।




**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਮਾਤਾ ਗੁਜਰੀ ਕਾਲਜ ਵਿਖੇ ਪਲਾਸਟਿਕ ਰੋਕਥਾਮ ਮੁਹਿੰਮ ਦਾ ਆਗਾਜ਼



ਫ਼ਤਹਿਗੜ੍ਹ ਸਾਹਿਬ, 25 ਮਈ, (ਹਰਪ੍ਰੀਤ ਕੌਰ ਟਿਵਾਣਾ) : ਮਾਤਾ ਗੁਜਰੀ ਕਾਲਜ ਵਿਖੇ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਪਲਾਸਟਿਕ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ 22 ਮਈ ਤੋਂ 5 ਜੂਨ ਤੱਕ ਇੱਕ ਵਿਸ਼ੇਸ਼ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਉਦਾਘਟਨੀ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਪਲਾਸਟਿਕ ਰੂਪੀ ਵੱਧਦੇ ਪ੍ਰਦੂਸ਼ਨ ਦੇ ਖਤਰੇ ਬਾਰੇ ਸੁਚੇਤ ਕਰਦਿਆਂ ਦੱਸਿਆ ਕਿ ਮਨੁੱਖ ਦਾ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ, ਜੋ ਨਾਸ਼ਵਾਨ ਹੈ, ਪਰ ਮਨੁੱਖ ਵੱਲੋਂ ਬਣਾਏ ਗਏ ਪਲਾਸਟਿਕ ਅਤੇ ਕੱਚ ਨਾਸ਼ਵਾਨ ਨਹੀਂ ਹਨ ਅਤੇ ਹਰ ਸਾਲ ਧਰਤੀ 'ਤੇ ਇਨ੍ਹਾਂ ਦਾ ਪਹਾੜ ਰੂਪੀ ਕਚਰਾ ਇਕੱਠਾ ਹੁੰਦਾ ਜਾ ਰਿਹਾ ਹੈ। ਜਿਸ ਦਾ ਮਨੁੱਖਾਂ, ਪੰਛੀਆਂ ਅਤੇ ਜਾਨਵਰਾਂ 'ਤੇ ਮਾਰੂ ਪ੍ਰਭਾਵ ਪੈ ਰਿਹਾ ਹੈ। ਇਸ ਲਈ ਪਲਾਸਟਿਕ ਰੋਕਥਾਮ ਸਾਡੀ ਸੰਯੁਕਤ ਜ਼ਿੰਮੇਵਾਰੀ ਹੈ ਤਾਂ ਜੋ ਅਸੀਂ ਆਪਣੀ ਧਰਤੀ, ਜਲ, ਹਵਾ ਅਤੇ ਜੰਗਲਾਤ ਨੂੰ ਸੁਰੱਖਿਅਤ ਰੱਖ ਸਕੀਏ।

ਇਸ ਪ੍ਰੋਗਰਾਮ ਦੇ ਕਨਵੀਨਰ ਕਾਲਜ ਦੇ ਬਾਟਨੀ ਅਤੇ ਵਾਤਾਵਰਣ ਵਿਭਾਗ ਦੇ ਮੁਖੀ ਡਾ. ਲਵਨੀਤ ਕੌਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਕਾਲਜ ਵਿਖੇ ਲਗਾਤਾਰ 5 ਜੂਨ ਤੱਕ ਚੱਲੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਜਾਣਕਾਰੀ ਅਤੇ ਜਾਗਰੂਕਤਾ ਲਈ ਵੱਖ-ਵੱਖ ਰਚਨਾਤਮਕ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਸਟਾਫ਼ ਮੈਂਬਰ ਡਾ. ਨੀਤੂ ਤ੍ਰੇਹਨ, ਡਾ. ਅਜੈ ਸਿੰਘ, ਡਾ. ਵਿਜੇ ਸਿੰਘ, ਡਾ. ਸੰਦੀਪ ਕੁਮਾਰ ਸਿੰਘ ਅਤੇ ਡਾ. ਰਜਨੀਸ਼ ਠਾਕੁਰ ਆਦਿ ਹਾਜ਼ਰ ਸਨ।

# ਜੰਡਿਆਲਾ ਗੁਰੂ ਦੇ ਅਕਾਲੀ ਦਲ ਦੇ ਕੌਂਸਲਰ ਦਾ ਗੋਲ਼ੀਆਂ ਮਾਰ ਕੇ ਕੀਤਾ ਕਤਲ



ਅੰਮ੍ਰਿਤਸਰ/ਜੰਡਿਆਲਾ ਗੁਰੂ, 25 ਮਈ (ਰਾਮ ਸ਼ਰਨਜੀਤ ਸਿੰਘ) : ਜੰਡਿਆਲਾ ਗੁਰੂ ਨਗਰ ਕੌਂਸਲ ਦੇ ਕੌਂਸਲਰ ਸ੍ਰੀ ਹਰਜਿੰਦਰ ਸਿੰਘ ਦੇ ਕਤਲ ਕੇਸ ਬਾਰੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਡੀਸੀਪੀ ਸਿਟੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਇਹ ਕਤਲ ਦੋ ਧੜਿਆਂ ਦੀ ਆਪਸੀ ਲੜਾਈ ਦਾ ਸਿੱਟਾ ਹੈ। ਉਹਨਾਂ ਦੱਸਿਆ ਕਿ ਹਰਜਿੰਦਰ ਸਿੰਘ ਦਾ ਕਤਲ ਕ੍ਰਿਸ਼ਨਾ ਗੈਂਗ ਵੱਲੋਂ ਕੀਤਾ ਗਿਆ ਹੈ, ਜਿਸ ਦੀ ਕਾਤਲਾਂ ਦੀ ਪਛਾਣ ਅਸੀਂ ਕਰ ਲਈ ਹੈ ਅਤੇ ਵਾਰਦਾਤ ਵੇਲੇ ਵਰਤੇ ਗਏ ਵਾਹਨ ਦੀ ਪਛਾਣ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਸਾਡੀਆਂ ਟੀਮਾਂ ਦੋਸ਼ੀਆਂ ਦੇ ਪਿੱਛੇ ਹਨ ਅਤੇ ਕਿਸੇ ਵੇਲੇ ਵੀ ਅਸੀਂ ਉਹਨਾਂ ਦੀ ਗ੍ਰਿਫਤਾਰੀ ਕਰ ਸਕਦੇ ਹਾਂ। ਸ੍ਰੀ ਵਾਲੀਆ ਨੇ ਦੱਸਿਆ ਕਿ ਕ੍ਰਿਸ਼ਨਾ ਗੈਂਗ ਦੇ ਕੱਲ ਹੀ ਦੋ ਮੈਂਬਰ ਅਸੀਂ ਹਥਿਆਰਾਂ ਸਮੇਤ ਕਾਬੂ ਕੀਤੇ ਸਨ ਅਤੇ ਉਨਾਂ ਕੋਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਇਹ ਗੱਲ ਦਾ ਪਤਾ ਲੱਗਾ ਸੀ ਕਿ ਉਹਨਾਂ ਨੇ ਹੀ ਕੁਝ ਦਿਨ ਪਹਿਲਾਂ ਜੰਡਿਆਲਾ ਗੁਰੂ ਵਿੱਚ ਗੋਲੀਆਂ ਚਲਾਈਆਂ ਸਨ। ਉਹਨਾਂ ਨੇ ਤਿੰਨ ਵਿਅਕਤੀਆਂ ਦੇ ਨਾਂ ਅਤੇ ਤਸਵੀਰਾਂ ਜਾਰੀ ਕਰਕੇ ਸਪੱਸ਼ਟ ਕੀਤਾ ਕਿ ਇਹਨਾਂ ਵਿਅਕਤੀਆਂ ਨੇ ਹੀ ਹਰਜਿੰਦਰ ਸਿੰਘ ਦਾ ਕਤਲ ਕੀਤਾ ਹੈ। ਉਹਨਾਂ ਦੱਸਿਆ ਕਿ ਪੁਲਿਸ ਨੂੰ ਇਸ ਕੇਸ ਵਿੱਚ ਅਮਿਤ, ਗੋਪੀ ਅਤੇ ਕਰਣ ਕੀੜਾ ਦੀ ਤਲਾਸ਼ ਹੈ ਅਤੇ ਅੱਜ ਇਹਨਾਂ ਦੀਆਂ ਫੋਟੋਆਂ ਵੀ ਅਸੀਂ ਮੀਡੀਆ ਲਈ ਜਾਰੀ ਕਰ ਰਹੇ ਹਾਂ।

ਇਸੇ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਜੰਡਿਆਲਾ ਗੁਰੂ ਵਿੱਚ ਜੋ ਗੋਲੀਆਂ ਚੱਲੀਆਂ ਸਨ, ਉਹ ਸਤਨਾਮ ਸਿੰਘ ਦੇ ਘਰ ਬਾਹਰ ਚਲਾਈਆਂ ਗਈਆਂ ਸਨ ਅਤੇ ਇਸ ਦੇ ਸਬੰਧ ਵਿੱਚ ਪੁਲਿਸ ਨੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਹਰਜਿੰਦਰ ਸਿੰਘ ਅਤੇ ਉਸਦੇ ਸਾਥੀਆਂ ਨੇ ਕੁਝ ਸਮਾਂ ਪਹਿਲਾਂ ਜੋ ਆਪਣੇ ਵਿਰੋਧੀਆਂ ਉੱਤੇ ਪੁਲਿਸ ਕੇਸ ਦਰਜ ਕਰਾਏ ਸਨ, ਪੁਲਿਸ ਨੇ ਉਹਨਾਂ ਸਾਰੇ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(Monday, 26 May, 2025) ਪਟਿਆਲਾ ਸੋਮਵਾਰ, 26 ਮਈ, 2025, 13 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082
ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 144 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਜੂਨ ਦੇ ਪਹਿਲੇ ਹਫ਼ਤੇ ਮੱਧ ਪ੍ਰਦੇਸ਼ ਪਹੁੰਚ ਸਕਦੈ ਮਾਨਸੂਨ

ਭੋਪਾਲ, 25 ਮਈ (ਚੜ੍ਹਦੀਕਲਾ ਬਿਊਰੋ) : ਦੱਖਣ-ਪੱਛਮੀ ਮਾਨਸੂਨ ਦੇ ਜੂਨ ਦੇ ਪਹਿਲੇ ਹਫ਼ਤੇ ਦੀ ਸ਼ੁਰੂਆਤ ਚ ਮੱਧ ਪ੍ਰਦੇਸ਼ ਪਹੁੰਚਣ ਦੀ ਉਮੀਦ ਹੈ। ਭਾਰਤ ਮੌਸਮ ਵਿਭਾਗ ਦੇ ਇਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਦੱਖਣ-ਪੱਛਮੀ ਮਾਨਸੂਨ ਸ਼ਨੀਵਾਰ ਨੂੰ ਕੇਰਲ ਪਹੁੰਚ ਗਿਆ। ਇਹ ਆਪਣੇ ਸਮੇਂ ਤੋਂ 8 ਦਿਨ ਪਹਿਲਾਂ ਪਹੁੰਚਿਆ।

(ਬਾਕੀ ਸਫਾ 11 'ਤੇ)

# ਕੇਜਰੀਵਾਲ ਅਤੇ ਮਾਨ ਨੇ ਪੰਜਾਬ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਆਪਣੀ ਵਚਨਬੱਧਤਾ ਦੁਹਰਾਈ

☛ਨਸ਼ੇ ਆਪ ਘਰਾਂ 'ਚ ਨਹੀਂ ਵੜੇ, ਪਿਛਲੀਆਂ ਸਰਕਾਰਾਂ ਨੇ ਵੰਡੇ: ਕੇਜਰੀਵਾਲ
☛ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਲੜਾਈ ਜਾਰੀ ਰੱਖਾਂਗੇ : ਮਾਨ




ਅੰਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਚੌਧਰੀਮਾਜਰਾ
===================
ਨਾਭਾ (ਪਟਿਆਲਾ), 25 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋਣ ਅਤੇ ਇਸ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ। ਇੱਥੇ ਅੱਜ ਅਗਰਵਾਲ ਸਭਾ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦੇ ਖਤਰੇ ਵਿਰੁੱਧ ਜੰਗ ਛੇੜੀ ਹੋਈ ਹੈ ਅਤੇ ਇਹ ਮੁਹਿੰਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਹੀ ਸਫਲ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਦੀ ਲੜਾਈ ਹੈ, ਜੋ ਆਮ ਆਦਮੀ ਦੇ ਸਹਿਯੋਗ ਤੋਂ ਬਿਨਾਂ ਜਿੱਤੀ ਨਹੀਂ ਜਾ ਸਕਦੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਇਸ ਨੇਕ ਕਾਰਜ ਲਈ ਦਿਲੋਂ ਸਮਰਥਨ ਦੇਣ ਦਾ ਸੱਦਾ ਦਿੱਤਾ ਤਾਂ ਜੋ ਪੰਜਾਬ ਨੂੰ ਦੇਸ਼ ਦਾ ਪ੍ਰਗਤੀਸ਼ੀਲ ਅਤੇ ਮੋਹਰੀ ਸੂਬਾ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਣਾ ਪਵੇਗਾ,

(ਬਾਕੀ ਸਫਾ 11 'ਤੇ)

## ਲਾਲੂ ਯਾਦਵ ਨੇ ਪੁੱਤਰ ਤੇਜ ਪ੍ਰਤਾਪ ਨੂੰ 6 ਸਾਲ ਲਈ ਪਾਰਟੀ 'ਚੋਂ ਕੱਢਿਆ

ਪਟਨਾ, 25 ਮਈ (ਚੜ੍ਹਦੀਕਲਾ ਬਿਊਰੋ) : ਰਾਜਦ ਮੁਖੀ ਲਾਲੂ ਯਾਦਵ ਨੇ ਆਪਣੇ ਪੁੱਤਰ ਤੇਜ ਪ੍ਰਤਾਪ ਯਾਦਵ ਨੂੰ ਪਾਰਟੀ ਤੋਂ 6 ਸਾਲ ਲਈ ਕੱਢ ਦਿੱਤਾ ਹੈ। ਉਨ੍ਹਾਂ ਨੇ ਬੀਤੇ ਦਿਨੀਂ ਆਪਣੇ ਰਿਲੇਸ਼ਨਸ਼ਿਪ ਦਾ ਐਲਾਨ ਕੀਤਾ ਸੀ। ਤੇਜਪ੍ਰਤਾਪ ਯਾਦਵ ਨੇ ਆਪਣੀ ਅਨੁਸ਼ਕਾ ਯਾਦਵ ਨਾਂ ਦੀ ਗਰਲਫ੍ਰੈਂਡ ਨਾਲ ਤਸਵੀਰ ਸ਼ੇਅਰ ਕੀਤੀ ਸੀ। ਬਾਅਦ ਵਿਚ ਉਨ੍ਹਾਂ ਨੇ ਕਈ ਵਾਰ ਆਪਣੇ ਸੋਸ਼ਲ ਮੀਡੀਆ ਪੋਸਟ ਰਿਵਾਈਜ ਕੀਤਾ ਤੇ ਬਾਅਦ ਵਿਚ ਕਿਹਾ ਕਿ ਉਨ੍ਹਾਂ ਦਾ ਸੋਸ਼ਲ ਮੀਡੀਆ ਅਕਾਊਂਟ ਹੈਕ ਹੋ ਗਿਆ ਸੀ। ਹੁਣ ਕਾਰਵਾਈ ਕਰਦੇ ਹੋਏ ਰਾਜਦ ਮੁਖੀ ਨੇ ਕਿਹਾ ਕਿ ਆਪਣੇ ਨਿੱਜੀ ਜੀਵਨ ਦਾ ਭਲਾ-ਬੁਰਾ ਤੇ ਗੁਣ-ਦੋਸ਼ ਦੇਖਣ ਵਿਚ ਉਹ ਖੁਦ ਸਮਰੱਥ ਹਨ। ਉਸ ਨਾਲ ਜੋ ਵੀ ਲੋਕ ਸਬੰਧ ਰੱਖਣਗੇ ਉਹ ਖੁਦ ਫੈਸਲਾ ਲੈਣ। ਪੁੱਤ ਦੀ ਵੀਡੀਓ ਵਾਇਰਲ ਹੋਣ 'ਤੇ ਲਾਲੂ ਪ੍ਰਸਾਦ ਯਾਦਵ ਨੇ ਐਕਸ਼ਨ ਲਿਆ। ਲਾਲੂ ਯਾਦਵ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਕੇ ਲਿਖਿਆ- ਵੱਡੇ ਪੁੱਤਰ ਦੀਆਂ ਗਤੀਵਿਧੀਆਂ ਤੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਸਾਡੇ

(ਬਾਕੀ ਸਫਾ 11 'ਤੇ)

# ਭਾਰਤ ਬਣਿਆ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ

## ਨੀਤੀ ਆਯੋਗ ਦੇ ਸੀ.ਈ.ਓ. ਸੁਬਰਾਮਨੀਅਮ ਨੇ ਕੌਮਾਂਤਰੀ ਮੁਦਰਾ ਫ਼ੰਡ ਦੇ ਅੰਕੜਿਆਂ ਦਾ ਦਿੱਤਾ ਹਵਾਲਾ

ਚੜ੍ਹਦੀਕਲਾ ਬਿਊਰੋ
===============
ਨਵੀਂ ਦਿੱਲੀ, 25 ਮਈ : ਭਾਰਤ ਅਧਿਕਾਰਤ ਤੌਰ 'ਤੇ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਨੀਤੀ ਆਯੋਗ ਦੇ ਸੀ.ਈ.ਓ. ਬੀਵੀਆਰ ਸੁਬਰਾਮਨੀਅਮ ਨੇ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ 10ਵੀਂ ਮੀਟਿੰਗ ਤੋਂ ਬਾਅਦ ਕਿਹਾ, ਵਿਸ਼ਵਵਿਆਪੀ ਅਤੇ ਆਰਥਿਕ ਵਾਤਾਵਰਣ ਭਾਰਤ ਲਈ ਅਨੁਕੂਲ ਬਣਿਆ ਹੋਇਆ ਹੈ ਅਤੇ ਜਿਵੇਂ ਕਿ ਮੈਂ ਬੋਲਦਾ ਹਾਂ, ਅਸੀਂ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹਾਂ। ਅੱਜ ਅਸੀਂ 4 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣ ਗਏ ਹਾਂ। ਨੀਤੀ ਆਯੋਗ ਦੀ ਮੀਟਿੰਗ ਤੋਂ ਬਾਅਦ ਸੀ.ਈ.ਓ. ਬੀਵੀਆਰ ਸੁਬਰਾਮਨੀਅਮ ਨੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਹੁਣ ਭਾਰਤੀ ਅਰਥਵਿਵਸਥਾ ਜਾਪਾਨ ਨਾਲੋਂ ਵੱਡੀ ਹੋ ਗਈ ਹੈ। ਭਾਰਤ ਨੇ ਇਸ ਮੀਲ ਪੱਥਰ ਨੂੰ ਪ੍ਰਾਪਤ ਕਰਕੇ ਇਤਿਹਾਸ ਰਚ ਦਿੱਤਾ ਹੈ ਅਤੇ ਹੁਣ ਸਿਰਫ਼ ਅਮਰੀਕਾ, ਚੀਨ ਅਤੇ ਜਰਮਨੀ ਦੀਆਂ ਅਰਥਵਿਵਸਥਾਵਾਂ ਹੀ ਭਾਰਤ ਤੋਂ ਅੱਗੇ ਹਨ। ਸੁਬਰਾਮਨੀਅਮ ਨੇ ਅੱਗੇ ਕਿਹਾ ਕਿ ਜੇਕਰ ਅਸੀਂ ਆਪਣੀ ਯੋਜਨਾ ਤੇ ਕਾਇਮ ਰਹੇ ਤਾਂ ਅਗਲੇ ਢਾਈ



ਤੋਂ ਤਿੰਨ ਸਾਲਾਂ ਵਿੱਚ ਅਸੀਂ ਜਰਮਨੀ ਨੂੰ ਪਿੱਛੇ ਛੱਡ ਕੇ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵਾਂਗੇ। ਭਾਰਤ ਨੇ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦਾ ਇਹ ਮੁਕਾਮ ਅਜਿਹੇ ਸਮੇਂ ਹਾਸਲ ਕੀਤਾ ਹੈ, ਜਦੋਂ ਅਮਰੀਕੀ ਟੈਰਿਫ ਕਾਰਨ ਦੁਨੀਆ ਵਿੱਚ ਉਥਲ-ਪੁਥਲ ਹੈ ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਟੈਰਿਫ ਵੀ ਭਾਰਤ ਦੇ ਵਿਕਾਸ ਨੂੰ ਨਹੀਂ ਰੋਕ ਸਕਿਆ ਅਤੇ ਨਾ ਹੀ ਪਾਕਿਸਤਾਨ ਨਾਲ ਤਣਾਅ ਦਾ ਭਾਰਤੀ ਆਰਥਿਕ ਵਿਕਾਸ ਤੇ ਕੋਈ ਅਸਰ ਪਿਆ। ਭਾਰਤ ਲੰਬੇ ਸਮੇਂ ਤੋਂ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾ ਰਿਹਾ ਹੈ ਅਤੇ ਹੁਣ ਇਸ ਨੇ ਜਾਪਾਨ ਨੂੰ ਪਿੱਛੇ ਛੱਡ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਾਲੀਆ ਬਿਆਨ ਤੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਅਮਰੀਕਾ ਵਿੱਚ ਵਿਕਣ ਵਾਲੇ ਐਪਲ ਆਈਫੋਨ ਦਾ ਨਿਰਮਾਣ ਅਮਰੀਕਾ ਵਿੱਚ ਹੋਵੇਗਾ ਨਾ ਕਿ ਭਾਰਤ ਜਾਂ ਕਿਤੇ ਹੋਰ। ਉਨ੍ਹਾਂ ਅੱਗੇ ਕਿਹਾ ਕਿ ਇਹ ਅਨਿਸ਼ਚਿਤ ਹੈ ਕਿ ਅੱਗੇ ਟੈਰਿਫ ਕੀ ਹੋਵੇਗਾ। ਗਤੀਸ਼ੀਲਤਾ ਨੂੰ ਦੇਖਦੇ ਹੋਏ ਅਸੀਂ ਯਕੀਨੀ ਤੌਰ 'ਤੇ ਨਿਰਮਾਣ ਲਈ ਇੱਕ ਸਸਤੀ ਜਗ੍ਹਾ ਹੋਵਾਂਗੇ। ਸੁਬਰਾਮਨੀਅਮ ਅਨੁਸਾਰ, ਸੰਪਤੀ ਮੁਦਰੀਕਰਨ ਪਾਈਪਲਾਈਨ ਦਾ ਦੂਜਾ ਦੌਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਸਦਾ ਐਲਾਨ ਅਗਸਤ ਵਿੱਚ ਕੀਤਾ ਜਾਵੇਗਾ। ਵਿਸ਼ਵ ਬੈਂਕ ਤੋਂ ਲੈ ਕੇ ਆਈ.ਐਮ.ਐਫ. ਤੱਕ ਅਤੇ ਕਈ ਵਿਸ਼ਵ ਏਜੰਸੀਆਂ ਨੇ ਭਾਰਤੀ ਅਰਥਵਿਵਸਥਾ ਦੀ ਮਜ਼ਬੂਤੀ ਨੂੰ ਸਵੀਕਾਰ ਕੀਤਾ ਹੈ ਅਤੇ ਆਪਣੀਆਂ ਹਾਲੀਆ ਰਿਪੋਰਟਾਂ ਵਿੱਚ ਕਿਹਾ ਹੈ ਕਿ ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ ਭਵਿੱਖ ਵਿੱਚ ਵੀ ਸਭ ਤੋਂ ਅੱਗੇ ਰਹੇਗੀ। ਅਜਿਹੀ ਸਥਿਤੀ ਵਿੱਚ ਕੇਅਰਏਜ ਰੇਟਿੰਗਸ ਨੇ ਹਾਲ ਹੀ ਵਿੱਚ ਇੱਕ ਰਿਪੋਰਟ ਵਿੱਚ ਆਪਣਾ ਅਨੁਮਾਨ ਪ੍ਰਗਟ ਕੀਤਾ ਹੈ ਕਿ ਚੌਥੀ ਤਿਮਾਹੀ ਵਿੱਚ ਭਾਰਤ ਦੀ

(ਬਾਕੀ ਸਫਾ 11 'ਤੇ)

## ਸਿਰਫ਼ ਮਨੋਰੰਜਨ ਲਈ ਤਾਸ਼ ਖੇਡਣਾ ਅਨੈਤਿਕ ਆਚਰਣ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 25 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਕਰਨਾਟਕ 'ਚ ਇਕ ਸਹਿਕਾਰੀ ਕਮੇਟੀ 'ਚ ਇਕ ਵਿਅਕਤੀ ਦੀ ਚੋਣ ਨੂੰ ਬਹਾਲ ਕਰਦੇ ਹੋਏ ਕਿਹਾ ਕਿ ਸੱਟੇਬਾਜ਼ੀ ਤੇ ਜੂਏ ਤੋਂ ਬਿਨਾਂ ਮਨੋਰੰਜਨ ਲਈ ਤਾਸ਼ ਖੇਡਣਾ ਅਨੈਤਿਕ ਆਚਰਣ ਨਹੀਂ ਹੈ। ਜਸਟਿਸ ਸੂਰਿਆਕਾਂਤ ਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੇ ਬੈਂਚ ਨੇ ਇਸ ਗੱਲ 'ਤੇ ਗੌਰ ਕੀਤਾ ਕਿ ਸਰਕਾਰੀ ਪੋਰਸਿਲੇਨ ਫੈਕਟਰੀ ਇੰਪਲਾਈਜ਼ ਹਾਊਸਿੰਗ ਕੋ-ਆਪ੍ਰੇਟਿਵ ਸੋਸਾਇਟੀ ਲਿਮਟਿਡ ਦੇ ਬੋਰਡ ਆਫ਼ ਡਾਇਰੈਕਟਰਜ਼ ਲਈ ਚੁਣੇ ਗਏ ਹਨੂੰਮੰਤਰਾਯੱਪਾ ਵਾਈ.ਸੀ. ਜਦੋਂ ਕੁਝ ਹੋਰ ਲੋਕਾਂ ਨਾਲ ਸੜਕ ਕਿਨਾਰੇ ਬੈਠ ਕੇ ਤਾਸ਼ ਖੇਡਦੇ ਫੜੇ ਗਏ ਤਾਂ ਉਨ੍ਹਾਂ 'ਤੇ ਬਿਨਾਂ ਕਿਸੇ ਸੁਣਵਾਈ ਦੇ ਕਥਿਤ ਤੌਰ 'ਤੇ 200 ਰੁਪਏ ਦਾ ਜੁਰਮਾਨਾ ਲਾਇਆ ਗਿਆ। ਬੈਂਚ ਨੇ ਕਿਹਾ ਕਿ

(ਬਾਕੀ ਸਫਾ 11 'ਤੇ)

## ਪੰਜਾਬ ਦੇ 8 ਜ਼ਿਲ੍ਹਿਆਂ 'ਚ ਮੀਂਹ ਨਾਲ ਭਾਰੀ ਤੂਫ਼ਾਨ ਦੀ ਭਵਿੱਖਬਾਣੀ

ਚੜ੍ਹਦੀਕਲਾ ਬਿਊਰੋ
===============
ਚੰਡੀਗੜ੍ਹ, 25 ਮਈ : ਪੰਜਾਬ ਵਿਚ ਬੀਤੇ ਦਿਨ ਜਿੱਥੇ ਮੌਸਮ ਵਿਚ ਅਚਾਨਕ ਤਬਦੀਲੀ ਆਉਣ ਕਰਕੇ ਜਿੱਥੇ ਲੋਕਾਂ ਨੂੰ ਥੋੜ੍ਹੀ ਗਰਮੀ ਤੋਂ ਰਾਹਤ ਮਿਲੀ, ਉਥੇ ਹੀ ਤੇਜ਼ ਹਨ੍ਹੇਰੀ ਅਤੇ ਭਾਰੀ ਮੀਂਹ ਕਾਰਨ ਕਈ ਥਾਵਾਂ ਤੇ ਭਾਰੀ ਤਬਾਹੀ ਵੀ ਹੋਈ। ਅਗਲੇ ਦਿਨਾਂ ਨੂੰ ਲੈ ਕੇ ਮੌਸਮ ਵਿਭਾਗ ਵੱਲੋਂ ਪੰਜਾਬ ਦੇ ਮੌਸਮ ਸਬੰਧੀ ਵੱਡੀ ਅਪਡੇਟ ਸਾਹਮਣੇ ਆਈ ਹੈ। ਦਰਅਸਲ ਹਿਮਾਚਲ ਨਾਲ ਲੱਗਦੇ ਪੰਜਾਬ ਦੇ 8 ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਿਆਂ ਵਿੱਚ ਭਾਰੀ ਗਰਮੀ ਪੈਣ ਵਾਲੀ ਹੈ। ਇਥੇ ਗਰਮੀ ਦੀ ਲਹਿਰ ਦਾ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ ਮਿਲੀ ਤਾਜ਼ਾ ਜਾਣਕਾਰੀ ਮੁਤਾਬਕ ਨੌਤਪਾ ਸ਼ੁਰੂ ਹੋ ਰਿਹਾ ਹੈ ਪਰ ਪੰਜਾਬ ਦੇ 8 ਜ਼ਿਲ੍ਹਿਆਂ ਵਿੱਚ ਅਜੇ ਵੀ ਮੀਂਹ ਅਤੇ ਤੇਜ਼ ਹਵਾਵਾਂ ਦਾ ਮੌਸਮ ਚੱਲ ਰਿਹਾ ਹੈ। 15 ਜ਼ਿਲ੍ਹੇ ਅਜਿਹੇ ਹਨ, ਜਿੱਥੇ ਦਿਨ ਅਤੇ ਰਾਤ ਦੋਵੇਂ ਗਰਮ ਰਹਿਣ ਵਾਲੇ ਹਨ ਅਤੇ ਇਥੇ ਔਰੇਂਜ ਅਤੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਤਿੰਨ-ਚਾਰ ਦਿਨ ਵੀ



(ਬਾਕੀ ਸਫਾ 11 'ਤੇ)

## ਦੇਸ਼ 'ਚ ਵਧੇ ਕੋਰੋਨਾ ਦੇ ਮਾਮਲੇ, 24 ਘੰਟਿਆਂ ਦੌਰਾਨ 2 ਮੌਤਾਂ

ਚੜ੍ਹਦੀਕਲਾ ਬਿਊਰੋ
===============
ਨਵੀਂ ਦਿੱਲੀ, 25 ਮਈ : ਪਿਛਲੇ 24 ਘੰਟਿਆਂ ਵਿੱਚ, ਦੇਸ਼ ਵਿੱਚ ਕੋਰੋਨਾ ਦੇ ਨਵੇਂ ਰੂਪ ਕਾਰਨ 2 ਮਰੀਜ਼ਾਂ ਦੀ ਮੌਤ ਹੋ ਗਈ ਹੈ। ਸਿਹਤ



ਵਿਭਾਗ ਦੇ ਅਨੁਸਾਰ, ਬੰਗਲੁਰੂ ਵਿੱਚ ਕੋਰੋਨਾ ਤੋਂ ਪੀੜਤ ਇੱਕ 84 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਠਾਣੇ ਵਿੱਚ ਇੱਕ 21 ਸਾਲਾ ਨੌਜਵਾਨ ਦੀ ਮੌਤ ਹੋ ਗਈ ਸੀ। ਪਿਛਲੇ ਸ਼ਨੀਵਾਰ ਨੂੰ 23 ਨਵੇਂ ਕੋਰੋਨਾ ਮਾਮਲੇ ਸਾਹਮਣੇ ਆਏ ਸਨ। ਮਹਾਰਾਸ਼ਟਰ ਦੇ ਠਾਣੇ ਤੋਂ 8, ਰਾਜਸਥਾਨ ਅਤੇ ਕਰਨਾਟਕ ਤੋਂ 5-5, ਉੱਤਰਾਖੰਡ ਅਤੇ ਹਰਿਆਣਾ ਤੋਂ 3-3, ਮੱਧ ਪ੍ਰਦੇਸ਼ ਦੇ ਇੰਦੌਰ ਤੋਂ 2 ਅਤੇ ਯੂਪੀ ਦੇ ਨੋਇਡਾ ਤੋਂ 1 ਕੇਸ ਸਾਹਮਣੇ ਆਇਆ ਹੈ। ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ 363 ਤੱਕ ਪਹੁੰਚ ਗਈ ਹੈ। ਦੇਸ਼ ਭਰ ਵਿੱਚ ਵੱਧ ਰਹੇ ਮਾਮਲਿਆਂ ਦੇ ਵਿਚਕਾਰ, ਕੇਂਦਰੀ ਸਿਹਤ ਸਕੱਤਰ ਨੇ ਸ਼ਨੀਵਾਰ ਨੂੰ ਇੱਕ ਸਮੀਖਿਆ ਮੀਟਿੰਗ ਕੀਤੀ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ, ਡਿਪਾਰਟਮੈਂਟ ਆਫ਼ ਹੈਲਥ ਰਿਸਰਚ, ਡਾਇਰੈਕਟਰ ਜਨਰਲ ਹੈਲਥ ਸਰਵਿਸਿਜ਼ ਅਤੇ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਦੇ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ। ਸਿਹਤ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੇਰਲ, ਤਾਮਿਲਨਾਡੂ, ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਸੂਬਿਆਂ ਤੋਂ ਕੋਵਿਡ ਦੇ ਨਵੇਂ ਮਾਮਲੇ ਸਾਹਮਣੇ ਆਏ ਹਨ ਹਾਲਾਂਕਿ, ਜ਼ਿਆਦਾਤਰ ਮਾਮਲੇ ਹਲਕੇ ਹਨ ਅਤੇ ਮਰੀਜ਼ ਘਰੇਲੂ ਇਕਾਂਤਵਾਸ ਵਿੱਚ ਠੀਕ ਹੋ ਰਹੇ ਹਨ।

(ਬਾਕੀ ਸਫਾ 11 'ਤੇ)

### ਮੋਹਾਲੀ ਜ਼ਿਲ੍ਹੇ 'ਚ ਮਿਲਿਆ ਕੋਰੋਨਾ ਦਾ ਪਹਿਲਾ ਮਾਮਲਾ

ਚੰਡੀਗੜ੍ਹ, 25 ਮਈ (ਚੜ੍ਹਦੀਕਲਾ ਬਿਊਰੋ) : ਦੇਸ਼ 'ਚ ਕੋਰੋਨਾ ਵਾਇਰਸ ਦੇ ਮਾਮਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿੱਚ ਪਹਿਲਾ ਇਨਫੈਕਸ਼ਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸ ਦਈਏ ਕਿ ਦਿੱਲੀ, ਕਰਨਾਟਕ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਸਮੇਤ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਸਾਵਧਾਨੀ ਦੇ ਉਪਾਵਾਂ ਦੀ ਇੱਕ ਲੜੀ ਸ਼ੁਰੂ ਹੋ ਗਈ ਹੈ, ਜਿਸਦੇ ਨਾਲ ਹਸਪਤਾਲਾਂ ਨੂੰ ਹੁਣ ਅਲਰਟ ਤੇ ਰੱਖਿਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਮੋਹਾਲੀ ਵਿਚ ਸਾਹਮਣੇ ਆਇਆ ਮਰੀਜ਼ ਦਰਅਸਲ ਸੂਬੇ ਤੋਂ ਬਾਹਰੋਂ ਇਕ ਸਮਾਗਮ ਵਿਚ ਸ਼ਾਮਲ ਹੋਇਆ ਆਇਆ ਸੀ ਤੇ ਇਥੇ ਉਸ ਦੀ

(ਬਾਕੀ ਸਫਾ 11 'ਤੇ)

## 'ਯੁੱਧ ਨਸ਼ਿਆਂ ਵਿਰੁੱਧ' ਦਾ 85ਵਾਂ ਦਿਨ

## 158 ਨਸ਼ਾ ਤਸਕਰ 10 ਕਿਲੋ ਹੈਰੋਇਨ, 1.3 ਕਿਲੋ ਅਫ਼ੀਮ, 19 ਹਜ਼ਾਰ ਰੁਪਏ ਦੀ ਡਰੱਗ ਸਮੇਤ ਗ੍ਰਿਫ਼ਤਾਰ

ਚੜ੍ਹਦੀਕਲਾ ਬਿਊਰੋ
===============
ਚੰਡੀਗੜ੍ਹ, 25 ਮਈ :ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਵਿਰੋਧੀ ਮੁਹਿੰਮ,"ਯੁੱਧ ਨਸ਼ਿਆਂ ਵਿਰੁਧ" ਦੇ 85ਵੇਂ ਦਿਨ ਪੰਜਾਬ ਪੁਲਿਸ ਨੇ ਐਤਵਾਰ ਨੂੰ 158 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 10.1 ਕਿਲੋ ਹੈਰੋਇਨ, 1.3 ਕਿਲੋ ਅਫੀਮ ਅਤੇ 19040 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਮਹਿਜ਼ 85 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 13,449 ਹੋ ਗਈ ਹੈ।ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 98 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1700 ਤੋਂ ਵੱਧ ਦੀ ਨਫ਼ਰੀ ਵਾਲੀਆਂ 220 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 445 ਥਾਵਾਂ 'ਤੇ ਛਾਪੇਮਾਰੀ ਕੀਤੀ

(ਬਾਕੀ ਸਫਾ 11 'ਤੇ)

### ਪ੍ਰਧਾਨ ਮੰਤਰੀ ਨੇ ਕੀਤੀ 'ਮਨ ਕੀ ਬਾਤ'

## 'ਆਪ੍ਰੇਸ਼ਨ ਸਿੰਦੂਰ' ਸਾਡੇ ਅੱਤਵਾਦ ਨੂੰ ਖ਼ਤਮ ਕਰਨ ਦੇ ਇਰਾਦੇ ਨੂੰ ਪ੍ਰਗਟਾਉਂਦਾ ਹੈ: ਮੋਦੀ



ਚੜ੍ਹਦੀਕਲਾ ਬਿਊਰੋ
===============
ਨਵੀਂ ਦਿੱਲੀ, 25 ਮਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ 'ਮਨ ਕੀ ਬਾਤ' ਨੂੰ ਸੰਬੋਧਨ ਕੀਤਾ। ਆਪਣੇ ਮਾਸਿਕ ਰੇਡੀਓ ਪ੍ਰੋਗਰਾਮ ਵਿਚ, ਪ੍ਰਧਾਨ ਮੰਤਰੀ ਮੋਦੀ ਨੇ ਆਪ੍ਰੇਸ਼ਨ ਸਿੰਦੂਰ 'ਤੇ ਗੱਲ ਕੀਤੀ। ਉਨ੍ਹਾਂ ਨੇ ਫ਼ੌਜ ਦੀ ਬਹਾਦਰੀ ਦੀ ਵੀ ਪ੍ਰਸ਼ੰਸਾ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਰੇਡੀਓ ਸ਼ੋਅ 'ਮਨ ਕੀ ਬਾਤ' ਰਾਹੀਂ ਲੋਕਾਂ ਨਾਲ ਗੱਲਬਾਤ ਕੀਤੀ। ਪ੍ਰੋਗਰਾਮ ਦਾ 122ਵਾਂ ਐਪੀਸੋਡ ਅੱਜ ਪ੍ਰਸਾਰਿਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਕਈ ਮੁੱਦਿਆਂ 'ਤੇ ਗੱਲ ਕੀਤੀ। ਇਸ ਦੌਰਾਨ ਉਨ੍ਹਾਂ ਨੇ ਆਪ੍ਰੇਸ਼ਨ ਸਿੰਦੂਰ ਤੇ ਭਾਰਤੀ ਫੌਜ ਦੀ ਬਹਾਦਰੀ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਰ ਨਾਗਰਿਕ ਨੇ ਇਹ ਪ੍ਰਣ ਲਿਆ ਹੈ ਕਿ ਅਤਿਵਾਦ ਦਾ ਖ਼ਾਤਮਾ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਸਿਰਫ਼ ਇਕ ਫ਼ੌਜੀ

(ਬਾਕੀ ਸਫਾ 11 'ਤੇ)

### ਮੁੱਖ ਮੰਤਰੀਆਂ ਦੀ ਮੀਟਿੰਗ 'ਚ ਜਾਤੀ ਜਨਗਣਨਾ ਸਮੇਤ ਕਈ ਮੁੱਦਿਆਂ 'ਤੇ ਬਣਾਇਆ ਰੋਡਮੈਪ

ਨਵੀਂ ਦਿੱਲੀ, 25 ਮਈ (ਚੜ੍ਹਦੀਕਲਾ ਬਿਊਰੋ) : ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਦਿੱਲੀ ਵਿੱਚ ਐਨ.ਡੀ.ਏ. ਪਾਰਟੀਆਂ ਦੇ ਮੁੱਖ ਮੰਤਰੀਆਂ ਅਤੇ ਉਪ ਮੁੱਖ ਮੰਤਰੀਆਂ ਨਾਲ ਹੋਈ ਮੀਟਿੰਗ ਵਿੱਚ ਕਈ ਮੁੱਦਿਆਂ ਤੇ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਆਗੂ ਦਿੱਲੀ ਪਹੁੰਚੇ ਸਨ।

(ਬਾਕੀ ਸਫਾ 11 'ਤੇ)

### ਕਰਨਲ ਸੋਫੀਆ 'ਤੇ ਟਿੱਪਣੀ ਮਾਮਲੇ 'ਚ ਵਿਜੇ ਸ਼ਾਹ ਖ਼ਿਲਾਫ਼ ਐਸ.ਆਈ.ਟੀ. ਵੱਲੋਂ ਜਾਂਚ ਸ਼ੁਰੂ

ਭੋਪਾਲ, 25 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਦੇ ਹੁਕਮ 'ਤੇ ਗਠਿਤ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਮੱਧ ਪ੍ਰਦੇਸ਼ ਸਰਕਾਰ ਵਿਚ ਮੰਤਰੀ ਵਿਜੇ ਸ਼ਾਹ ਦੀਆਂ ਵਿਵਾਦਪੂਰਨ ਟਿੱਪਣੀਆਂ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮ ਦੇ ਇਕ ਮੈਂਬਰ ਨੇ ਸ਼ਨੀਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ। ਪੁਲਿਸ ਸੂਤਰਾਂ ਨੇ ਦੱਸਿਆ ਕਿ 3 ਮੈਂਬਰੀ ਐੱਸ.ਆਈ.ਟੀ. ਨੇ ਇੰਦੌਰ ਜ਼ਿਲ੍ਹੇ ਦੇ ਮਹੂ ਨੇੜੇ ਰਾਏਕੁੰਡਾ ਪਿੰਡ ਵਿਚ ਲੋਕਾਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ, ਜਿਥੇ ਸ਼ਾਹ ਨੇ 12 ਮਈ ਨੂੰ ਕਰਨਲ ਸੋਫੀਆ ਕੁਰੈਸ਼ੀ 'ਤੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਸਾਗਰ ਜ਼ੋਨ ਦੇ ਆਈ. ਜੀ. ਪ੍ਰਮੋਦ ਵਰਮਾ ਐੱਸ.ਆਈ.ਟੀ. ਦੇ ਮੁਖੀ ਹਨ, ਜਦਕਿ ਵਿਸ਼ੇਸ਼ ਹਥਿਆਰਬੰਦ ਫੋਰਸ ਦੇ ਏ.ਆਈ.ਜੀ. ਕਲਿਆਣ ਚੱਕਰਵਰਤੀ ਅਤੇ ਡਿੰਡੋਰੀ ਦੀ

(ਬਾਕੀ ਸਫਾ 11 'ਤੇ)

## ਬੀ.ਬੀ.ਐਮ.ਬੀ. ਬਣਾ ਰਿਹੈ ਮਾਈਕ੍ਰੋ-ਹਾਈਡਲ ਪ੍ਰਾਜੈਕਟਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਯੋਜਨਾ

ਚੜ੍ਹਦੀਕਲਾ ਬਿਊਰੋ
===============
ਚੰਡੀਗੜ੍ਹ, 25 ਮਈ : ਪੰਜਾਬ ਸਰਕਾਰ ਨਾਲ ਵਿਵਾਦ ਦੇ ਮੱਦੇਨਜ਼ਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਆਪਣੇ ਜਲ ਸਰੋਤਾਂ 'ਤੇ ਮਾਈਕ੍ਰੋ-



ਹਾਈਡਲ ਪ੍ਰਾਜੈਕਟਾਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੀ ਯੋਜਨਾ ਬਣਾ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਬੀ.ਬੀ.ਐੱਮ.ਬੀ. ਨੇ ਨੰਗਲ ਡੈਮ 'ਤੇ 1.79 ਮੈਗਾਵਾਟ ਦਾ ਮਾਈਕ੍ਰੋ-ਹਾਈਡਲ ਪ੍ਰਾਜੈਕਟ ਬਣਾਉਣ ਦੀ ਯੋਜਨਾ ਬਣਾਈ ਹੈ। ਬੀ.ਬੀ.ਐੱਮ.ਬੀ. ਨੇ ਇਸ ਪ੍ਰਾਜੈਕਟ ਨੂੰ ਨਿੱਜੀ ਕੰਪਨੀ ਨੂੰ ਦੇਣ ਦੀ ਯੋਜਨਾ ਬਣਾਈ ਹੈ। ਪ੍ਰਾਜੈਕਟ ਲਈ ਤਕਨੀਕੀ ਬੋਲੀ ਪਹਿਲਾਂ ਹੀ ਹੋ ਚੁੱਕੀ ਹੈ, ਹੁਣ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਟੈਂਡਰ ਜਾਰੀ ਕੀਤੇ ਜਾਣਗੇ। ਇਹ ਪ੍ਰਾਜੈਕਟ ਨੰਗਲ ਡੈਮ ਦੇ ਦੋ ਬੰਦ ਗੇਟਾਂ 'ਤੇ ਬਣਾਉਣ ਦੀ ਯੋਜਨਾ ਹੈ। ਤਜਵੀਜ਼ਤ ਪ੍ਰਾਜੈਕਟ ਅਨੁਸਾਰ, ਬੰਦ ਗੇਟਾਂ ਅੰਦਰ ਇੱਕ ਪੈੱਨ ਸਟਾਕ ਡਰਿੱਲ ਕਰਕੇ ਮਾਈਕ੍ਰੋ-ਹਾਈਡਲ ਪ੍ਰਾਜੈਕਟ ਨੂੰ ਸ਼ੁਰੂ ਕੀਤਾ ਜਾਵੇਗਾ ਅਤੇ ਨੰਗਲ ਤੋਂ ਛੱਡੇ ਜਾ ਰਹੇ ਸਤਲੁਜ ਦੇ ਕੁਦਰਤੀ ਵਹਾਅ ਤੋਂ ਪਣ-ਬਿਜਲੀ ਪ੍ਰਾਪਤ ਕੀਤੀ ਜਾਵੇਗੀ। ਨੰਗਲ ਡੈਮ ਤੋਂ ਸਤਲੁਜ ਦਰਿਆ ਦੇ ਕੁਦਰਤੀ ਵਹਾਅ ਨੂੰ ਬਰਕਰਾਰ ਰੱਖਣ ਲਈ ਨੰਗਲ ਡੈਮ ਤੋਂ ਲਗਪਗ 500 ਕਿਊਸਿਕ ਪਾਣੀ ਛੱਡਿਆ ਜਾਂਦਾ ਹੈ। ਭਾਖੜਾ ਮੇਨ ਲਾਈਨ ਨਹਿਰ ਦੇ ਭਾਗ ਵਿੱਚ ਗੰਗੂਵਾਲ ਅਤੇ ਨੱਕੀਆਂ ਹਾਈਡ੍ਰੋ-ਪ੍ਰਾਜੈਕਟਾਂ ਦਰਮਿਆਨ ਇੱਕ ਹੋਰ 1 ਮੈਗਾਵਾਟ ਪ੍ਰਾਜੈਕਟ ਦੀ ਯੋਜਨਾ ਬਣਾਈ ਗਈ ਹੈ।

(ਬਾਕੀ ਸਫਾ 11 'ਤੇ)

### ਕੇਰਲਾ ਤੱਟ ਨੇੜੇ ਪਲਟਿਆ ਕਾਰਗੋ ਜਹਾਜ਼, ਸਮੁੰਦਰ 'ਚ ਡੁੱਲ੍ਹਿਆ ਤੇਲ

ਤਿਰੂਵਨੰਤਪੁਰਮ, 25 ਮਈ (ਚੜ੍ਹਦੀਕਲਾ ਬਿਊਰੋ) : ਕੇਰਲ ਤੱਟ ਦੇ ਨੇੜੇ ਇਕ ਵੱਡਾ ਹਾਦਸਾ ਵਾਪਰਿਆ ਹੈ। ਵਿਝਿੰਜਮ ਤੋਂ ਕੋਚੀ ਜਾ ਰਿਹਾ ਲਾਇਬੇਰੀਅਨ ਕਾਰਗੋ ਜਹਾਜ਼ ਐਮਐਸਸੀ ਐਲਸਾ-3 ਪਲਟ ਗਿਆ, ਜਿਸ ਕਾਰਨ ਅੱਠ ਕੰਟੇਨਰਾਂ ਵਿਚ ਲੱਦਿਆ 367.1 ਟਨ ਸਾਮਾਨ ਸਮੁੰਦਰ ਵਿਚ ਡਿੱਗ ਕੇ ਬਰਬਾਦ ਹੋ ਗਿਆ। ਇਸ ਕਾਰਗੋ ਵਿਚ 84.4 ਟਨ ਸਮੁੰਦਰੀ ਗੈਸ ਤੇਲ ਵੀ ਸ਼ਾਮਲ ਹੈ, ਜਿਸ ਕਾਰਨ ਤੱਟ ਰੱਖਿਅਕਾਂ ਨੇ ਲੋਕਾਂ ਨੂੰ ਸੁਚੇਤ ਰਹਿਣ ਦੀ ਸਲਾਹ ਦਿਤੀ ਹੈ। ਇਹ ਜਹਾਜ਼ ਵਿਝਿੰਜਮ ਬੰਦਰਗਾਹ ਤੋਂ ਕੋਚੀ ਜਾ ਰਿਹਾ ਸੀ, ਇਹ ਕੋਚੀ ਤੱਟ ਤੋਂ ਲਗਭਗ 38 ਸਮੁੰਦਰੀ ਮੀਲ ਦੱਖਣ-ਪੱਛਮ ਵਿਚ ਹਾਦਸਾਗ੍ਰਸਤ ਹੋ ਗਿਆ। ਜਹਾਜ਼ 'ਤੇ ਚਾਲਕ ਦਲ ਦੇ 24 ਮੈਂਬਰ ਸਵਾਰ ਸਨ, ਜਿਨ੍ਹਾਂ ਵਿਚੋਂ ਤੱਟ ਰੱਖਿਅਕਾਂ ਨੇ ਰਾਤ 8 ਵਜੇ ਤਕ 21

(ਬਾਕੀ ਸਫਾ 11 'ਤੇ)

### ਦਿੱਲੀ 'ਚ ਤੂਫ਼ਾਨ ਅਤੇ ਮੀਂਹ ਕਾਰਨ ਉਡਾਣਾਂ ਪ੍ਰਭਾਵਿਤ

ਨਵੀਂ ਦਿੱਲੀ, 25 ਮਈ (ਚੜ੍ਹਦੀਕਲਾ ਬਿਊਰੋ) : ਦਿੱਲੀ ਵਿੱਚ ਰਾਤ ਭਰ ਭਾਰੀ ਪਏ ਮੀਂਹ ਦੇ ਨਾਲ ਵਗੀ ਹਨੇਰੀ ਕਾਰਨ ਹਵਾਈ ਉਡਾਣਾਂ ਦੇ ਸੰਚਾਲਨ ਵਿੱਚ ਵਿਘਨ ਪਿਆ, ਦਰੱਖਤ ਅਤੇ ਬਿਜਲੀ ਦੇ ਖੰਭੇ ਉਖੜ ਗਏ ਜਦਕਿ ਕਈ ਇਲਾਕਿਆਂ ਵਿੱਚ ਪਾਣੀ ਜਮ੍ਹਾਂ ਹੋ ਗਿਆ। ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੌਸਮ ਕੇਂਦਰ ਨੇ ਦੇਰ ਰਾਤ 11.30 ਵਜੇ ਤੋਂ ਸਵੇਰੇ 5.30 ਵਜੇ ਦੌਰਾਨ ਛੇ ਘੰਟਿਆਂ ਵਿੱਚ 81.2 ਮਿਲੀਮੀਟਰ ਮੀਂਹ ਦਰਜ ਕੀਤਾ ਅਤੇ ਇਸ ਸਮੇਂ ਦੌਰਾਨ 82 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਮੀਂਹ ਕਾਰਨ ਦਿੱਲੀ ਵਿੱਚ ਮੋਤੀ ਬਾਗ, ਮਿੰਟੋ ਰੋਡ, ਦਿੱਲੀ ਛਾਉਣੀ ਅਤੇ ਦੀਨ ਦਿਆਲ ਉਪਾਧਿਆਏ ਮਾਰਗ ਸਣੇ ਕਈ ਸੜਕਾਂ 'ਤੇ ਪਾਣੀ ਭਰ ਗਿਆ। ਇਸ ਤੋਂ ਇਲਾਵਾ ਕਈ ਇਲਾਕਿਆਂ ਵਿੱਚ ਦਰੱਖਤ ਅਤੇ ਬਿਜਲੀ ਦੇ ਖੰਭੇ

(ਬਾਕੀ ਸਫਾ 11 'ਤੇ)

## ਖੁੱਲ੍ਹ ਗਏ ਸ੍ਰੀ ਹੇਮਕੁੰਟ ਸਾਹਿਬ ਦੇ ਇਸ ਵਾਰ ਯਾਤਰਾ ਦੇ ਦਰਵਾਜ਼ੇ

*ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਵਿਸ਼ੇਸ਼ ਰੂਪ ਵਿੱਚ ਸੰਗਤਾਂ ਦਾ ਧੰਨਵਾਦ ਕੀਤਾ*

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 94787-30156



ਪਵਿੱਤਰ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਤੇ ਪਵਿੱਤਰ ਯਾਤਰਾ ਲਈ ਅੱਜ ਬਰਫ਼ ਨਾਲ ਢੱਕੇ ਹੋਏ ਸਪਤਸਿਰੰਗੀ ਪਰਬਤਮਾਲਾ ਵਿੱਖੇ ਕੀਰਤਨ ਅਤੇ ਸੰਗਤਾਂ ਦੇ ਜੈਕਾਰਿਆਂ ਦੇ ਵਿੱਚ ਸ੍ਰੀ ਹੇਮਕੁੰਟ ਸਾਹਿਬ ਗੁਰਦੁਆਰਾ ਸਾਹਿਬ ਦੇ ਕਪਾਟ ਖੋਲੇ ਗਏ ਅਤੇ ਇਸ ਮੌਕੇ 'ਤੇ ਇਕੱਠ ਵਿੱਚ ਸੰਗਤਾਂ ਦਾ ਉਤਸ਼ਾਹ ਦੇਖਣਾ ਹੀ ਬਣਦਾ ਸੀ।ਹੇਮਕੁੰਟ ਸਾਹਿਬ ਦੇ ਰਸਤੇ 'ਤੇ ਬਰਫ ਹਟਾਉਣ ਲਈ ਸੇਵਾਵਾਂ ਬਾਰੇ ਭਾਰਤੀ ਫੌਜ ਤੇ ਲੋਕਲ ਪ੍ਰਸ਼ਾਸਨ ਦਾ ਬੇਹੱਦ ਸਹਿਯੋਗ ਰਿਹਾ ਹੈ ।ਟਰਸਟ ਪ੍ਰਧਾਨ ਸ੍ਰੀ ਨਰਿੰਦਰਜੀਤ ਸਿੰਘ ਬਿੰਦਰਾ ਨੇ ਵਿਸ਼ੇਸ਼ ਤੌਰ 'ਤੇ ਡਾ. ਕ੍ਰਿਸ਼ਨ ਕੁਮਾਰ ਰੱਤੂ ਨਾਲ ਫ਼ੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਾਰ ਜਿਸ ਤਰ੍ਹਾਂ ਗੋਬਿੰਦ ਘਾਟ 'ਤੇ ਟੁੱਟਿਆ ਹੋਇਆ ਪੁੱਲ ਜਲਦੀ ਬਣਾਉਣ ਵਿੱਚ ਸਥਾਨਕ ਸਰਕਾਰ ਅਤੇ ਮੁੱਖ ਮੰਤਰੀ ਦਾ ਸਹਿਯੋਗ ਰਿਹਾ ਹੈ ਅਤੇ ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਰੋਪ ਵੇਅ ਬਣਾਉਣ ਵਾਸਤੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਏਗੀ ਤਾਂ ਕਿ ਜਿੰਨੀ ਜਲਦੀ ਹੋ ਸਕੇ ਸੰਗਤਾਂ ਨੂੰ ਹੇਮਕੁੰਡ ਤੱਕ ਪਹੁੰਚਣ ਵਿੱਚ ਸੁਗਮ ਸਹੂਲਤਾਂ ਪ੍ਰਾਪਤ ਹੋ ਸਕਣ ਅਤੇ ਉਹ ਹੇਮਕੁੰਟ ਸਾਹਿਬ ਦੇ ਪਵਿੱਤਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣ।

**ਸ੍ਰੀ ਹੇਮਕੁੰਟ ਸਾਹਿਬ ਦੇ ਦਰਵਾਜ਼ੇ ਖੁੱਲ੍ਹਣ ਦਾ ਐਲਾਨ:** ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਵਿਚਕਾਰ ਅੱਜ ਸਵੇਰੇ ਸ੍ਰੀ ਹੇਮਕੁੰਟ ਸਾਹਿਬ ਗੁਰਦੁਆਰੇ ਦੇ ਦਰਵਾਜ਼ੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਪਵਿੱਤਰ ਜਾਪ ਨਾਲ ਖੋਲ੍ਹੇ ਗਏ। ਇਸ ਮੌਕੇ ਗੜ੍ਹਵਾਲ ਸਕਾਊਟਸ ਦੇ ਬੈਂਡ ਅਤੇ ਪੰਜਾਬ ਦੇ ਦੋ ਬੈਂਡਾਂ ਨੇ ਜਲੂਸ ਦੀ ਅਗਵਾਈ ਕਰਦੇ ਹੋਏ ਇੱਕ ਮਨਮੋਹਕ ਪ੍ਰਦਰਸ਼ਨ ਕੀਤਾ। ਮੁੱਖ ਗ੍ਰੰਥੀ ਮਿਲਾਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸਿਰ 'ਤੇ ਚੁੱਕਿਆ ਅਤੇ ਸਰਦੀਆਂ ਦੀ ਰਿਹਾਇਸ਼ ਤੋਂ ਗੁਰਦੁਆਰੇ ਤੱਕ ਯਾਤਰਾ ਕੀਤੀ। ਫੌਜ ਦੇ ਜਵਾਨਾਂ

(ਬਾਕੀ ਸਫਾ 11 'ਤੇ)

### ਤਿਆਰ ਹੋਇਆ ਦੇਸ਼ ਦਾ ਪਹਿਲਾ ਬੁਲੇਟ ਰੇਲਵੇ ਸਟੇਸ਼ਨ, 2029 ਤੋਂ ਦੌੜੇਗੀ ਟ੍ਰੇਨ

ਨਵੀਂ ਦਿੱਲੀ, 25 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਦੀ ਪਹਿਲੀ ਬੁਲੇਟ ਟ੍ਰੇਨ ਦਾ ਕੰਮ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ। ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਇੱਕ ਵੀਡੀਓ ਸਾਂਝਾ ਕੀਤਾ ਹੈ ਅਤੇ ਜਾਣਕਾਰੀ ਦਿੱਤੀ ਹੈ ਕਿ ਮੁੰਬਈ-ਅਹਿਮਦਾਬਾਦ ਬੁਲੇਟ ਟ੍ਰੇਨ ਪ੍ਰੋਜੈਕਟ ਲਈ 300 ਕਿਲੋਮੀਟਰ ਲੰਬਾ ਵਾਈਡਕਟ ਪੂਰਾ ਹੋ ਗਿਆ ਹੈ। ਇਸ ਤੋਂ ਇਲਾਵਾ ਗੁਜਰਾਤ ਦੇ ਸੂਰਤ ਨੇੜੇ 40 ਮੀਟਰ ਲੰਬੇ ਬਾਕਸ ਗਰਡਰ ਦਾ ਕੰਮ ਵੀ ਪੂਰਾ ਹੋ ਗਿਆ ਹੈ। ਰੇਲ ਮੰਤਰੀ ਤੋਂ ਇਲਾਵਾ ਰਾਜ ਦੇ ਟਰਾਂਸਪੋਰਟ ਮੰਤਰੀ ਨੇ ਵੀ ਕੁਝ ਫੋਟੋਆਂ ਅਤੇ ਜਾਣਕਾਰੀ ਸਾਂਝੀ ਕੀਤੀ ਹੈ। 300 ਕਿਲੋਮੀਟਰ ਦੇ ਢਾਂਚੇ ਵਿੱਚੋਂ 257.4 ਕਿਲੋਮੀਟਰ ਦਾ ਨਿਰਮਾਣ ਫੁੱਲ ਸਪੈਨ ਲਾਂਚਿੰਗ ਤਕਨੀਕ ਦੀ ਵਰਤੋਂ ਕਰਕੇ ਕੀਤਾ ਗਿਆ ਹੈ,

(ਬਾਕੀ ਸਫਾ 11 'ਤੇ)

## ਭਾਰਤ ਨੂੰ ਹੋਂਦ ਲਈ ਖ਼ਤਰਾ ਮੰਨਦਾ ਹੈ ਪਾਕਿਸਤਾਨ: ਅਮਰੀਕੀ ਖ਼ੁਫ਼ੀਆ ਏਜੰਸੀ

ਚੜ੍ਹਦੀਕਲਾ ਬਿਊਰੋ
===============
ਨਵੀਂ ਦਿੱਲੀ, 25 ਮਈ : ਅਮਰੀਕਾ ਦੀ ਰੱਖਿਆ ਖੁਫ਼ੀਆ ਏਜੰਸੀ



ਵੱਲੋਂ ਐਤਵਾਰ ਨੂੰ ਜਾਰੀ ਤਾਜ਼ਾ 'ਵਿਸ਼ਵ ਖ਼ਤਰਾ ਮੁਲਾਂਕਣ' ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਿਆ ਜਾ ਰਿਹਾ ਹੈ। ਰਿਪੋਰਟ ਅਨੁਸਾਰ,"ਭਾਰਤ ਨੂੰ ਪਾਕਿਸਤਾਨ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ। ਉਹ ਭਾਰਤ ਦੀ ਵਧਦੀ ਰਵਾਇਤੀ ਫੌਜੀ ਸ਼ਕਤੀ ਦੇ ਮੱਦੇਨਜ਼ਰ ਆਪਣੀ ਫੌਜ ਦੇ ਆਧੁਨਿਕੀਕਰਨ ਦੇ ਯਤਨਾਂ ਨੂੰ ਜਾਰੀ ਰੱਖੇਗਾ, ਜਿਸ ਵਿੱਚ ਜੰਗੀ ਪੱਧਰ 'ਤੇ ਪ੍ਰਮਾਣੂ ਹਥਿਆਰਾਂ ਦਾ ਵਿਕਾਸ ਵੀ ਸ਼ਾਮਲ ਹੈ।" ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਲਾਮਾਬਾਦ ਚੀਨ ਦੀ ਫੌਜੀ ਅਤੇ ਵਿੱਤੀ ਸਹਾਇਤਾ ਨਾਲ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ ਅਤੇ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰੇ ਵਜੋਂ ਦੇਖਦਾ ਹੈ। ਰਿਪੋਰਟ ਮੁਤਾਬਕ, ਆਉਣ ਵਾਲੇ ਸਾਲਾਂ ਦੌਰਾਨ ਖੇਤਰੀ ਗੁਆਂਢੀਆਂ ਨਾਲ ਸਰਹੱਦ ਪਾਰ ਝੜਪਾਂ

(ਬਾਕੀ ਸਫਾ 11 'ਤੇ)

## ਸੰਪਾਦਕੀ

# ਮਾਓਵਾਦ ਖ਼ਤਮ ਕਰਨ ਦਾ ਸੰਕਲਪ

ਛੱਤੀਸਗੜ੍ਹ ਦੇ ਅਬੂਝਮਾੜ ਦੇ ਸੰਘਣੇ ਜੰਗਲਾਂ ਵਿਚ ਸੀਪੀਆਈ (ਮਾਓਵਾਦੀ) ਦਾ ਜਨਰਲ ਸਕੱਤਰ ਅਤੇ ਇਸ ਸੰਗਠਨ ਦੇ ਹਥਿਆਰਬੰਦ ਮੋਰਚੇ ਦਾ ਸਰਗਨਾ ਬਸਵ ਰਾਜੂ ਆਪਣੇ 26 ਸਾਥੀਆਂ ਸਮੇਤ ਮਾਰਿਆ ਗਿਆ। ਉਸ ਦੇ ਸਫ਼ਾਏ ਨਾਲ ਇਹ ਭਰੋਸਾ ਵਧਿਆ ਕਿ ਅਗਲੇ ਸਾਲ ਮਾਰਚ ਤੱਕ ਮਾਓਵਾਦ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ, ਜਿਹੋ ਜਿਹਾ ਕੰਮ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਰ ਰਹੇ ਹਨ। ਮਾਓਵਾਦ ਖ਼ਤਮ ਕਰਨ ਦਾ ਸੰਕਲਪ ਵਾਰ-ਵਾਰ ਦੁਹਰਾਇਆ ਹੀ ਨਹੀਂ, ਬਲਕਿ ਮਾਓਵਾਦ ਗ੍ਰਸਤ ਇਲਾਕਿਆਂ ਦਾ ਦੌਰਾ ਕਰਦੇ ਰਹੇ ਅਤੇ ਉਨ੍ਹਾਂ ਦੀ ਦਹਿਸ਼ਤ ਤੋਂ ਪ੍ਰਭਾਵਿਤ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਪੁਲਿਸ ਮੁਖੀਆਂ ਨਾਲ ਵਿਚਾਰ-ਵਟਾਂਦਰਾ ਵੀ ਕਰਦੇ ਰਹੇ। ਮਾਓਵਾਦ ਖ਼ਤਮ ਕਰਨ ਦੇ ਉਨ੍ਹਾਂ ਦੇ ਪੱਕੇ ਇਰਾਦਿਆਂ ਕਾਰਨ ਕੇਂਦਰੀ ਸੁਰੱਖਿਆ ਬਲਾਂ ਦੇ ਨਾਲ ਛੱਤੀਸਗੜ੍ਹ ਵਿਚ ਖ਼ਾਸ ਤੌਰ 'ਤੇ ਮਾਓਵਾਦੀਆਂ ਨਾਲ ਸਿੱਝਣ ਲਈ ਬਣੇ ਡਿਸਟ੍ਰਿਕਟ ਰਿਜ਼ਰਵ ਗਾਰਡ ਦੇ ਨਾਲ ਸੂਬਾ ਪੁਲਿਸ ਨੇ ਮਾਓਵਾਦੀਆਂ 'ਤੇ ਦਬਾਅ ਵਧਾਉਣਾ ਸ਼ੁਰੂ ਕੀਤਾ। ਇਹ ਦਬਾਅ ਉਦੋਂ ਹੋਰ ਵਧਿਆ ਜਦ ਛੱਤੀਸਗੜ੍ਹ ਵਿਚ ਭਾਜਪਾ ਸਰਕਾਰ ਬਣ ਗਈ। ਸੁਰੱਖਿਆ ਬਲਾਂ ਨੇ ਛੱਤੀਸਗੜ੍ਹ ਦੇ ਇਕ ਵੱਡੇ ਇਲਾਕੇ ਵਿਚ ਮਾਓਵਾਦੀਆਂ ਦੀ ਦਹਿਸ਼ਤ ਖ਼ਤਮ ਕਰ ਕੇ ਉਸ ਨੂੰ ਮਾਓਵਾਦ ਤੋਂ ਮੁਕਤ ਕਰਵਾ ਲਿਆ ਹੈ। ਇਕ ਸਮੇਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਮਾਓਵਾਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਏ ਹਨ। ਮਾਓਵਾਦੀਆਂ ਨਾਲ ਸਖ਼ਤੀ ਨਾਲ ਸਿੱਝਣ ਵਿਚ ਕੁਝ ਸੂਬਿਆਂ ਦਾ ਵਤੀਰਾ ਵੀ ਢਿੱਲਾ ਸੀ। ਸਥਿਤੀ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਬਦਲੀ। ਇਕ ਸਮੇਂ ਦੇਸ਼ ਦੇ 160 ਜ਼ਿਲ੍ਹੇ ਮਾਓਵਾਦੀਆਂ ਦੀਆਂ ਸਰਗਰਮੀਆਂ ਤੋਂ ਪੀੜਤ ਸਨ। ਅੱਜ ਉਨ੍ਹਾਂ ਦੀ ਗਿਣਤੀ ਮਹਿਜ਼ ਛੇ-ਸੱਤ ਰਹਿ ਗਈ ਹੈ। ਹਾਲਾਂਕਿ ਮਾਓਵਾਦੀ ਇਹ ਜਾਣਦੇ ਹਨ ਕਿ ਉਨ੍ਹਾਂ ਦੀ ਦਾਲ ਗਲਣ ਵਾਲੀ ਨਹੀਂ ਹੈ, ਫਿਰ ਵੀ ਉਨ੍ਹਾਂ ਦੇ ਸਰਗਨਾ ਆਤਮ-ਸਮਰਪਣ ਲਈ ਤਿਆਰ ਨਹੀਂ ਹਨ। ਉਹ ਨਾ ਤਾਂ ਸੰਵਿਧਾਨ ਮੰਨਦੇ ਹਨ, ਨਾ ਕਾਨੂੰਨ। ਉਹ ਗ਼ਰੀਬਾਂ ਅਤੇ ਖ਼ਾਸ ਤੌਰ 'ਤੇ ਆਦਿਵਾਸੀਆਂ ਨੂੰ ਇਹ ਕਹਿ ਕੇ ਭਰਮਾਉਂਦੇ ਹਨ ਕਿ ਸਰਕਾਰਾਂ ਤੁਹਾਡਾ ਭਲਾ ਕਰਨ ਦੀ ਥਾਂ ਸ਼ੋਸ਼ਣ ਕਰ ਰਹੀਆਂ ਹਨ ਅਤੇ ਕਿਉਂਕਿ ਅਸੀਂ ਤੁਹਾਨੂੰ ਸ਼ੋਸ਼ਣ ਤੋਂ ਬਚਾਅ ਰਹੇ ਹਾਂ, ਇਸ ਲਈ ਸਾਡਾ ਸਾਥ ਦਿਉ। ਉਹ ਗੁੰਮਰਾਹ ਹੋ ਕੇ ਉਨ੍ਹਾਂ ਦਾ ਸਾਥ ਦੇਣ ਲੱਗਦੇ ਅਤੇ ਫਿਰ ਹਥਿਆਰ ਵੀ ਚੁੱਕ ਲੈਂਦੇ। ਜੋ ਮਾਓਵਾਦੀ ਕਦੇ ਆਦਿਵਾਸੀਆਂ, ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ ਦੇ ਹਿੱਤ ਦੀ ਗੱਲ ਕਰਦੇ ਸਨ, ਉਨ੍ਹਾਂ ਨੇ ਸਮੇਂ ਦੇ ਨਾਲ ਆਪਣੇ-ਆਪ ਨੂੰ ਅਜਿਹੇ ਗਿਰੋਹ ਵਿਚ ਤਬਦੀਲ ਕਰ ਲਿਆ ਜਿਸ ਦਾ ਕੰਮ ਅੱਤਵਾਦ ਦੇ ਬਲਬੂਤੇ ਵਸੂਲੀ ਕਰਨਾ ਹੋ ਗਿਆ। ਉਨ੍ਹਾਂ ਦੀ ਤਾਕਤ ਇਸ ਲਈ ਵਧੀ ਕਿਉਂਕਿ ਕੁਝ ਨੇਤਾ ਚੁਣਾਵੀ ਲਾਭ ਵਾਸਤੇ ਲਾਲਚ ਵਿੱਚ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਲੱਗੇ ਜਾਂ ਫਿਰ ਉਨ੍ਹਾਂ ਵਿਰੁੱਧ ਚਲਾਈਆਂ ਜਾ ਰਹੀਆਂ ਮੁਹਿੰਮਾਂ ਦਾ ਵਿਰੋਧ ਕਰਨ ਲੱਗੇ। ਅਜਿਹੇ ਨੇਤਾ ਕਹਿੰਦੇ ਸਨ ਕਿ ਸਰਕਾਰਾਂ ਪੱਛੜੇ ਇਲਾਕਿਆਂ ਵਿਚ ਵਿਕਾਸ ਨਹੀਂ ਕਰ ਪਾ ਰਹੀਆਂ ਹਨ, ਇਸ ਤੋਂ ਅਸੰਤੁਸ਼ਟ ਹੋ ਕੇ ਆਦਿਵਾਸੀ ਹਥਿਆਰ ਚੁੱਕ ਰਹੇ ਹਨ। ਮਾਓਵਾਦੀਆਂ ਨੂੰ ਵਿਚਾਰਧਾਰਕ ਸਮਰਥਨ ਦੇਣ ਦਾ ਕੰਮ ਕਥਿਤ ਮਨੁੱਖੀ ਹਕੂਕ ਕਾਰਕੁੰਨਾਂ ਅਤੇ ਖ਼ਾਸ ਤੌਰ 'ਤੇ ਖੱਬੇ-ਪੱਖੀ ਬੁੱਧੀਜੀਵੀਆਂ ਨੇ ਵੀ ਕਰਨਾ ਸ਼ੁਰੂ ਕਰ ਦਿੱਤਾ। ਲੈਫਟ ਲਿਬਰਲ ਮੀਡੀਆ ਦਾ ਇਕ ਹਿੱਸਾ ਵੀ ਸਰਕਾਰੀ ਅਣਦੇਖੀ ਦਾ ਹਵਾਲਾ ਦੇ ਕੇ ਪੱਛੜੇ ਇਲਾਕਿਆਂ ਦੀ ਖ਼ਰਾਬ ਹਾਲਤ ਬਿਆਨ ਕਰਨ ਲੱਗਾ ਅਤੇ ਸਿੱਧੇ ਤੌਰ 'ਤੇ ਮਾਓਵਾਦੀ ਅੰਦੋਲਨ ਦੀ ਹਮਾਇਤ ਕਰਨ ਲੱਗਾ। ਇਸ ਤਰ੍ਹਾਂ ਮਾਓਵਾਦ ਨੂੰ ਵਿਚਾਰਧਾਰਕ ਖ਼ੁਰਾਕ ਦਿੱਤੀ ਜਾਣ ਲੱਗੀ। ਹੁਣ ਜਦ ਮਾਓਵਾਦ ਸਿਮਟ ਗਿਆ ਹੈ, ਉਦੋਂ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਪੱਛੜੇ ਦਿਹਾਤੀ ਇਲਾਕਿਆਂ ਵਿਚ ਵਿਕਾਸ ਦੇ ਕੰਮਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਹੋਵੇਗਾ। ਮਾਓਵਾਦ ਇਕ ਅਜਿਹੀ ਖ਼ਤਰਨਾਕ ਵਿਚਾਰਧਾਰਾ ਹੈ ਜੋ ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ ਦੇ ਹਿੱਤ ਦੀ ਆੜ ਲੈ ਕੇ ਲੋਕਤੰਤਰ ਨੂੰ ਨਸ਼ਟ ਕਰਨ ਵਿਚ ਯਕੀਨ ਰੱਖਦੀ ਹੈ। ਜਦ ਮਾਓਵਾਦ ਖ਼ਤਮ ਹੁੰਦਾ ਦਿਸ ਰਿਹਾ ਹੈ, ਉਦੋਂ ਪੱਛੜੇ ਇਲਾਕਿਆਂ ਵਿਚ ਸੜਕਾਂ, ਪੁਲ ਆਦਿ ਦੇ ਨਾਲ-ਨਾਲ ਸਕੂਲ, ਹਸਪਤਾਲ ਆਦਿ ਵੀ ਬਣਵਾਉਣੇ ਹੋਣਗੇ ਅਤੇ ਰੁਜ਼ਗਾਰ ਦੇ ਸਾਧਨ ਵੀ ਉਪਲਬਧ ਕਰਵਾਉਣੇ ਚਾਹੀਦੇ ਹਨ।

-ਜਗਜੀਤ ਸਿੰਘ ਦਰਦੀ

# ਜਿੱਤੇਗੀ ਰਾਜਨੀਤੀ-ਹਾਰੇਗਾ ਆਮ ਆਦਮੀ !

## ਕੀ ਲੁਧਿਆਣਾ ਜ਼ਿਮਨੀ ਚੋਣ ਰਾਜਸੀ ਮੌਸਮ ਤੈਅ ਕਰੇਗਾ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 94787-30156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਚੋਣਾਂ ਦਾ ਮੌਸਮ ਇਕ ਵਾਰ ਫਿਰ ਪੰਜਾਬ ਵਿੱਚ ਆ ਗਿਆ ਹੈ। ਹਰ ਵਾਰ ਦੀ ਤਰ੍ਹਾਂ ਆਮ ਲੋਕ ਹਾਰਨਗੇ ਅਤੇ ਵਾਅਦਿਆਂ ਦੀ ਫ਼ਸਲ ਬੀਜੀ ਜਾਵੇਗੀ ਤੇ ਵੋਟਾਂ ਦੀ ਰਾਜਨੀਤੀ ਕੱਟੀ ਜਾਵੇਗੀ।

ਇਹੀ ਹੈ ਹੁਣ ਲੋਕਤੰਤਰ ਦੀਆਂ ਇਹਨਾਂ ਚੋਣਾਂ ਦਾ ਅਸਲੀ ਸੱਚ। ਹਰ ਵਾਰ ਆਮ ਆਦਮੀ ਹਾਰਦਾ ਹੈ ਤੇ ਉਸਨੂੰ ਹਰ ਵਾਰ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਹੁੰਦਾ ਹੈ। ਰਾਜਨੀਤਿਕ ਪਾਰਟੀਆਂ ਦੀ ਜਿਸ ਤਰ੍ਹਾਂ ਦੀ ਹੋੜ ਭਾਰਤ ਵਿੱਚ ਹੋ ਗਈ ਹੈ ਤੇ ਜਿਸ ਤਰ੍ਹਾਂ ਦਾ ਕਿਰਦਾਰ ਰਾਜਨੀਤਿਕ ਪਾਰਟੀਆਂ ਦਾ ਹੋ ਗਿਆ ਉਹ ਵੋਟ ਦੀ ਤਾਕਤ ਤਾਂ ਦਿਖਾਉਂਦਾ ਹੈ ਪ੍ਰੰਤੂ ਵੋਟ ਦੇ ਬਦਲੇ ਉਹ ਆਮ ਲੋਕਾਂ ਨੂੰ ਕਿਸ ਤਰ੍ਹਾਂ ਦਾ ਲੋਕਤੰਤਰ ਅਤੇ ਲੋਕ ਕਲਿਆਣ ਪੱਖੀ ਰਾਜ ਦੇ ਰਿਹਾ ਹੈ, ਉਸਦੀਆਂ ਕਈ ਝਲਕਾਂ ਹੁਣ ਇਲੈਕਸ਼ਨ ਦੁਆਰਾ ਮਿਲਦੀਆਂ ਹਨ।

ਦੇਸ਼ ਵਿੱਚ ਪਿਛਲੇ 75 ਵਰ੍ਹਿਆਂ ਤੋਂ ਜਿਸ ਤਰ੍ਹਾਂ ਦੀਆਂ ਚੋਣਾਂ ਹੋ ਰਹੀਆਂ ਹਨ ਹਰ ਵਾਰ ਲੋਕ ਸਭਾ ਵਿਧਾਨ ਸਭਾਵਾਂ ਤੇ ਹਰ ਮੌਸਮ ਵਿੱਚ ਚੋਣਾਂ ਹੁੰਦੀਆਂ ਆ ਰਹੀਆਂ ਹਨ ਤੇ ਉਹਨਾਂ ਵਿੱਚ ਸ਼ਤਰੰਜ ਦੀ ਖੇਡ ਦੇ ਨਾਲ ਰਾਜਨੀਤੀ ਦੀਆਂ ਗੋਟੀਆਂ ਖਿਲਾਰੀਆਂ ਜਾਂਦੀਆਂ ਹਨ ਅਤੇ ਫਿਰ ਸ਼ਤਰੰਜ ਦੇ ਮੋਹਰੇ ਅਲੱਗ ਅਲੱਗ ਨਾਵਾਂ ਝੰਡੇ ਪਾਰਟੀ ਅਤੇ ਰਾਜਨੀਤਿਕ ਵਿਚਾਰਧਾਰਾ ਦੇ ਨਾਲ ਸਾਹਮਣੇ ਆਉਂਦੇ ਨੇ।

ਆਮ ਆਦਮੀ ਦਾ ਕੀ ਹੁੰਦਾ ਹੈ? ਹਾਸ਼ੀਏ ਤੋਂ ਬਾਹਰ ਪਿਆ ਹੋਇਆ ਫਿਰ ਵੀ ਆਪਣੀ ਵੋਟ ਦੀ ਤਾਕਤ 'ਤੇ ਸ਼ਾਇਦ ਅਜੇ ਤੱਕ ਜ਼ਿੰਦਾ ਹੈ। ਪੰਜਾਬ ਅਤੇ ਦੂਜੇ ਰਾਜਾਂ ਦੀਆਂ ਚੋਣਾਂ ਇਸ ਵਾਰ ਫਿਰ ਆਮ ਆਦਮੀ ਨੂੰ ਕੇਂਦਰ ਵਿੱਚ ਰੱਖ ਕੇ ਆਪਣੇ ਆਪਣੇ ਇਲਾਕੇ ਦੀਆਂ ਵੋਟਾਂ ਅਤੇ ਆਪਣੀ ਆਪਣੀ ਕਾਰਗੁਜ਼ਾਰੀ ਦਾ ਮੁਜ਼ਾਹਰਾ ਕਰਦਿਆਂ ਹੋਇਆਂ ਇਹਨਾਂ ਵੋਟਾਂ ਦੇ ਮੈਦਾਨ ਵਿੱਚ ਉਤਰਨਗੇ।

ਆਓ, ਦੇਖਦੇ ਹਾਂ ਪੰਜਾਬ ਦੇ ਪੱਛਮੀ ਲੁਧਿਆਣਾ ਦੀ ਇਸ ਸੀਟ ਦਾ ਹਾਲ ਕਿਹੋ ਜਿਹਾ ਹੈ। ਇਲੈਕਸ਼ਨ ਕਮਿਸ਼ਨ ਆਫ਼ ਇੰਡੀਆ ਨੇ ਦੇਸ਼ ਭਰ ਵਿੱਚ ਖਾਲੀ ਪਈਆਂ ਜ਼ਿਮਨੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ ਤੇ ਜਿਸ ਦੇ ਵਿੱਚ ਪੰਜਾਬ ਦੀ ਲੁਧਿਆਣੇ ਸ਼ਹਿਰ ਦੀ ਸੀਟ ਵੀ ਸ਼ਾਮਿਲ ਹੈ ਜਿਸ ਨੂੰ ਲੁਧਿਆਣਾ ਪੱਛਮੀ ਸੀਟ ਕਿਹਾ ਜਾਂਦਾ ਹੈ। ਇਥੇ ਜਿਹੜਾ ਦਿਲਚਸਪ ਮੁਕਾਬਲਾ ਇਸ ਵਾਰ ਹੋਵੇਗਾ, ਉਸ ਲਈ ਆਮ ਆਦਮੀ ਪਾਰਟੀ ਦਾ ਸਭ ਕੁਝ ਸਟੇਕ 'ਤੇ ਲੱਗਾ ਹੋਇਆ ਹੈ। ਸੂਚਨਾ ਅਨੁਸਾਰ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ ਚੋਣ ਪੰਜਾਬ ਵਿੱਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਲਈ ਉਪ ਚੋਣ 19 ਜੂਨ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 23 ਜੂਨ ਨੂੰ ਹੋਵੇਗੀ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਭਾਰਤੀ ਚੋਣ ਕਮਿਸ਼ਨ ਨੇ ਐਤਵਾਰ ਨੂੰ ਉਪ ਚੋਣ ਲਈ ਸਮਾਂ-ਸਾਰਣੀ ਦਾ ਐਲਾਨ ਕੀਤਾ ਹੈ। ਲੁਧਿਆਣਾ ਪੱਛਮੀ ਸੀਟ ਜਨਵਰੀ ਵਿੱਚ ਆਪ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ।

ਉਪ ਚੋਣ ਸ਼ਡਿਊਲ ਦੇ ਅਨੁਸਾਰ, ਨਾਮਜ਼ਦਗੀ ਪ੍ਰਕਿਰਿਆ 26 ਮਈ ਤੋਂ ਸ਼ੁਰੂ ਹੋਵੇਗੀ ਜਦੋਂ ਕਿ ਨਾਮਜ਼ਦਗੀ ਦਾਖਲ ਕਰਨ ਦੀ ਆਖਰੀ ਮਿਤੀ 2 ਜੂਨ ਹੈ। ਨਾਮਜ਼ਦਗੀਆਂ ਦੀ ਜਾਂਚ 3 ਜੂਨ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 5 ਜੂਨ ਹੈ।

ਕਿਹੜਾ ਉਮੀਦਵਾਰ ਕਿਸ ਪਾਰਟੀ ਦਾ ਹੈ। ਆਮ ਆਦਮੀ ਪਾਰਟੀ ਆਪਣੇ ਉਮੀਦਵਾਰ ਦਾ ਐਲਾਨ ਕਰਨ ਵਾਲੀ ਪਹਿਲੀ ਰਾਜਨੀਤਿਕ ਪਾਰਟੀ ਹੈ ਅਤੇ ਇਸਨੇ ਉਪ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਨਾਮਜ਼ਦ ਕੀਤਾ ਹੈ। ਕਾਂਗਰਸ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਜਦਕਿ ਸ਼੍ਰੋਮਣੀ ਅਕਾਲੀ ਦਲ ਨੇ ਪਰਉਪਕਾਰ ਸਿੰਘ ਘੁੰਮਣ ਨੂੰ ਮੈਦਾਨ ਵਿੱਚ ਉਤਾਰਿਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਅਜੇ ਤੱਕ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ।

ਹੁਣ ਸਵਾਲ ਇਹ ਹੈ ਕਿ ਆਪ ਲੁਧਿਆਣਾ ਪੱਛਮੀ ਸੀਟ ਬਰਕਰਾਰ ਰੱਖੇਗੀ? ਲੁਧਿਆਣਾ (ਪੱਛਮੀ) ਵਿਧਾਨ ਸਭਾ ਸੀਟ ਲਈ 19 ਜੂਨ ਨੂੰ ਉਪ ਚੋਣ ਦੇ ਐਲਾਨ ਦੇ ਨਾਲ, ਚੋਣ ਮੈਦਾਨ ਤਿਆਰ ਹੈ। ਕੁਝ ਦਿਨ ਪਹਿਲਾਂ, ਆਪ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਉਣ ਵਾਲੀਆਂ ਵਿਧਾਨ ਸਭਾ ਉਪ ਚੋਣਾਂ ਲਈ ਪਾਰਟੀ ਦੀ ਮੁਹਿੰਮ ਸ਼ੁਰੂ ਕੀਤੀ ਸੀ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਇਸ ਸੀਟ ਨੂੰ ਬਰਕਰਾਰ ਰੱਖਣ ਦੀ ਉਮੀਦ ਕਰ ਰਹੀ ਹੈ ਪਰ ਸੀਟ ਦੇ ਹਾਲੀਆ ਚੋਣ ਇਤਿਹਾਸ ਨੂੰ ਦੇਖਦੇ ਹੋਏ, ਇਹ ਉਪ ਚੋਣ ਪਾਰਟੀ ਲਈ ਆਸਾਨ ਨਹੀਂ ਹੋਣ ਵਾਲੀ ਹੈ। ਖਾਸ ਕਰਕੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ ਆਪ ਲਈ ਇਹ ਸੀਟ ਜਿੱਤਣਾ ਹੁਣ ਅਸਾਨ ਨਹੀਂ ਰਿਹਾ।

ਇਥੇ ਇਹ ਵੀ ਵਰਨਣਯੋਗ ਹੈ ਕਿ ਲੋਕ ਸਭਾ ਚੋਣਾਂ 2024 ਵਿੱਚ, ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੀ ਲੁਧਿਆਣਾ ਲੋਕ ਸਭਾ ਸੀਟ ਤੋਂ ਭਾਜਪਾ ਦੇ ਰਵਨੀਤ ਸਿੰਘ ਬਿੱਟੂ ਨੂੰ ਹਰਾਇਆ। ਇਸ ਦੇ ਨਾਲ ਹੀ ਲੁਧਿਆਣਾ ਲੋਕ ਸਭਾ ਸੀਟ 'ਤੇ ਆਪ ਦੇ ਅਸ਼ੋਕ ਪਰਾਸ਼ਰ ਉਰਫ਼ ਪੱਪੀ ਤੀਜੇ ਸਥਾਨ 'ਤੇ ਰਹੇ।

ਹੁਣ ਭਾਰਤੀ ਜਨਤਾ ਪਾਰਟੀ ਇਥੇ ਕਿਹੋ ਜਿਹਾ, ਇਥੇ ਕਿਹੜਾ ਉਮੀਦਵਾਰ ਉਤਾਰਦੀ ਹੈ, ਇਹ ਰਵਨੀਤ ਸਿੰਘ ਬਿੱਟੂ ਦੀ ਤਾਕਤ ਦਾ ਵੀ ਪਤਾ ਲੱਗੇਗਾ। ਇਹ ਉਹਨਾਂ ਵਾਸਤੇ ਵੀ ਇੱਕ ਮੌਕਾ ਹੈ ਕਿ ਉਹ ਭਾਜਪਾ ਦਾ ਰਸੂਖ ਕਿਵੇਂ ਜ਼ਿੰਦਾ ਰੱਖਣਗੇ ਅਤੇ ਇਹ ਚੋਣ ਕੇਜਰੀਵਾਲ ਲਈ ਕਿਵੇਂ ਰਾਜਸਭਾ ਦਾ ਰਸਤਾ ਤੈਅ ਕਰਾਉਂਦੀ ਹੈ, ਇਹ ਵੀ ਇੱਕ ਵੱਡਾ ਸਵਾਲ ਹੈ।

ਆਪ ਲਈ ਇਹ ਚੋਣ ਅਸਲ ਵਿੱਚ ਇੱਕ ਉਹ ਇਮਤਿਹਾਨ ਹੈ, ਜਿਸ ਵਿੱਚੋਂ ਕਿ ਕੇਜਰੀਵਾਲ ਨੂੰ ਖ਼ਬਰਾਂ ਅਨੁਸਾਰ ਰਾਜ ਸਭਾ ਦਾ ਰਸਤਾ ਤੇ ਦੁਬਾਰਾ ਪੁਨਰਵਾਸ ਹੋਣਾ ਨਿਸ਼ਚਿਤ ਹੈ ਅਤੇ ਜੇ ਭਾਜਪਾ ਇਹ ਸੀਟ ਜਿੱਤ ਜਾਂਦੀ ਹੈ ਤਾਂ ਪੰਜਾਬ ਨੂੰ ਇੱਕ ਵਾਰ ਫ਼ਿਰ ਭਾਜਪਾ ਦਾ ਇਕੱਲੇ ਚਲੋ ਦਾ ਨਾਅਰਾ ਬੁਲੰਦ ਹੋਇਆ ਦਿਖਾਈ ਦੇਵੇਗਾ। ਅਕਾਲੀ ਦਲ ਦੀ ਹਾਲਤ ਵੀ ਇੱਥੇ ਦੇਖਣ ਵਾਲੀ ਹੋਵੇਗੀ ਤੇ ਉਹਨਾਂ ਦਾ ਕੈਂਡੀਡੇਟ ਕਿਸ ਤਰ੍ਹਾਂ ਦੀ ਪਰਫੋਮੈਂਸ ਕਰਦਾ ਹੈ ਤੇ ਉਹ ਜ਼ਮੀਨੀ ਪਾਰਟੀ ਦਾ ਕਿੰਨੇ ਪ੍ਰਤੀਸ਼ਤ ਹੱਕ ਅਜੇ ਬਾਕੀ ਰੱਖਦੇ ਹਨ ਕੁੱਝ ਵੀ ਹੋਵੇ ਇਹ ਚੋਣਾਂ ਪੰਜਾਬ ਵਿੱਚ ਇਕ ਨਵੇਂ ਰਾਜਨੀਤਿਕ ਸਮੀਕਰਨ ਨੂੰ ਤੈਅ ਕਰੇਗੀ।

# ਆਧੁਨਿਕ ਜੀਵਨਸ਼ੈਲੀ ਦਾ 'ਵੱਡਾ ਸਰਾਪ' : 'ਤਲਾਕ ਦੇ ਵੱਧਦੇ ਮਾਮਲੇ'

ਅਸ਼ਵਨੀ ਚਤਰਥ
ਮੋ: 62842-20595

ਭਾਰਤ ਵਿੱਚ ਪਿਛਲੇ ਕਰੀਬ ਦੋ ਦਹਾਕਿਆਂ ਦੌਰਾਨ ਤਲਾਕ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਇਸ ਨਾਲ ਜੁੜੀ ਇੱਕ ਤਾਜ਼ਾ ਮਿਸਾਲ ਹਰਿਦੁਆਰ ਦੇ ਇੱਕ ਨਵੇਂ ਵਿਆਹੇ ਜੋੜੇ ਦੀ ਹੈ। ਜੋੜੇ ਨੇ ਵਿਆਹ ਤੋਂ 25 ਦਿਨ ਬਾਅਦ ਹੀ ਵਿਆਹ ਬੰਨ੍ਹਣ ਤੋਂ ਅਲੱਗ ਹੋ ਕੇ ਅਦਾਲਤ ਵਿੱਚ ਤਲਾਕ ਦੀ ਅਰਜ਼ੀ ਦੇ ਦਿੱਤੀ ਸੀ। ਪਰਿਵਾਰਕ ਝਗੜਿਆਂ ਦੇ ਨਿਪਟਾਰੇ ਲਈ ਬਣੀ ਅਦਾਲਤ ਵੱਲੋਂ ਜੋੜੇ ਨੂੰ ਤਲਾਕ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਨੈਨੀਤਾਲ ਹਾਈ ਕੋਰਟ ਨੇ ਉਕਤ ਅਦਾਲਤ ਦੇ ਫੈਸਲੇ ਨੂੰ ਰੱਦ ਕਰਕੇ ਜੋੜੇ ਨੂੰ ਤਲਾਕ ਦੀ ਮਨਜ਼ੂਰੀ ਦੇ ਦਿੱਤੀ ਸੀ। ਅਦਾਲਤ ਨੇ ਪਤੀ ਪਤਨੀ ਵਿਚਲੇ ਆਪਸੀ 'ਭਾਵਨਾਤਮਕ ਤਾਲਮੇਲ ਦੀ ਘਾਟ' ਨੂੰ ਆਧਾਰ ਮੰਨ ਕੇ ਉਕਤ ਜੋੜੇ ਨੂੰ ਤਲਾਕ ਦੀ ਮਨਜ਼ੂਰੀ ਦੇ ਦਿੱਤੀ ਸੀ। ਤਲਾਕ ਨਾਲ ਜੁੜੀ ਇਹ ਤਾਂ ਮਹਿਜ਼ ਇੱਕ ਮਿਸਾਲ ਹੈ, ਅਸਲ ਵਿੱਚ ਅਜਿਹੇ ਅਨੇਕਾਂ ਮਾਮਲੇ ਆਏ ਦਿਨ ਸਾਮ੍ਹਣੇ ਆਉਂਦੇ ਰਹਿੰਦੇ ਹਨ। ਤਲਾਕ ਦੇ ਮਾਮਲੇ ਪਿੰਡਾਂ ਦੀ ਬਜਾਏ ਸ਼ਹਿਰੀ ਇਲਾਕਿਆਂ ਵਿੱਚ ਕਿਤੇ ਜ਼ਿਆਦਾ ਹੁੰਦੇ ਹਨ। ਮੁੰਬਈ, ਦਿੱਲੀ ਅਤੇ ਬੈਂਗਲੁਰੂ ਵਰਗੇ ਮੈਟਰੋ ਸ਼ਹਿਰਾਂ ਵਿੱਚ ਤਾਂ ਅਜਿਹੀਆਂ ਘਟਨਾਵਾਂ ਦੀ ਦਰ ਤਾਂ 30 ਫ਼ੀਸਦ ਤੱਕ ਪਹੁੰਚ ਗਈ ਹੈ ਭਾਵ ਨਵੇਂ ਵਿਆਹੇ 100 ਜੋੜਿਆਂ ਵਿੱਚੋਂ 30 ਜੋੜੇ ਅਲਹਿਦਗੀ ਲਈ ਅਰਜ਼ੀ ਦੇ ਦਿੰਦੇ ਹਨ, ਉਨ੍ਹਾਂ ਵਿੱਚੋਂ ਕੁਝ ਨੂੰ ਤਲਾਕ ਦੀ ਮਨਜ਼ੂਰੀ ਮਿਲ ਜਾਂਦੀ ਹੈ ਅਤੇ ਕੁਝ ਨੂੰ ਮਜਬੂਰੀ ਵਿੱਚ ਇੱਕਠੇ ਰਹਿਣਾ ਪੈਂਦਾ ਹੈ। ਐਨੀ ਵੱਡੀ ਤਾਦਾਦ ਵਿੱਚ ਤਲਾਕ ਦੇ ਮਾਮਲੇ ਸਮਾਜ ਲਈ ਇੱਕ ਬੇਹੱਦ ਚਿੰਤਾ ਦਾ ਵਿਸ਼ਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਕੋਲਕਾਤਾ ਅਤੇ ਚੇਨਈ ਵਿੱਚ ਤਲਾਕ ਦੀਆਂ ਘਟਨਾਵਾਂ ਵਿੱਚ 200 ਫ਼ੀਸਦ ਦਾ ਵਾਧਾ ਹੋਇਆ ਹੈ। ਪੰਜਾਬ ਅਤੇ ਹਰਿਆਣਾ ਵਿੱਚ ਵੀ 150 ਫ਼ੀਸਦ ਵਾਧਾ ਵੇਖਣ ਨੂੰ ਮਿਲਿਆ ਹੈ। ਇਕੱਲੇ ਦਿੱਲੀ ਵਿੱਚ ਹਰ ਸਾਲ 9000 ਤਲਾਕ ਦੇ ਮਾਮਲੇ ਦਰਜ ਕੀਤੇ ਜਾਂਦੇ ਹਨ। ਅਜਿਹੇ ਰੁਝਾਨਾਂ ਲਈ ਅਨੇਕਾਂ ਕਾਰਨ ਜ਼ਿੰਮੇਵਾਰ ਹਨ ਜਿਵੇਂ ਆਧੁਨਿਕ ਜੀਵਨ ਢੰਗ, ਆਜ਼ਾਦ ਵਿਚਾਰਾਂ ਵਾਲੀ ਸੋਚ, ਛੋਟੇ ਪਰਿਵਾਰਾਂ ਦੀ ਪ੍ਰਵਿਰਤੀ, ਪੇਸ਼ੇਵਾਰਾਨਾ ਜਾਂ ਕੰਮ ਕਾਜੀ ਖੇਤਰ ਵਿੱਚ ਅੱਗੇ ਵੱਧਣ ਦੀ ਦੌੜ, ਭਾਵਨਾਤਮਿਕ ਵਿਚਾਰਾਂ ਦੇ ਤਾਲਮੇਲ ਵਿੱਚ ਕਮੀ ਆਦਿ। ਅਸਲ ਵਿੱਚ ਭਾਰਤੀ ਸੰਸਕ੍ਰਿਤਕ ਵਿਚਾਰਧਾਰਾ ਅਨੁਸਾਰ ਵਿਆਹ ਦਾ ਪਵਿੱਤਰ ਬੰਨ੍ਹਣ ਦੋ ਇਨਸਾਨਾਂ ਦੇ ਮਿਲ ਕੇ ਰਹਿਣ ਦੀ ਕਾਨੂੰਨੀ ਅਤੇ ਸਮਾਜਿਕ ਗਰੰਟੀ ਦੇ ਨਾਲ-ਨਾਲ ਦੋ ਵੱਖੋ-ਵੱਖ ਮਾਨਸਿਕ ਸੁਭਾਅ ਦੀਆਂ ਸ਼ਖਸੀਅਤਾਂ ਅਤੇ ਦੋ ਪਰਿਵਾਰਾਂ ਦੀਆਂ ਧਾਰਮਿਕ ਅਤੇ ਸਮਾਜਿਕ ਰੀਤੀ-ਰਿਵਾਜ਼ਾਂ ਦਾ ਸੁਮੇਲ ਹੁੰਦਾ ਹੈ। ਵਿਆਹ ਦਾ ਸਮਾਜਿਕ ਬੰਨ੍ਹਣ ਪਤੀ ਪਤਨੀ ਨੂੰ ਇੱਕ ਦੂਜੇ ਦੀਆਂ ਭਾਵਨਾਤਮਿਕ ਸੁਭਾਵਾਂ ਤੋਂ ਜਾਣੂੰ ਕਰਾਉਂਦਾ ਹੈ। ਇਹ ਦੋਵਾਂ ਦੀ ਆਰਥਿਕ ਸਥਿਤੀ ਨੂੰ ਸਥਿਰਤਾ ਪ੍ਰਦਾਨ ਕਰਨ ਦਾ ਮਾਧਿਅਮ ਵੀ ਬਣਦਾ ਹੈ। ਇਸ ਲਈ ਦੋਵਾਂ ਜੀਆਂ ਦਾ ਵਿਆਹ ਮਗਰੋਂ ਜਲਦੀ ਹੀ ਤਲਾਕ ਵੱਲ ਕਦਮ ਵਧਾਉਣਾ ਇੱਕ ਗੈਰਕੁਦਰਤੀ ਵਰਤਾਰਾ ਹੈ। ਤਲਾਕ ਦੀਆਂ ਵਧੀਆਂ ਘਟਨਾਵਾਂ ਨੂੰ ਜਾਣਨ ਲਈ ਇਸ ਦੇ ਪਿਛੋਕੜ 'ਚ ਜਾ ਕੇ ਇਸ ਦੇ ਮੁੱਢਲੇ ਕਾਰਨਾਂ ਨੂੰ ਸਮਝਣ ਦੀ ਲੋੜ ਹੈ। ਪਿਛਲੇ ਕੁਝ ਸਮੇਂ ਵਿੱਚ ਵਿੱਦਿਆ ਦਾ ਗੁਣਾਤਮਿਕ ਅਤੇ ਗਿਣਨਾਤਮਿਕ ਪਸਾਰਾ ਕਾਫ਼ੀ ਤੇਜ਼ੀ ਨਾਲ ਹੋਇਆ ਹੈ। ਸਕੂਲੀ ਸਿੱਖਿਆ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਵੱਡਿਆਂ ਅਦਾਰਿਆਂ ਵਿੱਚ ਦਾਖਲ ਕਰਵਾਉਂਦੇ ਹਨ। ਕਈ ਵਾਰ ਤਾਂ ਬੱਚਿਆਂ ਨੂੰ ਆਪਣੇ ਘਰਾਂ ਦੇ ਨੇੜੇ ਹੀ ਦਾਖਲਾ ਮਿਲ ਜਾਂਦਾ ਹੈ ਪਰ ਕਈ ਵਾਰ ਉਨ੍ਹਾਂ ਨੂੰ ਆਪਣੇ ਜੱਦੀ ਅਸਥਾਨਾਂ ਤੋਂ ਦੂਰ ਵੀ ਜਾਣਾ ਪੈਂਦਾ ਹੈ। ਜਦੋਂ ਉਚੇਰੀ ਵਿੱਦਿਆ ਪ੍ਰਾਪਤੀ ਲਈ ਬੱਚੇ ਆਪਣੇ ਘਰੇਲੂ ਖੇਤਰ ਤੋਂ ਬਾਹਰ ਜਾਂਦੇ ਹਨ ਤਾਂ ਕਾਲਜਾਂ ਵਿੱਚ ਉਨ੍ਹਾਂ ਦਾ ਟਾਕਰਾ ਦੂਜੇ ਥਾਵਾਂ ਤੋਂ ਆਏ ਨਵੇਂ ਬੱਚਿਆਂ ਨਾਲ ਹੁੰਦਾ ਹੈ। ਉੱਥੇ ਨਵੇਂ ਮਾਹੌਲ 'ਚ ਉਨ੍ਹਾਂ ਦੇ ਮਾਨਸਿਕ ਦਾਇਰੇ ਦਾ 'ਵਿਸਤਾਰ' ਹੋਣ ਲੱਗਦਾ ਹੈ। ਬੱਚੇ ਆਪਣੀਆਂ ਪਰਿਵਾਰਕ ਕਦਰਾਂ-ਕੀਮਤਾਂ ਅਤੇ ਸਮਾਜਿਕ ਰੀਤੀ ਰਿਵਾਜ਼ਾਂ ਦੇ ਘੇਰੇ 'ਚੋਂ ਬਾਹਰ ਨਿਕਲ ਕੇ ਖੁੱਲ੍ਹੀ ਹਵਾ ਦੇ ਅਸਮਾਨ ਵਿੱਚ ਦਾਖਲ ਹੋ ਜਾਂਦੇ ਹਨ। ਸਿੱਖਿਆ ਪ੍ਰਾਪਤੀ ਦੌਰਾਨ ਜਾਂ ਇਸ ਤੋਂ ਬਾਅਦ ਨੌਕਰੀ ਦੌਰਾਨ ਬੱਚਿਆਂ ਦੀ ਆਪਣੇ ਸਹਿਪਾਠੀਆਂ ਜਾਂ ਸਹਿਕਰਮੀਆਂ ਨਾਲ ਨੇੜਤਾ ਹੋਣ ਲੱਗਦੀ ਹੈ ਅਤੇ ਇਸੇ ਵਰਤਾਰੇ ਵਿਚ ਉਹ ਆਪਣਾ ਜੀਵਨ ਸਾਥੀ ਵੀ ਚੁਣ ਲੈਂਦੇ ਹਨ। ਇਸ ਅਮਲ ਵਿਚ ਕਈ ਵਾਰ ਮਾਪਿਆਂ ਦੀ ਸਹਿਮਤੀ ਹੁੰਦੀ ਹੈ ਅਤੇ ਕਈ ਵਾਰ ਨਹੀਂ ਵੀ ਹੁੰਦੀ ਜਾਂ ਫਿਰ ਮਾਪਿਆਂ ਨੂੰ ਮਜਬੂਰਨ ਬੱਚਿਆਂ ਦੇ ਫ਼ੈਸਲੇ ਨਾਲ ਸਹਿਮਤ ਹੋਣਾ ਪੈਂਦਾ ਹੈ। ਇਸ ਪੂਰੇ ਵਰਤਾਰੇ ਦੀ ਸਭ ਤੋਂ ਵਿਲੱਖਣ ਗੱਲ ਇਹ ਹੁੰਦੀ ਹੈ ਕਿ ਕਈ ਵਾਰ ਲੜਕੇ-ਲੜਕੀਆਂ ਘਰ ਤੋਂ ਬਾਹਰ ਰਹਿੰਦਿਆਂ ਹੋਇਆਂ ਇੱਕ ਦੂਜੇ ਨਾਲ ਲੰਮਾ ਸਮਾਂ ਬਤੀਤ ਕਰਦੇ ਹਨ। ਇਸ ਸਮੇਂ ਦੌਰਾਨ ਨਾ ਤਾਂ ਪਰਿਵਾਰ ਉਨ੍ਹਾਂ ਦੇ ਨਾਲ ਹੁੰਦਾ ਹੈ ਅਤੇ ਨਾ ਹੀ ਸਮਾਜਿਕ ਕਦਰਾਂ ਕੀਮਤਾਂ ਦਾ ਬੰਨ੍ਹਣ ਉਨ੍ਹਾਂ ਲਈ ਕੋਈ ਮਹਤੱਵ ਰੱਖਦਾ ਹੈ। ਇਸ ਤਰ੍ਹਾਂ ਬੱਚੇ ਆਪਣੇ ਪਰਿਵਾਰ ਵਾਲਿਆਂ ਨੂੰ ਆਪਣੇ ਨਾਲ ਰਾਜ਼ੀ ਕਰ ਕੇ ਵਿਆਹ ਦੇ ਬੰਨ੍ਹਣ ਵਿਚ ਬੱਝ ਜਾਂਦੇ ਹਨ। ਪਰ ਉਨ੍ਹਾਂ ਦੇ ਅਸਲ ਪਰਿਵਾਰਕ ਜੀਵਨ ਦੀ ਪਰਖ ਤਾਂ ਇਸ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਇੱਥੇ ਇਹ ਜਾਣਨ ਦੀ ਲੋੜ ਹੈ ਕਿ ਇਹ ਬੱਚੇ ਲੰਮਾ ਸਮਾਂ ਪਰਿਵਾਰਾਂ ਤੋਂ ਦੂਰ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਸਮਾਜਿਕ ਕਦਰਾਂ ਕੀਮਤਾਂ ਤੋਂ ਵਿਹੂਣੇ ਹੁੰਦੇ ਹਨ। ਅਜੋਕੇ ਸਮੇਂ 'ਚ ਟੀ. ਵੀ. ਅਤੇ ਮੋਬਾਇਲ ਫੋਨਾਂ ਨੇ ਬੱਚਿਆਂ ਦਾ ਸਭ ਤੋਂ ਜ਼ਿਆਦਾ ਭੱਠਾ ਬਿਠਾਇਆ ਹੈ। ਟੀ.ਵੀ. 'ਤੇ ਆਉਂਦੇ ਪ੍ਰੋਗਰਾਮ ਬੱਚਿਆਂ ਨੂੰ ਆਧੁਨਿਕਤਾ ਵੱਲ ਧਕੇਲਦੇ ਹਨ ਅਤੇ ਸਾਡੀ ਸੰਸਕ੍ਰਿਤੀ ਦੇ ਪਿਆਰ-ਸਤਿਕਾਰ, ਆਪਸੀ ਸਹਿਯੋਗ ਅਤੇ ਮਿਲਵਰਤਨ ਦੀ ਭਾਵਨਾ ਜਿਹੇ ਗੁਣਾਂ ਤੋਂ ਦੂਰ ਕਰਦੇ ਹਨ। ਅਜੋਕੇ ਬੱਚੇ ਹਰ ਵੇਲੇ ਮੋਬਾਇਲਾਂ ਤੇ ਔਨਲਾਇਨ ਰਹਿੰਦੇ ਹਨ, ਜਿਸ ਨਾਲ ਉਨ੍ਹਾਂ ਵੱਲੋਂ ਛੋਟੀ ਮੋਟੀ ਤਕਰਾਰ ਦਾ ਨਿਪਟਾਰਾ ਵੀ ਮੌਕੇ 'ਤੇ ਹੀ ਅਤੇ ਗੁੱਸੇ ਵਿੱਚ ਕਰ ਦਿੱਤਾ ਜਾਂਦਾ ਹੈ। ਅਜਿਹੇ ਹਾਲਾਤਾਂ ਵਿਚ ਘਰ ਦੇ ਵਡੇਰਿਆਂ ਦੀ ਸਥਿਤੀ ਬੇਹੱਦ ਗੁੰਝਲਦਾਰ ਹੋ ਜਾਂਦੀ ਹੈ ਕਿਉਂਕਿ ਉਹ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਤਾਂ ਕਰਦੇ ਹਨ ਪਰ ਬੱਚੇ ਬਜ਼ੁਰਗਾਂ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ ਹਨ। ਅਜਿਹੀ ਅਵਸਥਾ ਵਿਚ ਬੱਚੇ ਤਾਂ ਹੀ ਅਣਸੁਖਾਵੇਂ ਹਾਲਾਤਾਂ ਵਿੱਚੋਂ ਨਿਕਲ ਸਕਦੇ ਹਨ ਜਾਂ ਸਥਿਤੀ ਅਨੁਸਾਰ ਆਪਣੇ ਆਪ ਨੂੰ ਢਾਲ ਸਕਦੇ ਹਨ ਜੇਕਰ ਉਨ੍ਹਾਂ ਨੂੰ ਛੋਟੀ ਉਮਰੇ ਹੀ ਘਰੇਲੂ ਸੰਸਕਾਰਾਂ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਇਆ ਹੋਵੇ। ਅਜਿਹੀ ਸਥਿਤੀ ਵਿੱਚ ਲੜਕੀਆਂ ਦਾ ਵਿਸ਼ੇਸ਼ ਤੌਰ 'ਤੇ ਗੁਣੀ ਅਤੇ ਸੰਸਕਾਰੀ ਹੋਣਾ ਜ਼ਰੂਰੀ ਹੁੰਦਾ ਹੈ, ਕਿਉਂਕਿ ਸਾਡੇ ਸਮਾਜ ਵਿਚ ਕੁਦਰਤੀ ਤੌਰ 'ਤੇ ਲੜਕੀਆਂ ਕੋਲੋਂ ਹਲੀਮੀ, ਸੁਚੱਜੀ ਅਤੇ ਆਦਰ-ਸਤਿਕਾਰ ਜਿਹੇ ਗੁਣਾਂ ਦੀ ਧਾਰਨੀ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

# ਮੋਬਾਈਲ ਦੀ ਵਰਤੋਂ ਲਈ ਮਾਪੇ ਕਿਸ ਹੱਦ ਤੱਕ ਜ਼ਿੰਮੇਵਾਰ ?

ਅਜੀਤ ਖੰਨਾ
ਮੋ :76967-54669



ਦੋ ਕੁ ਵਰ੍ਹੇ ਪਹਿਲਾਂ ਮੈਂ ਮੋਬਾਈਲ ਈਜ਼ਾਦ ਕਰਨ ਵਾਲੇ 95 ਸਾਲਾ ਮਿਸਟਰ ਮਾਰਟਿਨ ਕੂਪਰ ਦੀ ਇੰਟਰਵਿਊ ਪੜ੍ਹ ਰਿਹਾ ਸਾਂ। ਜਿਸ ਵਿਚ ਉਸ ਨੇ ਕਿਹਾ ਸੀ ਕਿ 3 ਅਪ੍ਰੈਲ 1973 ਨੂੰ ਜਦੋਂ ਦੁਨੀਆਂ ਦਾ ਪਹਿਲਾ ਮੋਬਾਈਲ ਲਾਂਚ ਕੀਤਾ ਸੀ ਤਾਂ ਮੈਂ ਕਦੇ ਸੋਚਿਆ ਨਹੀਂ ਸੀ ਕਿ ਬੱਚੇ ਤੇ ਆਮ ਲੋਕ ਮੋਬਾਈਲ ਦੀ ਏਨੀ ਜ਼ਿਆਦਾ ਦੁਰਵਰਤੋਂ ਕਰਨਗੇ। ਉਸਦੀ ਇੰਟਰਵਿਊ ਪੜ੍ਹਦੇ ਵਕਤ ਮੇਰੇ ਮਨ 'ਚ ਖ਼ਿਆਲ ਆਇਆ ਕਿ ਵਾਕਿਆ ਹੀ ਮੋਬਾਈਲ ਨੇ ਨਾ ਕੇਵਲ ਸਾਡੇ ਬੱਚਿਆਂ ਦਾ ਬਚਪਨਾ ਖੋਹ ਲਿਆ ਹੈ ਸਗੋਂ ਸਾਨੂੰ ਸਾਰਿਆਂ ਨੂੰ ਇਕ ਅਜਿਹੀ ਦਲਦਲ 'ਚ ਧੱਕ ਦਿੱਤਾ, ਜਿਸ ਵਿਚ ਫਸ ਕੇ ਅਸੀ ਮੋਬਾਈਲ ਨੂੰ ਆਪਣੇ ਸਰੀਰ ਦਾ ਇਕ ਅੰਗ ਬਣਾ ਲਿਆ ਹੈ। ਅੱਜ ਹਾਲਾਤ ਇਹ ਹਨ ਕਿ ਦੋ ਦੋ ਸਾਲਾਂ ਦੇ ਬੱਚੇ ਮੋਬਾਈਲ ਮੰਗਦੇ ਵੇਖੇ ਜਾਂਦੇ ਹਨ। ਜਦ ਕਿ ਮੋਬਾਈਲ ਦੇ ਆਉਣ ਤੋ ਪਹਿਲਾਂ ਦੇ ਸਮਿਆਂ 'ਚ ਬੱਚਿਆਂ ਨੂੰ ਖੇਡਣ ਵਾਸਤੇ ਖਿਡੌਣੇ ਦਿੱਤੇ ਜਾਂਦੇ ਸਨ। ਪਰ ਅੱਜ ਛੋਟੇ ਤੋਂ ਛੋਟੇ ਬੱਚੇ ਦੇ ਹੱਥ 'ਚ ਤੁਸੀਂ ਖਿਡੌਣਾ ਨਹੀਂ ਬਲਕਿ ਮੋਬਾਈਲ ਦੇਖੋਗੇ।

ਜਦੋਂ ਅਸੀਂ ਨਿੱਕੇ ਹੁੰਦੇ ਸਾਂ ਤਾਂ ਉਸ ਵਕਤ ਅਨੇਕਾਂ ਰਵਾਇਤੀ ਖੇਡਾਂ ਹੁੰਦੀਆਂ ਸੀ। ਜਿਸ ਨਾਲ ਅਸੀਂ ਖੇਡ ਕੇ ਮਨ ਪਰਚਾਵਾ ਕਰਦੇ ਸਾਂ। ਪਰ ਮੋਬਾਈਲ ਨੇ ਬੱਚਿਆਂ ਦਾ ਬਚਪਨਾ ਹੀ ਖੋਹ ਲਿਆ ਹੈ। ਜਿਸ ਲਈ ਮਾਪੇ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਕਹੇ ਜਾ ਸਕਦੇ ਹਨ। ਕਿਉਂਕਿ ਮਾਤਾ ਪਿਤਾ ਛੋਟੇ ਛੋਟੇ ਬੱਚਿਆਂ ਨੂੰ ਮੋਬਾਈਲ ਦੇ ਦਿੰਦੇ ਹਨ ਤਾਂ ਜੋ ਬੱਚੇ ਉਹਨਾਂ ਨੂੰ ਤੰਗ ਪ੍ਰੇਸ਼ਾਨ ਨਾ ਕਰਨ। ਪਰ ਉਹਨਾਂ ਦੀ ਇਹ ਸੋਚ ਸਹੀ ਨਹੀਂ ਹੈ। ਉਹ ਬੱਚੇ ਨੂੰ ਮੋਬਾਈਲ ਦੇ ਕੇ ਆਹਰੇ ਤਾਂ ਲਾ ਦਿੰਦੇ ਹਨ ਪਰ ਇਹ ਨਹੀਂ ਸੋਚਦੇ ਕਿ ਆਉਣ ਵਾਲੇ ਸਮੇਂ 'ਚ ਇਸ ਦੇ ਨਤੀਜੇ ਕੀ ਹੋਣਗੇ ? ਥੋੜ੍ਹਾ ਵੱਡਾ ਹੋਣ 'ਤੇ ਬੱਚੇ ਨੂੰ ਮੋਬਾਈਲ ਦੀ ਇਹੋ ਜਿਹੀ ਲਤ (ਆਦਤ) ਲੱਗ ਜਾਂਦੀ ਹੈ ਕਿ ਉਹ ਮੋਬਾਈਲ ਦਾ ਖਹਿੜਾ ਹੀ ਨਹੀਂ ਛੱਡਦਾ। ਮੇਰਾ ਇਕ ਦੋਸਤ ਹੈ, ਭੂਰਾ ਸਲਾਣੇ ਵਾਲਾ। ਉਹ ਅਕਸਰ ਮੇਰੇ ਆਰਟੀਕਲ ਤੇ ਹੋਰ ਰਚਨਾਵਾਂ ਪੜ੍ਹਦਾ ਰਹਿੰਦਾ ਹੈ। ਇਕ ਦਿਨ ਕਹਿਣ ਲੱਗਾ ਕਿ ਵੀਰ ਜੀ ਬੱਚਿਆਂ ਵੱਲੋਂ ਮੋਬਾਈਲ ਦੀ ਦੁਰਵਰਤੋਂ ਬਾਰੇ ਜ਼ਰੂਰ ਲਿਖੋ। ਸ਼ਾਇਦ ਕੁੱਝ ਜਾਗ੍ਰਿਤਾ ਆ ਹੀ ਜਾਵੇ। ਹਾਂ ਗੱਲ ਕਰ ਰਹੇ ਸੀ ਕਿ ਮੋਬਾਈਲ ਦੀ ਵਰਤੋਂ ਨਾ ਸਿਰਫ ਬੱਚਿਆਂ ਦਾ ਬਚਪਨਾ ਹੀ ਖੋਹ ਰਹੀ ਹੈ ਸਗੋਂ ਇਸ ਨਾਲ ਉਹਨਾਂ ਦੀ ਸਿਹਤ 'ਤੇ ਵੀ ਬੁਰਾ ਅਸਰ ਪੈ ਰਿਹਾ ਹੈ। ਮੋਬਾਈਲ ਦੀ ਕਾਢ ਤੋਂ ਪਹਿਲਾਂ ਬੱਚੇ ਰਵਾਇਤੀ ਖੇਡਾਂ ਖੇਡ ਕੇ ਤੰਦਰੁਸਤ ਰਿਹਾ ਕਰਦੇ ਸਨ। ਪਰ ਹੁਣ ਬੱਚੇ ਮੋਬਾਈਲ ਉੱਤੇ ਹੀ ਗੇਮਜ਼ ਖੇਡ ਲੈਂਦੇ ਹਨ। ਜਿਸ ਕਰਕੇ ਉਹ ਰਵਾਇਤੀ ਖੇਡਾਂ ਤੋਂ ਦੂਰ ਹੋ ਚੁੱਕੇ ਹਨ ਜਾਂ ਇੰਜ ਕਹਿ ਲਵੋ ਉਹ ਰਵਾਇਤੀ ਖੇਡਾਂ ਹੀ ਭੁੱਲ ਚੁੱਕੇ ਹਨ। ਸਮਝ ਤੋਂ ਬਾਹਰ ਦੀ ਗੱਲ ਇਹ ਹੈ ਕਿ ਲੋਕ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਮਹਿੰਗੇ ਮਹਿੰਗੇ ਜਿਵੇਂ 10000 ਤੋਂ ਲੈ ਕੇ 80-90 ਹਜ਼ਾਰ ਤੱਕ ਦੇ ਮੋਬਾਈਲ ਕਿਉਂ ਖਰੀਦ ਕੇ ਦਿੰਦੇ ਹਨ? ਜਿਸ ਨਾਲ ਉਹ ਆਪਣੀ ਲਾਈਫ਼ ਦਾ ਜ਼ਿਆਦਾ ਸਮਾਂ ਮੋਬਾਈਲ ਉੱਤੇ ਯੂ ਟਿਊਬ, ਇੰਸਟਾਗ੍ਰਾਮ, ਵਟਸਐਪ ਤੇ ਹੋਰ ਦੂਸਰੀਆਂ ਐਪ ਵਗੈਰਾ ਵੇਖਣ 'ਚ ਕੱਢ ਦਿੰਦੇ ਹਨ। ਨਾ ਉਹ ਪੜ੍ਹਾਈ ਨੂੰ ਪੂਰਾ ਵਕਤ ਦਿੰਦੇ ਹਨ ਤੇ ਨਾ ਹੀ ਖੇਡਾਂ ਨੂੰ। ਇਸ ਤਰ੍ਹਾਂ ਉਨ੍ਹਾਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਖੁੱਲ੍ਹ ਕੇ ਨਹੀਂ ਹੁੰਦਾ। ਜੋ ਬੱਚੇ ਮੋਬਾਈਲ 'ਤੇ ਗੇਮਜ਼ ਖੇਡਦੇ ਹਨ ਉਹਨਾਂ ਦਾ ਸਰੀਰਕ ਤੇ ਬੌਧਿਕ ਵਿਕਾਸ ਵਿਰਾਸਤੀ ਖੇਡਾਂ ਖੇਡਣ ਵਾਲੇ ਬੱਚਿਆਂ ਦੇ ਮੁਕਾਬਲੇ ਥੋੜ੍ਹਾ ਹੁੰਦਾ ਹੈ। ਸਟੱਡੀ ਪੱਖੋਂ ਵੀ ਉਹ ਕਮਜ਼ੋਰ ਰਹਿੰਦੇ ਹਨ। ਮੋਬਾਈਲ ਦੀ ਰੌਸ਼ਨੀ ਦੀ ਰੇਂਜ ਇੰਨੀ ਤੇਜ਼ ਹੁੰਦੀ ਹੈ ਕਿ ਬਹੁਤ ਸਾਰੇ ਬੱਚਿਆਂ ਦੇ ਸਿਰ ਦੇ ਵਾਲ ਉਮਰ ਤੋਂ ਪਹਿਲਾਂ ਹੀ ਚਿੱਟੇ ਹੋ ਜਾਂਦੇ ਹਨ ਤੇ ਅੱਖਾਂ ਦੀ ਨਿਗ੍ਹਾ ਵੀ ਸਮੇਂ ਤੋਂ ਪਹਿਲਾਂ ਕਮਜ਼ੋਰ ਹੋਣ ਲੱਗਦੀ ਹੈ। ਜਿਸ ਸਦਕਾ ਉਨ੍ਹਾਂ ਦੇ ਮੋਟੀਆਂ ਮੋਟੀਆਂ ਐਨਕਾਂ ਲੱਗ ਜਾਂਦੀਆਂ ਹਨ। ਸਿੱਟੇ ਵੱਜੋਂ ਉਹਨਾਂ ਦੀ ਪਰਸਨੈਲਿਟੀ ਘਟਦੀ ਹੈ।

ਮੋਬਾਈਲ ਉੱਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਦੀ ਥਾਂ ਵਿਰਾਸਤੀ ਤੇ ਰਵਾਇਤੀ ਖੇਡਾਂ ਸਿਹਤ ਨੂੰ ਤੰਦਰੁਸਤੀ ਤੇ ਮਜ਼ਬੂਤੀ ਬਖਸ਼ਦੀਆਂ ਹਨ। ਜਦੋਂ ਕਿ ਪਹਿਲਾਂ ਬੱਚੇ ਘਰੇਲੂ ਖੇਡਾਂ ਗੁੱਲੀ ਡੰਡਾ, ਪੀਚੋ, ਛੂ ਛਪੀਕਾ, ਬਾਂਦਰ ਕਿੱਲਾ, ਲੁਕਣ ਮੀਚੀ, ਬੰਟੇ, ਅਖਰੋਟ, ਕਬੱਡੀ, ਕੁਸ਼ਤੀ ਤੇ ਦੌੜਾਂ ਆਦਿ ਖੇਡਾਂ ਖੇਡਦੇ ਸਨ। ਜੋ ਸਰੀਰਕ ਪੱਖੋਂ ਲਾਹੇਵੰਦ ਹੁੰਦੀਆਂ ਸਨ। ਮੋਬਾਈਲ ਦਾ ਅਗਲਾ ਨੁਕਸਾਨ ਇਹ ਹੈ ਕਿ ਸ਼ੋਸ਼ਲ ਮੀਡੀਆ 'ਤੇ ਬਹੁਤੀ ਜਾਣਕਾਰੀ ਫੇਕ ਤੇ ਗਲਤ ਕਿਸਮ ਦੀ ਹੁੰਦੀ ਹੈ। ਜੋ ਬੱਚਿਆਂ ਨੂੰ ਕੁਰਾਹੇ ਪਾਉਂਦੀ ਹੈ। ਇਸ ਨਾਲ ਕ੍ਰਾਈਮ 'ਚ ਵੀ ਵਾਧਾ ਹੁੰਦਾ ਹੈ। ਬੇਸ਼ੱਕ ਮੋਬਾਈਲ ਦੇ ਚੰਗੇ ਪੱਖਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪਰ ਇਸ ਦੇ ਬਾਵਜੂਦ ਬੱਚਿਆਂ ਵੱਲੋਂ ਵੇਖੋ ਵੇਖੀ ਮਹਿੰਗੇ ਮੋਬਾਈਲਾਂ ਦੀ ਮੰਗ ਕੀਤੇ ਜਾਣ ਸਦਕਾ ਮਾਪਿਆਂ 'ਤੇ ਆਰਥਿਕ ਬੋਝ ਵੀ ਪੈਂਦਾ ਹੈ ਤੇ ਮਾਪੇ ਪ੍ਰੇਸ਼ਾਨੀ ਵਿੱਚ ਰਹਿਣ ਲੱਗਦੇ ਹਨ। ਬੱਚਿਆਂ ਤੇ ਖ਼ਾਸ ਕਰ ਛੋਟੇ ਬੱਚਿਆਂ ਨੂੰ ਮੋਬਾਈਲ ਦਿੱਤੇ ਜਾਣ ਨਾਲ ਉਹਨਾਂ ਵੱਲੋਂ ਬੇਲੋੜੀ ਵਰਤੋਂ ਕੀਤੀ ਜਾਂਦੀ ਹੈ। ਜਿਸ ਕਰਕੇ ਮਾਪਿਆਂ ਨੂੰ ਇੰਟਰਨੈੱਟ ਦੀ ਵਰਤੋਂ ਵਾਸਤੇ ਨੈੱਟ ਪੈਕ ਵੀ ਪਵਾ ਕੇ ਦੇਣਾ ਪੈਂਦਾ ਹੈ। ਜਿਸ ਨਾਲ ਉਹਨਾਂ ਉੱਤੇ ਹੋਰ ਆਰਥਕ ਬੋਝ ਪੈਂਦਾ ਹੈ। ਇਸ ਤੋਂ ਇਲਾਵਾ ਛੋਟੇ ਬੱਚੇ ਮੋਬਾਈਲ ਤੋਂ ਚੀਜ਼ਾਂ ਵੇਖ ਕੇ ਆਪਣੇ ਮਾਤਾ ਪਿਤਾ ਤੋਂ ਉਨ੍ਹਾਂ ਚੀਜ਼ਾਂ ਦੀ ਮੰਗ ਕਰਦੇ ਹਨ ਜੋ ਆਰਥਿਕ ਪੱਖੋਂ ਨੁਕਸਾਨਦਾਇਕ ਹੁੰਦੀਆਂ ਹਨ। ਬੱਚਿਆਂ ਵੱਲੋਂ ਮੋਬਾਈਲ ਦੀ ਕੀਤੀ ਜਾਂਦੀ ਬੇਲੋੜੀ ਵਰਤੋਂ ਲਈ ਕਾਫੀ ਹੱਦ ਤੱਕ ਮਾਪੇ ਵੀ ਜ਼ਿੰਮੇਵਾਰ ਹਨ। ਸੋ ਮਾਪਿਆਂ ਨੂੰ ਇਸ ਗੱਲ ਦਾ ਖ਼ਿਆਲ ਰੱਖਣ ਦੀ ਜ਼ਰੂਰਤ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੇਵਲ ਉਸ ਉਮਰ 'ਚ ਹੀ ਮੋਬਾਈਲ ਫ਼ੋਨ ਦੀ ਵਰਤੋਂ ਦੀ ਆਗਿਆ ਦੇਣ ਜਦੋਂ ਸਟੱਡੀ ਲਈ ਜ਼ਰੂਰੀ ਹੋਵੇ, ਨਾ ਕਿ ਬੱਚੇ ਨੂੰ ਇਸ ਲਈ ਮੋਬਾਈਲ ਫੜ੍ਹਾਉਣ ਕਿ ਬੱਚਾ ਉਹਨਾਂ ਨੂੰ ਤੰਗ ਕਰਦਾ ਤੇ ਉਸ ਨੂੰ ਆਹਰੇ ਲਾਉਣਾ ਹੈ, ਇਹ ਸੋਚ ਗਲਤ ਹੈ। ਜੋ ਬੱਚੇ ਦੇ ਕੈਰੀਅਰ ਨੂੰ ਤਬਾਹ ਕਰਨ ਵੱਲ ਪਹਿਲਾ ਕਦਮ ਹੈ। ਮਾਪਿਆਂ ਨੂੰ ਚਾਹੀਦਾ ਹੈ ਉਹ ਆਪਣੇ ਨਿੱਕੇ ਬੱਚਿਆਂ ਨੂੰ ਮੋਬਾਈਲ ਦੇਣ ਦੀ ਬਜਾਏ ਖਿਡੌਣੇ ਦੇਣ ਜੋ ਸਸਤੇ ਹੁੰਦੇ ਹਨ ਤੇ ਬੱਚੇ ਦੀ ਸਿਹਤ ਉੱਤੇ ਮਾੜਾ ਅਸਰ ਨਹੀਂ ਪਾਉਂਦੇ। ਜਦੋਂ ਕਿ ਵੱਡੀ ਉਮਰ ਦੇ ਬੱਚਿਆਂ ਨੂੰ ਵਿਰਾਸਤੀ ਖੇਡਾਂ ਲਈ ਪ੍ਰੇਰਿਤ ਕਰਨ ਦੀ ਜ਼ਰੂਰਤ ਹੈ। ਇਸ ਲਈ ਉਹ ਮੋਬਾਈਲਾਂ ਜ਼ਰੀਏ ਗਲਤ ਜਾਣਕਾਰੀ ਹਾਸਲ ਨਹੀਂ ਕਰਨਗੇ ਤੇ ਮਾਨਸਕ ਤੌਰ 'ਤੇ ਮਜ਼ਬੂਤ ਹੋਣਗੇ। ਜੋ ਵੱਡੀ ਉਮਰ ਦੇ ਹੋਣ 'ਤੇ ਲਾਹੇਵੰਦ ਹੋਵੇਗਾ। ਇਸ ਨਾਲ ਮਾਪਿਆਂ 'ਤੇ ਆਰਥਿਕ ਬੋਝ ਵੀ ਨਹੀਂ ਪਵੇਗਾ। ਕਿਉਂਕਿ ਖਿਡਾਉਣੇ ਮੋਬਾਈਲ ਦੇ ਮੁਕਾਬਲੇ ਚੋਖੇ ਸਸਤੇ ਹੁੰਦੇ ਹਨ। ਸੋ ਛੋਟੀ ਉਮਰ ਦੇ ਬੱਚੇ ਨੂੰ ਮੋਬਾਈਲ ਦੀ ਵਰਤੋਂ ਤੋਂ ਜਿੰਨਾ ਹੋ ਸਕੇ, ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਹੀ ਮੋਬਾਈਲ ਦੀ ਈਜ਼ਾਦ ਕਰਨ ਵਾਲੇ ਮਾਰਟਿਨ ਕੂਪਰ ਦਾ ਮੋਬਾਈਲ ਬਣਾਉਣ ਦਾ ਸੁਪਨਾ ਸਹੀ ਅਰਥਾਂ 'ਚ ਸਾਕਾਰ ਮੰਨਿਆ ਜਾਵੇਗਾ। ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਮੋਬਾਈਲ ਫ਼ੋਨ ਖਰੀਦ ਕੇ ਦੇਣ ਦੀ ਬਜਾਏ ਰਵਾਇਤੀ ਖੇਡਾਂ ਖੇਡਣ ਲਈ ਪ੍ਰੇਰਨ।

# ਵਿਸ਼ਵ ਦੇ ਪ੍ਰਸੰਗ ਵਿੱਚ ਪੰਜਾਬ ਦੀ ਰਾਜਨੀਤੀ

ਡਾ. ਸਰਬਜੀਤ ਸਿੰਘ
ਮੋ. 94176-26925

ਵਿਸ਼ਵ, ਰਾਜਨੀਤੀ ਦੇ ਸਭ ਤੋਂ ਮੁੱਖ ਪੱਖਾਂ ਵਿੱਚ ਅੰਤਰਰਾਸ਼ਟਰੀ ਸੰਬੰਧ ਹਨ। ਰਾਸ਼ਟਰਾਂ ਦਾ ਇੱਕ ਦੂਜੇ ਨਾਲ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਸੰਬੰਧ ਬਣਾਉਣਾ, ਸਥਿਤੀਆਂ ਨੂੰ ਸਮਝਣਾ ਅਤੇ ਕਿਸੇ ਵੀ ਜੰਗ ਜਾਂ ਸੰਘਰਸ਼ ਤੋਂ ਬਚਣਾ, ਇਹ ਸਭ ਵਿਸ਼ਵ ਰਾਜਨੀਤੀ ਦੇ ਮੁੱਖ ਕੇਂਦਰ ਬਿੰਦੂ ਹਨ। ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਹੋਰ ਸੰਗਠਨ ਦੁਨੀਆਂ ਵਿੱਚ ਸ਼ਾਂਤੀ ਅਤੇ ਸਹਿਯੋਗ ਦਾ ਪ੍ਰਚਾਰ ਕਰਦੇ ਹਨ। ਵਿਸ਼ਵ ਰਾਜਨੀਤੀ ਵਿੱਚ ਵੱਖ-ਵੱਖ ਦੇਸ਼ਾਂ ਦੇ ਆਪਸੀ ਸਬੰਧ ਅਤੇ ਯੁੱਧ ਇੱਕ ਅਹਿਮ ਪਹਿਲੂ ਹਨ। ਯੁੱਧ ਤੋਂ ਬਚਣ ਲਈ ਰਾਸ਼ਟਰ ਇਕੱਠੇ ਹੁੰਦੇ ਹਨ ਅਤੇ ਅੰਤਰਰਾਸ਼ਟਰੀ ਸਮਝੌਤੇ ਕੀਤੇ ਜਾਂਦੇ ਹਨ। ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ। ਇਥੇ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਆਰਥਿਕ ਅਤੇ ਰਾਜਨੀਤਕ ਖੇਤਰ ਵਿੱਚ ਭਾਰਤ ਦੀ ਵੱਧ ਰਹੀ ਆਰਥਿਕਤਾ ਅਤੇ ਆਧੁਨਿਕੀਕਰਨ ਮਹੱਤਵਪੂਰਨ ਹਨ। ਰਾਜਨੀਤਿਕ ਤੌਰ 'ਤੇ ਪੰਜਾਬ ਵਿੱਚ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਰਾਜਨੀਤਿਕ ਨਜ਼ਰੀਏ ਅਤੇ ਨੀਤੀਆਂ ਵਿੱਚ ਵੱਖ-ਵੱਖ ਹਨ। ਵਿਸ਼ਵ ਰਾਜਨੀਤੀ ਅਤੇ ਭਾਰਤ-ਪੰਜਾਬ ਦੀ ਰਾਜਨੀਤੀ ਵਿੱਚ ਇੱਕ ਡੂੰਘਾ ਸੰਬੰਧ ਹੈ ਪਰ ਹਰ ਇੱਕ ਦਾ ਪ੍ਰਸੰਗ ਅਤੇ ਸਥਿਤੀ ਅਲੱਗ ਹੈ। ਵਿਸ਼ਵ ਅਤੇ ਭਾਰਤ ਦੀ ਰਾਜਨੀਤੀ ਵਿੱਚ ਆਰਥਿਕਤਾ ਅਤੇ ਰਾਜਨੀਤਿਕ ਪਹਿਲੂਆਂ ਦਾ ਸੰਬੰਧ ਹੈ। ਪੰਜਾਬ ਵਿੱਚ ਖੇਤੀਬਾੜੀ ਅਤੇ ਹੋਰ ਸਮਾਜਿਕ ਸਮੱਸਿਆਵਾਂ 'ਤੇ ਰਾਜਨੀਤੀ ਚਲਦੀ ਰਹਿੰਦੀ ਹੈ। ਵਿਸ਼ਵ ਦੇ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਜਦੋਂ ਤੋਂ ਆਪਣੇ ਖੰਭ ਖਿਲਾਰਨੇ ਸ਼ੁਰੂ ਕੀਤੇ ਹਨ, ਕੋਈ ਵੀ ਦੇਸ਼ ਉਸ ਦੀ ਮਾਰ ਤੋਂ ਅਛੂਤਾ ਨਹੀਂ ਰਹਿ ਸਕਿਆ ਹੈ। ਵਿਸ਼ਵ ਵਿੱਚ ਜਿੱਥੇ ਇੱਕ ਪਾਸੇ ਬਹੁਤ ਸ਼ਕਤੀਸ਼ਾਲੀ ਅਤੇ ਸਥਾਪਤ ਦੇਸ਼ ਹਨ, ਉੱਥੇ ਹੀ ਦੂਜੇ ਪਾਸੇ ਵਿਕਾਸਸ਼ੀਲ ਦੇਸ਼ ਵੀ ਹਨ, ਜਿਨ੍ਹਾਂ ਵਿੱਚੋਂ ਇੱਕ ਦੇਸ਼, ਸਾਡਾ ਆਪਣਾ ਭਾਰਤ ਹੈ। ਵਿਸ਼ਵ ਦੇ ਵਿੱਚ ਕੀ ਵਰਤਾਰੇ ਵਾਪਰ ਰਹੇ ਹਨ, ਕਿਸ ਤਰ੍ਹਾਂ ਦੀ ਰਾਜਨੀਤੀ ਹੋ ਰਹੀ ਹੈ ਅਤੇ ਉਸ ਰਾਜਨੀਤੀ ਦੇ ਆਰਥਿਕ, ਧਾਰਮਿਕ ਅਤੇ ਸਮਾਜਿਕ ਪ੍ਰਭਾਵ ਕਿਸ ਤਰ੍ਹਾਂ ਦੇ ਹਨ। ਇਹਨਾਂ ਸਾਰੀਆਂ ਗੱਲਾਂ ਦਾ ਪ੍ਰਭਾਵ ਭਾਰਤ ਉੱਪਰ ਵੀ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਜਿੱਥੇ ਭਾਰਤ, ਵਿਸ਼ਵ ਵਿੱਚ ਆਪਣੀ ਪਛਾਣ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਉੱਥੇ ਹੀ ਭਾਰਤ ਦੇ ਗੁਆਂਢੀ ਦੇਸ਼ ਵੀ ਆਪਣੇ ਆਪਣੇ ਤੌਰ ਤਰੀਕਿਆਂ ਨਾਲ ਇਹ ਅਹਿਸਾਸ ਕਰਾਉਣ ਵਿੱਚ ਲੱਗੇ ਹੋਏ ਹਨ ਕਿ ਵਿਸ਼ਵ ਦੀ ਸਰਪੰਚੀ ਜਾਂ ਬਾਦਸ਼ਾਹ ਦੇ ਵਿੱਚ ਉਹਨਾਂ ਦੀ ਵੀ ਭੂਮਿਕਾ ਹੈ, ਵਿਸ਼ਵ ਅਤੇ ਭਾਰਤ ਦੇ ਸੰਦਰਭ ਤੋਂ ਬਾਅਦ ਜਦੋਂ ਅਸੀਂ ਪੰਜਾਬ ਸੂਬੇ ਦੀ ਗੱਲ ਕਰਦੇ ਹਾਂ ਤਾਂ ਬਹੁਤ ਸਾਰੇ ਅਜਿਹੇ ਅਹਿਮ ਪਹਿਲੂ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਇਸ ਸੂਬੇ ਨੇ ਬਹੁਤ ਸਾਰੀਆਂ ਚੁਣੌਤੀਆਂ ਨੂੰ ਕਬੂਲ ਕਰਦੇ ਹੋਇਆਂ ਨਵੇਂ ਸਿਰੇ ਤੋਂ ਆਪਣੀ ਹਦੂਦ ਦੇ ਅੰਦਰ ਵਿਕਾਸ ਦੀ ਪਰੰਪਰਾ ਨੂੰ ਤੋਰਿਆ ਅਤੇ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਆਪਣਾ ਨਾਮ ਦਰਜ ਕੀਤਾ, ਜਦੋਂ ਦੇਸ਼ ਨੂੰ ਅੰਨ ਦੀ ਜ਼ਰੂਰਤ ਸੀ ਤਾਂ ਸਾਰਾ ਦੇਸ਼ ਉੱਤਰੀ ਖਿੱਤੇ ਵਿੱਚੋਂ ਇਸ ਸੂਬੇ ਵੱਲ ਦੇਖ ਰਿਹਾ ਸੀ। ਹਰੀ ਕ੍ਰਾਂਤੀ ਦੇ ਨਾਮ ਹੇਠ ਇਸ ਸੂਬੇ ਨੇ ਆਪਣੀਆਂ ਜ਼ਮੀਨਾਂ ਦੀ ਉਪਜਾਊ ਸ਼ਕਤੀ ਤੋਂ ਵੱਧ ਕੇ ਅਤੇ ਵਿਗਿਆਨਿਕ ਤਰੀਕਿਆਂ ਦੀ ਮਦਦ ਨਾਲ ਦੇਸ਼ ਦਾ ਢਿੱਡ ਭਰਿਆ। ਸਮਾਂ ਬੀਤਦਾ ਗਿਆ। ਵਿਕਾਸ ਦੇ ਨਾਂ 'ਤੇ ਚੱਲ ਰਹੇ ਵੱਡੇ ਪ੍ਰਬੰਧ ਨੇ ਇਸ ਸੂਬੇ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ। ਮੌਜੂਦਾ ਸਥਿਤੀ ਦੀ ਗੱਲ ਕਰੀਏ ਤਾਂ ਇਸ ਸੂਬੇ ਦੇ ਉੱਤੇ ਜੋ ਕਰਜ਼ਾ ਹੈ ਉਸ ਦੀ ਸੀਮਾ ਦਿਨ ਬ ਦਿਨ ਵਧਦੀ ਜਾ ਰਹੀ ਹੈ। ਇਸ ਸੂਬੇ ਦੀ ਪਛਾਣ ਅਤੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਇਸਦੇ ਯੋਗਦਾਨ ਬਾਰੇ ਸਮੇਂ ਸਮੇਂ 'ਤੇ ਬਹੁਤ ਸਾਰੀਆਂ ਨਵੀਆਂ ਚੁਣੌਤੀਆਂ ਦਰਪੇਸ਼ ਹੁੰਦੀਆਂ ਰਹੀਆਂ ਹਨ। ਮੌਜੂਦਾ ਸਥਿਤੀ ਵਿੱਚ ਸੂਬੇ ਦੀ ਆਰਥਿਕ ਹਾਲਤ ਅਤੇ ਦੇਸ਼ ਦੀ ਹਾਲਤ ਵਿੱਚ ਬਹੁਤ ਜ਼ਿਆਦਾ ਅੰਤਰ ਸਪੱਸ਼ਟ ਹੋ ਰਿਹਾ ਹੈ। ਗਵਾਂਢੀ ਦੇਸ਼ਾਂ ਦੇ ਨਾਲ ਇਸ ਸੂਬੇ ਦਾ ਬਾਰਡਰ ਸਥਾਪਤ ਹੈ। ਸਮੇਂ ਸਮੇਂ 'ਤੇ ਇਸ ਨੂੰ ਬਹੁਤ ਸਾਰੀਆਂ ਅਜਿਹੀਆਂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਇਸ ਦਾ ਭਾਰੀ ਵਿੱਤੀ ਅਤੇ ਹੋਰ ਪਹਿਲੂਆਂ ਤੋਂ ਨੁਕਸਾਨ ਹੁੰਦਾ ਹੈ। ਅੱਜ ਜਦੋਂ ਵਿਸ਼ਵ ਦੇ ਵਿੱਚ ਟੈਕਨੋਲੋਜੀ ਦੀ ਗੱਲ ਚੱਲ ਰਹੀ ਹੈ ਤਾਂ ਸਾਡੇ ਦੇਸ਼ ਅਤੇ ਸੂਬੇ ਦੇ ਵਿੱਚ ਅਜੇ ਵੀ ਉਹੀ ਪੁਰਾਣੀਆਂ ਚੁਣੌਤੀਆਂ ਦਾ ਸਾਹਮਣਾ ਹੋ ਰਿਹਾ ਹੈ। ਸੂਬੇ ਅੰਦਰ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਹਸਪਤਾਲਾਂ ਦੇ ਵਿੱਚ ਚੰਗੇ ਸੁਖ ਸਾਧਨਾਂ ਅਤੇ ਮੁਢਲੀਆਂ ਜ਼ਰੂਰਤਾਂ ਦੇ ਲਈ ਲੋਕਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਕੂਲਾਂ ਕਾਲਜਾਂ ਦੇ ਵਿੱਚ ਮੁੱਢਲੇ ਤਕਨੀਕੀ ਸਾਜੋ ਸਮਾਨ ਅਤੇ ਅਧਿਆਪਕਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਵਿਸ਼ਵੀਕਰਨ ਦੇ ਇਸ ਦੌਰ ਦੇ ਵਿੱਚ ਇਸ ਸੂਬੇ ਤੋਂ ਲਗਾਤਾਰ ਪ੍ਰਵਾਸ ਹੋ ਰਿਹਾ ਹੈ। ਲੋਕਾਂ ਦੇ ਵਿੱਚ ਅਸਹਿਜਤਾ ਪਾਈ ਜਾ ਰਹੀ ਹੈ। ਬਹੁਤ ਸਾਰੇ ਸੰਵੇਦਨਸ਼ੀਲ ਲੋਕ ਇਸ ਖਿੱਤੇ ਨੂੰ ਛੱਡ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਆਮ ਲੋਕਾਂ ਦੀ ਜਾਨ ਮਾਲ ਦੀ ਰਾਖੀ ਸਰਕਾਰ ਨੇ ਕਰਨੀ ਹੁੰਦੀ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਲੋਕ ਅਸ਼ਾਂਤ ਮਹਿਸੂਸ ਕਰ ਰਹੇ ਹਨ। ਉਹ ਜਦੋਂ ਆਪਣੇ ਘਰ ਤੋਂ ਕੰਮ 'ਤੇ ਜਾਂਦੇ ਹਨ ਤਾਂ ਉਹਨਾਂ ਨੂੰ ਸੁਰੱਖਿਆ ਦੀ ਵੱਡੀ ਘਾਟ ਮਹਿਸੂਸ ਹੁੰਦੀ ਹੈ। ਲੋਕਤੰਤਰ ਵਿੱਚ ਸਰਕਾਰ ਲੋਕਾਂ ਦੀ ਭਲਾਈ ਵਾਸਤੇ ਬਣਦੀ ਹੈ ਪਰ ਸਥਿਤੀ ਨੂੰ ਜਦੋਂ ਅਸੀਂ ਗੰਭੀਰਤਾ ਨਾਲ ਦੇਖਦੇ ਹਾਂ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਲੋਕਾਂ ਨੂੰ ਉਹਨਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ ਹੈ ਅਤੇ ਵੀ ਆਈ ਪੀ ਕਲਚਰ ਦੀ ਆੜ ਵਿੱਚ ਕੁਝ ਚੰਦ ਨੇਤਾਵਾਂ, ਅਫਸਰਾਂ ਅਤੇ ਸਰਕਾਰ ਵਿੱਚ ਅਹਿਮ ਸਥਾਨ ਰੱਖਣ ਵਾਲੇ ਵਿਅਕਤੀਆਂ ਲਈ ਹੀ ਸੁਰੱਖਿਆ ਜ਼ਰੂਰੀ ਹੈ। ਇੱਕ ਪਾਸੇ ਅਸੀਂ ਵਿਸ਼ਵ ਦੇ ਵਿਕਸਿਤ ਦੇਸ਼ਾਂ ਦੀ ਗੱਲ ਕਰਦੇ ਹਾਂ ਜਿੱਥੋਂ ਦੇ ਪ੍ਰਧਾਨ ਮੰਤਰੀ ਅਤੇ ਅਹਿਮ ਮੰਤਰੀ ਆਮ ਲੋਕਾਂ ਵਿੱਚ ਆਮ ਲੋਕਾਂ ਦੀ ਤਰ੍ਹਾਂ ਵਿਵਹਾਰ ਕਰਦੇ ਹਨ ਅਤੇ ਜਦੋਂ ਉਹਨਾਂ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਆਪਣੀ ਇਖਲਾਕੀ ਜ਼ਿੰਮੇਵਾਰੀ ਨਿਭਾਉਣ ਦੇ ਵਿੱਚ ਸਮਾਂ ਜਾਇਆ ਨਹੀਂ ਕਰਦੇ ਪਰ ਜਦੋਂ ਅਸੀਂ ਆਪਣੇ ਦੇਸ਼ ਆਪਣੇ ਸੂਬੇ ਦੀ ਸਥਿਤੀ ਦੇਖਦੇ ਹਾਂ ਤਾਂ ਸਥਿਤੀ ਕੁਝ ਉਲਟ ਨਜ਼ਰ ਆਉਂਦੀ ਹੈ। ਸਰਕਾਰ ਵੱਲੋਂ ਕੀਤੇ ਗਏ ਕਾਰਜਾਂ ਨੂੰ ਜ਼ਿਆਦਾਤਰ ਮੀਡੀਆ ਟਰਾਇਲ ਰਾਹੀਂ ਹੀ ਅੱਗੇ ਵਧਾਇਆ ਜਾਂਦਾ ਹੈ। ਸਰਕਾਰ ਕੰਮ ਕਰਦੀ ਨਜ਼ਰ ਆ ਰਹੀ ਹੈ ਪਰ ਜ਼ਮੀਨੀ ਪੱਧਰ 'ਤੇ ਉਸ ਕੰਮ ਦੀ ਸਾਰਥਿਕਤਾ ਅਤੇ ਨਤੀਜੇ ਬਹੁਤੇ ਨਜ਼ਰ ਨਹੀਂ ਆ ਰਹੇ। ਪਿਛਲੇ ਲੰਮੇ ਸਮੇਂ ਤੋਂ ਸੂਬੇ ਦਾ ਸਰਮਾਇਆ ਜੋ ਕਿ ਪੜ੍ਹਿਆ ਲਿਖਿਆ ਹੈ, ਉਸਨੂੰ ਇਸ ਸੂਬੇ ਦੇ ਵਿੱਚ ਰੁਜ਼ਗਾਰ, ਕੰਮਕਾਰ ਅਤੇ ਟਿਕਾਓ ਲਈ ਸਰਕਾਰ ਵੱਲੋਂ ਵੱਡੇ ਯਤਨ ਕਰਨ ਦੀ ਲੋੜ ਹੈ। ਸੂਬੇ ਅੰਦਰ ਆਜ਼ਾਦੀ ਤੋਂ ਬਾਅਦ ਜਿਸ ਤਰ੍ਹਾਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਜੋੜ-ਤੋੜ ਲਈ ਸੂਬੇ ਦੇ ਹਿੱਤਾਂ ਦੀ ਪਰਵਾਹ ਨਾ ਕਰਦੇ ਹੋਏ, ਸਿਰਫ ਰਾਜਨੀਤੀ ਕੀਤੀ ਹੈ। ਉਸ ਦਾ ਸਿੱਟਾ ਅੱਜ ਸਾਡੇ ਸੂਬੇ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਤ ਜੱਗ ਜਾਹਿਰ ਹੈ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਏਜੰਡੇ ਪੱਕੇ ਹੀ ਰਹਿੰਦੇ ਹਨ। ਸੂਬੇ ਦੇ ਵਿੱਚ ਪਾਣੀਆਂ ਦੇ ਮੁੱਦੇ, ਰਾਜਧਾਨੀ ਦੇ ਮੁੱਦੇ ਅਤੇ ਕਈ ਚਲੰਤ ਮੁੱਦੇ ਹਨ ਜੋ ਵੋਟਾਂ ਆਉਣ ਤੋਂ ਪਹਿਲਾਂ ਪੈਦਾ ਹੋ ਜਾਂਦੇ ਹਨ ਪਰ ਸਰਕਾਰ ਬਣਨ ਤੋਂ ਬਾਅਦ ਬਿਲਕੁਲ ਗਾਇਬ ਹੋ ਜਾਂਦੇ ਹਨ। ਅੱਜ ਸੋਸ਼ਲ ਮੀਡੀਆ ਦਾ ਸਮਾਂ ਹੈ, ਲੋਕ ਆਪਣੇ ਘਰ ਤੋਂ ਹੀ ਪੂਰੇ ਵਿਸ਼ਵ ਦੇ ਕੰਮਾਂਕਾਰਾਂ ਬਾਰੇ ਜਾਣੂੰ ਹੁੰਦੇ ਹਨ। ਅੱਜ ਦਾ ਵਿਅਕਤੀ ਚੇਤੰਨ ਹੈ ਅਤੇ ਉਹ ਸਮਝਦਾ ਹੈ ਕਿ ਉਸਦੇ ਹੱਕ ਕੀ ਹਨ ਅਤੇ ਸਰਕਾਰ ਦੀ ਡਿਊਟੀ ਕੀ ਹੈ ਪਰ ਹੈਰਾਨੀ ਹੁੰਦੀ ਹੈ ਕਿ ਇੰਨੀ ਚੇਤੰਨਤਾ ਦੇ ਬਾਵਜੂਦ ਵੀ ਸਰਕਾਰਾਂ ਦੇ ਵਿੱਚ ਜਾਂ ਰਾਜਨੀਤਿਕ ਪਾਰਟੀਆਂ ਦੇ ਵਿੱਚ ਬੈਠੇ ਲੋਕ ਕਿੰਨੀ ਚਤੁਰਤਾ ਦੇ ਨਾਲ ਲੋਕਾਂ ਨੂੰ ਭਰਮਾਉਂਦੇ ਹਨ ਅਤੇ ਸਰਕਾਰ ਬਣਾ ਕੇ ਇੱਕ ਮਿਥੇ ਹੋਏ ਏਜੰਡੇ ਦੇ ਅੰਤਰਗਤ ਅੱਗੇ ਚਲਦੇ ਰਹਿੰਦੇ ਹਨ। ਅੱਜ ਸੂਬੇ ਨੂੰ ਲੋੜ ਹੈ ਕਿ ਉਹਨਾਂ ਦੀ ਸਰਕਾਰ ਉਹਨਾਂ ਦੇ ਵਿੱਚ ਆ ਕੇ ਲੋਕਾਂ ਦੇ ਜ਼ਮੀਨੀ ਪੱਧਰ ਦੇ ਮੁੱਦਿਆਂ 'ਤੇ ਧਿਆਨ ਦੇ ਕੇ ਉਹਨਾਂ ਨੂੰ ਅਹਿਸਾਸ ਕਰਵਾਏ ਕਿ ਸਰਕਾਰ ਉਹਨਾਂ ਦੇ ਨਾਲ ਹੈ। ਆਮ ਲੋਕਾਂ ਨੂੰ ਛੋਟੇ ਛੋਟੇ ਕੰਮ ਕਾਜਾਂ ਲਈ ਤਹਿਸੀਲਾਂ, ਕਚਹਿਰੀਆਂ ਅਤੇ ਥਾਣਿਆਂ ਦੇ ਚੱਕਰ ਕੱਟਣੇ ਪੈਂਦੇ ਹਨ ਪਰ ਉਥੇ ਜੋ ਆਮ ਲੋਕਾਂ ਦੇ ਨਾਲ ਜੋ ਵਰਤਾਰਾ ਵਾਪਰਦਾ ਹੈ। ਉਹ ਲੂ ਕੰਡੇ ਖੜੇ ਕਰਨ ਵਾਲਾ ਹੁੰਦਾ ਹੈ। ਲੋਕਾਂ ਦਾ ਮਨੋਬਲ ਦਿਨ ਬ ਦਿਨ ਘਟਦਾ ਜਾ ਰਿਹਾ ਹੈ। ਉਹ ਉਤਸ਼ਾਹ ਤੋਂ ਸੱਖਣੇ ਹੁੰਦੇ ਜਾ ਰਹੇ ਹਨ। ਉਹਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਸ਼ਾਇਦ ਉਹ ਧਰਤੀ ਦੇ ਉਹ ਬਲਦ ਹਨ ਜਿਨ੍ਹਾਂ ਦੇ ਉੱਤੇ ਧਰਤੀ ਦਾ ਸਾਰਾ ਭਾਰ ਟਿਕਿਆ ਹੋਇਆ ਹੈ। ਅਜਿਹੀ ਸਥਿਤੀ ਦੇ ਵਿੱਚ ਸਰਕਾਰ ਨੂੰ ਅੱਗੇ ਵਧਣਾ ਚਾਹੀਦਾ ਹੈ, ਜਿੱਥੇ ਸਰਕਾਰ ਨੂੰ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਦੇ ਹੋਏ, ਬਣਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ, ਉਥੇ ਹੀ ਆਮ ਲੋਕਾਂ ਨੂੰ ਇਹ ਵਿਸ਼ਵਾਸ ਵੀ ਦਿਵਾਉਣਾ ਚਾਹੀਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਹਮੇਸ਼ਾ ਲੋਕਾਂ ਦੀ ਭਲਾਈ ਲਈ ਕਾਰਜ ਕਰ ਰਿਹਾ ਹੈ।

# ਮਾਝਾ-ਦੁਆਬਾ ਆਸ ਪਾਸ

## ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਵੱਡੇ ਡਰੱਗ ਰੈਕੇਟ ਦਾ ਪਰਦਾਫਾਸ਼ : ਦੋ ਮੁਲਜ਼ਮ ਗ੍ਰਿਫ਼ਤਾਰ 13 ਕਿਲੋ ਹੈਰੋਇਨ, ਗ਼ੈਰ-ਕਾਨੂੰਨੀ ਹਥਿਆਰ, ਲਗਜ਼ਰੀ ਵਾਹਨ ਜ਼ਬਤ




ਜਲੰਧਰ, 25 ਮਈ, (ਸੰਦੀਪ ਕੌਲ) : ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਮਹੱਤਵਪੂਰਣ ਸਫ਼ਲਤਾ ਪ੍ਰਾਪਤ ਕਰਦਿਆਂ, ਕਮਿਸ਼ਨਰੇਟ ਪੁਲਿਸ ਜਲੰਧਰ ਨੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ, ਇੱਕ ਵੱਡੇ ਡਰੱਗ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਦੋ ਮੁਲਜ਼ਮਾਂ ਨੂੰ 13 ਕਿਲੋਗ੍ਰਾਮ ਹੈਰੋਇਨ, 2 ਗੈਰ-ਕਾਨੂੰਨੀ .32 ਬੋਰ ਹਥਿਆਰ, 6 ਜ਼ਿੰਦਾ ਕਾਰਤੂਸ, 3 ਮੈਗਜ਼ੀਨ, 3 ਲਗਜ਼ਰੀ ਕਾਰਾਂ ਅਤੇ 22,000 ਰੁਪਏ ਡਰੱਗ ਮਨੀ ਦੀ ਕੁੱਲ ਬਰਾਮਦਗੀ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਿਸ ਕਮਿਸ਼ਨਰ ਜਲੰਧਰ ਨੇ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21.05.2025 ਨੂੰ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ, ਉਨ੍ਹਾਂ ਨੇ ਦੱਸਿਆ ਸੀ ਕਿ ਸੀ.ਆਈ.ਏ. ਦੀ ਇੱਕ ਟੀਮ ਨੇ 20 ਮਈ 2025 ਨੂੰ ਪੁਲ ਫੋਕਲ ਪੁਆਇੰਟ, ਜਲੰਧਰ ਦੇ ਨੇੜਿਓਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸਦੀ ਪਛਾਣ ਸ਼ਿਵਮ ਸੋਢੀ ਉਰਫ਼ ਸ਼ਿਵਾ ਪੁੱਤਰ ਵਰਿੰਦਰ ਸੋਢੀ, ਵਾਸੀ ਨੇੜੇ ਲੰਮਾ ਪਿੰਡ ਚੌਂਕ ਸਿਮਰਨ ਇਨਕਲੇਵ ਵਜੋਂ ਹੋਈ ਸੀ। ਮੁਲਜ਼ਮ ਤੋਂ 5 ਕਿਲੋ ਹੈਰੋਇਨ ਅਤੇ 22,000 ਰੁਪਏ ਨਕਦ ਬਰਾਮਦ ਕੀਤੇ ਗਏ ਸਨ। ਇਸ 'ਤੇ ਕਾਰਵਾਈ ਕਰਦਿਆਂ ਮੁਕੱਦਮਾ ਨੰਬਰ 122 ਮਿਤੀ 20.05.2025 ਧਾਰਾ 21ਸੀ, 27ਏ, ਅਤੇ 61-85 ਐਨਡੀਪੀਐਸ ਐਕਟ ਤਹਿਤ ਪੁਲਿਸ ਸਟੇਸ਼ਨ ਡਵੀਜ਼ਨ ਨੰਬਰ 8, ਜਲੰਧਰ ਵਿਖੇ ਦਰਜ ਕੀਤਾ ਗਿਆ।

ਪੁਲਿਸ ਰਿਮਾਂਡ ਦੌਰਾਨ ਲਗਾਤਾਰ ਪੁੱਛਗਿੱਛ ਤੋਂ ਬਾਅਦ, ਸ਼ਿਵਮ ਤੋਂ 7 ਕਿਲੋ ਹੈਰੋਇਨ ਅਤੇ ਦੋ ਵਾਹਨ ਹੋਰ ਬਰਾਮਦ ਕੀਤੇ ਗਏ। ਉਸਨੇ ਇੱਕ ਸਾਥੀ ਦੀ ਸ਼ਮੂਲੀਅਤ ਦਾ ਵੀ ਖੁਲਾਸਾ ਕੀਤਾ, ਜਿਸ ਦੇ ਜ਼ਰੀਏ ਬਰਿੰਦਰ ਸਿੰਘ ਉਰਫ਼ ਬੱਬੂ, ਪੁੱਤਰ ਦਵਿੰਦਰ ਸਿੰਘ ਵਾਸੀ ਅਮਰ ਨਗਰ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਗਿਆ। 22 ਮਈ 2025 ਨੂੰ ਬਰਿੰਦਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਨੇ ਉਸਦੇ ਕਬਜ਼ੇ ਵਿੱਚੋਂ 1 ਕਿਲੋ ਹੈਰੋਇਨ, 2 ਗੈਰ-ਕਾਨੂੰਨੀ .32 ਬੋਰ ਹਥਿਆਰ, 6 ਜ਼ਿੰਦਾ ਕਾਰਤੂਸ ਅਤੇ 3 ਮੈਗਜ਼ੀਨ ਬਰਾਮਦ ਕੀਤੇ। ਪੁਲਿਸ ਨੇ ਪੁਸ਼ਟੀ ਕੀਤੀ ਕਿ ਸ਼ਿਵਮ ਸੋਢੀ ਵਿਰੁੱਧ ਪਹਿਲਾਂ ਤਿੰਨ ਮੁਕੱਦਮੇ ਹਨ, ਜਦਕਿ ਬਰਿੰਦਰ ਸਿੰਘ ਵਿਰੁੱਧ ਚਾਰ ਮੁਕੱਦਮੇ ਦਰਜ ਹਨ।

ਪੁਲਿਸ ਕਮਿਸ਼ਨਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅਪਰਾਧਿਕ ਗਤੀਵਿਧੀਆਂ ਪ੍ਰਤੀ ਜਲੰਧਰ ਪੁਲਿਸ ਦੇ ਜ਼ੀਰੋ-ਟੋਲਰੈਂਸ ਰੁਖ਼ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜਲੰਧਰ ਵਿੱਚ ਅਪਰਾਧੀਆਂ ਲਈ ਕੋਈ ਥਾਂ ਨਹੀਂ ਹੈ। ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਸਖ਼ਤ ਨਤੀਜੇ ਭੁਗਤਣੇ ਪੈਣਗੇ। ਮੁਲਜ਼ਮਾਂ ਦੇ ਪਿਛੋਕੜ ਅਤੇ ਹੋਰ ਸਬੰਧਾ ਬਾਰੇ ਤਫਤੀਸ਼ ਜਾਰੀ ਹੈ, ਇਨ੍ਹਾਂ ਨਾਲ ਜੁੜੇ ਵਿਅਕਤੀਆਂ ਨੂੰ ਬਖਸ਼ਿਆਂ ਨਹੀਂ ਜਾਵੇਗਾ।

ਇਹ ਕਾਰਵਾਈ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧ ਵਿਰੁੱਧ ਚੱਲ ਰਹੀ ਲੜਾਈ ਵਿੱਚ ਇੱਕ ਹੋਰ ਮੀਲ ਪੱਥਰ ਹੈ।

## ਪੰਜਾਬ ਦੀ ਧਰਤੀ ਉੱਤੇ ਨਸ਼ੇ ਦੀ ਤਸਕਰੀ ਨਹੀਂ ਕੀਤੀ ਜਾਵੇਗੀ ਬਰਦਾਸ਼ਤ : ਈ.ਟੀ.ਓ.




ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ) : ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਆਪਣੇ ਹਲਕੇ ਦੇ ਪਿੰਡਾਂ ਛਾਪਾ ਰਾਮ ਸਿੰਘ, ਲਾਲਕਾ ਨਗਰ, ਫਤਿਹਪੁਰ ਰਾਜਪੂਤਾਂ, ਨਾਜੋਆਣੀ, ਗੁਨੋਵਾਲ ਵਿਖੇ ਕੀਤੀਆਂ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਇਸ ਪਵਿੱਤਰ ਧਰਤੀ ਉੱਤੇ ਨਸ਼ੇ ਦੀ ਤਸਕਰੀ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ। ਉਹਨਾਂ ਕਿਹਾ ਕਿ ਨਸ਼ਾ ਵੇਚਣ ਵਾਲੇ ਚਾਹੇ ਕਿੰਨੀ ਵੀ ਤਾਕਤ ਰੱਖਦੇ ਹੋਣ, ਕਿਸੇ ਵੀ ਪਾਰਟੀ ਦੇ ਹੋਣ, ਉਹਨਾਂ ਦਾ ਅੰਤ ਜੇਲ੍ਹਾਂ ਵਿੱਚ ਹੀ ਹੋਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਿੱਧਾ ਸੁਨੇਹਾ ਹੈ ਕਿ ਨਸ਼ਾ ਵੇਚਣ ਵਾਲੇ ਜਾਂ ਤਾਂ ਪੰਜਾਬ ਛੱਡ ਜਾਣ ਜਾਂ ਨਸ਼ੇ ਦਾ ਧੰਦਾ ਛੱਡ ਜਾਣ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੀ ਸਮੁੱਚੀ ਲੀਡਰਸ਼ਿਪ ਇਸ ਗੱਲ ਲਈ ਦ੍ਰਿੜ ਹੈ ਕਿ ਨਸ਼ਾ ਤਸਕਰੀ ਵਾਲੇ ਦੀ ਕੋਈ ਸਿਫਾਰਸ਼ ਨਹੀਂ ਕਰੇਗਾ।

ਉਨ੍ਹਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਜੋ ਵਿਅਕਤੀ ਨਸ਼ਾ ਕਰਦੇ ਹਨ ਉਹ ਇਸ ਰੋਗ ਦੇ ਪੀੜਤ ਹਨ, ਉਹਨਾਂ ਨਾਲ ਵਿਤਕਰਾ ਨਾ ਕਰੋ, ਉਹਨਾਂ ਨਾਲ ਹਮਦਰਦੀ ਰੱਖਦੇ ਹੋਏ ਉਹਨਾਂ ਨੂੰ ਸਰਕਾਰੀ ਹਸਪਤਾਲ ਵਿੱਚ ਲੈ ਕੇ ਜਾਓ, ਜਿੱਥੇ ਉਹਨਾਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਉਸ ਦਾ ਸਾਰਾ ਖਰਚ ਕਰੇਗੀ।

ਕੈਬਨਿਟ ਮੰਤਰੀ ਨੇ ਸਾਰੇ ਪਿੰਡ ਵਾਸੀਆਂ ਨੂੰ ਇਸ ਗੱਲ ਦੀ ਸਹੁੰ ਵੀ ਚੁਕਾਈ ਕਿ ਉਹ ਨਾ ਤਾਂ ਨਸ਼ਾ ਵੇਚਣਗੇ ਅਤੇ ਨਾ ਹੀ ਨਸ਼ਾ ਵੇਚਣ ਵਾਲੇ ਦਾ ਸਾਥ ਦੇਣਗੇ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਖੇਡ ਉੱਨਾ ਚਿਰ ਹੀ ਸੀ ਜਿੰਨਾ ਚਿਰ ਤੁਸੀਂ ਡਟੇ ਨਹੀਂ ਸੀ, ਅੱਜ ਤੁਸੀਂ ਜਾਗ ਗਏ ਹੋ ਤਾਂ ਹੁਣ ਇਹਨਾਂ ਨੂੰ ਇਹ ਕੰਮ ਛੱਡਣਾ ਪਵੇਗਾ ਨਹੀਂ ਤਾਂ ਇਹਨਾਂ ਨੂੰ ਜੇਲ੍ਹ ਜਾਣਾ ਪਵੇਗਾ। ਇਸ ਮੌਕੇ ਪਿੰਡਾਂ ਦੇ ਮੋਹਤਬਰਾਂ ਤੋਂ ਇਲਾਵਾ ਆਮ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਅਤੇ ਬੜੇ ਉਤਸ਼ਾਹ ਦੇ ਨਾਲ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਭਾਗ ਲਿਆ।

## ਨਸ਼ਾ ਵੇਚਣ ਵਾਲਿਆਂ ਨੂੰ ਜੂਹਾਂ ਛੁਡਾ ਦਿਆਂਗੇ ਪੰਜਾਬ ਦੀਆਂ : ਧਾਲੀਵਾਲ




ਅਜਨਾਲਾ, 25 ਮਈ (ਸੁਖਦੇਵ ਸਿੰਘ ਖਾਲਸਾ) : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਹਲਕੇ ਦੇ ਪਿੰਡਾਂ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਪੰਜ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਹਿੱਸਾ ਲੈਂਦੇ ਨਸ਼ੇ ਦੇ ਸੌਦਾਗਰਾਂ ਨੂੰ ਸਖਤ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਲਈ ਪੰਜਾਬ ਵਿੱਚ ਹੁਣ ਕੋਈ ਥਾਂ ਨਹੀਂ ਹੈ। ਉਹਨਾਂ ਕਿਹਾ ਕਿ ਇਹ ਧੰਦਾ ਪਿਛਲੀਆਂ ਸਰਕਾਰਾਂ ਦੇ ਕੁਝ ਮੰਤਰੀਆਂ, ਵਿਧਾਇਕਾਂ ਦੀ ਮਿਲੀ ਭੁਗਤ ਨਾਲ ਚੱਲਦਾ ਰਿਹਾ ਹੈ, ਪਰ ਅਸੀਂ ਇਹਨਾਂ ਲੋਕਾਂ ਨੂੰ ਪੰਜਾਬ ਦੀਆਂ ਜੂਹਾਂ ਛੁਡਾ ਦਿਆਂਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਨੇਹਾ ਬਹੁਤ ਸਪੱਸ਼ਟ ਹੈ ਕਿ ਜਾਂ ਤਾਂ ਇਹ ਲੋਕ ਆਪਣਾ ਕੰਮ ਛੱਡ ਜਾਣ ਜਾਂ ਪੰਜਾਬ ਛੱਡ ਜਾਣ, ਇਸ ਤੋਂ ਵਿਚਾਲੇ ਕੋਈ ਗੱਲ ਨਹੀਂ। ਉਹਨਾਂ ਕਿਹਾ ਕਿ ਸਾਡੀ ਪਾਰਟੀ ਦਾ ਕੋਈ ਨੇਤਾ, ਕੋਈ ਵਜ਼ੀਰ, ਕੋਈ ਸਰਪੰਚ ਨਸ਼ਾ ਵੇਚਣ ਵਾਲਿਆਂ ਦੀ ਥਾਣੇ ਵਿੱਚ ਜ਼ਾਮਨੀ ਨਹੀਂ ਭਰੂਗਾ, ਸਿਫਾਰਿਸ਼ ਤਾਂ ਦੂਰ ਦੀ ਗੱਲ ਹੈ।

ਉਹਨਾਂ ਕਿਹਾ ਕਿ ਪੰਜਾਬ ਪੁਲਿਸ ਨੇ ਨਸ਼ੇ ਦੇ ਵਪਾਰੀਆਂ ਉੱਤੇ ਬਹੁਤ ਸਖਤੀ ਕੀਤੀ ਹੋਈ ਹੈ। ਨਸ਼ਾ ਵੇਚਣ ਵਾਲੇ ਲਗਾਤਾਰ ਜੇਲ੍ਹਾਂ ਵਿੱਚ ਸੁੱਟੇ ਜਾ ਰਹੇ ਹਨ ਅਤੇ ਇਹਨਾਂ ਵੱਲੋਂ ਦੋ ਨੰਬਰ ਦੀ ਕਮਾਈ ਕਰਕੇ ਜੋ ਜਾਇਦਾਦਾਂ ਖੜ੍ਹੀਆਂ ਕੀਤੀਆਂ ਗਈਆਂ ਹਨ, ਉਹਨਾਂ ਨੂੰ ਜਾਂ ਤਾਂ ਸਰਕਾਰ ਕਬਜ਼ੇ ਵਿੱਚ ਲੈ ਰਹੀ ਹੈ ਜਾਂ ਮਲੀਆ ਮੇਟ ਕੀਤੀਆਂ ਜਾ ਰਹੀਆਂ ਹਨ।

ਕੈਬਨਿਟ ਮੰਤਰੀ ਨੇ ਅੱਜ ਪਿੰਡ ਸਾਹਲੀਵਾਲ , ਸੈਦਪੁਰ ਖੁਰਦ, ਮੱਝੀਮੀਆਂ, ਸੈਦੋਗਾਜੀ ਅਤੇ ਰਾਜਪੁਰ ਕਲਾਂ ਵਿੱਚ ਨਸ਼ਾ ਮੁਕਤੀ ਨੂੰ ਲੈ ਕੇ ਭਰਵੀਆਂ ਯਾਤਰਾ ਕੀਤੀਆਂ, ਜਿਸ ਵਿੱਚ ਸਥਾਨਕ ਲੋਕਾਂ ਨੇ ਬੜੇ ਜੋਸ਼ ਦੇ ਨਾਲ ਹਿੱਸਾ ਲੈਂਦਿਆਂ ਨਸ਼ੇ ਨੂੰ ਆਪਣੇ ਪਿੰਡਾਂ ਵਿੱਚੋਂ ਖਤਮ ਕਰਨ ਦਾ ਪ੍ਰਣ ਕੀਤਾ।

ਧਾਲੀਵਾਲ ਨੇ ਕਿਹਾ ਕਿ ਨਸ਼ਾ ਖਤਮ ਕਰ ਲਈ ਦੋ ਚੀਜ਼ਾਂ ਦੀ ਲੋੜ ਹੈ, ਇੱਕ ਸਰਕਾਰ ਦੀ ਇੱਛਾ ਅਤੇ ਦੂਸਰਾ ਤੁਹਾਡਾ ਪਿੰਡਾਂ ਵਾਲਿਆਂ ਦਾ ਸਹਿਯੋਗ। ਸੋ ਹੁਣ ਤੁਸੀਂ ਉੱਠ ਖੜ੍ਹੇ ਹੋਏ ਹੋ, ਹੁਣ ਨਸ਼ਾ ਬਹੁਤੇ ਦਿਨ ਪੰਜਾਬ ਵਿੱਚ ਟਿਕਣਾ ਨਹੀਂ।

ਉਹਨਾਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਉਹ ਆਪਣੇ ਆਲੇ ਦੁਆਲੇ,ਆਂਡ ਗਵਾਂਡ ਜਾਂ ਰਿਸ਼ਤੇਦਾਰੀਆਂ ਵਿੱਚ ਜੋ ਵੀ ਵਿਅਕਤੀ ਨਸ਼ਾ ਕਰਦਾ ਹੈ, ਉਸ ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚੋਂ ਕਰਵਾਉਣ, ਜਿੱਥੇ ਕਿ ਬਿਲਕੁਲ ਮੁਫਤ ਇਲਾਜ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਇਹਨਾਂ ਲੋਕਾਂ ਨਾਲ ਹਮਦਰਦੀ ਦੀ ਲੋੜ ਹੈ, ਕਿਉਂਕਿ ਇਹ ਨਸ਼ੇ ਦੇ ਰੋਗੀ ਹਨ, ਗਲਤ ਸੰਗਤ ਵਿੱਚ ਪੈ ਗਏ ਹਨ ਪਰ ਹੁਣ ਇਹਨਾਂ ਨੂੰ ਆਪਾਂ ਹਸਪਤਾਲਾਂ ਵਿੱਚੋਂ ਇਲਾਜ ਕਰਵਾ ਕੇ ਦੁਬਾਰਾ ਨਵੇਂ ਜ਼ਿੰਦਗੀ ਦਈਏ।

## ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਐਲਾਨਿਆ



ਅੰਮ੍ਰਿਤਸਰ, 25 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਸਾਲਾਨਾ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਅਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਤੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਧਾਰਮਿਕ ਪ੍ਰੀਖਿਆ ਦੇ ਪਹਿਲੇ ਅਤੇ ਦੂਜੇ ਦਰਜੇ ਦਾ ਨਤੀਜਾ ਜਾਰੀ ਕੀਤਾ ਜਾ ਚੁੱਕਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਦੱਸਿਆ ਕਿ ਫਰਵਰੀ 2025 ਵਿੱਚ ਤੀਜੇ ਅਤੇ ਚੌਥੇ ਦਰਜੇ ਦੀ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ 5696 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 130 ਵਿਦਿਆਰਥੀਆਂ ਨੇ ਵਜ਼ੀਫਾ ਪ੍ਰਾਪਤ ਕੀਤਾ ਹੈ। ਮੈਰਿਟ ਵਿਚ ਆਏ ਇਨ੍ਹਾਂ ਪ੍ਰੀਖਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 4 ਲੱਖ 15 ਹਜ਼ਾਰ ਰੁਪਏ ਦੀ ਵਜ਼ੀਫਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਪ੍ਰੀਖਿਆਰਥੀਆਂ ਨੂੰ ਕਰਮਵਾਰ 5100, 4100 ਅਤੇ 3100 ਰੁਪਏ ਦੀ ਵਿਸ਼ੇਸ਼ ਇਨਾਮੀ ਰਾਸ਼ੀ ਦਿੱਤੀ ਜਾਵੇਗੀ ਅਤੇ ਪਾਸ ਹੋਣ ਵਾਲਿਆਂ ਨੂੰ ਮੈਡਲ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਸੈਸ਼ਨ 2023-25 ਦੇ ਦੂਜੇ ਸਾਲ ਅਤੇ ਸੈਸ਼ਨ 2024-26 ਦੇ ਪਹਿਲੇ ਸਾਲ ਦਾ ਨਤੀਜਾ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿਚ ਮੈਰਿਟ 'ਚ ਆਏ 30 ਵਿਦਿਆਰਥੀਆਂ ਨੂੰ ਵਜ਼ੀਫਾ ਰਾਸ਼ੀ ਦਿੱਤੀ ਜਾਵੇਗੀ।

## ਸੜਕ ਨਿਰਮਾਣ ਦਾ ਕੀਤਾ ਉਦਘਾਟਨ



ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ) : ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੇ ਅੱਜ ਉੱਤਰੀ ਵਿਧਾਨ ਸਭਾ ਹਲਕੇ ਵਿੱਚ ਭਗਤ ਕਬੀਰ ਜੀ ਮਾਰਗ 'ਤੇ ਸੜਕ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਕਰਮਜੀਤ ਸਿੰਘ ਰਿੰਟੂ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਦਾ ਕੰਮ ਇੱਥੋਂ ਸ਼ੁਰੂ ਹੋਵੇਗਾ ਅਤੇ ਅੰਬੇਡਕਰ ਚੌਂਕ, ਫਤਿਹਗੜ੍ਹ ਚੂੜੀਆਂ ਰੋਡ, ਖੰਡੇ ਵਾਲਾ ਚੌਂਕ, ਮਜੀਠਾ ਰੋਡ ਤੋਂ ਹੁੰਦਾ ਹੋਇਆ ਮਾਤਾ ਕੌਲਾਂ ਮਾਰਗ ਤੱਕ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜੋ ਕਿ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਜੰਗ, ਸਿੱਖਿਆ ਕ੍ਰਾਂਤੀ ਅਤੇ ਸਫਾਈ ਮੁਹਿੰਮ ਲਗਾਤਾਰ ਚਲਾ ਰਹੀ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਿਅੰਕਾ ਸ਼ਰਮਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ, ਹਰ ਰੋਜ਼ ਨਿਗਮ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕੌਂਸਲਰ ਬੌਬੀ, ਰਿਤੇਸ਼ ਸ਼ਰਮਾ, ਵਿਸ਼ਾਖਾ ਸਿੰਘ, ਬਲਵਿੰਦਰ ਸਿੰਘ ਕਾਲਾ, ਅਨੀਕ ਸਿੰਘ, ਪ੍ਰਣਵ ਧਵਨ, ਸਾਹਿਲ ਸਾਗਰ, ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਅਤੇ ਨਗਰ ਨਿਗਮ ਦੇ ਅਧਿਕਾਰੀ ਮੌਜੂਦ ਸਨ।

## ਯੂਨੀਵਰਸਿਟੀ ਵਿੱਚ ਗੁਰਮਤਿ ਸੰਗੀਤ ਡਿਗਰੀ ਕੋਰਸ ਮੁੜ ਸ਼ੁਰੂ ਕਰਨ ਲਈ ਦਿੱਤਾ ਮੰਗ ਪੱਤਰ



ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ) : ਰਾਗਾਂ ਦੀ ਦੁਨੀਆਂ ਵਿੱਚ ਤੰਤੀ ਸਾਜ਼ਾਂ ਦਾ ਆਪਣਾ ਹੀ ਮੁਕਾਮ ਹੈ, ਖਾਸਕਰ ਗੁਰਬਾਣੀ ਕੀਰਤਨ ਦਾ ਇਨ੍ਹਾਂ ਨਾਲ ਅਟੁੱਟ ਰਿਸ਼ਤਾ ਹੈ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਤੰਤੀ ਸਾਜ਼ਾਂ 'ਤੇ ਤਬਲੇ ਦੀ ਖਾਸ ਕਰਕੇ ਡਿਗਰੀ ਕਰਵਾਈ ਜਾਂਦੀ ਸੀ। ਹੁਣ ਯੂਨੀਵਰਸਿਟੀ ਵਿੱਚ ਗੁਰਮਤਿ ਸੰਗੀਤ ਤੇ ਤਬਲਾ ਵਾਦਕ ਦੇ ਡਿਗਰੀ ਕੋਰਸ ਨਹੀਂ ਕਰਵਾਏ ਜਾ ਰਹੇ। ਜਿਸ ਨੂੰ ਲੈ ਕੇ ਸਿੱਖ ਵਿਦਿਆਰਥੀਆਂ ਵਿੱਚ ਰੋਸ ਦੇਖਣ ਨੂੰ ਮਿਲ ਰਿਹਾ। ਸਿੱਖ ਵਿਦਿਆਰਥੀਆਂ ਵੱਲੋਂ ਇਸ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪਹੁੰਚ ਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਮ 'ਤੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਵਿੱਚ ਉਹਨਾਂ ਜਥੇਦਾਰ ਨੂੰ ਨਿੱਜੀ ਦਖਲ ਦੇ ਕੇ ਮਾਮਲੇ ਨੂੰ ਗੰਭੀਰਤਾ ਨਾਲ ਹਲ ਕਰਵਾਉਣ ਲਈ ਬੇਨਤੀ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦਿਆਰਥੀਆਂ ਨੇ ਦੱਸਿਆ ਕਿ ਤੰਤੀ ਸਾਜ ਗੁਰਮਤਿ ਦਾ ਇੱਕ ਅਨਿੱਖੜਵਾਂ ਅੰਗ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇਸ ਨੂੰ ਪਹਿਲ ਨਹੀਂ ਦਿੱਤੀ ਜਾ ਰਹੀ ਅਤੇ ਦੂਸਰੇ ਸਬਜੈਕਟਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਇੱਕ ਗੁਰੂ ਨਗਰੀ ਹੈ ਅਤੇ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਈ ਨਗਰੀ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਸ਼ਤਾਬਦੀ ਨੂੰ ਸਮਰਪਿਤ ਇਹ ਯੂਨੀਵਰਸਿਟੀ ਹੈ। ਗੁਰੂ ਨਗਰੀ ਵਿੱਚ ਗੁਰਮਤਿ ਵਿੱਦਿਆ ਨੂੰ ਵਾਂਝੇ ਕਰਨਾ ਬੜੇ ਦੁੱਖ ਦੀ ਗੱਲ ਹੈ। ਇਸ ਲਈ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲਣ ਪਹੁੰਚੇ ਹਾਂ ਅਤੇ ਮੰਗ ਕਰਦੇ ਹਾਂ ਕਿ ਇਸ ਮਾਮਲੇ ਵਿੱਚ ਉਹਨਾਂ ਦਾ ਸਹਿਯੋਗ ਕੀਤਾ ਜਾਵੇ। ਸਿੱਖ ਜਥੇਬੰਦੀਆਂ ਨੂੰ ਵੀ ਇਸ ਮਾਮਲੇ ਵਿਚ ਸਹਿਯੋਗ ਕਰਨ ਲਈ ਬੇਨਤੀ ਕਰਦੇ ਹਾਂ ਤਾਂ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਹੀ ਗੁਰਮਤਿ ਸੰਗੀਤ ਤੇ ਤਬਲਾ ਵਾਦਕ ਦੀ ਡਿਗਰੀ ਵਿਦਿਆਰਥੀਆਂ ਨੂੰ ਹਾਸਲ ਹੋ ਸਕੇ। ਇਸ ਮੌਕੇ ਜਗਮਨਪ੍ਰੀਤ ਸਿੰਘ, ਹਰਮਨਜੀਤ ਸਿੰਘ, ਬੀਰਕਮਲਪ੍ਰੀਤ ਸਿੰਘ, ਗੁਰਸੇਵਕ ਸਿੰਘ, ਪ੍ਰਭਜੀਤ ਸਿੰਘ, ਏਕਮਪ੍ਰੀਤ ਸਿੰਘ, ਜੁਗਰਾਜ ਸਿੰਘ ਆਦਿ ਮੌਜੂਦ ਸਨ।

## ਰੋਟਰੀ ਕਲੱਬ ਵੱਲੋਂ ਟਾਪਰ ਵਿਦਿਆਰਥੀਆਂ ਦਾ ਨਗਦ ਰਾਸ਼ੀ ਦੇ ਕੇ ਸਨਮਾਨ



ਅਜਨਾਲਾ, 25 ਮਈ, (ਸੁਖਦੇਵ ਸਿੰਘ ਖਾਲਸਾ) : ਰੋਟਰੀ ਕਲੱਬ ਅੰਮ੍ਰਿਤਸਰ, ਆਸਥਾ ਦੀ ਸਮੁੱਚੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਦੇਵ ਕਲਾਂ ਦਾ ਦੌਰਾ ਕੀਤਾ ਗਿਆ। ਰੋਟਰੀ ਕਲੱਬ ਦੇ ਪ੍ਰਧਾਨ ਡਾ. ਰਣਬੀਰ ਬੇਰੀ, ਸਾਬਕਾ ਪ੍ਰਧਾਨ ਅਮਨ ਸ਼ਰਮਾ, ਜ਼ੋਨਲ ਚੇਅਰਮੈਨ ਐਚ .ਐਸ. ਯੋਗੀ, ਸਾਬਕਾ ਜ਼ੋਨਲ ਚੇਅਰਮੈਨ ਜਤਿੰਦਰ ਸਿੰਘ ਪੱਪੂ, ਸਹਾਇਕ ਗਵਰਨਰ ਅਸ਼ੋਕ ਸ਼ਰਮਾ, ਜਿਲ੍ਹਾ ਟੀਮ ਮੈਂਬਰ ਪਰਮਜੀਤ ਸਿੰਘ, ਮਨਮੋਹਨ ਸਿੰਘ, ਦਵਿੰਦਰ ਸਿੰਘ, ਪ੍ਰੋਜੈਕਟ ਚੇਅਰਮੈਨ ਸਰਦਾਰ ਬਲਦੇਵ ਸਿੰਘ ਸੰਧੂ, ਅਸਿਸਟੈਂਟ ਗਵਰਨਰ ਸ੍ਰੀ ਅਸ਼ਵਨੀ ਅਵਸਥੀ 25-26, ਸਰਦਾਰ ਹੁਸ਼ਿਆਰ ਸਿੰਘ ਝੰਡੇਰ ਨੰਬਰਦਾਰ ਯੂਨੀਅਨ ਪੰਜਾਬ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਆਦਿ ਰੋਟਰੀ ਕਲੱਬ ਅੰਮ੍ਰਿਤਸਰ,ਆਸਥਾ ਦੇ ਮੈਂਬਰ ਹਾਜ਼ਰ ਸਨ। ਸ੍ਰੀ ਅਸ਼ਵਨੀ ਅਵਸਥੀ ਜੀ ਨੇ ਆਪਣੀ ਧਰਮ ਪਤਨੀ ਅਤੇ ਇਸ ਸਕੂਲ ਵਿੱਚ ਅੰਗਰੇਜ਼ੀ ਦੇ ਅਧਿਆਪਕ ਰਹਿ ਚੁੱਕੇ ਸਵਰਗਵਾਸੀ ਮੈਡਮ ਸ੍ਰੀਮਤੀ ਮੋਨਿਕਾ ਸ਼ਰਮਾ ਦੀ ਯਾਦ ਵਿੱਚ ਸਕੂਲ ਦੇ ਅੱਠਵੀਂ, ਦਸਵੀਂ ਅਤੇ 12ਵੀਂ ਜਮਾਤ ਦੇ ਟੌਪਰ ਵਿਦਿਆਰਥੀਆਂ ਨੂੰ 5100 ,5100 ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਅੱਠ ਵਿਦਿਆਰਥੀਆਂ ਨੂੰ ਕੰਸੋਲੇਸ਼ਨ ਇਨਾਮ ਵਜੋਂ 1100-1100 ਰੁਪਏ ਦੀ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਭਵਿੱਖ ਵਿੱਚ ਵੀ ਇਸ ਇਨਾਮ ਰਾਸ਼ੀ ਨੂੰ ਚਾਲੂ ਰੱਖਣ ਦਾ ਭਰੋਸਾ ਦਿੱਤਾ। ਬ੍ਰਿਗੇਡੀਅਰ ਜੀ. ਐੱਸ.ਸੰਧੂ ਅਤੇ ਪ੍ਰਿੰਸੀਪਲ ਸਰਦਾਰ ਬਲਦੇਵ ਸਿੰਘ ਸੰਧੂ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ 500 ਕਾਪੀਆਂ ਦਿੱਤੀਆਂ ਗਈਆਂ।

ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਰਜਿੰਦਰ ਕੌਰ ਨੇ ਰੋਟਰੀ ਕਲੱਬ ਦੇ ਸਾਰੇ ਮੈਂਬਰਾਂ ਦਾ ਸਕੂਲ ਵਿੱਚ ਆਉਣ ਤੇ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਕਮਿਟਰੀ ਲੈਕਚਰਾਰ ਅਤੇ ਰੋਟਰੀ ਕਲੱਬ ਦੇ ਮੈਂਬਰ ਚੰਦਰ ਮੋਹਨ ਗੁਪਤਾ, ਗੁਰਿੰਦਰਜੀਤ ਸਿੰਘ, ਰੀਤੂ ਸ਼ਰਮਾ, ਬਲਤੇਜ ਸਿੰਘ, ਸੁਖਰਾਜ ਸਿੰਘ, ਸ੍ਰੀਮਤੀ ਹਰਜੀਤ ਕੌਰ, ਰਿੰਪਲ ਚੌਧਰੀ, ਗੁਰਜੀਤ ਸਿੰਘ, ਵੀਰਨ ਬਾਲਾ , ਸੁਰਿੰਦਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ।

## ਜ਼ੋਨਲ ਪੱਧਰੀ ਸ਼ਤਰੰਜ ਮੁਕਾਬਲੇ ਕਰਵਾਏ



ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ) : ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ਼ ਐਕਸੀਲੈਂਸ ਵਿਖੇ ਸੀ.ਆਈ.ਐਸ.ਸੀ.ਈ ਅੰਮ੍ਰਿਤਸਰ ਤਰਨਤਾਰਨ ਜ਼ੋਨਲ ਲੈਵਲ ਸ਼ਤਰੰਜ ਪ੍ਰਤੀਯੋਗਤਾ ਦਾ ਆਯੋਜਨ ਕਰਵਾਇਆ ਗਿਆ। ਇਸ ਵਿਚ 20 ਸਕੂਲਾਂ ਦੀਆਂ ਟੀਮਾਂ ਵਿੱਚ ਵਰਗ 14, 17 ਅਤੇ 19 ਦੇ 168 ਲੜਕੇ-ਲੜਕੀਆਂ ਨੇ ਭਾਗ ਲਿਆ। ਇਸ ਮੌਕੇ ਤੇ ਵਿਸ਼ੇਸ਼ ਮਹਿਮਾਨਾਂ ਵਜੋਂ ਪੁੱਜੇ ਸਕੂਲ ਦੇ ਮੈਂਬਰ ਇੰਚਾਰਜ ਸਰਜੋਤ ਸਿੰਘ ਸਾਹਨੀ, ਹਰਜੀਤ ਸਿੰਘ ਸੱਚਦੇਵਾ, ਪ੍ਰਿਤਪਾਲ ਸਿੰਘ ਨਰੂਲਾ, ਹੰਸਬੀਰ ਸਿੰਘ ਵੱਲੋਂ ਬੱਚਿਆਂ ਨੂੰ ਖੇਡਣ ਪ੍ਰਤੀ ਪ੍ਰੇਰਿਤ ਕਰਕੇ ਟੂਰਨਾਮੈਂਟ ਦਾ ਆਗਾਜ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਕਾਲਰਾ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਸਮਾਗਮ ਦਾ ਆਰੰਭ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਗਾਇਨ ਰਾਹੀਂ ਕੀਤਾ ਗਿਆ।ਲੜਕਿਆਂ ਵਿੱਚੋਂ ਵੱਖ-ਵੱਖ ਉਮਰ ਵਰਗਾਂ ਤਹਿਤ ਪੰਜਾਬ ਚਿਲਡਰਨ ਅਕੈਡਮੀ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਸੰਤ ਐਵੀਨਿਊ ਅਤੇ ਹੋਲੀ ਹਾਰਟ ਪ੍ਰਜੀਡੈਂਸੀ ਸਕੂਲ ਦੀਆਂ ਟੀਮਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਵਿੱਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਸੰਤ ਐਵੀਨਿਊ, ਸੈਕਰੇਡ ਹਾਰਟ ਅਤੇ ਪੰਜਾਬ ਚਿਲਡਰਨ ਅਕੈਡਮੀ ਦੀਆਂ ਟੀਮਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਤ ਵਿੱਚ ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਵੱਲੋਂ ਆਏ ਹੋਏ ਵਿਦਿਆਰਥੀਆਂ, ਮੁੱਖ ਮਹਿਮਾਨਾਂ ਅਤੇ ਸਟਾਫ਼ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਮਨਾਇਆ ਮਾਂ ਦਿਵਸ




ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਮਾਂ ਦਿਵਸ ਦੇ ਵਿਸ਼ੇਸ਼ ਮੌਕੇ 'ਤੇ ਮਾਵਾਂ ਦਾ ਸਨਮਾਨ ਕਰਦੇ ਹੋਏ ਮਾਵਾਂ ਦਾ ਦਿਹਾੜਾ ਮਨਾਇਆ ਗਿਆ। ਇਸ ਦਿਨ ਸ਼੍ਰੀਮਤੀ ਅਨੀਤਾ ਸਿਡਾਨਾ ਪ੍ਰਿੰਸੀਪਲ ਸਰਕਾਰੀ ਸਕੂਲ ਤਰਨ ਤਾਰਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਵੱਲੋਂ ਉਨ੍ਹਾਂ ਦਾ ਫੁੱਲਾਂ ਨਾਲ ਨਿੱਘਾ ਸਵਾਗਤ ਕੀਤਾ ਗਿਆ। ਇਸ ਵਿਸ਼ੇਸ਼ ਦਿਨ 'ਤੇ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਲਈ ਆਪਣੇ ਪਿਆਰ ਅਤੇ ਸ਼ੁਕਰਗੁਜ਼ਾਰੀ ਨੂੰ ਦਰਸਾਉਂਦੇ ਹੋਏ ਜੋਸ਼ੀਲੇ ਸੱਭਿਆਚਾਰਕ ਪ੍ਰਦਰਸ਼ਨਾਂ ਨਾਲ ਸਟੇਜ ਨੂੰ ਸਜਾਇਆ। ਇਸ ਮੌਕੇ ਪੇਪਰ ਡਾਂਸ ਅਤੇ ਸੰਗੀਤਕ ਕੁਰਸੀਆਂ ਵਰਗੀਆਂ ਦਿਲਚਸਪ ਖੇਡਾਂ ਨਾਲ ਮੰਨੋਰੰਜਨ ਜਾਰੀ ਰਿਹਾ, ਜੋ ਹਾਜ਼ਰ ਮਾਵਾਂ ਨੂੰ ਖੁਸ਼ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ।

ਸੁੰਦਰਤਾ ਨੂੰ ਜੋੜਦੇ ਹੋਏ, ਮਾਵਾਂ ਦੀ ਵਿਸ਼ੇਸ਼ਤਾ ਵਾਲੇ ਇੱਕ ਮਾਡਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੂੰ ਵੱਖ-ਵੱਖ ਖਿਤਾਬ ਦਿੱਤੇ ਗਏ।

ਜੋਸ਼ੀਲੇ ਜਸ਼ਨਾਂ ਤੋਂ ਇਲਾਵਾ, ਵਿਦਿਆਰਥੀਆਂ ਨੂੰ ਆਪਣੀਆਂ ਮਾਵਾਂ ਪ੍ਰਤੀ ਅਨੇਕ ਤਰੀਕਿਆਂ ਨਾਲ ਧੰਨਵਾਦ ਕਰਨ ਲਈ ਸ਼ਾਮਲ ਕਰਨ ਲਈ ਵੱਖ-ਵੱਖ ਕਲਾਸ-ਵਾਰ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਪਲੇਪੇਨ ਤੋਂ ਲੈ ਕੇ ਕਲਾਸ ਨਰਸਰੀ ਤੱਕ ਦੀਆਂ ਮਾਵਾਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਬੱਚਿਆਂ ਦੇ ਅੰਦਰੂਨੀ ਹੁਨਰ ਨੂੰ ਉਜਾਗਰ ਕਰਨ ਲਈ ਨਵੀਆਂ ਰਣਨੀਤੀਆਂ 'ਤੇ ਵਿਚਾਰ ਵਟਾਂਦਰੇ ਕੀਤੇ ਗਏ ।ਇਹਨਾਂ ਵਿਚਾਰਸ਼ੀਲ ਗਤੀਵਿਧੀਆਂ ਨੇ ਜਸ਼ਨ ਨੂੰ ਵਧਾਇਆ । ਚੀਫ਼ ਖ਼ਾਲਸਾ ਦੀਵਾਨ ਅਧੀਨ ਅੱਠਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਵਿੱਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ ।ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਜੀ, ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਜੀ ਨੇ ਮਾਵਾਂ ਨੂੰ ਸਮਾਜ ਦੀ ਮਜ਼ਬੂਤੀ ਦੀ ਨੀਂਹ ਮੰਨਦਿਆਂ ਸਾਰੀਆਂ ਮਾਵਾਂ ਦੇ ਅਟੁੱਟ ਪਿਆਰ ਅਤੇ ਸਮਰਪਣ ਲਈ ਤਹਿ ਦਿਲੋਂ ਧੰਨਵਾਦ ਕੀਤਾ ।ਉਨ੍ਹਾਂ ਨੇ ਸਮੂਹ ਮਾਵਾਂ ਨੂੰ ਤਿਆਗ, ਮਮਤਾ ਤੇ ਪਿਆਰ ਦੀ ਮੂਰਤ ਕਹਿੰਦਿਆਂ ਹੋਇਆਂ ਸਤਿਕਾਰ ਦਿੱਤਾ ਅਤੇ ਉਹਨਾਂ ਦੇ ਅਣਮੁੱਲੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਕਿਹਾ ਕਿ ਮਾਵਾਂ ਦੇ ਸਹਿਯੋਗ ਨਾਲ ਹੀ ਸਾਡੇ ਸਮਾਜ ਦਾ ਤਾਣਾ-ਬਾਣਾ ਨਿਖਰਦਾ ਹੈ।ਸਕੂਲ ਦੇ ਮੈਂਬਰ ਇੰਚਾਰਜ ਸ.ਨਵਜੋਤ ਸਿੰਘ ਜੀ , ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਜੀ ਨੇ ਮਾਵਾਂ ਦੇ ਬੇਅੰਤ ਪਿਆਰ ਅਤੇ ਪਾਲਣ ਪੋਸ਼ਣ ਦੀ ਭਾਵਨਾ ਨੂੰ ਮਾਨਤਾ ਦਿੰਦੇ ਹੋਏ ਉਹਨਾਂ ਦੀ ਦਿਲੋਂ ਪ੍ਰਸ਼ੰਸਾ ਕੀਤੀ। ਜੋ ਸਾਡੇ ਦੇਸ਼ ਦੀ ਕਿਸਮਤ ਨੂੰ ਆਕਾਰ ਦਿੰਦਾ ਹੈ। ਉਹਨਾਂ ਨੇ ਸਾਰੀਆਂ ਮਾਵਾਂ ਦਾ ਉਹਨਾਂ ਦੇ ਅਟੁੱਟ ਸਮੱਰਥਨ ਅਤੇ ਪਿਆਰ ਲਈ ਤਹਿ ਦਿਲੋਂ ਧੰਨਵਾਦ ਕੀਤਾ। ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਨੇ ਸਾਰੀਆਂ ਮਾਵਾਂ ਨੂੰ ਸਕੂਲ ਦੇ ਭਾਈਚਾਰੇ ਨੂੰ ਅਕਾਰ ਦੇਣ ਅਤੇ ਉਹਨਾਂ ਦੇ ਬੱਚਿਆਂ ਦੇ ਵਿਕਾਸ ਲਈ ਇੱਕ ਪੌਸ਼ਟਿਕ ਵਾਤਾਵਰਣ ਬਣਾਉਣ ਵਿੱਚ ਉਹਨਾਂ ਦੀ ਅਮੁੱਲ ਭੂਮਿਕਾ ਲਈ ਧੰਨਵਾਦ ਕੀਤਾ ।

## ਸਿਵਲ ਹਸਪਤਾਲ ਵਿਖੇ ਅੰਤਰਰਾਸ਼ਟਰੀ ਨਰਸਿੰਗ ਦਿਵਸ ਸਮਾਗਮ ਕਰਵਾਇਆ




ਬਾਬਾ ਬਕਾਲਾ, 25 ਮਈ, (ਬਲਰਾਜ ਸਿੰਘ ਰਾਜਾ) : ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਨਰਸਿੰਗ ਦਿਵਸ 'ਤੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਐਸਐਮਓ ਸਰਵਨਜੀਤ ਧਵਨ, ਐਸਐਮਓ ਰਸ਼ਮੀ ਵਿੱਜ, ਰਾਜ ਕੌਰ, ਡੀਐਚਐਸ ਪ੍ਰਧਾਨ ਕੰਵਲਜੀਤ ਕੌਰ ਨੇ ਕੀਤੀ। ਇਸ ਦੌਰਾਨ ਐਸ.ਐਮ.ਓ. ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਨਰਸਿੰਗ ਸਟਾਫ਼ ਹਸਪਤਾਲ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਇਸ ਮੌਕੇ 'ਤੇ ਨਰਸਿੰਗ ਸਟਾਫ਼ ਨੂੰ ਵੀ ਵਧਾਈ ਦਿੱਤੀ। ਜਿਸ ਤੋਂ ਬਾਅਦ ਡੀਐਚਐਸ ਯੂਨੀਅਨ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਇਕੱਠੇ ਕੰਮ ਕਰਨ ਅਤੇ ਸਰਕਾਰ ਤੋਂ ਮੰਗਾਂ ਮੰਨਣ ਨੂੰ ਮਹੱਤਵ ਦਿੱਤਾ ਗਿਆ। ਮੀਟਿੰਗ ਵਿੱਚ ਯੂਨਿਟ ਦੀ ਮੀਤ ਪ੍ਰਧਾਨ ਹਰਜੀਤ ਕੌਰ ਭੁੱਲਰ ਅਤੇ ਪ੍ਰਧਾਨ ਓਆਰਐਮਈ ਰਮਨਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

## ਵਿਧਾਇਕ ਨੇ ਸ਼ਹਿਰ ਦੀਆਂ 10ਵੀਂ ਅਤੇ 10+2 ਦੀਆਂ ਟੌਪਰ ਵਿਦਿਆਰਥਣਾਂ ਦੇ ਘਰ ਜਾ ਕੇ ਕੀਤਾ ਸਨਮਾਨਿਤ



ਅੰਮ੍ਰਿਤਸਰ, 25 ਮਈ, (ਬਬਲੂ ਮਹਾਜਨ) : ਅੰਮ੍ਰਿਤਸਰ ਹਲਕਾ ਦੱਖਣੀ. ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਅੱਜ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਕੋਟ ਬਾਬਾ ਦੀਪ ਸਿੰਘ ਦੀਆਂ ਹੋਣਹਾਰ ਵਿਦਿਆਰਥਣਾਂ ਪਰੀ ਅਤੇ ਮਿਹਰਪ੍ਰੀਤ ਕੌਰ ਦੇ ਘਰ ਜਾ ਕੇ ਉਨ੍ਹਾਂ ਦੀ ਉਪਲੱਬਧੀ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ।ਵਿਦਿਆਰਥਣ ਪਰੀ ਨੇ 10+2 ਦੇ ਨਤੀਜਿਆਂ ਵਿੱਚ ਅੰਮ੍ਰਿਤਸਰ ਜਿਲ੍ਹੇ 'ਚ ਪਹਿਲਾ ਸਥਾਨ ਅਤੇ ਪੰਜਾਬ 'ਚ ਛੇਵਾਂ ਰੈਂਕ ਹਾਸਲ ਕਰਕੇ ਆਪਣੇ ਸਕੂਲ ਅਤੇ ਹਲਕੇ ਦਾ ਮਾਣ ਵਧਾਇਆ।ਦੂਜੇ ਪਾਸੇ ਮਿਹਰਪ੍ਰੀਤ ਕੌਰ , ਜੋ ਕਿ 10ਵੀਂ ਕਲਾਸ ਦੀ ਵਿਦਿਆਰਥਣ ਹੈ, ਨੇ ਅੰਮ੍ਰਿਤਸਰ ਵਿੱਚ ਪਹਿਲਾ ਅਤੇ ਪੰਜਾਬ ਵਿੱਚ ਚੌਥਾ ਸਥਾਨ ਹਾਸਲ ਕੀਤਾ।ਡਾ. ਨਿੱਜਰ ਨੇ ਦੋਹਾਂ ਵਿਦਿਆਰਥਣਾਂ ਦੀ ਉਪਲੱਬਧੀ 'ਤੇ ਮਾਣ ਜ਼ਾਹਰ ਕਰਦਿਆਂ ਕਿਹਾ, ਇਹ ਨੌਜਵਾਨ ਵਿਦਿਆਰਥਣਾਂ ਸਾਡੀ ਸਿੱਖਿਆ ਕ੍ਰਾਂਤੀ ਦੀ ਅਸਲ ਤਸਵੀਰ ਹਨ।ਉਨ੍ਹਾਂ ਨੇ ਅਧਿਆਪਕਾਂ, ਸਹਾਇਕ ਸਟਾਫ ਅਤੇ ਮਾਪਿਆਂ ਦੀ ਭੂਮਿਕਾ ਦੀ ਵੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਇਸ ਕਾਮਯਾਬੀ ਨੂੰ ਸੰਭਵ ਬਣਾਇਆ।ਉਨ੍ਹਾਂ ਨੇ ਕਿਹਾ ਕਿ ਇਹ ਨਤੀਜੇ ਸਾਬਤ ਕਰਦੇ ਹਨ ਕਿ ਆਪ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਜ਼ਮੀਨ ਤੇ ਨਤੀਜੇ ਦੇ ਰਹੀ ਹੈ।

## ਟਕਸਾਲੀ ਅਕਾਲੀ ਆਗੂ ਜਥੇਦਾਰ ਤਰਲੋਚਨ ਸਿੰਘ ਮੱਤੇਵਾਲ ਅਕਾਲ ਚਲਾਣਾ ਕਰ ਗਏ



ਤਰਸਿੱਕਾ, 25 ਮਈ, (ਦਵਿੰਦਰ ਸਿੰਘ ਤਰਸਿੱਕਾ) : ਅਕਾਲੀ ਦਲ ਅੰਮ੍ਰਿਤਸਰ ਦਿਹਾਤੀ ਦੇ ਸਾਬਕਾ ਜਨਰਲ ਸਕੱਤਰ ਹਲਕਾ ਮਜੀਠਾ ਤੋਂ ਟਕਸਾਲੀ ਆਗੂ ਅਤੇ ਉੱਘੇ ਕਾਰੋਬਾਰੀ ਜਥੇਦਾਰ ਤਰਲੋਚਨ ਸਿੰਘ ਮੱਤੇਵਾਲ ਜੋ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਉਹ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਜਥੇਦਾਰ ਤਰਲੋਚਨ ਸਿੰਘ ਮੱਤੇਵਾਲ 91 ਵਰ੍ਹੇ ਦੇ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਅਹਿਮ ਅਸਥਾਨ ਰੱਖਦੇ ਸਨ ।ਬਿਕਰਮ ਸਿੰਘ ਮਜੀਠੀਆ ਦੇ ਬਹੁਤ ਨਜ਼ਦੀਕੀ ਸਨ।ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਸੈਂਕੜੇ ਸੇਜਲ ਅੱਖਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਜਿਸ ਦੌਰਾਨ ਸੀਨੀਅਰ ਅਕਾਲੀ ਆਗੂਆਂ ਤੇ ਇਲਕੇ ਦੇ ਮੋਹਤਬਰਾਂ ਵੱਲੋਂ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ। ਅੰਤਿਮ ਸੰਸਕਾਰ ਦੌਰਾਨ ਉਨ੍ਹਾਂ ਦੇ ਪੁੱਤਰ ਸਤਿੰਦਰਪਾਲ ਸਿੰਘ ਮੱਤੇਵਾਲ, ਮਨਿੰਦਰ ਸਿੰਘ ਮੱਤੇਵਾਲ ਤੇ ਜਗਜੀਤ ਸਿੰਘ ਵੱਲੋਂ ਚਿਤਾ ਨੂੰ ਅਗਨੀ ਦਿਖਾਈ।ਇਸ ਮੌਕੇ ਪਹੁੰਚੇ ਆਗੂਆਂ ਵਿੱਚ ਹੋਰਨਾਂ ਤੋਂ ਇਲਵਾ ਪੂਰਨ ਸਿੰਘ ਮੱਤੇਵਾਲ ਸੀਨੀਅਰ ਅਕਾਲੀ ਆਗੂ, ਸੁਖਵਿੰਦਰ ਸਿੰਘ ਗੋਲਡੀ ਸਿਆਸੀ ਸਲਾਹਕਾਰ ਬਿਕਰਮ ਸਿੰਘ ਮਜੀਠੀਆ, ਗੁਰਪ੍ਰੀਤ ਸਿੰਘ ਮੱਤੇਵਾਲ, ਪਰਮਬੀਰ ਸਿੰਘ ਮੱਤੇਵਾਲ ਪ੍ਰਿੰਸੀਪਲ ਮਾਈ ਭਾਗੋ ਕਾਲਜ, ਡਾ. ਕੁਲਦੀਪ ਸਿੰਘ ਮੱਤੇਵਾਲ, ਪ੍ਰੋ.ਸਤਬੀਰ ਸਿੰਘ ਮੱਤੇਵਾਲ, ਕੌਸਲਰ ਨਵਪ੍ਰੀਤ ਸਿੰਘ ਅੰਮ੍ਰਿਤਸਰ, ਕੌਂਸਲਰ ਸਲਿੰਦਰ ਸਿੰਘ ਸ਼ੈਲੀ, ਡਾ.ਕੁਲਵਿੰਦਰ ਸਿੰਘ ਸੰਧੂ, ਸੁਖਦੇਵ ਸਿੰਘ ਮੱਤੇਵਾਲ, ਸਵਿੰਦਰ ਸਿੰਘ ਸਾਬਕਾ ਸਰਪੰਚ ਚੋਗਾਵਾਂ, ਹਰਜਿੰਦਰ ਸਿੰਘ ਜੋੜੀਆਂ, ਸੋਹਣ ਸਿੰਘ, ਅਮਰੀਕ ਸਿੰਘ, ਪੰਚ ਮੰਗਤਾ ਸਿੰਘ, ਦਲਜੀਤ ਸਿੰਘ ਮੱਤੇਵਾਲ, ਸੁਲੱਖਣ ਸਿੰਘ, ਗੁਰਨਾਮ ਸਿੰਘ ਰਾਜੂ ਸਮੇਤ ਵੱਡੀ ਗਿਣਤੀ ਵਿਚ ਮੋਹਤਬਰ ਆਗੂ ਮੌਜੂਦ ਸਨ।

# ਆਸ਼ੂ ਨੇ ਵਿਧਾਨ ਸਭਾ ਹਲਕਾ ਪੱਛਮੀ ਵਿੱਚ ਕਰੋੜਾਂ ਦੇ ਵਿਕਾਸ ਕਰਵਾਏ-ਕਿੱਕੀ ਢਿੱਲੋਂ

ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ): ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ, ਭਾਰਤ ਭੂਸ਼ਣ ਆਸ਼ੂ ਨੇ ਪ੍ਰਾਚੀਨ ਸੰਗਲਾ ਵਾਲਾ ਸ਼ਿਵਾਲਾ ਵਿਖੇ ਭਗਵਾਨ ਭੋਲੇ ਨਾਥ ਨੂੰ ਮੱਥਾ ਟੇਕਿਆ ਅਤੇ ਅਭਿਸ਼ੇਕ ਕੀਤਾ। ਉੱਥੋਂ ਦੇ ਮਹੰਤ ਨਰਾਇਣ ਪੁਰੀ ਨੇ ਆਸ਼ੂ ਨੂੰ ਅਸ਼ੀਰਵਾਦ ਦਿੱਤਾ ਅਤੇ ਉਸ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਬਾਅਦ ਵਿੱਚ ਉਨ੍ਹਾਂ ਪੁਰਾਤਨ ਠਾਕੁਰ ਦੁਆਰਾ ਨੌਹਰੀਆ ਵਿਖੇ ਵੀ ਮੱਥਾ ਟੇਕਿਆ। ਮਹੰਤ ਗੌਰਵ ਬਾਵਾ ਨੇ ਉਨ੍ਹਾਂ ਨੂੰ ਪ੍ਰਸਾਦ ਅਤੇ ਸਿਰੋਪਾ ਭੇਟ ਕੀਤਾ। ਇਸ ਤੋਂ ਪਹਿਲਾਂ, ਉਨ੍ਹਾਂ ਸੰਤ ਨਗਰ ਸਮੇਤ ਵੱਖ-ਵੱਖ ਥਾਵਾਂ 'ਤੇ ਆਯੋਜਿਤ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿਧਾਇਕ ਕੁਲਦੀਪ ਸਿੰਘ (ਕਿੱਕੀ ਢਿੱਲੋਂ), ਕਾਂਗਰਸੀ ਆਗੂ ਬਿੱਟੂ ਨਵਕਾਰ ਅਤੇ ਕੌਂਸਲਰ ਨਿੰਦਰ ਨਿੰਦੀ ਵੀ ਹਾਜ਼ਰ ਸਨ। ਕਿੱਕੀ ਢਿੱਲੋਂ ਨੇ ਭਾਰਤ ਭਬ ਆਸ਼ੂ ਵੱਲੋਂ ਕੌਂਸਲਰ ਦੇ ਅਹੁਦੇ ਤੋਂ ਲੈ ਕੇ ਕੈਬਨਿਟ ਮੰਤਰੀ ਤੱਕ ਕੀਤੇ ਗਏ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦੇ



ਹੋਏ ਕਿਹਾ ਕਿ ਵਿਧਾਨ ਸਭਾ ਪੱਛਮੀ ਹਲਕੇ ਵਿੱਚ ਆਵਾਜਾਈ ਦਰੁਸਤ ਕਰਨ ਲਈ ਪੱਖੋਵਾਲ ਰੋਡ ਪੁਲ ਦਾ ਨਿਰਮਾਣ ਅਤੇ ਮਲਹਾਰ ਰੋਡ ਦਾ ਨਵੀਨੀਕਰਨ ਕੀਤਾ ਗਿਆ ਸੀ। ਹਰ ਕਲੋਨੀ ਅਤੇ ਗਲੀ ਵਿੱਚ ਕੀਤਾ ਗਿਆ ਸੜਕ, ਸੀਵਰੇਜ ਅਤੇ ਪਾਣੀ ਸਪਲਾਈ ਦਾ ਕੰਮ ਆਸ਼ੂ ਦੁਆਰਾ ਕੀਤੇ ਗਏ ਵਿਕਾਸ ਦਾ ਜਿਉਂਦਾ ਜਾਗਦਾ ਸਬੂਤ ਹੈ। 'ਆਪ' ਸਰਕਾਰ ਦੇ ਤਿੰਨ ਸਾਲਾਂ ਦੇ ਰਾਜ ਦੌਰਾਨ 'ਆਪ' ਉਮੀਦਵਾਰ ਨੇ ਕੇਵਲ ਵਿਕਾਸ ਦੇ ਨਾਮ 'ਤੇ ਪੱਥਰ ਰੱਖਣ ਤੋਂ ਇਲਾਵਾ ਕੁਝ ਨਹੀਂ ਕੀਤਾ। ਆਸ਼ੂ ਨੇ ਕਿਹਾ ਕਿ ਵਿਧਾਨ ਸਭਾ ਪੱਛਮੀ ਦੇ ਲੋਕ ਆਪ ਸਰਕਾਰ ਦੇ ਝੂਠੇ ਵਿਕਾਸ ਪੱਥਰਾਂ ਦਾ ਹਿਸਾਬ-ਕਿਤਾਬ ਜ਼ਰੂਰ ਚੁਕਾਉਣਗੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਉਨ੍ਹਾਂ ਵਿਰੁੱਧ ਸਿਆਸੀ ਰੰਜਿਸ਼ ਨਾਲ ਦਰਜ ਝੂਠੇ ਕੇਸਾਂ ਨੂੰ ਰੱਦ ਕਰਕੇ ਮਾਨਯੋਗ ਹਾਈਕੋਰਟ ਪੰਜਾਬ ਤੇ ਹਰਿਆਣਾ ਚੰਡੀਗੜ੍ਹ ਵੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ। ਉਹਨਾਂ ਕਿਹਾ ਕਿ 'ਆਪ' ਸਰਕਾਰ ਹੁਣ ਲੋਕਾਂ ਦੀ ਅਦਾਲਤ ਵਿੱਚ ਵੀ ਹਾਰ ਜਾਵੇਗੀ।

# ਕਿਸਾਨਾਂ, ਮਜ਼ਦੂਰਾਂ ਅਤੇ ਜਮਹੂਰੀ ਤਾਕਤਾਂ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਇੱਕਜੁੱਟ ਹੋਣ ਦੀ ਅਪੀਲ

ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ): ਸੀਪੀਆਈ ਪੰਜਾਬ ਸਰਕਾਰ ਦੀ ਸ਼ਹਿਰੀ ਵਿਕਾਸ ਯੋਜਨਾਵਾਂ ਦੇ ਨਾਮ ਹੇਠ ਸ਼ਹਿਰਾਂ ਦੇ ਆਲੇ-ਦੁਆਲੇ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਐਕੁਆਇਰ ਕਰਨ ਦੀ ਨੀਤੀ ਦੀ ਸਖ਼ਤ ਨਿੰਦਾ ਕੀਤੀ ਹੈ। ਚਿੰਤਾ ਪ੍ਰਗਟ ਕਰਦੇ ਹੋਏ, ਬਿਆਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੀ ਉਪਜਾਊ ਜ਼ਮੀਨ ਦਾ ਇੱਕ ਵੱਡਾ ਹਿੱਸਾ ਪਹਿਲਾਂ ਹੀ ਕਈ ਰਾਸ਼ਟਰੀ ਰਾਜਮਾਰਗਾਂ ਦੇ ਨਿਰਮਾਣ ਲਈ ਐਕੁਆਇਰ ਕੀਤਾ ਜਾ ਚੁੱਕਾ ਹੈ। ਹੁਣ, ਪੰਜਾਬ ਸਰਕਾਰ ਖੁਦ ਜ਼ਮੀਨ ਐਕੁਆਇਰ ਦੀ ਨੀਤੀ ਅਪਣਾ ਕੇ ਇੱਕ ਬਸਤੀਵਾਦੀ ਵਾਂਗ ਕੰਮ ਕਰ ਰਹੀ ਹੈ। ਆਪਣੀਆਂ ਖੇਤੀਬਾੜੀ ਨੀਤੀਆਂ ਰਾਹੀਂ, ਕੇਂਦਰ ਸਰਕਾਰ ਮਾਰਕੀਟ ਬੋਰਡਾਂ ਨੂੰ ਭੰਗ ਕਰ ਰਹੀ ਹੈ ਅਤੇ ਕਾਰਪੋਰੇਟ ਘਰਾਣਿਆਂ ਦੁਆਰਾ ਵੱਡੇ ਗੋਦਾਮ ਸਥਾਪਤ ਕਰਨ ਦੀ ਸਹੂਲਤ ਦੇ ਰਹੀ ਹੈ, ਜਿਸ ਨਾਲ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਇੱਕ ਨਵੇਂ ਰੂਪ ਵਿੱਚ ਦੁਬਾਰਾ ਪੇਸ਼ ਕੀਤਾ ਜਾ ਰਿਹਾ ਹੈ। ਪੂੰਜੀਵਾਦੀ ਦੇਸ਼ਾਂ ਦੇ ਮਾਡਲ ਦੀ ਪਾਲਣਾ ਕਰਦੇ ਹੋਏ, ਵੱਡੇ ਮਾਲ ਸਥਾਪਤ ਕਰਨ ਵਿੱਚ ਕਾਰਪੋਰੇਸ਼ਨਾਂ ਦੇ ਪੱਖ ਵਿੱਚ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ, ਜਿਸ ਨਾਲ ਛੋਟੇ ਦੁਕਾਨਦਾਰਾਂ ਨੂੰ ਉਜਾੜਿਆ ਜਾ ਰਿਹਾ ਹੈ।

ਕੇਂਦਰ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਸੰਘੀ ਢਾਂਚੇ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਉਣ ਲਈ ਦ੍ਰਿੜ੍ਹ ਹੈ। ਪੰਜਾਬ ਦੇ ਪਾਣੀ ਦੇ ਹੱਕਦਾਰ ਹਿੱਸੇ ਨੂੰ ਜ਼ਬਰਦਸਤੀ ਖੋਹਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਬੀਬੀਐਮਬੀ (ਭਾਖੜਾ ਬਿਆਸ ਮੈਨੇਜਮੈਂਟ ਬੋਰਡ) ਵਿੱਚ, ਪੰਜਾਬ ਦੀ ਹੱਕਦਾਰ ਸਥਾਈ ਮੈਂਬਰ ਸੀਟ ਪਹਿਲਾਂ ਹੀ ਖੋਹ ਲਈ ਗਈ ਹੈ ਅਤੇ ਉਨ੍ਹਾਂ ਦੀ ਥਾਂ 'ਤੇ ਆਪਣੀ ਮਰਜ਼ੀ ਨਾਲ ਦੂਜੇ ਰਾਜਾਂ ਦੇ ਨਿਯੁਕਤ ਕੀਤੇ ਜਾ ਰਹੇ ਹਨ। ਇਹ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ ਨਾਲ ਸਬੰਧਤ ਬੀਬੀਐਮਬੀ ਵਿੱਚ 2,550 ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ, ਬੀਬੀਐਮਬੀ ਸੁਰੱਖਿਆ ਲਈ, ਮੋਦੀ ਸਰਕਾਰ ਕੇਂਦਰੀ ਉਦਯੋਗਿਕ ਸੁਰੱਖਿਆ ਬਲਾਂ (ਸੀਆਈਐਸਐਫ) ਦੇ 296 ਕਰਮਚਾਰੀਆਂ ਨੂੰ ਤਾਇਨਾਤ ਕਰ ਰਹੀ ਹੈ, ਅਤੇ ਉਨ੍ਹਾਂ ਦੀਆਂ ਤਨਖਾਹਾਂ, ਰਿਹਾਇਸ਼ ਅਤੇ ਆਵਾਜਾਈ ਦਾ ਸਾਰਾ ਖਰਚਾ ਪੰਜਾਬ 'ਤੇ ਬੇਇਨਸਾਫੀ ਨਾਲ ਥੋਪਿਆ ਜਾ ਰਿਹਾ ਹੈ। ਭਗਵੰਤ ਮਾਨ ਦੀ ਸਰਕਾਰ 'ਤੇ ਟਿੱਪਣੀ ਕਰਦਿਆਂ ਸੀਪੀਆਈ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਸਲ ਵਾਗਡੋਰ ਪੂਰੀ ਤਰ੍ਹਾਂ ਕੇਜਰੀਵਾਲ ਅਤੇ ਉਨ੍ਹਾਂ ਦੀ ਦਿੱਲੀ ਟੀਮ ਦੇ ਹੱਥਾਂ ਵਿੱਚ ਆ ਗਈ ਹੈ। ਪੰਜਾਬ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਤੋਂ ਨਿਯੁਕਤ ਕੀਤੇ ਜਾ ਰਹੇ ਹਨ। ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ ਅਤੇ ਦੁਕਾਨਦਾਰ ਵਿਰੋਧੀ ਚਿਹਰੇ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਸੀਪੀਆਈ ਨੇ ਪੰਜਾਬ ਦੇ ਸਾਰੇ ਕਿਸਾਨਾਂ, ਮਜ਼ਦੂਰਾਂ ਅਤੇ ਜਮਹੂਰੀ ਤਾਕਤਾਂ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਇੱਕਜੁੱਟ ਅਤੇ ਸਮੂਹਿਕ ਤੌਰ 'ਤੇ ਲੜਨ ਦੀ ਅਪੀਲ ਕੀਤੀ ਹੈ।

# ਸੀਟੀਯੂ ਅਤੇ ਪੁਲਿਸ ਨੇ ਵਾਓ ਵੀਕਐਂਡ ਆਫ ਵੈਲਨੈਸ ਰਾਹੀਂ ਸਮੁਦਾਇਕ ਚੇਤਨਾ ਨੂੰ ਦਿੱਤੀ ਨਵੀਂ ਉਡਾਨ



ਲੁਧਿਆਣਾ, 25 ਮਈ (ਵਿਸ਼ਾਲ ਸ਼ਰਮਾ): ਯੁੱਧ ਨਸ਼ਿਆਂ ਵਿਰੁੱਧ ਥੀਮ ਦੇ ਤਹਿਤ ਫਿਟਨੈਸ ਇਕਤਾ ਅਤੇ ਉਦੇਸ਼ ਦਾ ਜਸ਼ਨ ਮਨਾਉਣ ਇੱਕ ਨਸ਼ਾ ਮੁਕਤ ਤੇ ਸਿਹਤਮੰਦ ਪੰਜਾਬ ਵੱਲ ਸਿਹਤਮੰਦ ਜੀਵਨਸ਼ੈਲੀ ਨੂੰ ਵਧਾਵਾ ਅਤੇ ਨਸ਼ਾ ਮੁਕਤ ਸਮਾਜ ਨੂੰ ਪ੍ਰੋਤਸਾਹਿਤ ਕਰਨ ਵੱਲ ਇਕ ਸਰਾਹਨੀਯ ਕਦਮ ਵਜੋਂ ਸੀਟੀ ਯੂਨੀਵਰਸਿਟੀ ਨੇ ਲੁਧਿਆਣਾ ਪੁਲਿਸ ਕਮਿਸ਼ਨਰੇਟ ਦੇ ਸਹਿਯੋਗ ਨਾਲ ਵਾਓ ਵੀਕਐਂਡ ਆਫ ਵੈਲਨੈਸ ਦਾ ਸ਼ਾਨਦਾਰ ਆਯੋਜਨ ਕੀਤਾ। ਇਹ ਆਯੋਜਨ ਯੁੱਧ ਨਸ਼ਿਆਂ ਵਿਰੁੱਧ (ਨਸ਼ਿਆਂ ਖ਼ਿਲਾਫ਼ ਯੁੱਧ) ਦੀ ਥੀਮ 'ਤੇ ਆਧਾਰਿਤ ਸੀ ਜੋ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਅਤੇ ਪ੍ਰਭਾਵਸ਼ਾਲੀ ਪਹਲ ਦਾ ਹਿੱਸਾ ਹੈ। ਇਸ ਸਮਾਗਮ ਨੇ ਸਮਾਜ ਨੂੰ ਇਕੱਠਾ ਕਰਦਿਆਂ ਨਸ਼ਾ ਵਿਰੋਧੀ ਮੁਹਿਮ ਨੂੰ ਮਜ਼ਬੂਤੀ ਦਿੱਤੀ ਅਤੇ ਨਾਲ ਹੀ ਸ਼ਾਰੀਰਕ ਫਿਟਨੈਸ, ਮਾਨਸਿਕ ਸਿਹਤ ਅਤੇ ਸਮੁਦਾਇਕ ਭਾਗੀਦਾਰੀ ਨੂੰ ਵੀ ਉਤਸ਼ਾਹਿਤ ਕੀਤਾ। ਲੁਧਿਆਣਾ ਸ਼ਹਿਰ ਇਸ ਦਿਨ ਉਰਜਾ, ਉਤਸ਼ਾਹ ਅਤੇ ਸਕਾਰਾਤਮਕਤਾ ਨਾਲ ਭਰਪੂਰ ਸੀ ਬੱਚਿਆਂ, ਯੁਵਾਵਾਂ, ਵੱਡਿਆਂ ਅਤੇ ਬਜ਼ੁਰਗਾਂ ਸਾਰੇ ਇੱਕ ਜੋਸ਼ ਅਤੇ ਉਮੰਗ ਨਾਲ ਹਿੱਸਾ ਲਿਆ। ਪੂਰੇ ਆਯੋਜਨ ਵਿੱਚ ਇਕਤਾ ਹਾਸਾ ਅਤੇ ਖੁਸ਼ੀਆਂ ਦਾ ਮਾਹੌਲ ਬਣਿਆ ਰਿਹਾ। ਸਮਾਰੋਹ ਵਿੱਚ ਫਲੈਸ਼ਮਾਬ, ਜੁੰਬਾ, ਓਪਨ ਡੀਜੇ ਬਾਸਕਟਬਾਲ ਅਤੇ ਗਾਇਕੀ ਮੁਕਾਬਲੇ ਵਰਗੀਆਂ ਕਈ ਮਨੋਰੰਜਕ ਅਤੇ ਸਰਗਰਮੀਆਂ ਕਰਵਾਈਆਂ ਗਈਆਂ। ਹਰ ਸਰਗਰਮੀ ਵਿੱਚ ਭਾਗ ਲੈਣ ਵਾਲਿਆਂ ਦੀ ਤਰਜ਼ੀ ਤੇ ਹਿੱਸੇਦਾਰੀ ਦੇਖੀ ਗਈ, ਜਿਸ ਨਾਲ ਇਹ ਸਾਬਤ ਹੋਇਆ ਕਿ ਸਮਾਜ ਸਿਹਤਮੰਦ ਅਤੇ ਨਸ਼ਾ ਮੁਕਤ ਜੀਵਨਸ਼ੈਲੀ ਨੂੰ ਅਪਣਾਉਣ ਲਈ ਪ੍ਰਤਿਬੱਧ ਹੈ। ਸਮਾਰੋਹ ਦਾ ਸਭ ਤੋਂ ਮਨੋਹਰ ਹਿੱਸਾ ਦੌੜ ਮੁਕਾਬਲੇ ਸਨ ਜਿਨ੍ਹਾਂ ਵਿੱਚ ਬੱਚਿਆਂ ਤੋਂ ਲੈ ਕੇ ਵੱਡੇ ਉਮਰ ਦੇ ਲੋਕਾਂ ਤੱਕ ਨੇ ਹਿੱਸਾ ਲਿਆ। ਇਹ ਦੌੜਾਂ ਪੂਰੇ ਮਾਹੌਲ ਨੂੰ ਖੁਸ਼ੀ ਨਾਲ ਭਰ ਦਿੱਤਾ ਅਤੇ ਦਰਸ਼ਕਾਂ ਦੀ ਤਾਲੀਆਂ ਅਤੇ ਹਾਸੇ ਦੀ ਗੂੰਜ ਨੇ ਆਯੋਜਨ ਦੀ ਰੌਣਕ ਨੂੰ ਹੋਰ ਵੀ ਵਧਾਇਆ। ਇਸ ਸਮਾਰੋਹ ਦੀ ਸ਼ਾਨ ਨੂੰ ਹੋਰ ਉਚਾਈ ਦਿੱਤੀ ਵਿਸ਼ੇਸ਼ ਮਹਿਮਾਨਾਂ ਦੀ ਹਾਜ਼ਰੀ ਨੇ ਜਿਨ੍ਹਾਂ ਵਿੱਚ ਸ਼ਾਮਿਲ ਸਨ ਇੰਜੀਨੀਅਰ ਦਵਿੰਦਰ ਸਿੰਘ (ਨਿਰਦੇਸ਼ਕ, ਵਿਦਿਆਰਥੀ ਭਲਾਈ) ਕਰਨ ਭਾਰਦਵਾਜ (ਸਹਿ ਨਿਰਦੇਸ਼ਕ, ਦਾਖਲਾ ਅਤੇ ਬ੍ਰਾਂਡਿੰਗ ਹੈੱਡ) ਅਤੇ ਡਾ. ਪੰਕਜ ਜੈਨ (ਨਿਰਦੇਸ਼ਕ, ਪ੍ਰਸ਼ਿਕਸ਼ਣ ਅਤੇ ਪਲੇਸਮੈਂਟ ਸੈੱਲ)। ਇਹਨਾਂ ਦੀ ਸਰਗਰਮ ਭਾਗੀਦਾਰੀ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਸਿਹਤ ਅਤੇ ਫਿਟਨੈਸ ਨਾ ਸਿਰਫ ਨਿੱਜੀ ਜੀਵਨ ਦੀ ਸਫਲਤਾ ਲਈ ਸਗੋਂ ਸ਼ੈਖ਼ਣਿਕ ਜੀਵਨ ਵਿੱਚ ਵੀ ਮਹੱਤਵਪੂਰਨ ਹਨ। ਸੀਟੀ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਇਸ ਮੌਕੇ ਤੇ ਕਿਹਾ ਵਾਓ ਵੀਕਐਂਡ ਆਫ ਵੈਲਨੈਸ ਵਰਗੀਆਂ ਪਹਲਾਂ ਸਾਨੂੰ ਇੱਕ ਐਸੇ ਸਮਾਜ ਵੱਲ ਲੈ ਜਾਂਦੀਆਂ ਹਨ ਜਿੱਥੇ ਸਿਹਤਮੰਦ ਜੀਵਨ ਅਤੇ ਨਸ਼ਾ ਮੁਕਤੀ ਸਿਰਫ ਆਦਰਸ਼ ਨਹੀਂ ਸਗੋਂ ਜੀਵਨ ਸ਼ੈਲੀ ਬਣ ਜਾਂਦੀ ਹੈ।

# ਏਡੀਸੀ ਨੇ ਸਿਆਸੀ ਪਾਰਟੀਆਂ ਨਾਲ ਕੀਤੀ ਮੀਟਿੰਗ



ਲੁਧਿਆਣਾ, 25 ਮਈ (ਵਿਸ਼ਾਲ ਸ਼ਰਮਾ): ਵਧੀਕ ਜ਼ਿਲ੍ਹਾ ਚੋਣ ਅਧਿਕਾਰੀ (ਏਡੀਈਓ) ਕਮ-ਵਧੀਕ ਡਿਪਟੀ ਕਮਿਸ਼ਨਰ (ਜੀ) ਰੋਹਿਤ ਗੁਪਤਾ ਨੇ ਐਤਵਾਰ ਨੂੰ ਜ਼ਿਲ੍ਹਾ ਹੈੱਡਕੁਆਰਟਰ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਜੋ ਉਨ੍ਹਾਂ ਨੂੰ ਭਾਰਤੀ ਚੋਣ ਕਮਿਸ਼ਨ (ਈਸੀਆਈ) ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਲੁਧਿਆਣਾ ਪੱਛਮੀ ਉਪ-ਚੋਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਗੁਪਤਾ ਨੇ ਕਿਹਾ ਕਿ ਉਪ-ਚੋਣਾਂ ਲਈ ਜਾਰੀ ਕੀਤੇ ਗਏ ਪ੍ਰੋਗਰਾਮ ਅਨੁਸਾਰ ਉਪ-ਚੋਣ ਦਾ ਨੋਟੀਫਿਕੇਸ਼ਨ 26 ਮਈ (ਸੋਮਵਾਰ) ਨੂੰ ਜਾਰੀ ਕੀਤਾ ਜਾਵੇਗਾ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 3 ਜੂਨ ਨੂੰ ਕੀਤੀ ਜਾਵੇਗੀ ਜਦੋਂ ਕਿ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 5 ਜੂਨ ਹੈ। 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੋਲਿੰਗ ਹੋਵੇਗੀ ਅਤੇ ਗਿਣਤੀ 23 ਜੂਨ ਨੂੰ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਵੀਕਾਰ ਕੀਤੀਆਂ ਜਾਣਗੀਆਂ ਨਾਮਜ਼ਦਗੀ ਦੌਰਾਨ ਉਮੀਦਵਾਰ ਸਮੇਤ ਸਿਰਫ਼ ਪੰਜ ਵਿਅਕਤੀਆਂ ਨੂੰ ਹੀ ਇਜਾਜ਼ਤ ਹੋਵੇਗੀ। ਉਮੀਦਵਾਰਾਂ ਨੂੰ ਰਾਜ ਦੇ ਕਿਸੇ ਵੀ ਹਲਕੇ ਦੇ ਵੋਟਰ ਹੋਣੇ ਚਾਹੀਦੇ ਹਨ। ਜਨਰਲ ਸ਼੍ਰੇਣੀ ਦੇ ਉਮੀਦਵਾਰਾਂ ਲਈ ਸੁਰੱਖਿਆ ਜਮ੍ਹਾਂ ਰਾਸ਼ੀ 10,000 ਰੁਪਏ ਅਤੇ ਐਸਸੀ/ਐਸਟੀ ਉਮੀਦਵਾਰਾਂ ਲਈ 5,000 ਰੁਪਏ ਰੱਖੀ ਗਈ ਹੈ ਜੋ ਨਾਮਜ਼ਦਗੀ ਦਾਖਲ ਕਰਨ ਤੋਂ ਪਹਿਲਾਂ ਜਾਂ ਦੌਰਾਨ ਜਮ੍ਹਾਂ ਕਰਵਾਉਣੀ ਹੈ। ਨਾਮਜ਼ਦਗੀ ਫਾਰਮ ਦੇ ਨਾਲ ਇੱਕ ਪ੍ਰਮਾਣਿਤ ਵੋਟਰ ਸੂਚੀ ਦੀ ਕਾਪੀ ਹੋਣੀ ਚਾਹੀਦੀ ਹੈ ਜੋ ਕਿ ਲੁਧਿਆਣਾ ਤੋਂ ਬਾਹਰ ਦੇ ਉਮੀਦਵਾਰਾਂ ਲਈ ਲਾਜ਼ਮੀ ਹੈ। ਮਾਨਤਾ ਪ੍ਰਾਪਤ ਪਾਰਟੀਆਂ ਨੂੰ ਇੱਕ ਪ੍ਰਸਤਾਵਕ ਦੀ ਲੋੜ ਹੁੰਦੀ ਹੈ ਰਾਜਨੀਤਿਕ ਪਾਰਟੀਆਂ ਅਤੇ ਨੂੰ ਦੋ ਵੱਖ-ਵੱਖ ਭਾਸ਼ਾਵਾਂ ਦੇ ਅਖਬਾਰਾਂ ਵਿੱਚ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਤਿੰਨ ਵਾਰ ਪ੍ਰਕਾਸ਼ਤ ਕਰਨ ਦੀ ਵੀ ਲੋੜ ਹੁੰਦੀ ਹੈ।

# ਫਿਰਕੂ ਸਦਭਾਵਨਾ, ਸਮਾਜਿਕ ਨਿਆਂ ਅਤੇ ਸੰਵਿਧਾਨ ਦੀ ਰਾਖੀ ਲਈ ਇਕਮੁਠ ਹੋ ਕੇ ਲੜਨ ਦਾ ਪ੍ਰਣ



ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ): ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਦੀ 36ਵੀਂ ਬਰਸੀ ਦੇ ਮੌਕੇ ਸ਼ਹੀਦੀ ਸਮਾਗਮ 'ਤੇ ਹਾਜ਼ਰ ਸੈਂਕੜੇ ਲੋਕਾਂ ਨੇ ਦੇਸ਼ ਦੇ ਸੰਵਿਧਾਨ ਦੀ ਰਾਖੀ ਕਰਨ ਦਾ ਪ੍ਰਣ ਲਿਆ। ਇਸ ਮੌਕੇ ਤੇ ਬੋਲਦਿਆਂ ਪ੍ਰਮੁੱਖ ਬੁਲਾਰੇ ਸੀ ਪੀ ਆਈ ਦੇ ਪੰਜਾਬ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕਿਹਾ ਕਿ ਮੌਜੂਦਾ ਕੇਂਦਰੀ ਸਰਕਾਰ ਹਰ ਪਾਸਿਓਂ ਫੇਲ ਹੋ ਚੁੱਕੀ ਹੈ। ਬੇਰੋਜ਼ਗਾਰੀ ਵਧ ਰਹੀ ਹੈ, ਸਿੱਖਿਆ ਤੇ ਸਿਹਤ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ, ਇਸਤਰੀਆਂ ਤੇ ਅੱਤਿਆਚਾਰ ਵੱਧ ਰਹੇ ਹਨ, ਦਲਿਤਾਂ ਤੇ ਅੱਤਿਆਚਾਰ ਵਧ ਰਹੇ ਹਨ। ਲੋਕ ਅੰਦੋਲਨ ਉਭਰ ਰਹੇ ਹਨ ਪਰ ਆਰ ਐਸ ਐਸ ਦੀ ਥਾਪੜੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਦਾ ਧਿਆਨ ਹਟਾਉਣ ਦੇ ਲਈ ਬਕਾਇਦਾ ਯੋਜਨਾਬੱਧ ਢੰਗ ਦੇ ਨਾਲ ਫਿਰਕੂ ਲੀਹਾਂ ਤੇ ਸਮਾਜ ਵਿੱਚ ਵੰਡ ਪਾਈ ਜਾ ਰਹੀ ਹੈ। ਘੱਟ ਗਿਣਤੀਆਂ, ਵਿਸ਼ੇਸ਼ ਕਰ ਮੁਸਲਮਾਨਾਂ ਦੇ ਖਿਲਾਫ ਲਗਾਤਾਰ ਦੁਸ਼ ਪ੍ਰਚਾਰ ਕੀਤਾ ਜਾ ਰਿਹਾ ਹੈ। ਸੂਬਿਆਂ ਦੇ ਅਧਿਕਾਰਾਂ 'ਤੇ ਸੱਟ ਮਾਰੀ ਜਾ ਰਹੀ ਹੈ। ਮਜ਼ਦੂਰਾਂ ਦੇ ਸੰਘਰਸ਼ ਕਰਕੇ ਪ੍ਰਾਪਤ ਕੀਤੇ ਹੋਏ ਹੱਕਾਂ ਨੂੰ ਖੋਹਿਆ ਜਾ ਰਿਹਾ ਹੈ ਇਥੋਂ ਤੱਕ ਕਿ ਉਹਨਾਂ ਦੇ ਯੂਨੀਅਨ ਬਣਾਉਣ ਦੇ ਅਧਿਕਾਰਾਂ ਨੂੰ ਵੀ ਚਾਰ ਕੋਡਾਂ ਰਾਹੀਂ ਸਮਾਪਤ ਕਰਨ ਦੀ ਪੂਰੀ ਸਾਜਿਸ਼ ਚਲ ਰਹੀ ਹੈ। ਵਿਸ਼ਾਲ ਕਿਸਾਨ ਅੰਦੋਲਨ ਦੇ ਦਬਾਅ ਹੇਠ ਕਿਸਾਨ ਵਿਰੋਧੀ ਬਿਲ ਵਾਪਸ ਲੈਣ ਤੋਂ ਬਾਅਦ ਸਰਕਾਰ ਪੂਰੀ ਤਰ੍ਹਾਂ ਮੁੱਕਰ ਗਈ ਹੈ। ਦੇਸ ਦਾ ਸਾਰਾ ਧਨ ਕੌਡੀਆਂ ਦੇ ਭਾਅ ਤੇ ਚੰਦ ਘਰਾਣਿਆਂ ਨੂੰ ਵੇਚਿਆ ਜਾ ਰਿਹਾ ਹੈ ਦੂਜੇ ਪਾਸੇ ਆਮ ਲੋਕਾਂ ਤੇ ਜੀ ਐਸ ਟੀ ਤੇ ਹੋਰ ਟੈਕਸਾਂ ਦੇ ਰਾਹੀਂ ਬੋਝ ਪਾਇਆ ਜਾ ਰਿਹਾ ਹੈ। ਵਿਦੇਸ ਨੀਤੀ ਪੱਖੋਂ ਸਰਕਾਰ ਪੂਰੀ ਤਰਾਂ ਅਸਫਲ ਰਹੀ ਹੈ। ਡਾ ਅਰੁਣ ਮਿਤਰਾ, ਕਾਮਰੇਡ ਰਮੇਸ਼ ਰਤਨ, ਕਾਮਰੇਡ ਚਮਕੌਰ ਸਿੰਘ, ਕਾਮਰੇਡ ਐਮ ਐਸ ਭਾਟੀਆ, ਕਾਮਰੇਡ ਵਿਜੇ ਕੁਮਾਰ, ਕਾਮਰੇਡ ਅਵਤਾਰ ਛਿੱਬੜ, ਕੁਲਵੰਤ ਕੌਰ ਸਿੱਧੂ, ਅਵਤਾਰ ਸਿੰਘ ਗਗੜਾ, ਕਾਮੇਸਵਰ ਯਾਦਵ, ਚਮਕੌਰ ਸਿੰਘ ਦੋਧਰ, ਗੁਰਮੇਲ ਸਿੰਘ ਮੇਲੀ, ਚਰਨ ਸਰਾਭਾ, ਪ੍ਰਿੰਸੀਪਲ ਜਗਜੀਤ ਸਿੰਘ ਆਦਿ ਵੀ ਸਮਾਗਮ ਵਿੱਚ ਹਾਜ਼ਰ ਸਨ।

# ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਮੌਕੇ ਕਰਵਾਏ ਸਮਾਗਮ ਵਿੱਚ ਆਸ਼ੂ ਹੋਏ ਨਤਮਸਤਕ



ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ); ਸਿੱਖ ਕੌਮ ਦੇ ਮਹਾਨ ਜਰਨੈਲ ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦਾ 307 ਵਾਂ ਜਨਮ ਦਿਹਾੜਾ ਸਰਧਾ ਤੇ ਸਤਿਕਾਰ ਨਾਲ ਮਾਡਲ ਗ੍ਰਾਮ ਗੁਰਦੁਆਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਵਿਖੇ ਮਨਾਇਆ ਗਿਆ। ਇਸ ਮੌਕੇ ਭਾਰਤ ਭੂਸਣ ਆਸੂ ਗੁਰਦੁਆਰਾ ਸਾਹਿਬ ਨਤਮਸਤਕ ਹੋਏ। ਇਸ ਮੌਕੇ ਬੋਲਦਿਆਂ ਭਾਰਤ ਭੂਸਣ ਆਸੂ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਤੇ ਪੰਜਾਬੀਆਂ ਦੇ ਹਰਮਨ ਪਿਆਰੇ ਜਰਨੈਲ ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦੇ ਜਨਮ ਦਿਨ ਮੌਕੇ ਸਰਧਾ ਭੇਟ ਕਰਨ ਦਾ ਮੌਕਾ ਮਿਲਿਆ। ਉਹਨਾਂ ਕਿਹਾ ਕਿ ਇਹ ਪੰਜਾਬ ਦਾ ਮਾਣਮੱਤਾ ਇਤਿਹਾਸ ਹੈ ਅਤੇ ਨਵੀਂ ਪੀੜ੍ਹੀ ਨੂੰ ਸਾਡੀ ਇਸ ਮਹਾਨ ਜਾਂਬਾਜ ਸ਼ਖਸੀਅਤ ਦੇ ਜੀਵਨ ਤੋਂ ਜਾਣੂੰ ਕਰਵਾਉਣ ਦੀ ਲੋੜ ਹੈ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਭਾਰਤ ਭੂਸ਼ਣ ਆਸ਼ੂ ਦਾ ਸਨਮਾਨ ਵੀ ਕੀਤਾ ਗਿਆ।

# ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਹਸਪਤਾਲ ਰਾੜਾ ਸਾਹਿਬ ਵਿਖੇ 91 ਸਾਲਾ ਬਜ਼ੁਰਗ ਦੀ ਚੂਲ੍ਹਾ ਬਦਲਣ ਦੀ ਸਰਜਰੀ ਕੀਤੀ



ਰਾੜਾ ਸਾਹਿਬ, 25 ਮਈ ( ਬਲਵਿੰਦਰ ਸਿੰਘ ਮਹਿਮੀ ): ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਹਸਪਤਾਲ (ਇੱਕ 128 ਮਾਨਤਾ ਪ੍ਰਾਪਤ ਹਸਪਤਾਲ), ਰਾੜਾ ਸਾਹਿਬ ਵਿਖੇ ਡਾ. ਹਰਪ੍ਰੀਤ ਸਿੰਘ ਗਿੱਲ, ਸੀਨੀਅਰ ਆਰਥੋਪੈਡਿਕ ਅਤੇ ਜੁਆਇੰਟ ਰਿਪਲੇਸਮੈਂਟ ਸਰਜਨ ਦੁਆਰਾ 91 ਸਾਲਾ ਵਿਅਕਤੀ ਦੇ ਇੱਕ ਗੁੰਝਲਦਾਰ ਚੂਲਾ ਬਦਲਣ ਦੀ ਸਰਜਰੀ ਕੀਤੀ ਗਈ। ਮਰੀਜ਼ ਦੇ ਬਾਥਰੂਮ ਵਿੱਚ ਡਿੱਗਣ ਤੋਂ ਬਾਅਦ ਉਸਦਾ ਚੂਲਾ ਫਰੈਕਚਰ ਹੋ ਗਿਆ ਸੀ ਅਤੇ ਉਹ ਸ਼ੂਗਰ, ਬਲੱਡ ਪ੍ਰੈਸ਼ਰ ਤੋਂ ਵੀ ਪੀੜਤ ਸੀ ਅਤੇ ਦਿਲ ਦੀਆਂ ਦਵਾਈਆਂ ਲੈ ਰਿਹਾ ਸੀ। ਇਨ੍ਹਾਂ ਸਾਰੇ ਸਹਿ-ਰੋਗਾਂ ਦੇ ਨਾਲ, ਮਰੀਜ਼ ਜਾਂ ਰਿਸ਼ਤੇਦਾਰ ਇੰਨੀ ਉਮਰ ਵਿੱਚ ਸਰਜਰੀ ਕਰਵਾਉਣ ਤੋਂ ਬਚਦੇ ਹਨ, ਹਾਲਾਂਕਿ, ਜੇਕਰ ਸਰਜਰੀ ਜਲਦੀ ਨਹੀਂ ਕੀਤੀ ਜਾਂਦੀ ਤਾਂ ਮਰੀਜ਼ ਦਾ ਸਾਰੀ ਉਮਰ ਬਿਸਤਰੇ 'ਤੇ ਰਹਿਣ ਦਾ ਖਦਸ਼ਾ ਵੱਧ ਜਾਂਦਾ ਹੈ। ਅਜਿਹੀਆਂ ਇੱਕ ਤੋਂ ਜ਼ਿਆਦਾ ਰੋਗਾਂ ਕਾਰਨ ਸਰਜਰੀਆਂ ਆਮ ਤੌਰ 'ਤੇ ਸ਼ਹਿਰਾਂ ਵਿੱਚ ਵੀ ਵੱਡੇ ਹਸਪਤਾਲਾਂ ਵਿੱਚ ਹੁੰਦੀਆਂ ਹਨ, ਅਤੇ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਇਸ ਉਮਰ ਦੇ ਮਰੀਜ਼ ਦੀ ਅਜਿਹੀ ਸਰਜਰੀ ਪੇਂਡੂ ਖੇਤਰ ਦੇ ਕਿਸੇ ਹਸਪਤਾਲ ਵਿੱਚ ਕੀਤੀ ਗਈ ਹੈ। ਚੂਲੇ ਦੀ ਸਰਜਰੀ ਤੋਂ ਬਾਅਦ, ਮਰੀਜ਼ ਨੇ ਅਗਲੇ ਦਿਨ ਤੁਰਨਾ ਸ਼ੁਰੂ ਕਰ ਦਿੱਤਾ ਅਤੇ ਚਾਰ ਦਿਨਾਂ ਬਾਅਦ ਉਸਨੂੰ ਛੁੱਟੀ ਦੇ ਦਿੱਤੀ ਗਈ। ਟਾਂਕੇ ਕਟਵਾਉਣ ਲਈ ਮਰੀਜ਼ ਤੁਰ ਕੇ ਆਇਆ ਜਿਸ ਨਾਲ ਉਸਦੀ ਗਤੀਸ਼ੀਲਤਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ। ਰਾੜਾ ਸਾਹਿਬ ਸੰਪ੍ਰਦਾ ਦੇ ਮੁਖੀ ਸੰਤ ਬਲਜਿੰਦਰ ਸਿੰਘ ਜੀ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਹੁਣ ਮਰੀਜ਼ਾਂ ਨੂੰ ਸ਼ਹਿਰ ਦੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਇਸ ਪੇਂਡੂ ਖੇਤਰ ਦੇ ਹਸਪਤਾਲ ਵਿੱਚ ਸਾਰੀਆਂ ਸਹੂਲਤਾਂ ਉਪਲਬਧ ਹਨ ਅਤੇ ਗੁੰਝਲਦਾਰ ਸਰਜਰੀਆਂ ਵੀ ਵਾਜਬ ਦਰਾਂ 'ਤੇ ਕੀਤੀਆਂ ਜਾ ਸਕਦੀਆਂ ਹਨ, ਇਸ ਤਰ੍ਹਾਂ ਇਸ ਖੇਤਰ ਦੇ ਲੋਕਾਂ ਲਈ ਇਹ ਹਸਪਤਾਲ ਇੱਕ ਵਰਦਾਨ ਵਜੋਂ ਕੰਮ ਕਰ ਰਿਹਾ ਹੈ ਡਾ. ਹਰਪ੍ਰੀਤ ਗਿੱਲ, ਜੋ ਪਹਿਲਾਂ ਅਪੋਲੋ ਹਸਪਤਾਲ ਦੇ ਆਰਥੋਪੈਡਿਕ ਅਤੇ ਜੁਆਂਇਟ ਰਿਪਲੇਸਮੈਂਟ ਕੇਂਦਰ ਦੇ ਮੁਖੀ ਵਜੋਂ ਕੰਮ ਕਰ ਚੁੱਕੇ ਹਨ ਅਤੇ ਜੌਨਸ ਹੌਪਕਿੰਸ ਹਸਪਤਾਲ, ਅਮਰੀਕਾ ਤੋਂ ਸਿਖਲਾਈ ਪ੍ਰਾਪਤ ਸਰਜਨ ਹਨ, ਨੇ ਕਿਹਾ ਕਿ ਟੁੱਟੇ ਹੋਏ ਚੂਲੇ ਦੇ ਜੋੜ ਲਈ ਅਜਿਹੀ ਗੁੰਝਲਦਾਰ ਸਰਜਰੀ ਪੇਂਡੂ ਖੇਤਰ ਦੇ ਹਸਪਤਾਲ ਵਿੱਚ ਕਰਨਾ ਇੱਕ ਚੁਣੌਤੀ ਹੈ ਅਤੇ ਇਸ ਸਰਜਰੀ ਨੂੰ ਸਫਲ ਬਣਾਉਣ ਲਈ ਸੀਨੀਅਰ ਮੈਡੀਕਲ ਮਾਹਿਰ, ਅਨੱਸਥੀਸੀਆ, ਇੰਟੈਂਸਿਵ ਕੇਅਰ ਮਾਹਿਰ ਅਤੇ ਫਿਜ਼ੀਓਥੈਰੇਪਿਸਟ ਦੀ ਸ਼ਮੂਲੀਅਤ ਨਾਲ ਇੱਕ ਟੀਮ ਦੀ ਲਗਨ ਅਤੇ ਮਿਹਨਤ ਦੀ ਲੋੜ ਹੁੰਦੀ ਹੈ।ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਹਸਪਤਾਲ ਦੇ ਟਰੱਸਟੀ ਸ. ਮਲਕੀਤ ਸਿੰਘ ਪਨੇਸਰ ਨੇ ਕਿਹਾ ਕਿ ਰਾੜਾ ਸਾਹਿਬ ਦੇ ਇਲਾਕੇ ਦੇ ਲੋਕਾਂ ਲਈ ਅਜਿਹੀਆਂ ਉੱਚ ਗੁਣਵੱਤਾ ਵਾਲੀਆਂ ਸਹੂਲਤਾਂ ਪ੍ਰਦਾਨ ਕਰਨਾ ਇਸ ਹਸਪਤਾਲ ਦਾ ਉਦੇਸ਼ ਹੈ। ਸਰਜਰੀਆਂ ਘੱਟ ਕੀਮਤ 'ਤੇ ਕੀਤੀਆਂ ਜਾਣਗੀਆਂ ਪਰ ਗੁਣਵੱਤਾ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ।

# ਐਡਵੋਕੇਟ ਘੁੰਮਣ ਗੁਰਦੁਆਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਵਿਖੇ ਹੋਏ ਨਤਮਸਤਕ



ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ): ਵਿਧਾਨ ਸਭਾ ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ੍ਰੋਅਦ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਅੱਜ ਗੁਰਦੁਆਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਵਿਖੇ ਮੱਥਾ ਟੇਕ ਕੇ ਆਸੀਰਵਾਦ ਲਿਆ। ਇਸ ਮੌਕੇ ਉਹਨਾਂ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਭੇਟ ਕਰਕੇ ਸਨਮਾਨਤ ਕੀਤਾ ਗਿਆ। ਆਪਣੀ ਹਾਜਰੀ ਦੌਰਾਨ ਐਡਵੋਕੇਟ ਘੁੰਮਣ ਨੇ ਸੰਗਤ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸੇਵਾ, ਇਮਾਨਦਾਰੀ ਅਤੇ ਲੋਕ-ਹਿੱਤ ਦੀ ਨੀਤੀ ਤੇ ਕੰਮ ਕਰਨਗੇ। ਉਨ੍ਹਾਂ ਨੇ ਇਲਾਕੇ ਦੇ ਵਿਕਾਸ, ਨੌਜਵਾਨਾਂ ਦੀ ਤਰੱਕੀ ਅਤੇ ਸਮਾਜਿਕ ਭਲਾਈ ਨੂੰ ਆਪਣੀ ਤਰਜੀਹ ਦੱਸਿਆ। ਸਥਾਨਕ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਉਨ੍ਹਾਂ ਦੇ ਆਉਣ 'ਤੇ ਖੁਸੀ ਜਤਾਈ ਅਤੇ ਉਨ੍ਹਾਂ ਨੂੰ ਚੋਣਾਂ ਵਿਚ ਵੱਡੀ ਜਿੱਤ ਲਈ ਆਪਣੀ ਸੁਭਕਾਮਨਾਵਾਂ ਦਿੱਤੀਆਂ।

# ਪੀ.ਏ.ਯੂ. ਦੀ ਸਾਬਕਾ ਵਿਦਿਆਰਥਣ ਆਸਟਰੇਲੀਆ ਦੀ ਸਾਂਸਦ ਬਣੀ

ਲੁਧਿਆਣਾ,25 ਮਈ(ਵਿਸ਼ਾਲ ਸ਼ਰਮਾ); ਪੀ.ਏ.ਯੂ. ਦੀ ਸਾਬਕਾ ਵਿਦਿਆਰਥਣ ਡਾ. ਪਰਵਿੰਦਰ ਕੌਰ ਪੱਛਮੀ ਆਸਟਰੇਲੀਆ ਦੇ ਪਾਰਲੀਮੈਂਟ ਦੀ ਪਹਿਲੀ ਪੰਜਾਬੀ ਔਰਤ ਮੈਂਬਰ ਵਜੋਂ ਸਹੁੰ ਚੁੱਕੇ ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਯਾਤਪੁਰ



ਰੁੜਕੀ ਵਿਖੇ ਸ.ਕਸ਼ਮੀਰ ਸਿੰਘ ਦੇ ਘਰ ਪੈਦਾ ਹੋਣ ਵਾਲੀ ਡਾ.ਪਰਵਿੰਦਰ ਕੌਰ ਦੀ ਰੁਚੀ ਸ਼ੁਰੂ ਤੋਂ ਹੀ ਵਿਗਿਆਨਕ ਵਿਸ਼ਿਆਂ ਵਿਚ ਸੀ੍ ਉਹਨਾਂ ਨੇ 12ਵੀਂ ਤੋਂ ਬਾਅਦ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਦਾਖਲਾ ਲਿਆ ਬੀ ਐੱਸ ਸੀ ਅਤੇ ਐੱਮ ਐੱਸ ਸੀ ਪੀ.ਏ.ਯੂ. ਤੋਂ ਕਰਨ ਤੋਂ ਬਾਅਦ ਉਹ ਉਚੇਰੀ ਪੜ੍ਹਾਈ ਕਰਨ ਲਈ ਆਸਟਰੇਲੀਆ ਚਲੇ ਗਏ ਅਤੇ ਉਥੇ ਫਸਲਾਂ ਦੇ ਡੀ ਐੱਨ ਏ ਉੱਪਰ ਕੰਮ ਕੀਤਾ੍ ਵਿਸ਼ੇਸ਼ ਤੌਰ ਤੇ ਪਸ਼ੂਆਂ ਦੇ ਚਾਰੇ ਵਿਚ ਬਣਨ ਵਾਲੀ ਮੀਥੇਨ ਗੈਸ ਸੰਬੰਧੀ ਕੀਤੇ ਕਾਰਜ ਲਈ ਉਹਨਾਂ ਨੂੰ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਸਨਮਾਨਿਤ ਕੀਤਾ। ਪੰਜਾਬੀ ਭਾਈਚਾਰੇ ਵਿਚ ਚੰਗੇ ਰਸੂਖ ਸਦਕਾ ਡਾ. ਪਰਵਿੰਦਰ ਕੌਰ ਵੱਡੀ ਜਿੱਤ ਨਾਲ ਆਸਟਰੇਲੀਆ ਦੀ ਸੰਸਦ ਦੀਆਂ ਬਰੂਹਾਂ ਤੱਕ ਪਹੁੰਚਣ ਵਾਲੇ ਪਹਿਲੇ ਔਰਤ ਪੰਜਾਬੀ ਮੈਂਬਰ ਬਣੇ ਹਨ੍ਹ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਅਤੇ ਸਮੂਹ ਉੱਚ ਅਧਿਕਾਰੀਆਂ ਨੇ ਡਾ. ਪਰਵਿੰਦਰ ਦਾ ਆਸਟਰੇਲੀਆ ਦੀ ਸੰਸਦ ਲਈ ਚੁਣੇ ਜਾਣਾ ਬੇਹੱਦ ਸ਼ੁੱਭ ਕਾਰਜ ਮੰਨਿਆ ਅਤੇ ਉਹਨਾਂ ਨੂੰ ਅਗਲੇਰੀ ਸਫਲਤਾ ਲਈ ਵਧਾਈ ਦਿੱਤੀ।

# ਅੰਮ੍ਰਿਤ ਸਾਗਰ ਵੱਲੋਂ ਮਾਤਾ ਵਿਪਨਪ੍ਰੀਤ ਕੌਰ ਸਨਮਾਨਿਤ



ਲੁਧਿਆਣਾ ,25 ਮਈ (ਰਵਿੰਦਰ ਸਿੰਘ ਨਿੱਝਰ ): ਸਿੱਖ ਪੰਥ ਦੀ ਮਹਿਨਾਜ਼ ਸ਼ਖਸੀਅਤ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਪਾਇਆ ਜਾ ਰਿਹਾ ਵਡਮੁੱਲਾ ਯੋਗਦਾਨ ਸਮੁੱਚੀ ਕੌਮ ਦੇ ਲਈ ਜਿੱਥੇ ਪ੍ਰੇਣਾ ਦਾ ਸਰੋਤ ਹੈ, ਉੱਥੇ ਖਾਸ ਉਨ੍ਹਾਂ ਵੱਲੋਂ ਵੱਖ-ਵੱਖ ਗੁਰੂ ਅਸਥਾਨਾ 'ਤੇ ਚਲਾਈ ਜਾ ਰਹੀ ਚੋਪਹਿਰਾ ਪਾਠਾ ਦੀ ਲੜੀ ਸੰਗਤਾਂ ਨੂੰ ਗੁਰਬਾਣੀ ਦੇ ਸਿਮਰਨ ਨਾਲ ਜੋੜਨ ਵਿੱਚ ਨਵੀਂ ਮਿਸਾਲ ਕਾਇਮ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਮ੍ਰਿਤ ਸਾਗਰ ਪਰਿਵਾਰ ਦੇ ਪ੍ਰਮੁੱਖ.ਬਲਬੀਰ ਸਿੰਘ ਭਾਟੀਆ ਨੇ ਅੱਜ ਆਪਣੇ ਗ੍ਰਹਿ ਵਿਖੇ ਉਚੇਚੇ ਤੌਰ ਤੇ ਭਾਟੀਆ ਪਰਿਵਾਰ ਦੇ ਸਮੂਹ ਮੈਬਰਾਂ ਨੂੰ ਆਪਣੀ ਨਿੱਘੀ ਪਿਆਰ ਭਰੀ ਆਸੀਸ ਦੇਣ ਲਈ ਪੁੱਜੇ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਨ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਸੇਵਾ ਤੇ ਸਿਮਰਨ ਦੇ ਸਿਧਾਂਤ ਉਪਰ ਪਹਿਰਾ ਦੇਣ ਵਾਲੇ ਮਾਤਾ ਵਿਪਨਪ੍ਰੀਤ ਕੌਰ ਜੀ ਵੱਲੋ ਗੁਰਬਾਣੀ ਕੀਰਤਨ ਦੇ ਪ੍ਰਵਾਹ ਨੂੰ ਨਿਰੰਤਰ ਅੱਗੇ ਤੋਰਨ ਵਿੱਚ ਜੋ ਵਡਮੁੱਲਾ ਯੋਗਦਾਨ ਆਪਣੇ ਸਾਥੀਆਂ ਨਾਲ ਪਾਇਆ ਜਾ ਰਿਹਾ ਹੈ ਉਹ ਸਮੁੱਚੇ ਪੰਥ ਲਈ ਇੱਕ ਚਾਨਣ ਮੁਨਾਰਾ ਹੈ।। ਸ. ਭਾਟੀਆ,ਉਨ੍ਹਾਂ ਦੀ ਸੁਪਤਨੀ ਦਲਜੀਤ ਕੌਰ ਭਾਟੀਆ ਤੇ ਸਪੁੱਤਰ ਕਰਨਪ੍ਰੀਤ ਸਿੰਘ ਭਾਟੀਆ ਨੇ ਜੈਕਾਰਿਆਂ ਦੀ ਗੂੰਜ ਵਿੱਚ ਵਿਪਨਪ੍ਰੀਤ ਕੌਰ ਤੇ.ਮਨਿੰਦਰ ਸਿੰਘ ਆਹੂਜਾ ਪ੍ਰਧਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਅਤੇ ਮਾਤਾ ਜੀ ਦੇ ਜੱਥੇ ਦੀਆਂ ਬੀਬੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਵਿਕਰਮ ਸਿੰਘ, ਮਨੀਕਰਨ ਸਿੰਘ,ਮਨਿੰਦਰਪਾਲ ਸਿੰਘ ਸੋਨੂੰ ,ਜਸਵਿੰਦਰ ਕੌਰ ਸਲੂਜਾ,ਅਸ਼ਮੀਤ ਕੌਰ ਅਤੇ ਜਸਮੀਨ ਆਦਿ ਵੀ ਹਾਜ਼ਰ ਸਨ।

# ਖੇਤੀਬਾੜੀ ਜਮੀਨ 'ਤੇ ਨਵੀਆਂ ਕਲੋਨੀਆਂ ਬਣਾਉਣ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ



ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ ); ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸੱਤਾਧਾਰੀ ਸਰਕਾਰ ਸਰਕਾਰ ਵੱਲੋਂ ਪੰਜਾਬ ਵਿੱਚ ਨਵੀਆਂ ਕਲੋਨੀਆਂ ਦੇ ਨਾਮ 'ਤੇ ਉਨ੍ਹਾਂ ਦੀ 24000 ਏਕੜ ਜਮੀਨ ਐਕੁਆਇਰ ਕਰਨ ਦੀ ਯੋਜਨਾ ਆ ਰਹੀ ਹੈ, ਜਿਸ ਕਾਰਨ ਸਾਰੇ ਪੰਜਾਬੀਆਂ 'ਤੇ ਇੱਕ ਵੱਡੀ ਤਲਵਾਰ ਲਟਕਦੀ ਜਾਪਦੀ ਹੈ। ਧੀਮਾਨ ਨੇ ਕਿਹਾ ਕਿ 24000 ਏਕੜ ਜਮੀਨ ਜੋ ਕਿ ਖੇਤੀਬਾੜੀ ਵਾਲੀ ਜਮੀਨ ਹੈ, ਨੂੰ ਵਿਕਸਤ ਕਰਕੇ ਸਰਕਾਰ ਵੱਲੋਂ ਉੱਥੇ ਕਲੋਨੀਆਂ ਬਣਾਈਆਂ ਜਾਣਗੀਆਂ, ਜਦੋਂਕਿ ਪੰਜਾਬ ਦਾ ਰਿਕਾਰਡ ਹੈ ਕਿ ਗਲਾਡਾ ਅਥਾਰਟੀ ਦੇ ਗਠਨ ਤੋਂ ਬਾਅਦ ਹੁਣ ਤੱਕ ਸਿਰਫ 3000 ਏਕੜ ਜਮੀਨ ਵਿਕਸਤ ਕੀਤੀ ਗਈ ਹੈ। ਭਾਜਪਾ ਇਸਦਾ ਸਖਤ ਵਿਰੋਧ ਕਰੇਗੀ। ਇਸ ਮੌਕੇ ਭਾਜਪਾ ਦੇ ਨਰਿੰਦਰ ਸਿੰਘ ਮੱਲੀ, ਯਸਪਾਲ., ਡਾ: ਨਿਰਮਲ ਨਈਅਰ, ਪ੍ਰੈੱਸ ਸਕੱਤਰ ਡਾ: ਸਤੀਸ ਕੁਮਾਰ, ਬੁਲਾਰੇ ਸੁਰਿੰਦਰ ਕੌਂਸਲ, ਡਾ: ਪਰਮਜੀਤ ਸਿੰਘ, ਦੇਵੀ ਸਹਾਏ ਟੰਡਨ, ਹੈਪੀ ਬਾਂਸਲ ਆਦਿ ਹਾਜ਼ਰ ਸਨ।

# ਸਿੰਗਲ ਟ੍ਰੈਕ 'ਸੁਪਨਿਆਂ ਦੀ ਰਾਣੀ' ਨੂੰ ਅਥਾਹ ਪਿਆਰ ਦੇਣ ਲਈ ਗਾਇਕ ਜਗਦੇਵ ਖ਼ਾਨ ਵੱਲੋਂ ਸਰੋਤਿਆਂ ਦਾ ਧੰਨਵਾਦ

ਲੁਧਿਆਣਾ, 25 ਮਈ (ਰਵਿੰਦਰ ਸਿੰਘ ਨਿੱਝਰ): ਪੰਜਾਬੀ ਸਭਿਆਚਾਰ ਨੂੰ ਸਮਰਪਿਤ ਗਾਇਕੀ ਦੇ ਖ਼ੇਤਰ ਦੇ ਹਰਮਨ ਅਜ਼ੀਜ਼ ਫਨਕਾਰ ਜਗਦੇਵ ਖਾਨ ਅੱਜਕਲ੍ਹ ਆਪਣੇ ਹਾਲ ਹੀ ਵਿੱਚ ਪੰਜਾਬੀ ਸੰਗੀਤਕ ਕੰਪਨੀ ਜ਼ੀਆ ਪ੍ਰੋਡਕਸ਼ਨ ਵੱਲੋਂ ਰਿਲੀਜ਼ ਕੀਤੇ ਗਏ ਸਿੰਗਲ ਟ੍ਰੈਕ 'ਸੁਪਨਿਆਂ ਦੀ ਰਾਣੀ' ਨਾਲ ਇੱਕ ਵਾਰ ਫਿਰ ਪੰਜਾਬੀ ਸੰਗੀਤ ਸਰੋਤਿਆਂ ਦੀ ਭਰਪੂਰ ਪ੍ਰਸ਼ੰਸ਼ਾ ਦੇ ਪਾਤਰ ਬਣੇ ਹੋਏ ਹਨ। ਜ਼ਿਕਰਯੋਗ ਹੈ ਕਿ ਗਾਇਕ ਇਸ ਗੀਤ ਦੀ ਰਿਲੀਜ਼ਿੰਗ ਤੋਂ ਕੁਝ ਦਿਨ ਬਾਦ ਹੀ ਇੱਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ ਪਰ ਇਸ ਵਕਤ ਉਹ ਬੇਸ਼ੱਕ ਜ਼ੇਰੇ ਇਲਾਜ਼ ਹਨ ਤੇ ਮੁਕੰਮਲ ਬੈੱਡ ਰੈਸਟ 'ਤੇ ਹਨ ਹਨ ਲੇਕਿਨ ਉਹ ਆਪਣੇ ਇਸ ਗੀਤ ਨੂੰ



ਮਿਲ ਰਹੇ ਲੋਕ ਹੁੰਗਾਰੇ ਤੋਂ ਅਤਿਅੰਤ ਖੁਸ਼ ਵੀ ਨਜ਼ਰ ਆ ਰਹੇ ਹਨ। ਅੱਜ ਉਹਨਾਂ ਦਾ ਹਾਲ ਚਾਲ ਪੁੱਛਣ ਲਈ ਪੰਜਾਬੀ ਲੋਕ ਗਾਇਕ ਯੁਧਵੀਰ ਮਾਣਕ, ਮਾਸਟਰ ਖਾਨ, ਹੁਸਨ ਲਾਲ ਹੀਰਾ, ਜਸਵੀਰ ਜੱਸ, ਗਾਇਕ ਹਰਜੀਤ ਸਿੱਧੂ ਫੂਲਕਾ, ਵਿੱਕੀ ਅਜਨੋਹਾ, ਤਰਲੋਚਨ ਫੂਸਮੰਡੀ ਵਿਸ਼ੇਸ਼ ਤੌਰ 'ਤੇ ਜਗਦੇਵ ਖਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਦੇ ਵਿੱਚ ਗਾਇਕ ਜਗਦੇਵ ਖਾਨ ਨੇ ਜਿੱਥੇ ਆਪਣੇ ਨਵੇਂ ਗੀਤ ਨੂੰ ਭਰਪੂਰ ਹੁੰਗਾਰਾ ਦੇਣ ਲਈ ਪੰਜਾਬੀ ਸੰਗੀਤ ਸਰੋਤਿਆਂ ਦਾ ਧੰਨਵਾਦ ਕੀਤਾ।

# ਸਿਮਰਨ ਪਬਲਿਕ ਸਕੂਲ ਦਾ 12ਵੀਂ ਜਮਾਤ ਦਾ ਨਤੀਜਾ ਰਿਹਾ 100 ਫ਼ੀਸਦੀ

ਲੁਧਿਆਣਾ, 25 ਮਈ (ਕਰਨੈਲ ਸਿੰਘ ਐੱਮ.ਏ.): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚ ਸਿਮਰਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਮ ਨਗਰ, ਗਲੀ ਨੰਬਰ 9, ਮੁੰਡੀਆਂ ਕਲਾਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਸਕੂਲ ਦੇ ਡਾਇਰੈਕਟਰ ਸ਼੍ਰੀ ਰਾਜੇਸ਼ ਗੁਪਤਾ ਨੇ ਦੱਸਿਆ ਕਿ ਸਕੂਲ ਦੇ 12ਵੀਂ ਜਮਾਤ ਦੇ ਕਾਮਰਸ ਨਤੀਜੇ ਵਿੱਚ ਅੰਕਿਤ ਨੇ 500 ਅੰਕਾਂ ਵਿੱਚੋਂ 446 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿਅੰਕਾ ਮੋਦੀ ਨੇ 435 ਅੰਕ ਪ੍ਰਾਪਤ ਕਰਕੇ ਦੂਜਾ, ਖ਼ੁਸ਼ੀ ਅਤੇ ਨੈਨਾਂ ਨੇ 393 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਆਰਟਸ ਵਿੱਚ ਵੰਦਨਾ ਨੇ 500 ਵਿੱਚੋਂ 450 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਮੀਤ ਵਿਸ਼ਵਕਰਮਾ ਨੇ 398 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਖੁਸ਼ਬੂ ਨੇ 392 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਦੱਸਿਆ ਕਿ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਨੰਬਰ ਪ੍ਰਾਪਤ ਕੀਤੇ ਹਨ। ਉਹਨਾਂ ਨੇ ਬੱਚਿਆਂ ਦੀ ਇਸ ਕਾਮਯਾਬੀ ਲਈ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਅਗਲੀਆਂ ਪ੍ਰੀਖਿਆਵਾਂ 'ਚ ਹੋਰ ਅੱਗੇ ਵਧਣ ਲਈ ਪ੍ਰੇਰਿਆ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਕਮਰੇ ਦਾ ਤਾਲਾ ਤੋੜਕੇ ਸਮਾਨ ਚੋਰੀ ਕਰਨ ਦੇ ਦੋਸ਼ ਤਹਿਤ ਇੱਕੋ ਪਰਿਵਾਰ ਦੇ 4 ਜੀਆਂ ਖ਼ਿਲਾਫ਼ ਕੇਸ ਦਰਜ

ਮੁੱਲਾਂਪੁਰ ਦਾਖਾ, 25 ਮਈ (ਦਵਿੰਦਰ ਸਿੰਘ ਲੰਮੇਂ); ਥਾਣਾ ਦਾਖਾ ਦੀ ਪੁਲਿਸ ਨੇ ਕਮਰੇ ਦਾ ਤਾਲਾ ਤੋੜਕੇ ਅੰਦਰ ਪਿਆ ਸਮਾਨ ਚੋਰੀ ਕਰਨ ਦੇ ਦੋਸ਼ ਤਹਿਤ ਇੱਕੋ ਪਰਿਵਾਰ ਦੇ 4 ਜੀਆਂ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਸੁਖਵਿੰਦਰ ਸਿੰਘ ਅਨੁਸਾਰ ਪੂਨਮ ਰਾਣੀ ਪਤਨੀ ਕਿਸ਼ੋਰੀ ਲਾਲ ਵਾਸੀ ਏਕਤਾ ਨਗਰ ਮੰਡੀ ਮੁੱਲਾਂਪੁਰ ਨੇ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਦੱਸਿਆ ਕਿ ਉਸਨੇ ਰਣਜੀਤ ਕੌਰ ਨੇ ਨਾਲ ਇੱਕ ਮਕਾਨ ਦਾ ਸੌਦਾ 11ਲੱਖ 60 ਹਜਾਰ ਵਿੱਚ ਕੀਤਾ ਸੀ ਅਤੇ ਬਿਆਨਾ ਲਿਖਣ ਉਪਰੰਤ 10 ਲੱਖ 60 ਹਜਾਰ ਰੁਪਏ ਬੈਂਕ ਰਾਹੀਂ ਦਿੱਤੇ ਸਨ ਤੇ ਬਾਕੀ ਦੇ 1 ਲੱਖ ਰੁਪਏ ਮਕਾਨ ਦੀ ਰਜਿਸਟਰੀ ਕਰਵਾਉਣ ਮੌਕੇ ਦੇਣੇ ਸਨ। ਉਸਨੇ ਦੱਸਿਆ ਕਿ ਬਿਆਨਾ ਲਿਖਵਾਉਣ ਉਪਰੰਤ ਉਹਨਾਂ ਨੇ ਇੱਕ ਕਮਰੇ ਦਾ ਕਬਜਾ ਲੈ ਕੇ ਉਸ ਵਿੱਚ ਆਪਣਾ ਕੀਮਤੀ ਸਮਾਨ ਰੱਖ ਦਿੱਤਾ ਸੀ। ਪੂਨਮ ਰਾਣੀ ਅਨੁਸਾਰ 24 ਅਪ੍ਰੈਲ 2025 ਨੂੰ ਜਦੋਂ ਉਹ ਉਕਤ ਘਰ ਵਿੱਚ ਗਏ ਤਾਂ ਕਬਜੇ ਵਾਲੇ ਕਮਰੇ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਅੰਦਰ ਪਿਆ ਕਮਰੇ ਵਿੱਚੋਂ ਕੀਮਤੀ ਸਮਾਨ ਗਾਇਬ ਸੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਰਣਜੀਤ ਕੌਰ ਪਤਨੀ ਜਤਿੰਦਰਪਾਲ ਸਿੰਘ, ਜਤਿੰਦਰਪਾਲ ਸਿੰਘ,ਬਲਜੀਤ ਸਿੰਘ ਪੁੱਤਰਾਨ ਸਰਦਾਰ ਸਿੰਘ ਭਾਟੀਆ ਅਤੇ ਰਾਜਵੰਤ ਕੌਰ ਪਤਨੀ ਬਲਜੀਤ ਸਿੰਘ ਵਾਸੀਆਨ ਮੁੱਲਾਂਪੁਰ ਨੇ ਹੀ ਤਾਲਾ ਤੋੜਕੇ ਸਮਾਨ ਚੋਰੀ ਕੀਤਾ ਹੈ।



ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੈਕਟਿਵ ਮੈਂਬਰ ਚੁਣੇ ਜਾਣ ਉਪਰੰਤ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਨ ਵਾਸਤੇ ਸਾਥੀਆਂ ਸਮੇਤ ਪੁੱਜੇ ਅਤੇ ਉਨ੍ਹਾਂ ਦਾ ਸਨਮਾਨ ਕਰਕੇ ਮੂੰਹ ਮਿੱਠਾ ਕਰਾਉਂਦੇ ਹੋਏ ।

# 1947 ਦੀ ਵੰਡ ਤੋਂ ਬਾਅਦ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਬਣਾਇਆ ਸੀ ਗੁਰਦੁਆਰਾ ਸਾਹਿਬ

**☛ ਉਸ ਸਮੇਂ 'ਚ 50 ਪਿੰਡਾਂ ਵਿੱਚ ਇਹ ਇਕੱਲਾ ਗੁਰਦੁਆਰਾ ਸੀ**

ਫਿਰੋਜ਼ਪੁਰ, 25 ਮਈ (ਤਿਵਾੜੀ): ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ 23 ਮਾਰਚ 1931 ਨੂੰ ਸ਼ਹੀਦ ਹੋਏ ਸਨ। ਜੋ ਕਿ ਪੂਰੇ ਭਾਰਤ ਵਿਚ 23 ਮਾਰਚ ਨੂੰ ਮਨਾਇਆ ਜਾਂਦਾ ਹੈ। ਜਿਨ੍ਹਾਂ ਦੀ ਯਾਦ ਵਿਚ ਪਿੰਡ ਹੁਸੈਨੀਵਾਲਾ ਵਿਚ ਸ਼ਹੀਦੀ ਸਮਾਰਕ ਬਣੇ ਹੋਏ ਹਨ। 1947 ਦੀ ਵੰਡ ਤੋਂ ਬਾਅਦ ਇਥੇ ਇਕ ਗੁਰਦੁਆਰਾ ਸਾਹਿਬ ਵੀ ਬਣਿਆ ਜੋ ਕਿ ਇਥੋਂ ਦੀ ਸੰਗਤ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਬਣਾਇਆ ਸੀ। 74 ਵਰ੍ਹੇ ਪਹਿਲਾਂ 1951 ਵਿਚ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ ਗਈ। ਜਾਣਕਾਰੀ ਅਨੁਸਾਰ ਲਾਲਾ ਹਵੇਲੀ ਰਾਮ ਨੇ ਗੁਰਦੁਆਰਾ ਸਾਹਿਬ ਲਈ ਆਪਣੀ ਜ਼ਮੀਨ ਦਿੱਤੀ ਸੀ ਤੇ ਸ਼ਹੀਦ ਭਗਤ ਸਿੰਘ ਦਾ ਪਰਿਵਾਰ ਵੀ ਕਦੇ ਕਦੇ ਆ ਕੇ ਇਥੇ ਦਰਸ਼ਨ ਦੀਦਾਰੇ ਕਰਦਾ ਹੁੰਦਾ ਸੀ। ਦੱਸਿਆ ਜਾਂਦਾ ਹੈ ਕਿ ਉਸ ਸਮੇਂ 50 ਪਿੰਡਾਂ ਵਿਚ ਇਹ ਇਕੱਲਾ ਗੁਰਦੁਆਰਾ ਸੀ ਜੋ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਬਣਾਇਆ ਗਿਆ ਸੀ।



ਇਸ ਗੁਰਦੁਆਰਾ ਸਾਹਿਬ ਵਿਚ ਸਭ ਤੋਂ ਪਹਿਲਾਂ ਜਿਸ ਗ੍ਰੰਥੀ ਨੇ ਸੇਵਾ ਕੀਤੀ, ਉਹ ਅੱਖਾਂ ਤੋਂ ਮੁਨਾਖਾ ਸੀ ਤੇ ਅੱਜ ਤਕ ਉਸੇ ਪਰਿਵਾਰ ਦੇ ਮੈਂਬਰ ਸੇਵਾ ਨਿਭਾ ਰਹੇ ਹਨ। ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦ ਵਿਚ 1951 ਵਿਚ ਸੰਗਤ ਨੇ ਇਸ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਿਆ। ਗੁਰਦੁਆਰਾ ਬਣਾਉਣ ਲਈ ਲਾਲਾ ਹਵੇਲੀ ਰਾਮ ਨੇ ਜ਼ਮੀਨ ਦਿੱਤੀ ਸੀ। 1953 ਵਿਚ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ ਤੇ ਮੇਰੇ ਪਿਤਾ ਗਿਆਨੀ ਕਾਲਾ ਸਿੰਘ ਨੇ ਇਥੇ ਪਹਿਲੇ ਗ੍ਰੰਥੀ ਵਜੋਂ ਸੇਵਾ ਸੰਭਾਲੀ ਜੋ ਕਿ ਅੱਖਾਂ ਤੋਂ ਮੁਨਾਖੇ ਸਨ। ਇਸ ਗੁਰਦੁਆਰਾ ਸਾਹਿਬ ਦੀ ਸੰਗਤ ਵੱਲੋਂ ਸਮੇਂ ਸਿਰ ਸੰਭਾਲ ਕੀਤੀ ਜਾ ਰਹੀ ਹੈ। ਉਸ ਸਮੇਂ ਘੱਟੋ ਘੱਟ 50 ਪਿੰਡ ਵਿਚ ਕੋਈ ਗੁਰਦੁਆਰਾ ਸਾਹਿਬ ਨਹੀਂ ਸੀ ਤੇ ਸਮੇਂ-ਸਮੇਂ ਸਿਰ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਮੈਂਬਰ ਵੀ ਇਥੇ ਆਉਂਦੇ ਜਾਂਦੇ ਰਹੇ ਹਨ। ਮੇਰੇ ਪਿਤਾ ਜੀ ਨੇ 2008 ਤਕ ਗੁਰੂਘਰ ਵਿਚ ਸੇਵਾ ਨਿਭਾਈ ਹੈ। ਸਤਨਾਮ ਸਿੰਘ ਦੀ ਵੱਡੀ ਭੈਣ ਦਵਿੰਦਰ ਕੌਰ ਨੇ ਕਿਹਾ ਕਿ ਜਦੋਂ ਸਭ ਪਰਿਵਾਰ ਨੇ ਗੁਰੂ ਘਰ ਦੀ ਸੇਵਾ ਸੰਭਾਲੀ ਸੀ ਉਦੋਂ ਮੇਰੀ ਤੇ ਮੇਰੇ ਛੋਟੇ ਭਰਾ ਸਤਨਾਮ ਸਿੰਘ ਦੀ ਉਮਰ 3 ਤੋਂ 4 ਸਾਲ ਸੀ। ਮੇਰੇ ਪਿਤਾ ਜੀ ਕਾਲਾ ਸਿੰਘ ਜੋ ਅੱਖਾਂ ਤੋਂ ਮੁਨਾਖੇ ਸਨ। ਜਿਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ 24 ਸਾਲ ਦੀ ਉਮਰ ਵਿਚ ਚਲੀ ਗਈ ਸੀ। ਉਨ੍ਹਾਂ ਨੂੰ ਮੂੰਹ ਜ਼ੁਬਾਨੀ ਸਾਰਾ ਪਾਠ ਯਾਦ ਸੀ ਜੋ ਸੰਗਤ ਨੂੰ ਪਾਠ ਕਰ ਕੇ ਤੇ ਕੀਰਤਨ ਕਰ ਕੇ ਨਿਹਾਲ ਕਰਦੇ ਸਨ। ਸਾਡੀ ਤੀਜੀ ਪੀੜ੍ਹੀ ਅੱਜ ਵੀ ਇਥੇ ਗੁਰੂ ਘਰ ਵਿਚ ਸੇਵਾ ਨਿਭਾ ਰਹੀ ਹੈ। ਇਸ ਸਮੇਂ ਹਰ ਇਕ ਪਿੰਡ ਵਿਚ ਗੁਰਦੁਆਰਾ ਸਾਹਿਬ ਹੈ ਪਰ ਹਾਲੇ ਵੀ ਸੰਗਤ ਉਸੇ ਤਰ੍ਹਾਂ ਇਥੇ ਮੱਥਾ ਟੇਕਣ ਆਉਂਦੀ ਹੈ ਜਿਵੇਂ 74 ਸਾਲ ਪਹਿਲਾਂ ਆਉਂਦੀ ਸੀ। ਸਾਡੇ ਪਿਤਾ ਜੀ ਨੇ ਸਾਨੂੰ ਕਿਹਾ ਸੀ ਕਿ ਮੈਂ ਇਥੇ 50 ਸਾਲ ਸੇਵਾ ਕੀਤੀ ਹੈ ਤੇ ਤੁਸੀਂ ਵੀ ਆਖ਼ਰੀ ਸਾਹ ਤਕ ਇਥੇ ਹੀ ਸੇਵਾ ਨਿਭਾਉਣੀ ਹੈ। 1961 ਵਿਚ ਇਥੇ ਸ਼ਹੀਦਾਂ ਦੀਆਂ ਸਮਾਧਾਂ ਬਣਾਈਆਂ ਗਈਆਂ। ਉਸ ਤੋਂ ਪਹਿਲਾਂ ਸੰਗਤ ਗੁਰਦੁਆਰਾ ਸਾਹਿਬ ਵਿਚ ਆ ਕੇ ਹੀ ਸ਼ਹੀਦਾਂ ਨੂੰ ਯਾਦ ਕਰਦੀ ਹੁੰਦੀ ਸੀ।

# ਗਰੀਬ ਪਰਿਵਾਰਾਂ ਨੂੰ ਸਹੂਲਤਾਂ ਦਾ ਲਾਲਚ ਦੇ ਕੇ ਕਰਵਾਇਆ ਜਾ ਰਿਹੈ ਧਰਮ ਪਰਿਵਰਤਨ

ਪੀਲੀਭੀਤ, 25 ਮਈ (ਚ.ਨ.ਸ.): ਪੀਲੀਭੀਤ ਭਾਰਤ-ਨੇਪਾਲ ਸਰਹੱਦ ਦੇ ਦਰਜਨਾਂ ਪਿੰਡਾਂ ਵਿਚ ਧਰਮ ਪ੍ਰੀਵਰਤਨ ਬਾਰੇ ਚਰਚਾ ਨੇਪਾਲ, ਪੰਜਾਬ, ਹਰਿਆਣਾ ਤੋਂ ਆਉਣ ਵਾਲੇ ਪਾਦਰੀ ਆਰਥਕ ਤੌਰ 'ਤੇ ਕਮਜ਼ੋਰ ਪਿੰਡਾਂ ਦੇ ਲੋਕਾਂ ਨੂੰ ਸਿੱਖਿਆ, ਇਲਾਜ ਤੇ ਪੈਸੇ ਦਾ ਲਾਲਚ ਦੇ ਕੇ ਈਸਾਈ ਧਰਮ ਵਿਚ ਤਬਦੀਲ ਕਰਦੇ ਹਨ। ਹੁਣ ਜ਼ਿਲ੍ਹਾ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਜਾਂਚ ਤੇ ਕਾਰਵਾਈ ਕਰਨ ਵਿਚ ਰੁਝਿਆ ਹੋਇਆ ਹੈ। ਮਾਮਲਾ ਹੱਥੋਂ ਨਿਕਲਦਾ ਦੇਖ ਕੇ, ਧਰਮ ਪ੍ਰੀਵਰਤਨ ਦਾ ਸ਼ਿਕਾਰ ਹੋਏ ਦਰਜਨਾਂ ਲੋਕਾਂ ਨੇ ਹੁਣ ਧਰਮ ਪ੍ਰੀਵਰਤਨ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪੀਲੀਭੀਤ ਇੰਡੋ ਨੇਪਾਲ ਇੰਡੀਆ ਦੇ ਨਾਲ ਲਗਦੇ ਦਰਜਨਾਂ ਪਿੰਡ ਹਨ ਜਿਵੇਂ ਬੇਲਹਾ, ਖਜੂਰੀਆ, ਤਾਤਾਰਗੰਜ ਹੈ। 1956 ਵਿਚ ਪਾਕਿਸਤਾਨ ਤੋਂ ਛੱਡ ਕੇ ਆਏ ਸਿੱਖ



ਭਾਈਚਾਰੇ ਦੇ ਲੋਕਾਂ ਨੂੰ ਇਥੇ ਵਸਾਇਆ ਗਿਆ ਸੀ। ਇਹ ਨੇਪਾਲ ਦੀ ਸਰਹੱਦ ਨਾਲ ਲਗਦਾ ਇਲਾਕਾ ਹੈ। ਨੇਪਾਲ ਦੀ ਸਰਹੱਦ ਕੁੱਝ ਕਦਮਾਂ ਦੀ ਦੂਰੀ 'ਤੇ ਹੈ। ਇਥੇ ਸਥਿਤ 12 ਪਿੰਡਾਂ ਦੀ ਆਬਾਦੀ 100 ਫ਼ੀਸਦੀ ਸਿੱਖ ਬਹੁਗਿਣਤੀ ਹੈ ਜੋ ਕਿ ਲਗਭਗ 22000 ਦੇ ਕਰੀਬ ਹੈ। ਇਥੋਂ ਦੇ 90 ਫ਼ੀਸਦੀ ਘਰ ਝੁੱਗੀਆਂ-ਝੌਂਪੜੀਆਂ ਹਨ। ਇਥੇ ਗੁਰਦੁਆਰਾ ਕਮੇਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਪਣੇ ਇਲਾਕੇ ਦੇ ਤਿੰਨ ਹਜ਼ਾਰ ਲੋਕਾਂ ਦੇ ਧਰਮ ਪ੍ਰੀਵਰਤਨ ਦੀ ਸ਼ਿਕਾਇਤ ਕੀਤੀ ਹੈ। ਪ੍ਰਸ਼ਾਸਨ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪਹਿਲੇ ਆਯੋਜਨ ਵਿਚ, ਲੋਕਾਂ ਦੇ ਘਰਾਂ ਵਿਚੋਂ ਈਸਾਈ ਧਰਮ ਅਪਣਾਉਣ ਦਾ ਐਲਾਨ ਕਰਨ ਵਾਲਿਆਂ ਕਿਤਾਬਾਂ ਅਤੇ ਬੋਰਡ ਮਿਲੇ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਧਰਮ ਪ੍ਰੀਵਰਤਨ ਦਾ ਇਹ ਖੇਡ ਲਗਭਗ 15 ਸਾਲਾਂ ਤੋਂ ਚੱਲ ਰਿਹਾ ਸੀ। ਹੁਣ ਇਸ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਸਿੱਖਾਂ ਦਾ ਇਕ ਵੱਡਾ ਹਿੱਸਾ ਇਸ ਵਿਰੁੱਧ ਖੜ੍ਹਾ ਹੋ ਗਿਆ ਹੈ। ਉਨ੍ਹਾਂ ਇਸ ਮਾਮਲੇ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਦੀ ਸ਼ਿਕਾਇਤ ਕੀਤੀ ਹੈ। ਨੇਪਾਲ ਦੀ ਸਰਹੱਦ ਨਾਲ ਲਗਦੇ ਬੇਲਹਾ ਪਿੰਡ ਦੇ ਕੁੱਝ ਲੋਕਾਂ ਨਾਲ ਗੱਲ ਕੀਤੀ ਗਈ।

## ਪੀਲੀਭੀਤ 'ਚ ਧਰਮ ਪਰਿਵਰਤਨ ਦੇ ਮਾਮਲੇ ਦੀ ਪੜਤਾਲ ਲਈ ਸ਼੍ਰੋਮਣੀ ਕਮੇਟੀ ਭੇਜੇਗੀ ਪੜਤਾਲੀਆ ਟੀਮ

ਉੱਤਰ ਪ੍ਰਦੇਸ਼ ਦੇ ਪੀਲੀਭੀਤ 'ਚ ਸਿੱਖ ਭਾਈਚਾਰੇ ਦੇ ਕੁੱਝ ਲੋਕਾਂ ਵੱਲੋਂ ਧਰਮ ਪ੍ਰੀਵਰਤਨ ਕਰਨ ਦੇ ਸਾਹਮਣੇ ਆਏ ਮਾਮਲੇ 'ਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰੀ ਚਿੰਤਾ ਪ੍ਰਗਟਾਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਧਰਮ ਦੇ ਪੈਰੋਕਾਰਾਂ ਦਾ ਲਾਲਚ ਦੇ ਕੇ ਜ਼ਬਰਦਸਤੀ ਧਰਮ ਤਬਦੀਲ ਕਰਵਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਬਹੁਤ ਸਾਰੇ ਪ੍ਰਵਾਰਾਂ ਨੇ ਧਰਮ ਤਬਦੀਲੀ ਜਿਹੀ ਕਿਸੇ ਵੀ ਗੱਲ ਤੋਂ ਇਨਕਾਰ ਕੀਤਾ ਹੈ, ਪ੍ਰੰਤੂ ਮਾਮਲੇ ਦੀ ਸੰਜੀਦਗੀ ਨੂੰ ਦੇਖਦਿਆਂ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਉੱਤਰ ਪ੍ਰਦੇਸ਼ ਦੇ ਇੰਚਾਰਜ ਦੀ ਅਗਵਾਈ ਹੇਠ ਪ੍ਰਚਾਰਕ ਸਿੰਘਾਂ ਦੀ ਇਕ ਟੀਮ ਭੇਜੀ ਜਾ ਰਹੀ ਹੈ, ਜੋ ਮਾਮਲੇ ਦੀ ਪੜਤਾਲ ਕਰ ਕੇ ਮੁਕੰਮਲ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜੇਗੀ।

# ਇਜ਼ਰਾਈਲ ਭਾਰਤ ਤੋਂ ਰਾਕੇਟ ਲਾਂਚਰ ਖਰੀਦੇਗਾ, 150 ਕਰੋੜ ਰੁਪਏ ਦੀ ਡੀਲ ਹੋਈ ਪੱਕੀ

ਨਵੀਂ ਦਿੱਲੀ, 25 ਮਈ (ਚ.ਨ.ਸ.): ਨਾਜ਼ੁਕ ਰੱਖਿਆ ਪ੍ਰਣਾਲੀਆਂ ਦੀ ਇੱਕ ਮੋਹਰੀ ਭਾਰਤੀ ਨਿਰਮਾਤਾ, ਲਿਮਟਿਡ ਨੂੰ ਇਜ਼ਰਾਈਲ ਦੀ ਵਿਸ਼ਵ-ਪ੍ਰਸਿੱਧ ਮੋਹਰੀ ਤਕਨਾਲੋਜੀ-ਅਧਾਰਤ ਕੰਪਨੀ ਤੋਂ ਲਗਭਗ 150 ਕਰੋੜ ਰੁਪਏ ਦਾ ਨਿਰਯਾਤ ਆਰਡਰ ਪ੍ਰਾਪਤ ਹੋਇਆ ਹੈ। ਇਸ ਆਰਡਰ ਵਿੱਚ 300 ਕਿਲੋਮੀਟਰ ਤੱਕ ਦੀ ਰੇਂਜ ਸਮਰੱਥਾ ਵਾਲੇ ਯੂਨੀਵਰਸਲ ਰਾਕੇਟ ਲਾਂਚਰ ਦਾ ਨਿਰਮਾਣ



ਅਤੇ ਸਪਲਾਈ ਸ਼ਾਮਲ ਹੈ। ਇਹ ਪਹਿਲੀ ਵਾਰ ਵਿਸ਼ਵ ਬਾਜ਼ਾਰ ਲਈ ਭਾਰਤ ਵਿੱਚ ਨਿਰਮਿਤ ਇੱਕ ਬਹੁਤ ਹੀ ਉੱਨਤ ਤਕਨਾਲੋਜੀ ਹੈ। ਲਿਮਟਿਡ ਦੇ ਬੁਲਾਰੇ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਪ੍ਰਾਪਤੀ ਹੈ। ਭਾਰਤ ਦੇ ਰੱਖਿਆ ਨਿਰਮਾਣ ਖੇਤਰ ਲਈ ਇੱਕ ਮਾਨਮੱਤਾ ਮੀਲ ਪੱਥਰ। ਇਸ ਇਕਰਾਰਨਾਮੇ ਦੇ ਨਾਲ ਅਸੀਂ ਪ੍ਰਧਾਨ ਮੰਤਰੀ ਦੇ 'ਆਤਮਨਿਰਭਰ ਭਾਰਤ' ਅਤੇ ਮੇਕ ਇਨ ਇੰਡੀਆ ਦੇ ਦ੍ਰਿਸ਼ਟੀਕੋਣ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹਾਂ, ਜੋ ਕਿ ਭਾਰਤੀ ਧਰਤੀ 'ਤੇ ਵਿਸ਼ਵ ਪੱਧਰੀ ਰੱਖਿਆ ਤਕਨਾਲੋਜੀ ਲਿਆਉਂਦਾ ਹੈ। ਯੂਨੀਵਰਸਲ ਰਾਕੇਟ ਲਾਂਚਰ ਆਪਣੀ ਸ਼੍ਰੇਣੀ ਵਿੱਚ ਸਭ ਤੋਂ ਉੱਨਤ ਹੈ ਅਤੇ ਮੌਜੂਦਾ ਸਮੇਂ ਵਿੱਚ ਉਪਲਬਧ ਵਿਸ਼ਵਵਿਆਪੀ ਵਿਕਲਪਾਂ ਨੂੰ ਪਛਾੜਨ ਲਈ ਤਿਆਰ ਕੀਤਾ ਗਿਆ ਹੈ। ਇਹ ਆਰਡਰ ਨਾ ਸਿਰਫ ਲਿਮਟਿਡ ਦੇ ਅੰਤਰਰਾਸ਼ਟਰੀ ਵਿਸਥਾਰ ਵਿੱਚ ਇੱਕ ਵੱਡਾ ਕਦਮ ਹੈ, ਸਗੋਂ ਆਧੁਨਿਕ ਯੁੱਧ ਪ੍ਰਣਾਲੀਆਂ ਦੇ ਖੇਤਰ ਵਿੱਚ ਭਾਰਤ ਦੀ ਰਣਨੀਤਕ ਸਥਿਤੀ ਨੂੰ ਵੀ ਮਜ਼ਬੂਤ ਕਰਦਾ ਹੈ। ਅੰਤਰਰਾਸ਼ਟਰੀ ਰੱਖਿਆ ਦਿੱਗਜ਼ਾਂ ਨਾਲ ਸਹਿਯੋਗ ਕਰਕੇ, ਲਿਮਟਿਡ ਭਾਰਤੀ ਹਥਿਆਰਬੰਦ ਸੈਨਾਵਾਂ ਅਤੇ ਅੰਤਰਰਾਸ਼ਟਰੀ ਗਾਹਕਾਂ ਦੋਵਾਂ ਲਈ ਉੱਚ-ਪ੍ਰਭਾਵ ਵਾਲੇ, ਸਵਦੇਸ਼ੀ ਹੱਲ ਵਿਕਸਿਤ ਕਰਨਾ ਜਾਰੀ ਰੱਖਦਾ ਹੈ।

# ਭਾਰਤ-ਪਾਕਿ ਯੁੱਧ 'ਚ ਜਿੱਤ ਦੇ ਬਾਵਜੂਦ ਕਾਂਗਰਸ ਨੇ ਗੁਜਰਾਤ ਦੇ ਰਣਆਫ ਦਾ ਹਿੱਸਾ ਪਾਕਿਸਤਾਨ ਨੂੰ ਦਿੱਤਾ: ਦੂਬੇ

ਨਵੀਂ ਦਿੱਲੀ, 25 ਮਈ (ਚ.ਨ.ਸ.): ਭਾਜਪਾ ਸੰਸਦ ਨਿਸ਼ੀਕਾਂਤ ਦੂਬੇ ਨੇ ਬੀਤੇ ਦਿਨ ਕਾਂਗਰਸ ਪਾਰਟੀ ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਨੇ ਦੋਸ਼ ਲਗਾਇਆ ਕਿ 1965 ਦੇ ਭਾਰਤ ਪਾਕਿ ਯੁੱਧ ਵਿਚ ਜਿੱਤ ਦੇ ਬਾਵਜੂਦ ਕਾਂਗਰਸ ਨੇ 1968 ਵਿਚ ਗੁਜਰਾਤ ਦੇ ਰਣਆਫ ਕੱਛ ਦਾ 828 ਵਰਗ ਕਿਲੋਮੀਟਰ ਹਿੱਸਾ ਪਾਕਿਸਤਾਨ ਨੂੰ ਸੌਂਪ ਦਿੱਤਾ। ਦੂਬੇ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਲਿਖਿਆ ਕਿ ਇੰਦਰਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਮੰਚ 'ਤੇ ਲਿਜਾ ਕੇ ਅੱਧ ਵਿਚਕਾਰ ਦੇ ਲਈ ਸਹਿਮਤੀ ਦਿੱਤੀ, ਜਿਸ ਨਾਲ ਭਾਰਤ ਨੂੰ ਖੇਤਰੀ ਨੁਕਸਾਨ



ਹੋਇਆ। ਦੂਬੇ ਨੇ ਇਕ ਦਸਤਾਵੇਜ਼ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਤਹਿਤ ਗਠਿਤ ਅੰਤਰਰਾਸ਼ਟਰੀ ਨਿਆਂਪਾਲਿਕਾ ਨੇ ਇਹ ਫੈਸਲਾ ਸੁਣਾਇਆ, ਜਿਸ ਨਾਲ ਭਾਰਤ ਨੇ ਯੂਗੋਸਲਾਵੀਆ ਦੇ ਏਲਸ ਬੱਬਲਰ ਨੂੰ ਆਪਣਾ ਪ੍ਰਤੀਨਿਧ ਨਿਯੁਕਤ ਕੀਤਾ ਸੀ। ਦੂਬੇ ਨੇ ਕਿਹਾ ਕਿ 1965 ਦਾ ਯੁੱਧ ਜਿੱਤਣ ਦੇ ਬਾਅਦ 1968 ਵਿਚ ਕੱਛ ਦਾ 828 ਵਰਗ ਕਿਲੋਮੀਟਰ ਹਿੱਸਾ ਪਾਕਿਸਤਾਨ ਨੂੰ ਦੇ ਦਿੱਤਾ। ਭਾਰਤ ਪਾਕਿ ਯੁੱਧ ਨੂੰ ਅੰਤਰਰਾਸ਼ਟਰੀ ਮੰਚ 'ਤੇ ਲਿਆਂਦਾ ਗਿਆ, ਯੁਗੋਸਲਾਵੀਆ ਦੇ ਵਕੀਲ ਅਲੀ ਬੱਬਰ ਨੂੰ ਵਿਚੋਲਾ ਬਣਾਇਆ ਗਿਆ। ਪੂਰੀ ਸੰਸਦ ਨੇ ਵਿਰੋਧ ਕੀਤਾ, ਪ੍ਰੰਤੂ ਇੰਦਰਾ ਗਾਂਧੀ ਆਇਰਨ ਲੇਡੀ ਸੀ, ਉਨ੍ਹਾਂ ਨੇ ਡੱਟ ਕੇ ਸਾਡਾ ਹਿੱਸਾ ਨਿਲਾਮ ਕਰ ਦਿੱਤਾ।

# ਐੱਮ.ਪੀ.ਏ. ਵਾਦਨ ਦੀ ਡਿਗਰੀ ਬੰਦ ਹੋਣ ਨਾਲ ਸਿੱਖ ਵਿਦਿਆਰਥੀਆਂ 'ਚ ਰੋਸ

ਅੰਮ੍ਰਿਤਸਰ, 25 ਮਈ (ਚ.ਨ.ਸ.): ਸੰਗੀਤ ਦੀ ਦੁਨੀਆਂ ਵਿਚ ਵੱਖਰੀ ਪਹਿਚਾਣ ਰੱਖਦਾ ਤਬਲਾ ਜਿਸ ਦਾ ਗੁਰਬਾਣੀ ਕੀਰਤਨ ਨਾਲ ਅਟੁੱਟ ਰਿਸ਼ਤਾ ਹੈ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਤੰਤੀ ਸਾਜਾਂ ਤੇ ਤਬਲੇ ਦੀ ਖਾਸ ਕਰਕੇ ਡਿਗਰੀ ਕਰਵਾਈ ਜਾਂਦੀ ਸੀ, ਹੁਣ ਯੂਨੀਵਰਸਿਟੀ ਵਿਚ ਐਮ ਪੀ ਏ ਵਾਦਨ ਦੀ ਡਿਗਰੀ 2025-26 ਦੇ ਸੈਸ਼ਨ ਤੋਂ ਨਹੀਂ ਕਰਵਾਈ ਜਾ ਰਹੀ, ਜਿਸ ਨੂੰ ਲੈ ਕੇ ਵਿਦਿਆਰਥੀਆਂ ਖਾਸ ਕਰਕੇ ਸਿੱਖ ਵਿਦਿਆਰਥੀਆਂ ਵਿਚ ਖਾਸਾ ਰੋਸ ਦੇਖਣ ਨੂੰ ਮਿਲ ਰਿਹਾ ਹੈ। ਅੱਜ ਸਿੱਖ ਵਿਦਿਆਰਥੀਆਂ ਵੱਲੋਂ ਇਸ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਚ ਪਹੁੰਚ ਕੇ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ 'ਤੇ ਇਕ ਮੰਗ ਪੱਤਰ ਦਿੱਤਾ ਗਿਆ। ਜਥੇਦਾਰ ਦੀ ਗੈਰ ਹਾਜ਼ਰੀ ਵਿਚ ਇਹ ਪੱਤਰ ਨਿੱਜੀ ਸਹਾਇਕ ਬਗੀਚਾ ਸਿੰਘ ਨੇ ਹਾਸਲ ਕੀਤਾ। ਇਸ ਪੱਤਰ ਵਿਚ ਜਥੇਦਾਰ ਪਾਸੋਂ ਸਹਿਯੋਗ ਮੰਗਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦਿਆਰਥੀਆਂ ਦੇ ਵਫ਼ਦ ਵਿਚ ਗੁਰਸੇਵਕ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ 2025-26 ਦੇ ਸੈਸ਼ਨ ਵਿਚ ਹਿੰਦੁਸਤਾਨੀ ਸੰਗੀਤ ਦੀ ਡਿਗਰੀ ਸ਼ੁਰੂ ਕਰਨ ਜਾ ਰਹੀ ਹੈ। ਇਸ ਵਿਚ ਗੁਰਬਾਣੀ ਸੰਗੀਤ ਨੂੰ ਮਹੱਤਤਾ ਨਹੀਂ ਦਿੱਤੀ ਗਈ। ਤੰਤੀ ਸਾਜ ਗੁਰਮਤਿ ਦਾ ਇਕ ਅਨਿੱਖੜਵਾਂ ਅੰਗ ਹਨ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਸ ਨੂੰ ਇਸ ਨੂੰ ਪਹਿਲੀ ਦਿੱਤੀ ਜਾ ਰਹੀ ਹੈ ਤੇ ਦੂਸਰੇ ਵਿਸ਼ਿਆਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਤਬਲੇ ਦੀ ਡਿਗਰੀ ਵੀ ਇਥੋਂ ਬੰਦ ਕਰ ਦਿੱਤੀ ਹੈ ਤੇ ਉਸ ਡਿਗਰੀ ਨੂੰ ਲੈਣ ਲਈ ਸ਼ਿਮਲੇ ਜਾਂ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਜਾਣ ਲਈ ਕਿਹਾ ਜਾ ਰਿਹਾ ਹੈ। ਚੌਥੇ ਪਾਤਸ਼ਾਹ ਵੱਲੋਂ ਵਸਾਈ ਹੋਈ ਇਸ ਨਗਰੀ ਨੂੰ ਗੁਰਮਤਿ ਵਿਦਿਆ ਤੋਂ ਵਾਂਝੇ ਕਰਨਾ ਬਹੁਤ ਗਲਤ ਗੱਲ ਹੈ। ਇਸ ਲਈ ਅੱਜ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲਣ ਪਹੁੰਚੇ ਹਨ ਅਤੇ ਮੰਗ ਕਰਦੇ ਹਨ ਕਿ ਇਸ ਵਿਚ ਉਨ੍ਹਾਂ ਦਾ ਸਹਿਯੋਗ ਕੀਤਾ ਜਾਵੇ ਤੇ ਸਿੱਖ ਜਥੇਬੰਦੀਆਂ ਕੋਲੋਂ ਵੀ ਮੰਗ ਕਰਦੇ ਹਾਂ ਕਿ ਇਸ ਮਾਮਲੇ ਵਿਚ ਸਹਿਯੋਗ ਕਰਨ ਤਾਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਤੰਤੀ ਸਾਜ ਦੀ ਡਿਗਰੀ ਉਨ੍ਹਾਂ ਨੂੰ ਹਾਸਲ ਹੋ ਸਕੇ। ਇਸ ਮੌਕੇ ਜਰਮਨਪ੍ਰੀਤ ਸਿੰਘ, ਹਰਮਨਜੀਤ ਸਿੰਘ, ਪ੍ਰਭਜੀਤ ਸਿੰਘ, ਜੁਗਰਾਜ ਸਿੰਘ ਅਤੇ ਏਕਮਪ੍ਰੀਤ ਸਿੰਘ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਸੰਗਤਾਂ ਨੂੰ ਜੋੜਨ ਲਈ ਹਮੇਸ਼ਾ ਪਹਿਲਕਦਮੀ ਕਰਦਾ ਆ ਰਿਹੈ: ਰਾਜੂ ਖੰਨਾ, ਭਾਈ ਖ਼ਾਲਸਾ

**☛ ਜਥੇ. ਗੜਗੱਜ ਵੱਲੋਂ ਭਾਈ ਢੱਡਰੀਆਂ ਨੂੰ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਆਦੇਸ਼ ਦੇਣਾ ਸ਼ਲਾਘਾਯੋਗ**



ਅਮਲੋਹ, 25 ਮਈ (ਜਸਵੰਤ ਸਿੰਘ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜੋ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡਾ ਫੈਸਲਾ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਫ਼ਸੀਲ ਤੋਂ ਰਣਜੀਤ ਸਿੰਘ ਢੱਡਰੀਆਂ ਨੂੰ ਤਖ਼ਤ 'ਤੇ ਬੁੱਲਾ ਕੇ ਖਿਮਾ ਜਾਚਿਕਾ ਕਰਦੇ ਹੋਏ ਸਿੱਖੀ ਨੂੰ ਜੋੜਨ ਦਾ ਜਿਥੇ ਵੱਡਾ ਉਪਰਾਲਾ ਕੀਤਾ ਹੈ, ਉਥੇ ਉਹਨਾਂ ਵੱਲੋਂ ਰਣਜੀਤ ਸਿੰਘ ਢੱਡਰੀਆਂ ਨੂੰ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੀ ਅੱਗੋਂ ਵੱਧ ਚੜ੍ਹ ਕੇ ਕਾਰਜ ਕਰਨ ਲਈ ਕਿਹਾ ਹੈ ਜੋ ਕਿ ਸ਼ਲਾਘਾਯੋਗ ਕਦਮ ਹੈ। ਸ੍ਰੀ ਰਾਜੂ ਖੰਨਾ ਨੇ ਕਿਹਾ ਕਿ ਅੱਜ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਾਨੂੰ ਹਰ ਇੱਕ ਨੂੰ ਵੱਡਾ ਹੰਭਲਾ ਮਾਰਨ ਦੀ ਲੋੜ ਹੈ। ਉਹਨਾਂ ਭਾਈ ਢੱਡਰੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਲੱਖਾਂ ਸੰਗਤਾਂ ਨੂੰ ਜਿਥੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਉਥੇ ਬਾਣੀ ਰਾਹੀਂ ਵੱਡੇ ਵੱਡੇ ਸਮਾਗਮ ਕਰਕੇ ਗੁਰੂ ਲੜ ਲੱਗਣ ਦਾ ਉਪਦੇਸ਼ ਵੀ ਦਿੱਤਾ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਉਹਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਵੀ ਸ਼ਲਾਘਾ ਕੀਤੀ, ਜਿਹਨਾਂ ਵੱਲੋਂ ਅਣਥੱਕ ਮਿਹਨਤ ਕਰਦੇ ਹੋਏ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕੀਤਾ ਜਾ ਰਿਹਾ ਹੈ। ਫ਼ੈਸਲੇ ਦਾ ਸਵਾਗਤ ਕਰਨ ਵਾਲਿਆਂ ਵਿੱਚ ਮਨਜਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਅਮਲੋਹ, ਸੀਨੀਅਰ ਆਗੂ ਕੈਪਟਨ ਜਸਵੰਤ ਸਿੰਘ ਬਾਜਵਾ, ਡਾ. ਅਰਜੁਨ ਸਿੰਘ ਹਲਕਾ ਪ੍ਰਧਾਨ ਅਮਲੋਹ, ਜਥੇਦਾਰ ਗੁਰਬਚਨ ਸਿੰਘ ਬੈਣਾ, ਜਥੇਦਾਰ ਮਹਿੰਦਰ ਸਿੰਘ ਭੱਦਲਥੂਹਾ, ਗ੍ਰੰਥੀ ਨਿਰਭੈ ਸਿੰਘ ਅਤੇ ਗੁਰਮੇਲ ਸਿੰਘ ਅਮਲੋਹ ਆਦਿ ਸ਼ਾਮਲ ਹਨ।

# ਸਰਹਿੰਦ-ਫਤਹਿਗੜ੍ਹ ਸਾਹਿਬ ਦੇ ਵਾਰਡ ਨੰਬਰ 12 'ਚ ਨਵਾਂ ਟਰਾਂਸਫਾਰਮਰ ਕੀਤਾ ਚਾਲੂ: ਚੇਅਰਮੈਨ ਢਿੱਲੋਂ

ਫਤਹਿਗੜ੍ਹ ਸਾਹਿਬ, 25 ਮਈ (ਹਰਪ੍ਰੀਤ ਕੌਰ ਟਿਵਾਣਾ): ਚੱਲ ਰਹੇ ਗਰਮੀ ਸੀਜ਼ਨ ਦੇ ਮੱਦੇਨਜ਼ਰ ਨਗਰ ਕੌਂਸਲ ਦੇ ਵਾਰਡ ਨੰਬਰ 12 ਵਿੱਚ ਨਵਾਂ ਟਰਾਂਸਫਾਰਮਰ ਲਾ ਕੇ ਅੱਜ ਰਸਮੀ ਤੌਰ 'ਤੇ ਚਾਲੂ ਕਰਨ ਸਮੇਂ ਬੋਲਦਿਆਂ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜਿੱਥੇ ਆਮ ਲੋਕਾਂ ਵੱਲੋਂ ਕਿਸੇ ਸਰਕਾਰੀ ਸਹੂਲਤ ਦੀ ਮੰਗ ਕੀਤੀ ਜਾਂਦੀ ਹੈ ਤਾਂ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਤੁਰੰਤ ਲੀਡਰਸ਼ਿਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ। ਇਸੇ ਵਾਰਡ ਦੇ ਮਾਸਟਰ ਸੰਤੋਖ ਸਿੰਘ, ਵਿਕਾਸ ਕੁਮਾਰ ਵਿੱਕੀ ਅਤੇ ਅਸ਼ੋਕ ਧੀਮਾਨ ਨੇ ਵਾਰਡ



ਵਾਸੀਆਂ ਦੀਆਂ ਮੁਸ਼ਕਲਾਂ ਧਿਆਨ ਵਿੱਚ ਰੱਖਦੇ ਹੋਏ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਬਿਜਲੀ ਦੀ ਵੋਲਟੇਜ ਬਿਲਕੁਲ ਘੱਟ ਹੋਣ ਕਰਕੇ ਲੋਕਾਂ ਨੂੰ ਤਕਲੀਫ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ ਬਲਬੀਰ ਸਿੰਘ ਸੋਢੀ ਬਲਾਕ ਪ੍ਰਧਾਨ ਨੇ ਚੇਅਰਮੈਨ ਮਾਰਕੀਟ ਕਮੇਟੀ ਗੁਰਵਿੰਦਰ ਸਿੰਘ ਢਿੱਲੋਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਟ੍ਰਾਂਸਫਾਰਮਰ ਦੀ ਮੰਗ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਸੀ ਜੋ ਅੱਜ ਪੂਰੀ ਕਰਕੇ ਵਾਰਡ ਵਾਸੀਆਂ ਨੂੰ ਗਰਮ ਮੌਸਮ ਤੋਂ ਬਚਣ ਲਈ ਰਾਹਤ ਦਿੱਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਰੇਲਵੇ ਅਧਿਕਾਰੀ ਸਾਜਨ ਸਿੰਘ, ਮੋਹਨ ਲਾਲ, ਵਿਸ਼ੂ, ਬਿੱਲਾ , ਗੁਰਚਰਨ ਸਿੰਘ, ਮਾਸਟਰ ਮਾਨ ਅਤੇ ਹੋਰ ਵਾਰਡ ਨਿਵਾਸੀਆਂ ਨੇ ਵਾਰਡ ਵਿੱਚ ਬਿਜਲੀ ਦੀ ਵੋਲਟੇਜ ਸਬੰਧੀ ਭਾਰੀ ਕਿੱਲਤ ਨੂੰ ਹੱਲ ਕਰਕੇ ਸ਼ਲਾਘਾਯੋਗ ਕੰਮ ਕਰਨ ਲਈ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਸੇਲ ਲਿਮਟਿਡ ਦੇ ਗੋਦਾਮ 'ਚ ਲੱਗੀ ਭਿਆਨਕ ਅੱਗ, 12 ਹਜ਼ਾਰ ਟਨ ਪਰਾਲੀ ਸੜੀ, ਕਰੋੜਾਂ ਦਾ ਨੁਕਸਾਨ

ਜੈਤੋ, 25 ਮਈ (ਸੰਜੀਵ ਗੋਇਲ/ ਵਿਪਨ ਗੋਇਲ): ਬਾਜਾਖਾਨਾ-ਜੈਤੋ ਰੋੜ ਨੇੜੇ ਪਿੰਡ ਸੇਢਾ ਸਿੰਘ ਵਾਲਾ ਵਿਖੇ ਸਥਿਤ ਸੇਲ ਲਿਮਟਿਡ ਦੇ ਯਾਰਡ ਵਿੱਚ ਸ਼ਨੀਵਾਰ ਸ਼ਾਮ ਲਗਭਗ 8 ਵਜੇ ਦੇ ਕਰੀਬ ਅਚਾਨਕ ਅੱਗ ਭੜਕ ਉੱਠੀ। ਸੇਲ ਕੰਪਨੀ ਦੇ ਮੈਨੇਜਰ ਸੂਦਾਂਸ਼ੂ



ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੇਜ਼ ਹਨੇਰੀ ਅਤੇ ਤੂਫ਼ਾਨ ਦੌਰਾਨ ਅਸਮਾਨੀ ਬਿਜਲੀ ਡਿੱਗਣ ਕਾਰਨ ਇਹ ਅੱਗ ਲੱਗੀ ਹੈ। ਮੌਕੇ 'ਤੇ ਮੌਜੂਦ ਕਰਮਚਾਰੀਆਂ ਨੇ ਤੁਰੰਤ ਸਥਿਤੀ ਦੀ ਜਾਣਕਾਰੀ ਕੰਪਨੀ ਦੇ ਉੱਚ ਅਧਿਕਾਰੀਆਂ, ਨਜ਼ਦੀਕੀ ਥਾਣੇ ਅਤੇ ਫਾਇਰ ਬ੍ਰਿਗੇਡ ਨੂੰ ਦਿੱਤੀ। ਸੂਚਨਾ ਮਿਲਦੇ ਹੀ ਕੋਟਕਪੂਰਾ ਅਤੇ ਬਠਿੰਡਾ ਤੋਂ ਆਈਆਂ ਅੱਗ ਨਿਵਾਰਨ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਤੇ ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟ ਗਈਆਂ। ਕੰਪਨੀ ਦੇ ਅਧਿਕਾਰੀਆਂ ਅਨੁਸਾਰ ਇਸ ਅੱਗ ਵਿੱਚ ਪਾਵਰ ਪਲਾਂਟ ਲਈ ਇਕੱਤਰ ਕੀਤੀ ਗਈ ਲਗਭਗ 10000 ਤੋਂ 12000 ਟਨ ਪਰਾਲੀ ਸੜੀ ਦੱਸੀ ਜਾ ਰਹੀ ਹੈ। ਕੰਪਨੀ ਅਧਿਕਾਰੀਆਂ ਮੁਤਾਬਕ ਤਕਰੀਬਨ 2.5 ਤੋਂ 3 ਕਰੋੜ ਰੁਪਏ ਦਾ ਵੱਡਾ ਨੁਕਸਾਨ ਦੱਸਿਆ ਜਾ ਰਿਹਾ ਹੈ। ਖਬਰ ਲਿਖੇ ਜਾਣ ਤੱਕ ਅਜੇ ਤੱਕ ਅੱਗ 'ਤੇ ਪੂਰਾ ਕਾਬੂ ਨਹੀਂ ਪਾਇਆ ਜਾ ਸਕਿਆ ਸੀ। ਪਰ ਫਾਇਰ ਬ੍ਰਿਗੇਡ ਦੀਆਂ ਟੀਮਾਂ ਬਚਾਅ ਕਾਰਵਾਈ ਵਿੱਚ ਲਗਾਤਾਰ ਜੁਟੀਆਂ ਹੋਈਆਂ ਹਨ।

# 22 ਪਰਿਵਾਰ ਕਾਂਗਰਸ 'ਚ ਸ਼ਾਮਲ



ਜ਼ੀਰਾ, 25 ਮਈ (ਦੀਪਕ ਭਾਰਗੋ): ਆਮ ਆਦਮੀ ਪਾਰਟੀ ਦੀ ਸਰਕਾਰ ਦਾਅਵੇ ਕਰਦੀ ਹੈ ਕਿ ਉਨ੍ਹਾਂ ਵੱਲੋਂ ਹਰ ਇੱਕ ਪੱਖ ਵਿੱਚ ਕੰਮ ਕੀਤਾ ਜਾ ਰਿਹਾ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੈ, ਜਿਸ ਨੂੰ ਲੈ ਕੇ ਲੋਕ ਆਮ ਆਦਮੀ ਪਾਰਟੀ ਤੋਂ ਮੂੰਹ ਮੋੜਦੇ ਜਾ ਰਹੇ ਹਨ ਤੇ ਅਕਾਲੀ ਦਲ ਦਾ ਪਹਿਲਾਂ ਹੀ ਪੱਲਾ ਛੱਡ ਚੁੱਕੇ ਹਨ। ਇਸ ਗੱਲ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਨੂੰ ਛੱਡ ਕੇ ਲੋਕ ਦੁਬਾਰਾ ਕਾਂਗਰਸ ਵਿੱਚ ਸ਼ਾਮਿਲ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਪਿਛਲੇ ਸਮੇਂ ਵਿੱਚ ਕਾਂਗਰਸ ਪਾਰਟੀ ਵੱਲੋਂ ਪਿੰਡਾਂ ਸ਼ਹਿਰਾਂ ਵਿੱਚ ਵੱਧ ਚੜ੍ਹ ਕੇ ਵਿਕਾਸ ਕਰਵਾਇਆ ਗਿਆ ਸੀ। ਇਸੇ ਤਰ੍ਹਾਂ ਜ਼ੀਰਾ ਦੇ ਪਿੰਡ ਕਿਲੀ ਬੋਦਲਾ ਦੇ 22 ਪਰਿਵਾਰ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਜੋ ਕਿ ਪਿੰਡ ਕਿਲੀ ਬੋਦਲਾ ਤੋਂ ਸਰਪੰਚ ਨਛੱਤਰ ਸਿੰਘ ਦੀ ਪ੍ਰੇਰਨਾ ਸਦਕਾ ਲਖਵਿੰਦਰ ਸਿੰਘ ਵਿਰਕ ਦੀ ਅਗਵਾਈ ਵਿੱਚ ਆਪਣੇ 22 ਪਰਿਵਾਰਾਂ ਨਾਲ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਇਹ ਪਰਿਵਾਰ ਜਿਨ੍ਹਾਂ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਅਲਵਿਦਾ ਆਖਿਆ ਜਿਵੇਂ ਸਾਹਿਬ ਸਿੰਘ, ਜੋਗਿੰਦਰ ਸਿੰਘ, ਲਖਵਿੰਦਰ ਸਿੰਘ, ਗਿਆਨ ਸਿੰਘ, ਗੁਰਬਚਨ ਸਿੰਘ, ਰਣਜੀਤ ਸਿੰਘ ਵਿਰਕ, ਜਗਜੀਤ ਸਿੰਘ ਵਿਰਕ, ਅਰਬੇਲ ਸਿੰਘ, ਜੁਗਰਾਜ ਸਿੰਘ, ਦਲਬੀਰ ਸਿੰਘ, ਗਲਜੀਤ ਸਿੰਘ, ਰੇਸ਼ਮ ਸਿੰਘ, ਗੁਰਪ੍ਰੀਤ ਸਿੰਘ ਬੁੱਟਰ, ਸੰਤੋਖ ਸਿੰਘ, ਸੁਖਵਿੰਦਰ ਸਿੰਘ ਵਿਰਕ, ਗੁਰਮੁੱਖ ਸਿੰਘ, ਅਜੀਤ ਸਿੰਘ, ਬਲਵਿੰਦਰ ਸਿੰਘ, ਰੇਸ਼ਮ ਸਿੰਘ, ਸਵਰਨ ਸਿੰਘ ਤੇ ਗੁਰਸੇਵਕ ਸਿੰਘ ਆਪਣੇ ਪਰਿਵਾਰ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਇਨਾਂ ਨੂੰ ਸ਼ਾਮਲ ਕਰਵਾਉਣ ਵਾਲਿਆਂ ਵਿੱਚ ਸੁਖਵਿੰਦਰ ਸਿੰਘ ਗੱਟਾ ਬਾਦਸ਼ਾਹ ਬਲਾਕ ਪ੍ਰਧਾਨ ਕਾਂਗਰਸ ਕਮੇਟੀ ਮੱਖੂ, ਬਲਰਾਜ ਸਿੰਘ ਭੱਗੂਪੁਰ, ਬਲਵਿੰਦਰ ਸਿੰਘ, ਨਛੱਤਰ ਸਿੰਘ ਕਿਲੀ ਬੋਦਲਾ, ਬਲਜੀਤ ਸਿੰਘ ਮਰਹਾਣਾ, ਜੱਗਾ ਸਿੰਘ, ਹਰਪ੍ਰੀਤ ਸਿੰਘ, ਗੁਰਦੇਵ ਸਿੰਘ ਮਿੱਠੇ, ਪ੍ਰਿਤਪਾਲ ਸਿੰਘ ਜ਼ੈਲਦਾਰ ਤੇ ਅੱਪੂ ਮਨਚੰਦਾ, ਹਾਜ਼ਰ ਸਨ।

# ਰਜਨੀਸ਼ ਦਹੀਆ ਨੇ ਹਲਕੇ ਦੇ ਪਿੰਡਾਂ 'ਚ ਪਹੁੰਚ ਕੇ ਲੋਕਾਂ ਨੂੰ ਨਸ਼ਿਆਂ ਬਾਰੇ ਕੀਤਾ ਜਾਗਰੂਕ



ਫਿਰੋਜ਼ਪੁਰ, 25 ਮਈ (ਤਿਵਾੜੀ); ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਅਧੀਨ ਆਉਂਦੇ ਪਿੰਡ ਕੱਕਰ, ਟਿੱਬੀ ਕਲਾ ਅਤੇ ਮੁਹੰਮਦ ਖਾਨ ਨਾਜ਼ੀਆ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਅਧੀਨ ਵਿਧਾਇਕ ਰਜਨੀਸ਼ ਕੁਮਾਰ ਦਹੀਯਾ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਬਾਰੇ ਜਾਗਰੂਕ ਕੀਤਾ। ਵਿਧਾਇਕ ਰਜਨੀਸ਼ ਦਹੀਯਾ ਨੇ ਕਿਹਾ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿਛਲੇ ਮਹੀਨਿਆਂ ਵਿੱਚ ਨਸ਼ਾ ਤਸਕਰਾਂ ਉੱਤੇ ਵੱਡਾ ਵਾਰ ਕੀਤਾ ਹੈ। ਉਨ੍ਹਾਂ ਕਿਹਾ ਇਸ ਮੁਹਿੰਮ ਨੂੰ ਹੁਣ ਜਨ ਅੰਦੋਲਨ ਬਣਾਉਂਦੇ ਹੋਏ ਹਰ ਪਿੰਡ ਅਤੇ ਵਾਰਡ ਤੱਕ ਲੈ ਕੇ ਜਾਇਆ ਜਾਵੇਗਾ, ਜਿਸ ਵਿੱਚ ਲੋਕ ਸਹੁੰ ਲੈਣਗੇ ਕਿ ਨਾ ਤਾਂ ਖੁਦ ਨਸ਼ਾ ਕਰਣਗੇ, ਨਾ ਨਸ਼ਾ ਵੇਚਣ ਦੇਣਗੇ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਲਾਜ ਲਈ ਉਤਸ਼ਾਹਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਆਪ ਸਭ ਲੋਕਾਂ ਦੀ ਬਹੁਤ ਲੋੜ ਹੈ, ਉਨ੍ਹਾਂ ਕਿਹਾ ਕਿ ਲੋਕ ਨਸ਼ਾ ਵੇਚਣ ਵਾਲਿਆਂ ਦੀ ਗੁਪਤ ਤੌਰ 'ਤੇ ਜਾਣਕਾਰੀ ਦੇ ਸਕਦੇ ਹਨ। ਉਨ੍ਹਾਂ ਕਿਹਾ ਜੋ ਲੋਕ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਸੂਬੇ ਭਰ ਵਿੱਚ ਇਲਾਜ ਅਤੇ ਪੁਨਰਵਾਸ ਕੇਂਦਰਾਂ ਦੀ ਸੁਵਿਧਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਕੇਵਲ ਨਸ਼ਾ ਵਿਰੋਧੀ ਜਾਗਰੂਕਤਾ ਨਹੀਂ, ਸਗੋਂ ਸਮਾਜ ਵਿੱਚ ਸਕਾਰਾਤਮਕ ਮਾਹੌਲ ਪੈਦਾ ਕਰਨਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਖਿਲਾਫ ਖੜ੍ਹੇ ਹੋਣ ਲਈ ਸਹੁੰ ਵੀ ਚੁਕਵਾਈ। ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ ਖੜ੍ਹੇ ਹੋਣ ਅਤੇ ਜੇਕਰ ਉਹਨਾਂ ਨੂੰ ਨਸ਼ਾ ਕਰਨ ਜਾਂ ਨਸ਼ਾ ਵੇਚਣ ਵਾਲੇ ਬਾਰੇ ਪਤਾ ਚੱਲਦਾ ਹੈ ਤਾਂ ਉਹ ਉਸ ਦੀ ਰਿਪੋਰਟ ਨਜ਼ਦੀਕੀ ਥਾਣੇ ਵਿੱਚ ਦੇਣ। ਉਨ੍ਹਾਂ ਕਿਹਾ ਕੇ ਮਾਨ ਸਰਕਾਰ ਦੀ ਇਸ ਮੁਹਿੰਮ ਵਿੱਚ ਪੰਚਾਇਤਾਂ, ਗ੍ਰਾਮ ਰੱਖਿਆ ਸਮਿਤੀਆਂ, ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਇਕੱਠੇ ਮਿਲ ਕੇ ਕੰਮ ਕਰ ਰਹੇ ਹਨ।

# ਸ੍ਰੀ ਰਾਮ ਮੰਦਰ ਵਿਖੇ ਸ੍ਰੀ ਰਾਮ ਦਰਬਾਰ ਦਾ ਨਵੀਨੀਕਰਨ ਤੇ ਦੁਬਾਰਾ ਪਵਿੱਤਰੀਕਰਨ ਕੀਤਾ

ਮੰਡੀ ਗੋਬਿੰਦਗੜ੍ਹ, 25 ਮਈ (ਸੂਦ): ਸ਼੍ਰੀ ਰਾਮ ਮੰਦਿਰ ਵਿੱਚ ਸ਼੍ਰੀ ਰਾਮ ਦਰਬਾਰ ਦੇ ਨਵੀਨੀਕਰਨ ਤੋਂ ਬਾਅਦ, ਸ਼੍ਰੀ ਰਾਮ ਮੰਦਿਰ ਟਰੱਸਟ ਵੱਲੋਂ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਪ੍ਰਾਣ ਪ੍ਰਤਿਸ਼ਠਾ ਦੀ ਪੂਜਾ ਕੀਤੀ ਗਈ, ਜਿਸ ਵਿੱਚ ਸ਼੍ਰੀ ਰਾਮ ਦਰਬਾਰ ਦੀ ਸਥਾਪਨਾ ਮੰਦਰ ਦੇ ਪੁਜਾਰੀ ਸੱਤਿਆ ਪ੍ਰਸਾਦ ਜੋਸ਼ੀ, ਪੰਡਿਤ ਮਮਲੇਸ਼ਵਰ ਪ੍ਰਸਾਦ ਜੋਸ਼ੀ, ਸ਼ਿਵ ਪ੍ਰਸਾਦ ਜੋਸ਼ੀ, ਅਮਿਤ ਸ਼ਰਮਾ, ਸੂਰਿਆ ਪ੍ਰਕਾਸ਼, ਪ੍ਰਦੀਪ ਜੋਸ਼ੀ ਅਤੇ ਰਾਜਿੰਦਰ ਪ੍ਰਸਾਦ ਬ੍ਰਾਹਮਣਾਂ ਵੱਲੋਂ ਵੈਦਿਕ ਮੰਤਰਾਂ ਨਾਲ ਪੂਜਾ ਰਸਮ ਕਰਨ ਤੋਂ ਬਾਅਦ ਕੀਤੀ ਗਈ, ਜਿਸ ਵਿੱਚ ਮੁੱਖ ਮੇਜ਼ਬਾਨ ਆਸ਼ਾ ਸਿੰਗਲਾ ਅਤੇ ਸੁਰੇਸ਼ ਸਿੰਗਲਾ ਬਬਲੀ, ਰਾਘਵ ਸਿੰਗਲਾ, ਅਭਿਜੀਤ ਸਿੰਗਲਾ, ਸੋਫੀਆ ਸਿੰਗਲਾ, ਸ਼ਸ਼ੀ ਸਿੰਗਲਾ, ਜੋਗਿੰਦਰ ਪਾਲ ਸਿੰਗਲਾ, ਨੀਨਾ ਬਾਂਸਲ, ਸਲੋਨੀ ਬਾਂਸਲ, ਵਿਜਯੰਤ ਬਾਂਸਲ, ਰਵਿੰਦਰ ਗਰਗ, ਧਜਿੰਦਰ ਗਰਗ ਅਤੇ ਮੇਜ਼ਬਾਨ ਸ਼ਰਨ ਦਾਸ, ਇੰਦਰਜੀਤ ਸ਼ਰਮਾ, ਐੱਨਆਰਆਈ. ਪਵਨ ਸ਼ਰਮਾ ਸਿੰਘਾਪੁਰ, ਬਲਜਿੰਦਰ ਨਾਥ ਸਿੰਗਲਾ, ਕੋਮਲ ਚੋਪੜਾ, ਮਨੋਜ ਚੋਪੜਾ, ਪੂਨਮ ਚੋਪੜਾ, ਦੀਪਕ ਚੋਪੜਾ, ਨੀਰਜ ਮਹਿਤਾ,



ਮੱਖਣ ਸਿੰਘ, ਸੀਮਾ ਸ਼ਰਮਾ, ਸਤੀਸ਼ ਸ਼ਰਮਾ ਬੰਟੀ, ਰਾਧਿਕਾ ਸ਼ਰਮਾ, ਭ੍ਰਿਗੂ ਸ਼ਰਮਾ, ਰਚਨਾ ਗਰਗ, ਮਹਿੰਦਰ ਗਰਗ, ਪੁਨੀਤ ਗਰਗ, ਮੰਜੂ ਗਰਗ, ਰਾਜ ਕੁਮਾਰ ਗਰਗ ਆਦਿ ਨੇ ਸ਼੍ਰੀ ਗੌਰੀ ਗਣੇਸ਼, ਨਵਗ੍ਰਹਿ ਅਤੇ ਕਲਸ਼ ਪੂਜਾ ਉਪਰੰਤ ਦੇਵੀ ਦੇਵਤਿਆਂ ਦਾ ਆਗਮਨ ਕੀਤਾ, ਜਿਸ ਵਿੱਚ ਜਲਧਿਵਾਸ, ਅੰਨਧਿਵਾਸ, ਪੁਸ਼ਪਾਧਿਵਾਸ, ਧੂਪਾਧਿਵਾਸ, ਫਲਧਿਵਾਸ, ਮਿਠਾਈਆਂ, ਸਰਕਾਰਧਿਵਾਸ, ਵਸ਼ਤ੍ਰਸ਼ਯਧਿਵਾਸ, ਔਸ਼ਧਿਆਧਿਵਾਸ, ਸ਼ਤਕਲਸ਼ਾਸਨ ਆਦਿ ਵੈਦਿਕ ਪਰੰਪਰਾ ਰਾਹੀਂ ਮੂਰਤੀਆਂ ਦਾ ਪਵਿੱਤਰੀਕਰਨ ਕੀਤਾ ਗਿਆ। ਇਸ ਮੌਕੇ ਮੁੱਖ ਸੁਰੇਸ਼ ਬਬਲੀ ਨੇ ਕਿਹਾ ਕਿ ਸ਼ਹਿਰ ਦੇ ਲੋਕਾ ਦੇ ਸਹਿਯੋਗ ਨਾਲ ਸ਼੍ਰੀ ਰਾਮ ਮੰਦਰ ਵਿੱਚ ਸ਼੍ਰੀ ਰਾਮ ਦਰਬਾਰ ਦਾ ਨਵੀਨੀਕਰਨ ਕੀਤਾ ਗਿਆ ਹੈ ਅਤੇ ਰਸਮਾਂ ਅਨੁਸਾਰ ਪੂਜਾ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਪੰਡਿਤ ਗੰਗਾ ਪ੍ਰਸਾਦ, ਡਾ: ਮਨਮੋਹਨ ਕੌਸ਼ਲ, ਜੇ.ਪੀ.ਗੋਇਲ, ਮੋਤੀ ਲਾਲ ਸੇਤੀਆ, ਨਰਿੰਦਰ ਭਾਟੀਆ, ਸੰਜੇ ਗਰਗ, ਜਵਾਹਰ ਲਾਲ ਪਾਠਕ, ਡਾ: ਕ੍ਰਿਸ਼ਨ ਭਾਰਦਵਾਜ, ਟਿੰਕੂ, ਰਾਜੂ ਤੇ ਸਿਮਰਨ ਆਦਿ ਹਾਜ਼ਰ ਸਨ।

# 41ਵੇਂ ਵਿਸ਼ਾਲ ਭੰਡਾਰੇ, ਕੁਸ਼ਤੀਆਂ ਤੇ ਕੱਵਾਲੀਆਂ ਦਾ ਆਯੋਜਨ

ਮੰਡੀ ਗੋਬਿੰਦਗੜ੍ਹ, 25 ਮਈ (ਸੂਦ): ਸਖੀ ਸਰਵਰ ਲੱਖ ਦਾਤਾ ਪੀਰ ਲਾਲਾਂ ਵਾਲਾ ਦੇ ਦਰਬਾਰ ਪਿੰਡ ਕੋਟਲਾ ਡਡਹੇੜੀ ਵਿਖੇ ਹਰ ਸਾਲ ਦੀ ਤਰ੍ਹਾਂ 41ਵਾਂ ਵਿਸ਼ਾਲ ਭੰਡਾਰਾ, ਕੁਸ਼ਤੀਆਂ ਅਤੇ ਕਵਾਲੀਆਂ ਦਾ ਆਯੋਜਨ ਮੁੱਖ ਸੇਵਾਦਾਰ ਬਾਬਾ ਹਰਚੰਦ ਸਿੰਘ ਗੱਦੀ ਨਸ਼ੀਨ, ਗੁਰਨਾਮ ਸਿੰਘ ਸਰੋਏ, ਮਨੋਜ ਚੇਤਨ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ



ਨਾਲ ਕਰਵਾਇਆ ਗਿਆ। ਇਸ ਮੌਕੇ ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਦੁਪਹਿਰ ਦੇ ਸਮਾਗਮ ਵਿੱਚ ਚਾਦਰ ਦੀ ਰਸਮ ਅਦਾ ਕੀਤੀ। ਇਸ ਮੌਕੇ ਢਿਲੋਂ ਸਿਸਟਰ ਅਤੇ ਕਵਾਲਾਂ ਨੇ ਕਵਾਲੀਆਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਸ਼ਾਮ ਸਮੇਂ ਪਹਿਲਵਾਨਾਂ ਦੀ ਜ਼ੋਰ ਅਜ਼ਮਾਈ ਕਰਵਾਈ ਗਈ, ਜਿਸ ਵਿੱਚ 200 ਦੇ ਕਰੀਬ ਪਹਿਲਵਾਨਾਂ ਦੇ ਜੋੜਿਆਂ ਨੇ ਭਾਗ ਲਿਆ। ਝੰਡੀ ਦੀ 21ਹਜ਼ਾਰ ਦੀ ਕੁਸ਼ਤੀ ਸੋਨੀ ਢਿਲਵਾਂ ਨੇ ਜਿੱਤੀ। ਪ੍ਰਬੰਧਕਾਂ ਵੱਲੋਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਅਤੇ ਪਤਵੰਤਿਆਂ ਦਾ ਸਨਮਾਨ ਵੀ ਕੀਤਾ ਗਿਆ। ਸ੍ਰੀ ਬੜਿੰਗ ਨੇ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਵਿਚ ਸਹਿਯੋਗ ਦੀ ਅਪੀਲ ਕੀਤੀ। ਉਹਨਾਂ ਪ੍ਰਬੰਧਕਾਂ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੇਡਾਂ ਸਾਡੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਂਦੀਆਂ ਹਨ। ਇਸ ਮੌਕੇ ਗੁਰਤੇਜ ਸਿੰਘ (ਫੋਰਮੈਨ), ਮਨੋਜ ਚੇਤਨ, ਮਹਿੰਦਰ ਬਾਬੂ, ਵਿਨੋਦ ਗੁਪਤਾ ਗੋਮਤੀ ਮਿਲ, ਵਿਨੋਦ ਗੁਜ਼ਰ, ਸੰਜੀਵ ਫੋਰਮੈਨ, ਮਹਿੰਦਰਪਾਲ, ਗੁਰਮੇਲ ਸਿੰਘ ਐਨਆਰਆਈ, ਹਰਵਿੰਦਰ ਸਿੰਘ ਸੇਖੋਂ, ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਹਰਮੇਲ ਸਿੰਘ, ਬਲਵਿੰਦਰ ਕੌਰ, ਗੁਰਵਿੰਦਰ ਗੋਂਗੀ, ਬਿੱਲਾ ਸੇਖੋਂ, ਗੁਰਿੰਦਰ ਫੋਰਮੈਨ, ਦਲਵੀਰ ਸਿੰਘ ਕੈਲੇ, ਜਗਦੀਪ ਸਿੰਘ ਦੀਪਾ, ਮਨਦੀਪ ਸਿੰਘ ਐਸਡੀਓ, ਕਾਕਾ ਰੋਪੜ, ਲਾਡੀ ਸਰੋਏ, ਰਾਣਾ ਸਰੋਏ, ਜਗਦੇਵ ਸਰੋਏ, ਬੱਬਲ, ਮਨੀ ਢੰਡਾਰੀ, ਵੀਰ ਵਰਿੰਦਰ ਸਿੰਘ ਇਟਲੀ, ਦੀਪਾ ਕੋਟਲਾ, ਸਰਪੰਚ ਜਤਿੰਦਰ ਕੌਰ ਅਤੇ ਅਮਨ ਸਰੋਏ ਆਦਿ ਹਾਜ਼ਰ ਸਨ।

# 29 ਦੀ ਕਾਂਗਰਸ ਰੈਲੀ ਇਤਿਹਾਸਕ ਹੋਵੇਗੀ: ਜਗਬੀਰ ਸਲਾਣਾ




ਅਮਲੋਹ, 25 ਮਈ (ਜਸਵੰਤ ਸਿੰਘ): ਕਾਂਗਰਸ ਪਾਰਟੀ ਵਲੋਂ ਅਮਲੋਹ ਵਿਚ 29 ਮਈ ਨੂੰ ਕੀਤੀ ਜਾ ਰਹੀ 'ਸੰਵਿਧਾਨ ਬਚਾਓ ਰੈਲੀ' ਇਤਿਹਾਸਕ ਹੋਵੇਗੀ, ਜਿਸ ਵਿਚ ਕਾਂਗਰਸ ਲੀਡਰਸ਼ਿਪ ਸੰਬੋਧਨ ਕਰੇਗੀ। ਇਹ ਗੱਲ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ ਨੇ ਅੱਜ ਇਥੇ ਪਾਰਟੀ ਵਰਕਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਰੈਲੀ ਪ੍ਰਤੀ ਲੋਕਾਂ ਵਿਚ ਭਾਰੀ ਉਤਸ਼ਾਹ ਹੈ ਕਿਉਂਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਅਤੇ ਕੇਂਦਰ ਦੀ ਭਾਜਪਾ ਸਰਕਾਰ ਤੋਂ ਦੁਖੀ ਹਨ ਅਤੇ ਉਨ੍ਹਾਂ 2027 ਵਿਚ ਕਾਂਗਰਸ ਸਰਕਾਰ ਲਿਆਉਣ ਦਾ ਮਨ ਬਣਾ ਲਿਆ ਹੈ। ਇਸ ਮੌਕੇ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਮੀਟਿੰਗ ਨੂੰ ਰਾਕੇਸ਼ ਕੁਮਾਰ ਗੋਗੀ, ਹੈਪੀ ਸੂਦ, ਲਵਪ੍ਰੀਤ ਸਿੰਘ ਕਾਹਨਪੁਰਾ, ਸੁੱਖ ਰਾਏਪੁਰ, ਸੰਮਤੀ ਮੈਂਬਰ ਬਲਵੀਰ ਸਿੰਘ ਮਿੰਟੂ, ਲਾਲ ਚੰਦ ਕਾਲਾ, ਸ਼ਿਵ ਕੁਮਾਰ ਗਰਗ, ਸੁੱਖਾ ਖੁੰਮਣਾ ਤੇ ਪੀਏ ਮਨਪ੍ਰੀਤ ਮਿੰਟਾ ਆਦਿ ਨੇ ਸੰਬੋਧਨ ਕੀਤਾ।

# ਥਾਣੇ 'ਚੋਂ ਦੋ ਕੈਦੀ ਫ਼ਰਾਰ

ਕੋਟ ਈਸੇ ਖਾਂ, 25 ਮਈ (ਗਾਂਧੀ/ ਗੁਰਦੇਵ ਖੁਰਾਣਾ): ਕੋਟ ਈਸੇ ਖਾਂ ਪੁਲਿਸ ਸਟੇਸ਼ਨ ਤੋਂ ਦੋ ਕੈਦੀ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਲਜੀਤ ਸਿੰਘ ਤੇ ਕੁਲਦੀਪ ਸਿੰਘ, ਜਿਨ੍ਹਾਂ ਨੂੰ ਐਨਡੀਪੀਐਸ ਐਕਟ ਤਹਿਤ




ਗ੍ਰਿਫ਼ਤਾਰ ਕੀਤਾ ਗਿਆ ਸੀ, 24-25 ਦੀ ਦਰਮਿਆਨੀ ਰਾਤ ਨੂੰ ਕੋਟ ਈਸੇ ਖਾਂ ਥਾਣੇ ਦੇ ਲਾਕਅੱਪ ਦੀ ਛੱਤ ਵਿੱਚ ਪਾੜ ਪਾ ਕੇ ਭੱਜਣ ਵਿੱਚ ਕਾਮਯਾਬ ਹੋ ਗਏ। ਦੋਵਾਂ ਮੁਲਜ਼ਮਾਂ ਨੂੰ ਪੁਲਿਸ ਨੇ 80 ਨਸ਼ੀਲੀਆਂ ਗੋਲੀਆਂ ਸਮੇਤ ਫੜਿਆ ਸੀ ਤੇ ਦੋ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਰੱਖਿਆ ਗਿਆ ਸੀ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਵਿਭਾਗ ਵਿੱਚ ਹੜਕੰਪ ਮਚ ਗਿਆ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਮੌਕੇ ਦਾ ਮੁਆਇਨਾ ਕੀਤਾ ਤੇ ਸੀਸੀਟੀਵੀ ਫੁਟੇਜ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਫਰਾਰ ਮੁਲਜ਼ਮਾਂ ਦੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਨਾਲ ਹੀ ਦੋਵਾਂ ਦੀ ਭਾਲ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਇਹ ਦੋਨੋਂ ਮੁਲਜ਼ਮ ਪਿੰਡ ਲੁਹਾਰਾ ਦੇ ਹਨ। ਬਲਜੀਤ ਸਿੰਘ ਉੱਪਰ ਪੰਜ ਪੁਰਾਣੇ ਮੁਕੱਦਮੇ ਹਨ, ਜਿਸ 'ਚ ਤਿੰਨ 'ਚ ਸਜ਼ਾ ਹੋ ਚੁੱਕੀ ਹੈ ਜਦਕਿ ਕੁਲਦੀਪ ਸਿੰਘ ਉੱਪਰ ਇੱਕ ਪਰਚਾ ਹੈ। ਉਹਨਾਂ ਅੱਗੇ ਕਿਹਾ ਕਿ ਵੱਖ-ਵੱਖ ਟੀਮਾਂ ਬਣਾ ਕੇ ਇਹਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦ ਤੋਂ ਜਲਦ ਹੀ ਇਹਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਦੂਜੇ ਵਿਸ਼ਵ ਯੁੱਧ ਦੇ ਹੌਲਦਾਰ ਮੇਜਰ ਰਾਜਿੰਦਰ ਸਿੰਘ ਧੱਟ ਦਾ ਦੇਹਾਂਤ

**☛ਧੱਟ ਦਾ ਕਿੰਗ ਚਾਰਲਸ ਵੱਲੋਂ ਆਰਡਰ ਆਫ ਦ ਬ੍ਰਿਟਿਸ਼ ਐਂਪਾਇਰ ਦੇ ਮੈਂਬਰ ਵਜੋਂ ਹੋ ਚੁੱਕਿਆ ਸਨਮਾਨ**

ਜਲੰਧਰ, 25 ਮਈ (ਚ.ਨ.ਸ.): ਦੂਜੇ ਵਿਸ਼ਵ ਯੁੱਧ ਦੇ ਹੌਲਦਾਰ ਮੇਜਰ ਰਾਜਿੰਦਰ ਸਿੰਘ ਧੱਟ ਦਾ ਬੀਤੇ ਦਿਨ ਯੂਕੇ ਵਿਚ ਦੇਹਾਂਤ ਹੋ ਗਿਆ ਹੈ। ਉਹ 103 ਸਾਲਾਂ ਦੇ ਸਨ। ਧੱਟ ਨੂੰ ਯੂਕੇ ਵਿਚ ਦੱਖਣੀ ਏਸ਼ੀਆਈ ਭਾਈਚਾਰੇ ਲਈ ਉਨ੍ਹਾਂ ਦੀਆਂ ਸੇਵਾਵਾਂ ਦੇ ਸਨਮਾਨ ਵਿਚ ਦਸੰਬਰ 2024 ਵਿਚ ਕਿੰਗ ਚਾਰਲਸ ਦੁਆਰਾ ਆਰਡਰ ਆਫ ਦ ਬ੍ਰਿਟਿਸ਼ ਐਂਪਾਇਰ ਦੇ ਮੈਂਬਰ ਵਜੋਂ ਸਨਮਾਨਤ ਕੀਤਾ ਗਿਆ। ਧੱਟ ਦੇ ਦੇਹਾਂਤ ਦਾ ਐਲਾਨ ਕਰਦੇ ਹੋਏ, ਬ੍ਰਿਟੇਨ ਵਿਚ ਸਿੱਖ ਪਾਇਨੀਅਰਜ਼ ਤੇ ਸਿੱਖ ਲਾਈਟ ਇਨਫੈਂਟਰੀ ਐਸੋਸੀਏਸ਼ਨ ਨਾਲ ਜੁੜੇ ਇੱਕ ਬ੍ਰਿਟਿਸ਼ ਨਾਗਰਿਕ ਤੇਜਪਾਲ ਸਿੰਘ ਰਲਮਿਲ ਨੇ ਕਿਹਾ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਯੁੱਧ ਸਮੇਂ ਦੀ ਪੀੜ੍ਹੀ ਵਿਚੋਂ ਆਖਰੀ ਜਿਸ ਦਾ ਮਨੁੱਖਤਾ ਲਈ ਅਥਾਹ ਯੋਗਦਾਨ ਕਦੇ ਨਹੀਂ ਭੁਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਧੱਟ ਅਣਵੰਡੇ ਭਾਰਤੀ ਸਾਬਕਾ ਸੈਨਿਕ ਸੰਘ ਦੇ



ਸੰਸਥਾਪਕ ਮੈਂਬਰ ਸਨ। ਉਨ੍ਹਾਂ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ 2.5 ਮਿਲੀਅਨ ਦੀ ਅਣਵੰਡੀ ਭਾਰਤੀ ਫੌਜ ਦੇ ਯੋਗਦਾਨ ਤੇ ਕੁਰਬਾਨੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਯਾਦ ਕੀਤਾ ਜਾਵੇਗਾ। ਯੂਕੇ ਦੇ ਨੈਸ਼ਨਲ ਆਰਮੀ ਮਿਊਜ਼ੀਅਮ ਵਿਚ ਉਪਲਬਧ ਜਾਣਕਾਰੀ ਅਨੁਸਾਰ ਰਾਜਿੰਦਰ ਸਿੰਘ ਧੱਟ ਦਾ ਜਨਮ 21 ਅਕਤੂਬਰ, 1921 ਨੂੰ ਪੰਜਾਬ ਵਿਚ ਹੋਇਆ ਸੀ। ਉਹ ਫਰਵਰੀ 1941 ਵਿਚ ਬ੍ਰਿਟਿਸ਼ ਭਾਰਤੀ ਫੌਜ ਵਿਚ ਸਿਪਾਹੀ (ਪ੍ਰਾਈਵੇਟ) ਵਜੋਂ ਸ਼ਾਮਲ ਹੋਏ। ਉਸ ਨੇ 1949 ਦੇ ਅਖੀਰ ਵਿਚ ਸਾਰਜੈਂਟ-ਮੇਜਰ ਦੇ ਅਹੁਦੇ ਨਾਲ ਨਵੇਂ ਆਜ਼ਾਦ ਦੇਸ਼ ਦੀ ਫੌਜ ਛੱਡ ਦਿੱਤੀ। ਧੱਟ ਨੇ 1942 ਤੋਂ 1943 ਤੱਕ ਸਰੀਰਕ ਸਿਖਲਾਈ ਇੰਸਟ੍ਰਕਟਰ ਅਤੇ 1943 ਤੋਂ 1949 ਤੱਕ ਫੌਜ ਦੇ ਸਟੋਰਕੀਪਰ ਵਜੋਂ ਸੇਵਾ ਨਿਭਾਈ। ਉਸ ਨੂੰ ਦੂਰ ਪੂਰਬ ਮੁਹਿੰਮ ਵਿਚ ਤਾਇਨਾਤ ਕੀਤਾ ਗਿਆ ਸੀ, ਜਿੱਥੇ ਉਸ ਨੇ ਉੱਤਰ ਪੂਰਬੀ ਭਾਰਤ ਦੇ ਕੋਹਿਮਾ ਵਿਚ ਲੜਾਈ ਲੜੀ, 1944 ਵਿਚ ਜਾਪਾਨੀ ਰੱਖਿਆ ਨੂੰ ਤੋੜਨ ਵਿਚ ਸਹਿਯੋਗੀ ਫੌਜਾਂ ਦਾ ਸਮਰਥਨ ਕੀਤਾ।

# ਆਨਲਾਈਨ ਸੱਟੇਬਾਜ਼ੀ ਅਤੇ ਜੂਏ ਨੂੰ ਰੋਕਣ ਲਈ ਸਰਕਾਰ ਬਣਾਏ ਕਾਨੂੰਨ : ਹਾਈਕੋਰਟ

ਇਲਾਹਾਬਾਦ, 25 ਮਈ (ਚ.ਨ.ਸ.): ਇਲਾਹਾਬਾਦ ਹਾਈ ਕੋਰਟ ਨੇ ਇੱਕ ਮਹੱਤਵਪੂਰਨ ਫੈਸਲੇ ਵਿਚ ਆਨਲਾਈਨ ਗੇਮਿੰਗ ਅਤੇ ਸੱਟੇਬਾਜ਼ੀ 'ਤੇ ਰੋਕ ਲਗਾਉਣ ਲਈ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਕੋਰਟ ਨੇ ਕਿਹਾ ਕਿ ਇਸ ਮਾਮਲੇ ਵਿਚ ਹਾਲੇ ਕੋਈ ਪ੍ਰਭਾਵਸ਼ਾਲੀ ਕਾਨੂੰਨ ਨਹੀਂ ਹੈ। ਪਬਲਿਕ ਗੈਂਬਲਿੰਗ ਐਕਟ 1867 ਉਪਨਿਵੇਸ਼ਕ ਯੁਗ ਦਾ ਕਾਨੂੰਨ ਸੀ, ਜੋ ਹੁਣ ਪ੍ਰਾਸੰਗਿਕ ਨਹੀਂ ਰਹਿ ਗਿਆ ਹੈ। ਵਰਚੁਅਲ ਸੱਟੇਬਾਜ਼ੀ ਜਾਂ ਜੂਆ ਸੂਬੇ ਅਤੇ ਦੇਸ਼ ਦੀ ਹੱਦ ਤੋਂ ਪਰੇ ਜਾ ਚੁੱਕਾ ਹੈ। ਸਰਵਰ ਸਿਸਟਮ ਦੁਨੀਆਂ ਦੀਆਂ ਸੀਮਾਵਾਂ ਨੂੰ ਖਤਮ ਕਰ ਚੁੱਕਾ ਹੈ, ਜਿਸ 'ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਉਤਰ ਪ੍ਰਦੇਸ਼ ਸਰਕਾਰ ਦੇ ਆਰਥਿਕ ਸਲਾਹਕਾਰ ਪ੍ਰੋ. ਕੇਵੀ ਰਾਜੂ ਦੀ ਪ੍ਰਧਾਨਗੀ ਵਿਚ ਉਚ ਪੱਧਰੀ ਕਮੇਟੀ ਦਾ ਗਠਨ ਕਰਕੇ ਇਸ ਵਿਚ ਪ੍ਰਮੁੱਖ ਸਕੱਤਰ ਦੇ ਨਾਲ ਨਾਲ ਮਾਹਿਰਾਂ ਨੂੰ ਸ਼ਾਮਲ ਕਰਨ ਦਾ ਨਿਰਦੇਸ਼ ਕੋਰਟ ਨੇ ਦਿੱਤਾ ਹੈ। ਇਹ ਕਮੇਟੀ ਮੌਜੂਦਾ ਸਥਿਤੀ ਦੀ ਸਮੀਖਿਆ ਕਰਕੇ ਕਾਨੂੰਨੀ ਵਿਵਸਥਾ ਦਾ ਸੁਝਾਅ ਦੇਵੇਗੀ। ਇਹ ਆਦੇਸ਼ ਜੱਜ ਵਿਨੋਦ ਦਿਵਾਕਰ ਨੇ ਆਗਰਾ ਦੇ ਨਿਵਾਸੀ ਇਮਰਾਨ ਖਾਨ ਅਤੇ ਹੋਰਾਂ ਦੀ ਪਟੀਸ਼ਨ ਨੂੰ ਮਨਜ਼ੂਰ ਕਰਦੇ ਹੋਏ ਦਿੱਤਾ ਹੈ। ਪਟੀਸ਼ਨ ਦੇ ਖ਼ਿਲਾਫ ਆਗਰਾ ਦੇ ਮੰਟੋਲਾ ਥਾਣੇ ਵਿਚ ਪਬਲਿਕ ਗੈਂਬਲਿੰਗ ਐਕਟ ਦੇ ਤਹਿਤ ਤਿੰਨ ਸਾਲ ਪਹਿਲਾਂ ਪਹਿਲੀ ਫਰਿਆਦ ਦਰਜ ਕੀਤੀ ਗਈ ਸੀ। 27 ਦਸੰਬਰ 2022 ਨੂੰ ਦੋਸ਼ ਪੱਤਰ ਦਾਖਲ ਹੋਣ ਦੇ ਬਾਅਦ ਨਿਆਂਇਕ ਮੈਜਿਸਟਰੇਟ ਨੇ ਸੰਮਨ ਜਾਰੀ ਕੀਤਾ। ਇਸ ਦੇ ਖ਼ਿਲਾਫ ਪਟੀਸ਼ਨ ਦਰਜ ਕਰਕੇ ਅਪਰਾਧਿਕ ਕਾਰਵਾਈ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਕੋਰਟ ਨੇ ਪਾਇਆ ਕਿ ਆਨਲਾਈਨ ਸੱਟੇਬਾਜ਼ੀ ਅਤੇ ਜੂਆ ਖੇਡਣ ਵਾਲਿਆਂ ਦੇ ਖ਼ਿਲਾਫ ਕੋਈ ਪ੍ਰਭਾਵਸ਼ਾਲੀ ਕਾਨੂੰਨ ਨਹੀਂ ਹੈ। ਪਬਲਿਕ ਗੈਂਬਲਿੰਗ ਐਕਟ ਦੇ ਤਹਿਤ ਵੱਧ ਤੋਂ ਵੱਧ 2000 ਰੁਪਏ ਜੁਰਮਾਨਾ ਅਤੇ 12 ਮਹੀਨੇ ਦੀ ਕੈਦ ਦੀ ਵਿਵਸਥਾ ਹੈ ਪਰ ਫੈਂਟੇਸੀ ਸਪੋਰਟਸ, ਪੋਕਰ ਅਤੇ ਈ ਸਪੋਰਟਸ ਵਰਗੀਆਂ ਆਨਲਾਈਨ ਗੇਮਾਂ ਬਾਰੇ ਕਾਨੂੰਨ ਅਸਪੱਸ਼ਟ ਹੈ। ਆਨਲਾਈਨ ਪਲੇਟਫਾਰਮ ਰਾਜ, ਰਾਸ਼ਟਰ ਤੇ ਅੰਤਰਰਾਸ਼ਟਰੀ ਸੀਮਾਵਾਂ ਤੋਂ ਚੱਲਦੇ ਹਨ।

# ਭਾਰਤ ਸਰਕਾਰ ਆਪ੍ਰੇਸ਼ਨ ਸਿੰਦੂਰ ਦੇ ਨਾਲ-ਨਾਲ ਆਪ੍ਰੇਸ਼ਨ ਬਲਿਊ ਸਟਾਰ ਦਾ ਸੱਚ ਵੀ ਸੰਸਾਰ ਸਾਹਮਣੇ ਰੱਖੇ : ਖਾਲੜਾ ਮਿਸ਼ਨ

ਜਲੰਧਰ, 25 ਮਈ (ਚ.ਨ.ਸ.): ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਭੇਜੇ ਗਏ ਪ੍ਰਤੀਨਿਧ ਮੰਡਲਾਂ ਨੂੰ ਆਪ੍ਰੇਸ਼ਨ ਸਿੰਦੂਰ ਦੇ ਨਾਲ ਨਾਲ ਆਪ੍ਰੇਸ਼ਨ ਬਲਿਊ ਸਟਾਰ ਜੂਨ 1984 ਦੇ ਫੌਜੀ ਹਮਲੇ ਦਾ ਸੱਚ ਵੀ ਸਾਰੇ ਸੰਸਾਰ ਸਾਹਮਣੇ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਮੇਂ ਸਮੇਂ ਦੇ ਹਾਕਮ ਸਿੱਖੀ ਨਾਲ ਸਿੱਖੀ ਦੇ ਜਨਮ ਤੋਂ ਹੀ ਵੈਰ ਕਮਾਉਂਦੇ ਆਏ ਹਨ ਕਿਉਂਕਿ ਸਿੱਖੀ ਸਰਬੱਤ ਦਾ ਭਲਾ ਮੰਗਦੀ ਹੈ ਅਤੇ ਸਿੱਖੀ ਦਾ ਸੰਦੇਸ਼ ਮਨੁੱਖੀ ਬਰਾਬਰਤਾ, ਜ਼ੁਲਮ ਦਾ ਵਿਰੋਧ ਕਰਨ ਦਾ, ਨਿਮਾਣਿਆਂ-ਨਿਤਾਣਿਆਂ ਦੇ ਸਾਥ ਦੇਣ ਦਾ ਗਰੀਬ ਦੀ ਬਾਂਹ ਫੜਨ ਦਾ ਅਤੇ ਹਲੇਮੀ ਰਾਜ ਦਾ ਹੈ। ਉਨ੍ਹਾਂ ਕਿਹਾ ਕਿ ਮੁਗਲ ਕਾਲ




ਵੇਲੇ ਅਤੇ 1947 ਤੋਂ ਬਾਅਦ ਦੇ ਹਾਕਮਾਂ ਦੀ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਰਾਤਾਂ ਦੀ ਨੀਂਦ ਹਰਾਮ ਕਰਦੀ ਆਈ ਹੈ ਅਤੇ ਇਸ ਕਰਕੇ ਉਹ ਤਰ੍ਹਾਂ ਦੇ ਛੜਯੰਤਰ ਰਚ ਕੇ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਂਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਅੱਤਵਾਦੀ ਹਮਲੇ ਦੀਆਂ ਫਾਈਲਾਂ ਜੋ ਭਾਰਤ ਸਰਕਾਰ ਜਨਤਕ ਨਹੀਂ ਕਰਦੀ ਤਾਂ 6 ਜੂਨ ਨੂੰ ਪਾਪੀ ਹਾਕਮਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮਾਜਿਕ ਬਾਈਕਾਟ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗੈਰ ਕਾਨੂੰਨੀ ਤੇ ਗੈਰ ਸੰਵਿਧਾਨਕ ਤੌਰ 'ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਨਾ ਕਰਨੀ, ਪੰਜਾਬ ਦਾ ਪਾਣੀ ਲੁੱਟਣ ਲਈ ਡੈਮਾਂ ਦਾ ਕੰਟਰੋਲ ਕੇਂਦਰ ਵੱਲੋਂ ਆਪਣੇ ਹੱਥ ਵਿਚ ਲੈਣਾ, ਹੁਣ ਡੈਮ ਉਪਰ ਸੀਆਈਐਸਐਫ ਤਾਇਨਾਤ ਕਰਨਾ ਅੱਤਵਾਦ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਹਾਕਮਾਂ ਨੂੰ ਅਧਰਮ ਦਾ ਰਾਹ ਤਿਆਗ ਕੇ ਧਰਮੀ ਬਣਨਾ ਚਾਹੀਦਾ ਹੈ ਅਤੇ ਪ੍ਰਮਾਤਮਾ ਦੇ ਭਾਣੇ ਵਿਚ ਰਹਿੰਦਿਆਂ ਸ਼ੁਭ ਅਮਲਾਂ ਦਾ ਰਾਹ ਅਪਣਾ ਕੇ ਘੱਟ ਗਿਣਤੀਆਂ, ਕਿਸਾਨਾਂ ਗਰੀਬਾਂ ਉਪਰ ਜ਼ੁਲਮ ਬੰਦ ਕਰਕੇ ਸੰਵਾਦ ਰਚਾਉਣਾ ਚਾਹੀਦਾ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਵੇਕਲੀ ਪਹਿਲ

**☛10 ਹਜ਼ਾਰ ਬੱਚੇ ਇਕੱਠੇ ਕਰਨਗੇ ਜਪੁਜੀ ਸਾਹਿਬ ਦਾ ਪਾਠ**

ਨਵੀਂ ਦਿੱਲੀ, 25 ਮਈ (ਚ.ਨ.ਸ.): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐੱਸ.ਜੀ.ਐੱਮ.ਸੀ.) ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਯਤਨ ਕਰ ਰਹੀ ਹੈ। ਇਸ ਮਕਸਦ ਲਈ ਦਿੱਲੀ ਸਮੇਤ ਹੋਰ ਸੂਬਿਆਂ ਵਿਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। 15 ਜੂਨ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਕੰਪਲੈਕਸ ਵਿਚ ਕੀਤੇ ਜਾਣ ਵਾਲੇ ਪ੍ਰੋਗਰਾਮ ਵਿਚ 10 ਹਜ਼ਾਰ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਨਗੇ। ਡੀ.ਐੱਸ.ਜੀ.ਐੱਮ.ਸੀ. ਦੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਦੇ ਸਮੇਂ ਬੱਚਿਆਂ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸ ਵਾਰ ਵੀ ਦਿੱਲੀ ਦੇ ਨਾਲ ਨਾਲ ਉੱਤਰ ਪ੍ਰਦੇਸ਼, ਹਰਿਆਣਾ ਸਮੇਤ ਕਈ ਹੋਰ ਸੂਬਿਆਂ ਦੇ ਸ਼ਹਿਰਾਂ ਵਿਚ ਕੈਂਪ ਲਗਾਏ ਗਏ ਹਨ। ਇਸ ਦਾ ਟੀਚਾ ਬੱਚਿਆਂ ਨੂੰ ਗੁਰਬਾਣੀ ਤੇ ਸਿੱਖ ਮਰਿਆਦਾ ਬਾਰੇ ਜਾਣਕਾਰੀ ਦੇਣਾ ਹੈ। ਬੱਚਿਆਂ ਲਈ ਵਿਸ਼ੇਸ਼ ਪੁਸਤਿਕਾ ਵੀ ਤਿਆਰ ਕੀਤੀ ਗਈ ਹੈ। 15 ਜੂਨ ਨੂੰ ਹੋਣ ਵਾਲੇ ਪ੍ਰੋਗਰਾਮ ਵਿਚ ਬੱਚਿਆਂ ਦੇ ਮਾਤਾ-ਪਿਤਾ ਤੇ ਅਧਿਆਪਕ ਵੀ ਸ਼ਾਮਲ ਹੋਣਗੇ। ਇਸ ਦੀ ਤਿਆਰੀ ਜਾਰੀ ਹੈ।

# 'ਨਸ਼ਾ ਮੁਕਤੀ ਯਾਤਰਾ' ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹੈ: ਵਿਧਾਇਕ ਕਲਸੀ

ਬਟਾਲਾ, 25 ਮਈ (ਬਲਵਿੰਦਰ ਸਿੰਘ ਪੱਜਗਰਾਈਂ/ਧੰਨਪਾਲ ਕਲਸੀ): ਅਸੀਂ ਸੂਬੇ ਦੀ ਜਵਾਨੀ ਨੂੰ ਬਚਾਉਣਾ ਹੈ ਤੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲੈ ਜਾਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਢਾਹਿਆ ਗਿਆ ਹੈ ਤੇ ਢਾਹਿਆ ਜਾ ਰਿਹਾ ਹੈ ਤਾਂ ਜੋ ਮੁੜ ਤੋਂ ਕੋਈ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਵਿੱਚ ਨਾ ਫਸਾਅ ਸਕੇ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਬਟਾਲਾ ਸ਼ਹਿਰ ਵਾਰਡ ਨੰਬਰ 32, ਸੇਖੜੀਆਂ ਮੁਹੱਲਾ ਵਿੱਚ ਕੀਤੀ ਜਨ ਸਭਾਵਾਂ ਦੌਰਾਨ ਕੀਤਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ



ਨਸ਼ਾ ਤਸਕਰਾਂ ਉੱਪਰ ਮਿਸਾਈਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤੇ ਸੂਬੇ ਨੂੰ ਮੁੜ ਹੱਸਦਾ-ਵੱਸਦਾ ਤੇ ਰੰਗਲਾ ਪੰਜਾਬ ਬਣਾਉਣ ਦੇ ਵੱਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ। ਹੁਣ ਇਹ ਮੁਹਿੰਮ ਜ਼ਮੀਨੀ ਪੱਧਰ ਭਾਵ ਪਿੰਡਾਂ ਤੇ ਵਾਰਡਾਂ ਵਿਚੋਂ ਚੱਲਣ ਲੱਗੀ ਹੈ, ਜਿਸ ਨੂੰ ਨਸ਼ਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਬਣ ਗਈ ਹੈ ਤੇ ਹੁਣ ਜਲਦੀ ਹੀ ਪੰਜਾਬ ਵਿਚੋਂ ਨਸ਼ਿਆਂ ਸਫਾਇਆ ਹੋਵੇਗਾ। ਇਸ ਮੌਕੇ ਅੰਮ੍ਰਿਤ ਕਲਸੀ, ਵਿਜੈਪਾਲ ਸਿੰਘ, ਪ੍ਰਦੀਪ ਕੁਮਾਰ, ਬੰਟੀ ਸ਼ਰਮਾ, ਰਵਿੰਦਰ ਬਾਂਸਲ, ਵਿਸ਼ਾਲ ਕਪੂਰ, ਹਨੀ ਕੱਦ, ਅਭੀ ਸੂਰੀ, ਵਿਕਰਮ, ਟੋਨੀ, ਮਨਜੀਤ ਸਿੰਘ ਕੋਆਰਡੀਨੇਟਰ ਬਟਾਲਾ, ਵੀਨੂੰ ਕਾਹਲੋਂ, ਨੰਬਰਦਾਰ ਅਮਰੀਕ ਸਿੰਘ ਸਮੇਤ ਵਾਰਡਾਂ ਦੇ ਮੋਹਤਬਰ ਤੇ ਨੌਜਵਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਡੀ.ਸੀ. ਵੱਲੋਂ ਨਸ਼ਾ ਮੁਕਤੀ ਯਾਤਰਾ ਸਬੰਧੀ ਅਧਿਕਾਰੀਆਂ ਤੇ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਮੀਟਿੰਗ

ਗੁਰਦਾਸਪੁਰ, 25 ਮਈ (ਜਗੀਰ ਸਿੰਘ ਮੰਡ/ਜਗਮੋਹਨ ਸਿੰਘ ਬਾਗੋਵਾਣੀ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਏ ਗਏ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਨਸ਼ਾ ਮੁਕਤੀ ਯਾਤਰਾ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ ਤਾਂ ਜੋ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ



ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਰੋਜ਼ਾਨਾ ਸ਼ਾਮ ਨੂੰ ਜਨਤਕ ਇਕੱਠ ਕੀਤੇ ਜਾ ਰਹੇ ਹਨ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਵੱਧ ਤੋਂ ਵੱਧ ਲੋਕ ਇਸ ਨਾਲ ਜੁੜਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਕਲਾਨੌਰ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸ.ਡੀ.ਐੱਮ. ਬਟਾਲਾ ਵਿਕਰਮਜੀਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜੀਨਤ ਖਹਿਰਾ, ਰਾਜੀਵ ਸਿੰਘ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਟਾਲਾ ਦੇ ਕੋਆਰਡੀਨੇਟਰ ਮਨਜੀਤ ਸਿੰਘ ਬਮਰਾਹ, ਨੀਰਜ ਸਲਹੋਤਰਾ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ ਸੋਢੀ, ਹਨੀ ਚੌਹਾਨ, ਕਾਰਤਿਕ, ਅੰਮ੍ਰਿਤਪਾਲ ਸਿੰਘ, ਅਰਸ਼ਦੀਪ ਸਿੰਘ, ਕਰਮਜੀਤ ਸਿੰਘ ਤੇ ਦਵਿੰਦਰ ਸਿੰਘ ਵੀ ਹਾਜ਼ਰ ਸਨ।

# ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜਨਤਾ ਦੇ ਸਹਿਯੋਗ ਦੀ ਵੀ ਅਹਿਮ ਲੋੜ: ਵਿਧਾਇਕ ਰੰਧਾਵਾ



ਕਲਾਨੌਰ, 25 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਨਸ਼ਿਆਂ ਵਿਰੁੱਧ ਇੱਕ ਯੁੱਧ ਦਾ ਐਲਾਨ ਕੀਤਾ ਹੈ। ਇਸ ਨੂੰ ਅਪਾਰ ਸਫਲਤਾ ਮਿਲ ਰਹੀ ਹੈ, ਪ੍ਰੰਤੂ ਇਹ ਮੁਹਿੰਮ ਲਗਾਤਾਰ ਜਾਰੀ ਰੱਖਣ ਲਈ ਸਾਨੂੰ ਸਾਰਿਆਂ ਨੂੰ ਸਾਂਝੇ ਤੌਰ 'ਤੇ ਆਪਣਾ ਯੋਗਦਾਨ ਪਾਉਣਾ ਪਵੇਗਾ। ਭੋਲੇ-ਭਾਲੇ ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫ਼ਤ ਵਿੱਚ ਜਕੜਨ ਵਾਲੇ ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲ੍ਹਾਂ ਵਿਚ ਡੱਕਣਾ ਬਹੁਤ ਜ਼ਰੂਰੀ ਹੈ। ਇਸ ਦੇ ਲਈ ਪੰਜਾਬ ਸਰਕਾਰ ਨੇ ਇੱਕ ਵਿਆਪਕ ਅਭਿਆਨ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਪ੍ਰੰਤੂ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਆਮ ਜਨਤਾ ਦੇ ਸਹਿਯੋਗ ਦੀ ਵੀ ਅਹਿਮ ਲੋੜ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਹਲਕੇ ਪਿੰਡ ਮੀਰਕਚਾਣਾ ਵਿਖੇ ਨਸ਼ਾ ਮੁਕਤ ਯਾਤਰਾ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਰੰਧਾਵਾ ਨੇ ਕਿਹਾ ਕਿ ਇਸ ਅਭਿਆਨ ਤਹਿਤ ਹਰ ਪਿੰਡ, ਸ਼ਹਿਰ ਗਲੀ-ਮੁਹੱਲੇ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਕਿ ਉਹ ਨਸ਼ਾ ਵਿਕ੍ਰੇਤਾਵਾਂ ਦੀ ਸੂਚਨਾ ਬੇਖ਼ੌਫ ਹੋ ਕੇ ਦੇਣ। ਉਨ੍ਹਾਂ ਕਿਹਾ ਨਸ਼ਾ ਤਸਕਰਾਂ ਦੀ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਦਾ ਨਾਮ-ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਜਕੜਨ ਵਿਚ ਆਏ ਭੋਲੇ ਭਾਲੇ ਲੋਕਾਂ ਨਾਲ ਹਮਦਰਦੀ ਨਾਲ ਨਜਿੱਠਿਆ ਜਾਵੇਗਾ, ਉਨ੍ਹਾਂ ਦੇ ਇਲਾਜ ਉੱਤੇ ਭਾਵੇਂ ਜਿਸ ਤਰ੍ਹਾਂ ਪ੍ਰਬੰਧ ਕਰਨੇ ਪੈਣ ਸਰਕਾਰ ਸੰਜੀਦਗੀ ਨਾਲ ਕੰਮ ਕਰੇਗੀ, ਪ੍ਰੰਤੂ ਇਹ ਮਿਸ਼ਨ ਸਿਰਫ਼ ਸਰਕਾਰ ਤੇ ਪੁਲਿਸ ਵਿਭਾਗ ਵੱਲੋਂ ਸਫਲ ਨਹੀਂ ਬਣਾਇਆ ਜਾ ਸਕਦਾ। ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਕਈ ਥਾਵਾਂ ਤੋਂ ਨਸ਼ਾ ਤਸਕਰ ਘਰਾਂ ਨੂੰ ਤਾਲੇ ਲਗਾ ਕੇ ਫ਼ਰਾਰ ਹੋ ਗਏ ਹਨ, ਪ੍ਰੰਤੂ ਸਰਕਾਰ ਵੱਲੋਂ ਅਜਿਹੇ ਦੋਸ਼ੀਆਂ ਨੂੰ ਹੁਣ ਬਖ਼ਸ਼ਣ ਦੀ ਥਾਂ ਜੇਲ੍ਹਾਂ ਦੇ ਅੰਦਰ ਡੱਕਿਆ ਜਾ ਰਿਹਾ ਹੈ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਪਿੰਡ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ। ਇਸ ਮੌਕੇ ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ, ਨਾਇਬ-ਤਹਿਸੀਲਦਾਰ ਕਲਾਨੌਰ ਸੀ.ਡੀ.ਪੀ.ਓ. ਹਰਜੀਤ ਵਾਲੀਆ ਕਲਾਨੌਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਅਰਸ਼ਦੀਪ ਸਿੰਘ ਤੋਂ ਇਲਾਵਾ ਇਲਾਕੇ ਦੇ ਮੋਹਤਬਰ ਤੇ ਪਿੰਡ ਵਾਸੀ ਮੌਜੂਦ ਸਨ।

# ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਕਿਰਨ ਨਾਲੇ ਤੇ ਆਲੇਚੱਕ ਡਰੇਨ ਦੀ ਸਫ਼ਾਈ ਸ਼ੁਰੂ

ਗੁਰਦਾਸਪੁਰ, 25 ਮਈ (ਜਗੀਰ ਸਿੰਘ ਮੰਡ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਕਿਰਨ ਨਾਲੇ (ਜਿਸ ਨੂੰ ਸੱਕੀ ਨਾਲਾ ਵੀ ਕਿਹਾ ਜਾਂਦਾ ਹੈ) ਤੇ ਆਲੇਚੱਕ ਡਰੇਨ ਦੀ ਸਫ਼ਾਈ ਦਾ ਕੰਮ ਅੱਜ ਸ਼ੁਰੂ ਹੋ ਗਿਆ ਹੈ। ਚੇਅਰਮੈਨ ਰਮਨ ਬਹਿਲ ਨੇ ਮੁੱਖ ਮੰਤਰੀ ਤੇ ਜਲ ਸਰੋਤ ਮੰਤਰੀ ਨਾਲ



ਮੁਲਾਕਾਤ ਕਰਕੇ ਕਿਰਨ ਨਾਲੇ ਦੀ ਸਫ਼ਾਈ ਲਈ 55 ਲੱਖ ਰੁਪਏ ਤੇ ਆਲੇਚੱਕ ਡਰੇਨ 20 ਲੱਖ ਰੁਪਏ ਮਨਜ਼ੂਰ ਕਰਵਾ ਲਏ ਹਨ। ਅੱਜ ਚੇਅਰਮੈਨ ਬਹਿਲ ਵੱਲੋਂ ਇਲਾਕਾ ਨਿਵਾਸੀਆਂ ਦੀ ਹਾਜ਼ਰੀ ਵਿੱਚ ਕਿਰਨ ਨਾਲੇ ਤੇ ਆਲੇਚੱਕ ਡਰੇਨ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਗੱਲਬਾਤ ਦੌਰਾਨ ਚੇਅਰਮੈਨ ਬਹਿਲ ਨੇ ਕਿਹਾ ਕਿ ਕਿਰਨ ਨਾਲੇ ਦੀ ਜ਼ਿਲ੍ਹਾ ਗੁਰਦਾਸਪੁਰ ਵਿੱਚ ਲੰਬਾਈ 68 ਕਿਲੋਮੀਟਰ ਪੈਂਦੀ ਹੈ ਜੋ ਜ਼ਿਲ੍ਹੇ ਦੇ 40 ਦੇ ਕਰੀਬ ਪਿੰਡਾਂ ਜਿਨ੍ਹਾਂ ਵਿੱਚ ਕਮਾਲਪੁਰ ਅਫ਼ਗ਼ਾਨਾਂ, ਬਲੱਗਣ, ਮੁਕੰਦਪੁਰ, ਹਰਦੋਛੰਨੀ, ਸੱਦਾ-ਸੇਖਾ, ਉੱਚਾ ਧਕਾਲਾ, ਸਿੰਘੋਵਾਲ ਆਦਿ ਦੇ ਬਰਸਾਤੀ ਪਾਣੀ ਦੀ ਨਿਕਾਸੀ ਕਰਕੇ ਅਜਨਾਲੇ ਦੇ ਲਾਗੇ ਦਰਿਆ ਰਾਵੀ ਵਿੱਚ ਮਿਲਦਾ ਹੈ। ਉਨ੍ਹਾਂ ਕਿਹਾ ਕਿ ਬਰਸਾਤੀ ਸੀਜ਼ਨ ਦੌਰਾਨ ਇਸ ਨਾਲੇ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ ਤੇ ਸਾਲ 2023 ਦੌਰਾਨ ਪਏ ਭਾਰੀ ਮੀਂਹ ਉਪਰੰਤ ਇਨ੍ਹਾਂ ਇਲਾਕਿਆਂ ਵਿੱਚ ਪਾਣੀ 2-3 ਫੁੱਟ ਤੱਕ ਭਰ ਗਿਆ ਸੀ, ਜਿਸ ਕਾਰਨ ਝੋਨੇ ਦੀ ਫ਼ਸਲ ਨੂੰ ਬਹੁਤ ਭਾਰੀ ਨੁਕਸਾਨ ਹੋਇਆ ਸੀ। ਸ੍ਰੀ ਬਹਿਲ ਨੇ ਕਿਹਾ ਕਿ ਕਿਰਨ ਨਾਲੇ ਦੀ ਬਹੁਤ ਲੰਮੇ ਸਮੇਂ ਤੋਂ ਸਫ਼ਾਈ ਨਾ ਹੋਣ ਕਾਰਨ ਨਾਲੇ ਵਿੱਚ ਬਹੁਤ ਜੰਗਲ-ਬੂਟੀ ਇਕੱਠੀ ਹੋ ਗਈ ਸੀ, ਜਿਸ ਕਾਰਨ ਡਰੇਨ ਵਿੱਚੋਂ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਨਹੀਂ ਹੋ ਪਾ ਰਹੀ ਸੀ। ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਉਨ੍ਹਾਂ ਨੇ ਕਿਰਨ ਨਾਲੇ ਤੇ ਆਲੇਚੱਕ ਡਰੇਨ ਦੀ ਸਫ਼ਾਈ ਦਾ ਮੁੱਦਾ ਸਰਕਾਰ ਕੋਲ ਚੁੱਕਿਆ ਸੀ ਤੇ ਉਨ੍ਹਾਂ ਦੀ ਲਗਾਤਾਰ ਪੈਰਵੀ ਸਦਕਾ ਪੰਜਾਬ ਸਰਕਾਰ ਵੱਲੋਂ ਸਾਲ 2025-26 ਦੇ ਮਾਨਸੂਨ ਤੋਂ ਪਹਿਲਾਂ ਇਸ ਨਾਲੇ ਨੂੰ ਸਾਫ਼ ਕਰਵਾਉਣ ਲਈ 55 ਲੱਖ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅੱਜ ਪਿੰਡ ਕਮਾਲਪੁਰ ਦੇ ਨਜ਼ਦੀਕ ਕਿਰਨ ਨਾਲੇ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਜੋ ਬਰਸਾਤੀ ਸੀਜ਼ਨ ਸ਼ੁਰੂ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ।

# ਪੈਸੰਜਰ ਵੈਨ ਆਟੋ ਯੂਨੀਅਨ ਧਾਰੀਵਾਲ ਦੀ ਚੋਣ

**☛ਸਰਬਸੰਮਤੀ ਨਾਲ ਲਲਿਤ ਕੁਮਾਰ ਸਲਮਾਨ ਪ੍ਰਧਾਨ ਤੇ ਰੋਬਟ ਸੰਧੂ ਸੀਨੀਅਰ ਮੀਤ ਪ੍ਰਧਾਨ ਬਣੇ**



ਧਾਰੀਵਾਲ, 25 ਮਈ (ਅਸ਼ੋਕ ਕੁਮਾਰ): ਅੱਜ ਪੈਸੰਜਰ ਵੈਨ ਆਟੋ ਯੂਨੀਅਨ ਧਾਰੀਵਾਲ ਦੀ ਚੋਣ ਮੀਟਿੰਗ ਕੀਤੀ ਗਈ, ਜਿਸ ਵਿਚ ਸਰਬਸੰਮਤੀ ਨਾਲ ਲਲਿਤ ਕੁਮਾਰ ਸਲਮਾਨ ਨੂੰ ਪ੍ਰਧਾਨ ਤੇ ਰੋਬਟ ਸੰਧੂ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਅਹੁਦੇਦਾਰੀਆਂ ਦੀ ਚੋਣ ਕਰਨ ਲਈ ਪ੍ਰਧਾਨ ਨੂੰ ਹੱਕ ਦਿੱਤੇ ਗਏ। ਇਸ ਮੌਕੇ ਪ੍ਰਧਾਨ ਲਲਿਤ ਕੁਮਾਰ ਸਲਮਾਨ ਨੇ ਪੈਸੰਜਰ ਵੈਨ ਆਟੋ ਯੂਨੀਅਨ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਪੈਸੰਜਰ ਵੈਨ ਆਟੋ ਯੂਨੀਅਨ ਧਾਰੀਵਾਲ ਦੇ ਮੈਂਬਰਾਂ ਨਾਲ ਚੱਟਾਨ ਵਾਂਗੂ ਖੜ੍ਹਾ ਹਾਂ, ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਮੇਜਰ ਸਿੰਘ ਮਿੰਟੂ, ਵਿਜੇ ਕੁਮਾਰ, ਜਗਦੀਪ ਸਿੰਘ, ਸਰਦਾਰ ਮਸੀਹ, ਸੁੱਖ ਸਿੰਘ, ਕੁਲਦੀਪ, ਸੋਹਣ ਸਿੰਘ (ਫੌਜੀ), ਦਲਜੀਤ ਮਸੀਹ, ਦਿਲਬਾਗ ਸਿੰਘ, ਅੱਡਾ ਇੰਚਾਰਜ ਲਖਿੰਦਰ ਸਿੰਘ ਲੱਖਾ ਤੋਂ ਇਲਾਵਾ ਹੋਰ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਪਿੰਡ ਘਣੀਏ ਕੇ ਬਾਂਗਰ, ਕੋਟਲੀ ਥਾਂਬਲਾ ਤੇ ਪਾਰੋਵਾਲ ਦੇ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੰਦ



ਫਤਹਿਗੜ੍ਹ ਚੂੜੀਆਂ, 25 ਮਈ (ਰਾਜਨ ਸ਼ਰਮਾ): ਹਲਕਾ ਫਤਹਿਗੜ੍ਹ ਚੂੜੀਆਂ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਘਣੀਏ ਕੇ ਬਾਂਗਰ, ਕੋਟਲੀ ਥਾਂਬਲਾ, ਪਾਰੋਵਾਲ, ਕੋਟਲਾ ਸਰਫ, ਸਰੂਪਵਾਲੀ ਕਲਾਂ ਤੇ ਸਰੂਪਵਾਲੀ ਖੁਰਦ ਵਿੱਚ 'ਨਸ਼ਾ ਮੁਕਤੀ ਯਾਤਰਾ' ਤਹਿਤ ਮੀਟਿੰਗ ਕਰਦਿਆਂ ਨਸ਼ਿਆਂ ਖਿਲਾਫ਼ ਲਾਮਬੰਦ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਦੇ ਮੰਤਵ ਨਾਲ ਪਿੰਡ, ਕਸਬੇ ਤੇ ਸ਼ਹਿਰ ਪੱਧਰ ਤੱਕ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਯਾਤਰਾ ਵਿੱਚ ਪਿੰਡ ਵਾਲਿਆਂ ਦਾ ਸਾਥ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਇੱਕ ਪਿੰਡ-ਪਿੰਡ ਵਿੱਚ ਨਸ਼ਾ ਖਤਮ ਹੋ ਸਕੇ ਤੇ ਸੂਬੇ ਨੂੰ ਮੁੜ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਇਕੱਠੇ ਹੋ ਕੇ ਲੜਨ ਦੀ ਸਹੁੰ ਚੁਕਾਈ। ਇਸ ਮੌਕੇ ਸਰਪੰਚ ਕਰਮਜੀਤ ਸਿੰਘ, ਸਰਪੰਚ ਰਾਣਾ ਜਵੰਧਾ, ਸਰਪੰਚ ਸਰਬਜੀਤ ਸਿੰਘ ਟੋਨਾ, ਸਰਪੰਚ ਮਨਪ੍ਰੀਤ ਕੌਰ, ਸਰਪੰਚ ਮਨਪ੍ਰੀਤ ਕੌਰ ਸਰੂਪਵਾਲੀ ਖੁਰਦ, ਰਾਜੂ ਕੋਟਲਾ ਸਰਫ, ਪੰਚ ਭਗਤ ਸਿੰਘ, ਪੰਚ ਸਤਨਾਮ ਸਿੰਘ, ਬਲਜੀਤ ਸਿੰਘ ਖ਼ਾਲਸਾ, ਕੁਲਬੀਰ ਸਿੰਘ, ਬਾਬਾ ਪਲਵਿੰਦਰ ਸਿੰਘ, ਸਰਜੀਤ ਸਿੰਘ, ਕੁਲਵੰਤ ਸਿੰਘ, ਹਰਵੀਰ ਸਿੰਘ ਪਟਵਾਰੀ, ਕੁਲਦੀਪ ਸਿੰਘ, ਮਾਸਟਰ ਅਮਰੀਕ ਸਿੰਘ, ਰਾਮ ਲਾਲ, ਮੈਂਬਰ ਜਗਤਾਰ ਸਿੰਘ, ਵੰਸ਼ਦੀਪ ਸਿੰਘ, ਰਾਮ ਮੁਹੰਮਦ ਸਿੰਘ ਜਵੰਦਾ, ਮਨਪ੍ਰੀਤ ਸਿੰਘ ਜਵੰਧਾ ਸ਼ਮਸ਼ੇਰ ਸਿੰਘ, ਦਲਜੀਤ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਓਵਰਲੋਡ ਟਰਾਲੀਆਂ ਨਹੀਂ ਟ੍ਰੈਫਿਕ ਦਾ ਕਾਰਨ, ਹਾਈਵੇ 'ਤੇ ਖੜ੍ਹੀਆਂ ਕਾਰਾਂ ਤੇ ਲੱਗੀਆਂ ਰੇਹੜੀਆਂ ਨੇ : ਇੰਚਾਰਜ




ਭੋਗਪੁਰ, 25 ਮਈ (ਜੰਡੀਰ ਸੈਣੀ): ਭੋਗਪੁਰ ਸ਼ਹਿਰ ਵਿਚ ਘੁੰਮ ਰਹੀਆਂ ਖੋਰੀ ਦੀਆਂ ਲੱਦੀਆਂ ਓਵਰਲੋਡ ਟਰਾਲੀਆਂ, ਹਾਈਵੇ 'ਤੇ ਖੜ੍ਹੀਆਂ ਗੱਡੀਆਂ ਕਾਰਾਂ ਤੇ ਬਾਜ਼ਾਰਾਂ ਵਿੱਚ ਦੁਕਾਨਾਂ ਮੂਹਰੇ ਲੱਗੀਆਂ ਹੋਈਆਂ ਸਬਜ਼ੀ-ਫਰੂਟਾਂ ਦੀਆਂ ਰੇਹੜੀਆਂ ਹਮੇਸ਼ਾ ਟ੍ਰੈਫਿਕ ਦਾ ਕਾਰਨ ਬਣ ਰਹੀਆਂ ਹਨ। ਸਬਜ਼ੀ ਤੇ ਫਰੂਟ ਦੀਆਂ ਰੇਹੜੀਆਂ ਵਾਲਿਆਂ ਦਾ ਕਹਿਣਾ ਹੈ ਕਿ ਉਹ ਦੁਕਾਨਦਾਰਾਂ ਨੂੰ ਪੈਸੇ ਦੇ ਰਹੇ ਹਨ। ਟਰਾਲੀ ਮਾਲਕਾਂ ਦਾ ਕਹਿਣਾ ਹੈ ਕਿ ਟਰਾਲੀਆਂ ਓਵਰਲੋਡ ਨਹੀਂ ਹਨ। ਟਰੈਕਟਰ ਟਰਾਲੀ ਸਣੇ 110 ਜਾਂ 120 ਕੁਇੰਟਲ ਵੇਟ ਬਣਦਾ ਹੈ ਤੇ ਖ਼ੋਰੀ ਦਾ ਵੇਟ 60 ਜਾਂ 70 ਕੁਇੰਟਲ ਰਹਿ ਜਾਂਦਾ ਹੈ। ਇਸ ਕਰਕੇ ਟਰਾਲੀ ਨੂੰ ਓਵਰਲੋਡ ਨਹੀਂ ਕਿਹਾ ਜਾ ਸਕਦਾ ਪਰ ਟਰਾਲੀਆਂ ਦੇ ਉੱਪਰ ਜ਼ਰੂਰਤ ਤੋਂ ਵੱਧ ਪਿਆ ਹੋਇਆ ਵਾਧੂ ਖਿਲਾਰਾ ਹਮੇਸ਼ਾ ਟ੍ਰੈਫਿਕ ਦਾ ਕਾਰਨ ਬਣ ਰਿਹਾ ਹੈ। ਲੋਕਾਂ ਨੂੰ ਭਾਰੀ ਮੁਸ਼ਕਿਲਾਂ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਸਬੰਧ ਵਿੱਚ ਟਰੈਕਟਰ ਮਾਲਕਾਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਆਪਣੀ ਸਫਾਈ ਦਿੰਦੇ ਹੋਏ ਕਿਹਾ ਕਿ ਭੋਗਪੁਰ ਦੀ ਟ੍ਰੈਫਿਕ ਦਾ ਕਾਰਨ ਟਰਾਲੀਆਂ ਨਹੀਂ ਹਾਈਵੇ 'ਤੇ ਖੜ੍ਹੀਆਂ ਗੱਡੀਆਂ ਕਾਰਾਂ ਤੇ ਸਬਜ਼ੀ ਫਰੂਟਾਂ ਦੀਆਂ ਲੱਗੀਆਂ ਰੇਹੜੀਆਂ ਹਨ।

# ਵੱਖ-ਵੱਖ ਮੁਕਦਮਿਆਂ 'ਚ 288 ਗ੍ਰਾਮ ਹੈਰੋਇਨ, ਤਿੰਨ ਲਾਈਟਰ ਸਿਲਵਰ ਪੇਪਰ ਤੇ 10 ਰੁਪਏ ਦੇ ਜਲੇ ਨੋਟਾਂ ਸਮੇਤ 6 ਦੋਸ਼ੀ ਗ੍ਰਿਫ਼ਤਾਰ

ਗੁਰਦਾਸਪੁਰ/ਕਾਹਨੂੰਵਾਨ, 25 ਮਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਮੁੱਖ ਮੰਤਰੀ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ', ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਬਹਿਰਾਮਪੁਰ ਵਿਖੇ ਬਾਦਲ ਨੂੰ ਕਾਬੂ ਕਰਕੇ ਉਸ ਕੋਲੋਂ 266 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਜਿਸ ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਬਾ-ਜੁਰਮ 21(ਸੀ)-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤਾ ਗਿਆ। ਥਾਣਾ ਦੋਰਾਂਗਲਾ ਵਿਖੇ ਲਵਪ੍ਰੀਤ ਸਿੰਘ ਉਰਫ ਬਾਵੇ ਨੂੰ ਕਾਬੂ ਕਰਕੇ ਉਸ ਕੋਲੋਂ 22 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ



ਗਈ, ਜਿਸ ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਬਾ ਜੁਰਮ 21(ਬੀ)-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਦੋਰਾਂਗਲਾ ਵਿਖੇ ਦਰਜ ਕੀਤਾ ਗਿਆ। ਥਾਣਾ ਧਾਰੀਵਾਲ ਵਿਖੇ ਕੰਵਲਜੀਤ ਸਿੰਘ ਤੇ ਆਸ਼ੂ ਨੂੰ ਸਿਲਵਰ ਪੇਪਰ ਲਾਈਟਰ ਤੇ 10-10 ਰੁਪਏ ਦੇ ਜਲੇ ਹੋਏ ਨੋਟਾਂ ਸਮੇਤ ਕਾਬੂ ਕੀਤਾ ਗਿਆ। ਜਿਸ ਦੋਸ਼ੀਆਂ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 27-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਧਾਰੀਵਾਲ ਵਿਖੇ ਦਰਜ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ ਦੋ ਵੱਖ-ਵੱਖ ਮੁਕੱਦਮੇ ਵਿੱਚ ਦੋਸ਼ੀ ਮਲਕੀਤ ਸਿੰਘ ਤੇ ਰਾਜ ਕੁਮਾਰ ਨੂੰ ਸਿਲਵਰ ਪੇਪਰ ਲਾਈਟਰ ਤੇ 10 ਰੁਪਏ ਦੇ ਸੜੇ ਹੋਏ ਨੋਟਾਂ ਸਮੇਤ ਕਾਬੂ ਕੀਤਾ ਗਿਆ, ਜਿਸ ਦੋਸ਼ੀਆਂ ਦੇ ਵਿਰੁੱਧ ਮੁਕੱਦਮਾ ਬਾ-ਜੁਰਮ 27-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਦੀਨਾਨਗਰ ਵਿਖੇ ਦਰਜ ਕੀਤਾ ਗਿਆ। ਆਦਿਤਿਯ ਆਈ.ਪੀ.ਐੱਸ. ਸੀਨੀਅਰ ਪੁਲਿਸ ਕਪਤਾਨ ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਗੈਰ-ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ। ਗੈਰ-ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖ਼ਿਲਾਫ਼ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਨੇ ਸਨਮਾਨ ਸਮਾਰੋਹ ਕਰਵਾਇਆ



ਗੁਰਦਾਸਪੁਰ, 25 ਮਈ (ਜਸਵਿੰਦਰ ਸਿੰਘ): ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਗੁਰਦਾਸਪੁਰ ਨੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ। ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਬੱਚਿਆਂ ਨੂੰ ਭਾਸ਼ਣ, ਸਮੂਹ ਗਾਇਨ ਤੇ ਸਕੂਲ ਪ੍ਰਤੀ ਉਨ੍ਹਾਂ ਦੇ ਫਰਜ਼ਾਂ ਬਾਰੇ ਜਾਣੂੰ ਕਰਵਾਇਆ ਗਿਆ। ਬਾਰ੍ਹਵੀਂ ਜਮਾਤ ਤੋਂ ਵਿਭੂ ਧੰਨਾ ਤੇ ਹਰਨੂਰ ਕੌਰ ਨੂੰ ਸਕੂਲ ਦਾ ਹੈੱਡ ਬੁਆਏ ਤੇ ਹੈੱਡ ਗਰਲ ਚੁਣਿਆ ਗਿਆ। ਸਕੂਲ ਦੇ ਬੱਚਿਆਂ ਨੂੰ ਤਿੰਨ ਸਮੂਹਾਂ ਵਿੱਚ ਵੰਡਿਆ ਗਿਆ ਤੇ ਤਿੰਨ ਹਾਊਸ ਬਣਾਏ ਗਏ। ਰਾਹਤ, ਪ੍ਰਭਨੂਰ ਸੈਣੀ ਤੇ ਹਰਗੁਣ ਸਿੰਘ ਨੂੰ ਐਪੈਕਸ ਹਾਊਸ ਦਾ ਕੈਪਟਨ, ਸਮ੍ਰਿਤੀ, ਹਿਮਾਨਿਆ ਮਹਾਜਨ ਤੇ ਭਵਨੂਰ ਸਿੰਘ ਨੂੰ ਵਰਟੈਕਸ ਹਾਊਸ ਦਾ ਕੈਪਟਨ ਤੇ ਆਰਿਆਨਾ ਜੋਸ਼ੀ, ਗਿਰੀਸ਼ ਮਹਾਜਨ ਤੇ ਗੁਰਸ਼ਬਦ ਸਿੰਘ ਨੂੰ ਜ਼ੈਨਿਥ ਹਾਊਸ ਦਾ ਕੈਪਟਨ ਚੁਣਿਆ ਗਿਆ। ਚੁਣੇ ਗਏ ਸਾਰੇ ਬੱਚਿਆਂ ਨੂੰ ਉਨ੍ਹਾਂ ਦੇ ਫਰਜ਼ਾਂ ਤੋਂ ਜਾਣੂੰ ਕਰਵਾਇਆ ਗਿਆ ਤੇ ਸਹੁੰ ਚੁਕਾਈ ਗਈ। ਸਕੂਲ ਦੇ ਪ੍ਰਿੰਸੀਪਲ ਰਾਜੀਵ ਭਾਰਤੀ ਨੇ ਸਜਾਏ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਪੂਰੀ ਸ਼ਰਧਾ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਾਰੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਜਾਵਟ ਸਮਾਰੋਹ ਦਾ ਉਦੇਸ਼ ਤੁਹਾਡੇ ਸਾਰਿਆਂ ਵਿੱਚ ਲੀਡਰਸ਼ਿਪ ਗੁਣਾਂ ਦਾ ਵਿਕਾਸ ਕਰਨਾ ਤੇ ਸਾਰਿਆਂ ਵਿੱਚ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨਾ ਹੈ। ਉਨ੍ਹਾਂ ਸਾਰੇ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੇਠ ਮਿਸ਼ਨ ਸੰਪਰਕ ਦੇ ਤਹਿਤ ਪਿੰਡ ਪੰਜਾਵਾਂ ਵਿਖੇ ਜਾਗਰੂਕਤਾ ਪ੍ਰੋਗਰਾਮ

ਫਾਜ਼ਿਲਕਾ, 25 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਜ਼ਿਲ੍ਹੇ ਦੇ ਸਰਕਾਰੀ ਹਾਈ ਸਕੂਲ ਪੰਜਾਵਾ, ਥਾਣਾ ਖੂਈਆਂ ਸਰਵਰ ਵਿਖੇ ਅੱਜ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੇ ਮਿਸ਼ਨ ਸੰਪਰਕ ਦੇ ਤਹਿਤ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੀ ਅਗਵਾਈ ਐੱਸ.ਐੱਸ.ਪੀ. ਫਾਜ਼ਿਲਕਾ ਵਰਿੰਦਰ ਸਿੰਘ ਬਰਾੜ ਵੱਲੋਂ ਕੀਤੀ ਗਈ, ਜੋ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਉਦੇਸ਼ ਨਾਲ ਕਰਵਾਇਆ ਗਿਆ ਸੀ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਲਗਭਗ 350 ਲੋਕ ਸ਼ਾਮਲ ਹੋਏ, ਜਿਨ੍ਹਾਂ ਵਿੱਚ ਸਕੂਲ ਦੇ ਵਿਦਿਆਰਥੀ, ਅਧਿਆਪਕ, ਸਥਾਨਕ ਨਿਵਾਸੀ, ਪੰਚਾਇਤ ਮੈਂਬਰ, ਸਮਾਜ ਸੇਵੀ ਤੇ ਹੋਰ ਸਮਾਜਿਕ ਸਰਗਰਮ



ਹਸਤੀਆਂ ਹਾਜ਼ਰ ਰਹੀਆਂ। ਹਾਜ਼ਰੀਨ ਨੇ ਉਤਸ਼ਾਹਿਤ ਭੂਮਿਕਾ ਨਿਭਾਈ ਤੇ ਨਸ਼ਿਆਂ ਵਿਰੁੱਧ ਚੱਲ ਰਹੀ ਲਹਿਰ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਸਵੀਕਾਰਿਆ। ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ ਨੇ ਆਪਣੇ ਸੰਬੋਧਨ ਰਾਹੀਂ ਨਸ਼ਿਆਂ ਦੀ ਸਮੱਸਿਆ ਦੇ ਭਿਆਨਕ ਪ੍ਰਭਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ੇ ਵਿਰੁੱਧ ਲੜਾਈ ਸਿਰਫ ਪੁਲਿਸ ਜਾਂ ਸਰਕਾਰ ਦੀ ਨਹੀਂ, ਸਗੋਂ ਹਰ ਇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਸਾਰਿਆਂ ਨੂੰ ਇੱਕਜੁਟ ਹੋ ਕੇ ਇਸ ਮੁਹਿੰਮ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ। ਅਧਿਆਪਕਾਂ ਤੇ ਸਮਾਜ ਸੇਵਕਾਂ ਵੱਲੋਂ ਵੀ ਆਪਣੇ ਵਿਚਾਰ ਰੱਖੇ ਗਏ ਤੇ ਨਸ਼ਿਆਂ ਦੇ ਨੁਕਸਾਨਾਂ ਬਾਰੇ ਚਰਚਾ ਕੀਤੀ ਗਈ।

# ਮਹਾਂਮਾਈ ਦੇ ਜਾਗਰਣ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਰਵਿੰਦਰ ਡਾਲਵੀ ਦਾ ਸਨਮਾਨ

ਗੜ੍ਹਸ਼ੰਕਰ, 25 ਮਈ (ਅਜਮੇਰ ਸਿੰਘ ਭਨੋਟ): ਮੰਦਰ ਮਾਤਾ ਵੈਸ਼ਨੋ ਦੇਵੀ ਦੀਪ ਕਲੋਨੀ ਗੜ੍ਹਸ਼ੰਕਰ ਵਿਖੇ ਮਹਾਂਮਾਈ ਦਾ 35ਵਾਂ ਸਾਲਾਨਾ ਜਾਗਰਣ ਪ੍ਰਧਾਨ ਬਾਬੂ ਵੇਦ ਪ੍ਰਕਾਸ਼ ਕ੍ਰਿਪਾਲ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਮੌਕੇ ਪ੍ਰਸਿੱਧ ਪੰਜਾਬੀ ਗਾਇਕ ਬਲਰਾਜ ਬਿਲਗਾ ਤੇ ਪ੍ਰਵੀਨ ਅਰੋੜਾ ਨੇ ਭਜਨ ਗਾਏ ਤੇ ਮਹਾਂਮਾਈ ਦਾ ਗੁਣਗਾਨ ਕੀਤਾ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਰਵਿੰਦਰ ਡਾਲਵੀ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ। ਰਵਿੰਦਰ ਡਾਲਵੀ ਨੇ ਮੰਦਰ ਮਾਤਾ ਵੈਸ਼ਨੋ ਦੇਵੀ ਕਮੇਟੀ ਵੱਲੋਂ ਕਰਵਾਏ ਗਏ ਜਾਗਰਣ ਦੀ ਵਧਾਈ ਦਿੱਤੀ ਤੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਆਪਸੀ ਸਦਭਾਵਨਾ ਦਾ ਪ੍ਰਤੀਕ ਹਨ। ਇਸ ਮੌਕੇ ਬਾਬੂ ਵੇਦ ਪ੍ਰਕਾਸ਼ ਕ੍ਰਿਪਾਲ ਪ੍ਰਧਾਨ, ਪੰਕਜ ਕਪਿਲ, ਹਰਪ੍ਰੀਤ ਸਿੰਘ ਨਗਰ ਕੌਂਸਲਰ, ਬਲਵਿੰਦਰ ਬਿੱਟੂ, ਅਸ਼ੋਕ ਕੁਮਾਰ



ਨਾਨੋਵਾਲ, ਪ੍ਰਣਵ ਕ੍ਰਿਪਾਲ, ਦੀਪਕ ਕੁਮਾਰ ਰਾਜੂ, ਅਮਰਜੀਤ ਸ਼ਰਮਾ, ਰੋਹਿਤ ਵਰਮਾ, ਜੈ ਰਾਣਾ, ਮਨਜੀਤ ਭਵਾਨੀਪੁਰ, ਭਾਵਨਾ ਕ੍ਰਿਪਾਲ ਨਗਰ ਕੌਂਸਲਰ, ਬਲਰਾਮ ਨਈਅਰ, ਰੋਹਿਤ ਪੋਸੀ ਆਦਿ ਹਾਜ਼ਰ ਸਨ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮੰਦਰ ਕਮੇਟੀ ਵੱਲੋਂ ਜਾਗਰਣ ਤੇ ਲੰਗਰ ਦਾ ਪ੍ਰਬੰਧ ਖੁੱਲ੍ਹੀ ਜਗ੍ਹਾ 'ਤੇ ਕੀਤਾ ਗਿਆ ਸੀ ਪਰ ਤੇਜ਼ ਹਨੇਰੀ ਕਾਰਨ ਪੰਡਾਲ ਤੇ ਤੰਬੂ ਉੱਡ ਗਏ, ਜਿਸ ਕਾਰਨ ਮੰਦਰ ਦੇ ਅਹਾਤੇ ਵਿੱਚ ਦੁਬਾਰਾ ਜਾਗਰਣ ਦਾ ਆਯੋਜਨ ਕੀਤਾ ਗਿਆ।

## ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of**
**Ms. Navneet Kaur Dhaliwal**
**Civil Judge Junior Division-4, Abohar**
CNR No.PBFZE0-000241-2024
Next Date: 18.07.2025
Bank of Baroda Branch at Hanumangarh Road Abohar District Fazilka Through Branch Manager
Versus
Vishavdeep Jakhar Son of sh. Krishan Kumar R/O VPO Panjkosi Tehsil Abohar District Fazilka Etc.
Notice to: Vishavdeep Jakhar Etc. Son of sh. Krishan Kumar R/O VPO Panjkosi Tehsil Abohar District Fazilka
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**07.2025 at 10:00 A.M.
For details logon to https://highcourtchd.gov.in/?trs=district_notice&district=Fazilka
Dated, this day of 08-01-2025
**Sd/- Civil Judge Junior Division-4, Abohar**

---

**(U/o 5 Rule 20 CPC)**
**In the Court of**
**Sh. Kapil Dev Singla**
**Addl. Principal Judge, Family court, Patiala**
CNR No. PBPT01-005599-2024
Next Date: 19.07.2025
Lavneet Singh @ Lavneet Janagal
Versus
Talwinderjit Kaur
Notice to: Talwinderjit Kaur Spouse:- wife of Lavneet Janagal Daughter of Jasveer Singh Near Gurudwara Ramdasia Sahib, Lehra Mohabbat, Bathinda now resident of Hno. 1762, Sector 80, SAS Nagar, Mohali.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**07.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 01-05-2025
**Sd/- Addl. Principal Judge, Family court, Patiala**

---

**(U/o 5 Rule 20 CPC)**
**In the Court of**
**Sh. Davinder Singh**
**Civil Judge (Junior Division), Guruharsahai**
CNR No. PBFZD0-000066-2023
Next Date: 11.07.2025
Punjab Gramin Bank
Versus
Bahal Singh
Notice to: Sandeep Singh Father S/o Bahal Singh Son of Jagtar Singh Vill Saide Ke Mohan Tehsil Guruharsahai District Ferozepur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 25-03-2025
**Sd/- Civil Judge (Junior Division), Guruharsahai**

---

**(U/o 5 Rule 20 CPC)**
**In the Court of**
**Ms. Harpreet Kaur Randhawa**
**District and Sessions Judge, Ludhiana**
CNR No. PBLD01-022352-2024
Next Date: 11.07.2025
Kulwant Kaur
Versus
Gurdeep Singh
Notice to: Amritpal Garg S/o Nasib Chand R/o Lalli Tyre Sirhind Bypass Near New Bus Stand Patiala, L/A with MD PRTC Patiala 147001, (owner of Bus Bearing No. PB-11-CD-0525)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-05-2025
**Sd/- District and Sessions Judge, Ludhiana**

---

**(U/o 5 Rule 20 CPC)**
**In the Court of**
**Sh. Amar jeet Singh**
**Principal Judge Family Court, Moga**
CNR No. PBMO01-004453-2023
Next Date: 14.07.2025
Harminder Singh
Versus
Mandeep Kaur
The Plaintiff prays for divorce on the ground of cruelty and desertion.
Notice to: Manpreet Singh Father:- Kewal Singh Village Chatra, Tehsil Zira and Distt. Ferozepur, Moga, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2025
**Sd/- Principal Judge Family Court, Moga**

---

**(U/o 5 Rule 20 CPC)**
**In the Court of**
**Sh. Amar Jeet Singh**
**Principal Judge Family Court, Moga**
CNR No. PBMO01-006530-2023
Next Date: 11.07.2025
Surjeet Kaur
Versus
Tejinder Singh
The Plaintiff prays for divorce on the ground of cruelty and desertion.
Notice to: Tejinder Singh Spouse:- kewal Singh R/o near Government School, Vill. Sande Hasham Tehsil and District Ferozepur, Ferozepur, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2025
**Sd/- Principal Judge Family Court, Moga**

---

**(U/o 5 Rule 20 CPC)**
**In the Court of**
**Sh. Hem Amrit Mahi**
**Civil Judge (Senior Division), Gurdaspur**
CNR No. PBGD02-000105-2021
Next Date: 18.07.2025
CS-71-2021
Punjab and Sind Bank
Versus
Balwinder Singh
Notice to: Hira Singh Sandhu:- Parkash Singh R/o Village Suchetgarh PO Naushehra Majha Singh Tehsil and District Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**07.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 07-05-2025
**Sd/- Civil Judge (Senior Division), Gurdaspur**

---

**(U/o 5 Rule 20 CPC)**
**In the Court of**
**Ms. Sonali Singh**
**Additional Civil Judge (Senior Division), Barnala**
CNR No. PBBR02-000474-2023
Next Date: 18.07.2025
Punjab Agro Food Grains Corporation Ltd.
Versus
Vinod Kumar Sharma
Execution for the Recovery of Rs. 120000/- Suit Decreed on Dated 17.09.2022 in CS/280/2019
Notice to: Vinod Kumar Sharma Self:- A.G.M (RETD.) Punjab Agro Food Grains Corporation Ltd. Kothi No. 651, First Block, Randhir Singh Nagar, Luhdiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-05-2025
**Sd/- Additional Civil Judge (Senior Division), Barnala**

---

**In the Court of**
**Sh. Randeep Kumar, PCS,**
**Civil Judge (Jr. Divn.), Batala**
CNR No. PBGDA0000464-2024
Next Date: 15.07.2025
Regd. No. CS/318/2024
PNB
Versus
Dalbir Kaur
Nature: Suit for Recovery
Notice to: 1. Dalbir Kaur Wd/o Balwinder Singh R/o Village Khawaza Wardag, Teh dera Baba Nanak, Distt. Gurdaspur
In above titled Petition the respondent(s) could not be served. It is ordered that the respondent(s) should appear in person or through counsel on **15.**07.2025 at 10:00 A.M.
For details logon to WWW.highcourtchd.gov.in/?trs=district_notice&district=gurdaspur
Given under my hand and the seal of the Court this 15-07-2025
**Sd/- Civil Judge (Jr. Divn.), Batala**

---

**(U/o 5 Rule 20 CPC)**
**In the Court of**
**Sh. Hasan Deep Singh Bajwa**
**Additional Civil Judge (Senior Division), Kharar**
CNR No. PBSAA0-000904-2023
Next Date: 15.07.2025
SUCC/10/2023
Labh Kaur W/o Bhag Singh R/o Vill. Lakhnaur, Tehsil and Distt. Mohali
Versus
General Public
Notice to: General Public:-- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 15-04-2025
**Sd/- Additional Civil Judge (Senior Division), Kharar**


# ਅੱਖਾਂ ਤੋਂ ਦਿਖਾਈ ਨਾ ਦੇਣ ਦੇ ਬਾਵਜੂਦ ਹਿੰਮਤ ਨਹੀਂ ਹਾਰੀ

ਲੁਧਿਆਣਾ, 25 ਮਈ (ਚ.ਨ.ਸ.):ਅਸੀਂ ਅਕਸਰ ਲੋਕਾਂ ਨੂੰ ਕਹਿੰਦੇ ਸੁਣਦੇ ਹਾਂ ਕਿ ਸਾਨੂੰ ਰੁਜ਼ਗਾਰ ਨਹੀਂ ਮਿਲਦਾ। ਜਿਸ ਕਰ ਕੇ ਕਈ ਨੌਜਵਾਨ ਗਲਤ ਰਸਤੇ ਵੀ ਅਪਣਾ ਲੈਂਦੇ ਹਨ, ਜਿਵੇਂ ਨਸ਼ਾ ਕਰਨਾ ਤੇ ਵੇਚਣਾ ਜਾਂ ਫਿਰ ਚੋਰੀ ਡਕੈਤੀ ਕਰਨਾ ਜਾਂ ਫਿਰ ਵਿਹਲੇ ਘਰ ਬੈਠ ਜਾਂਦੇ ਹਨ, ਪਰ ਅੱਜ ਅਸੀਂ ਲੁਧਿਆਣਾ ਦੇ ਦੋ ਨੌਜਵਾਨਾਂ ਦੀ ਗੱਲ ਕਰ ਰਹੇ ਹਾਂ, ਜਿਨ੍ਹਾਂ ਦਾ ਨਾਮ ਕੁਲਵਿੰਦਰ ਸਿੰਘ ਤੇ ਜਸਪਾਲ ਸਿੰਘ ਹੈ ਤੇ ਦੋਹਾਂ ਨੂੰ ਹੀ ਅੱਖਾਂ ਤੋਂ ਨਹੀਂ ਦਿੱਖਦਾ। ਇਨ੍ਹਾਂ ਵਿੱਚ ਜਜ਼ਬਾ ਇੰਨਾ ਹੈ ਕਿ ਦੋਵੇਂ ਨੌਜਵਾਨ ਲੁਧਿਆਣਾ ਵਿੱਚ ਸਟਾਲ ਲਗਾ ਕੇ ਰਾਜਮਾਂਹ-ਚਾਵਲ ਵੇਚਦੇ ਹਨ। ਪੱਤਰਕਾਰ ਨਾਲ ਗੱਲ ਕਰਦੇ ਹੋਏ ਕੁਲਵਿੰਦਰ ਸਿੰਘ ਨੇ ਕਿਹਾ ਕਿ ਮੈਂ 12ਵੀਂ ਤੱਕ ਰੈਗੂਲਰ ਪੜ੍ਹਾਈ ਕੀਤੀ ਹੈ ਤੇ ਗ੍ਰੈਜੂਏਸ਼ਨ ਦਿੱਲੀ ਤੋਂ ਪ੍ਰਾਈਵੇਟ ਕੀਤੀ ਹੈ। ਜਿਸ ਤੋਂ ਮੈਂ ਘਰ ਵਿਹਲਾ ਬੈਠਾ ਰਿਹਾ ਤੇ 10 ਤੋਂ 12 ਸਾਲਾਂ ਬਾਅਦ ਮੈਂ ਤੇ ਮੇਰੇ ਦੋਸਤ ਨੇ ਮਿਲ ਕੇ ਇਹ ਕੰਮ ਕਰਨ ਦਾ ਸੋਚਿਆ। ਉਨ੍ਹਾਂ ਕਿਹਾ ਕਿ ਮੈਂ ਜਮਾਲਪੁਰ ਮੁੰਡੀਆਂ ਕਲਾਂ ਵਿੱਚ ਰਹਿੰਦਾ ਹਾਂ। ਮੈਂ ਤੇ ਜਸਪਾਲ ਦੋਵੇਂ ਹੀ ਨੇਤਰਹੀਣ ਸਕੂਲ ਵਿੱਚ ਇਕੱਠੇ ਪੜ੍ਹੇ ਹਾਂ। ਉਨ੍ਹਾਂ ਕਿਹਾ ਕਿ ਮੇਰੇ ਮਾਤਾ-ਪਿਤਾ, ਮੇਰਾ ਭਰਾ ਤੇ ਮੈਨੂੰ ਅੱਖਾਂ ਤੋਂ ਨਹੀਂ ਦਿਖਦਾ, ਪਰ ਮੇਰੀ ਭੈਣ ਨੂੰ ਸਭ ਕੁੱਝ ਦਿਖਦਾ ਹੈ। ਪਹਿਲਾਂ ਅਸੀਂ ਬਸੰਤ ਪਾਰਕ ਕੋਲ ਖੜ੍ਹਦੇ ਸੀ, ਪਰ ਉੱਥੇ ਇੰਨਾ ਵਧੀਆ ਕੰਮ ਨਹੀਂ ਚੱਲਿਆ ਤੇ ਬਾਅਦ ਵਿੱਚ ਅਸੀਂ ਇੱਥੇ ਆ ਕੇ ਸਟਾਲ ਲਗਾਈ ਤੇ ਪਰਮਾਤਮਾ ਦੀ ਕ੍ਰਿਪਾ ਸਦਕਾ ਇੱਥੇ ਸਾਡਾ ਕੰਮ ਵਧੀਆ ਚੱਲ ਰਿਹਾ ਹੈ। ਅਸੀਂ ਇਹ ਖਾਣਾ ਸੰਸਥਾ ਵਿੱਚ ਤਿਆਰ ਕਰਦੇ ਹਾਂ ਜਿਸ ਨੂੰ ਤਿਆਰ ਕਰਨ ਲਈ ਸਾਨੂੰ 3 ਘੰਟੇ ਲੱਗਦੇ ਹਨ। ਅਸੀਂ ਇੱਥੇ ਸਵੇਰੇ 11 ਵਜੇ ਆਉਂਦੇ ਹਾਂ ਤੇ ਜਦੋਂ ਸਾਡਾ ਸਾਰਾ ਸਮਾਨ ਵਿਕ ਜਾਂਦਾ ਹੈ ਤਾਂ ਅਸੀਂ ਚਲੇ ਜਾਂਦੇ ਹਾਂ। ਕੁਲਵਿੰਦਰ ਸਿੰਘ ਨੇ ਕਿਹਾ ਕਿ ਮੇਰੇ ਮਾਤਾ ਪਿਤਾ ਦੋਵੇਂ ਸਰਕਾਰੀ ਨੌਕਰੀ ਕਰਦੇ ਹਨ ਜਿਨ੍ਹਾਂ ਨੇ ਸਾਨੂੰ ਇਹ ਕੰਮ ਸ਼ੁਰੂ ਕਰਨ ਵਿੱਚ ਬਹੁਤ ਮੱਦਦ ਕੀਤੀ ਹੈ। ਕੰਮ ਸ਼ੁਰੂ ਕਰਨ ਵਿੱਚ ਮੁਸ਼ਕਲ ਸਭ ਨੂੰ ਹੁੰਦੀ ਹੈ। ਪਰ ਜਿਹੜਾ ਮੁਸ਼ਕਲਾਂ ਦਾ ਸਾਹਮਣਾ ਕਰ ਜਾਂਦਾ ਹੈ, ਉਹ ਹੀ ਕਾਮਯਾਬ ਹੁੰਦਾ ਹੈ। ਅਸੀਂ ਮਿਹਨਤ ਕਰ ਰਹੇ ਹਾਂ ਤੇ ਇਕ ਵਧੀਆ ਜ਼ਿੰਦਗੀ ਜੀਅ ਰਹੇ ਹਾਂ। ਪਰਮਾਤਮਾ ਨੇ ਇੱਕ ਛੋਟੀ ਜਿਹੀ ਜ਼ਿੰਦਗੀ ਦਿੱਤੀ ਹੈ ਜਿਸ 'ਚ ਅਸੀਂ ਆਪਣੀਆਂ ਸਾਰੀਆਂ ਰੀਝਾਂ ਪੂਰੀਆਂ ਕਰਨੀਆਂ ਹਨ। ਜਸਪਾਲ ਸਿੰਘ ਨੇ ਕਿਹਾ ਕਿ ਅਸੀਂ ਦੋਵੇਂ ਇਕੱਠੇ ਪੜ੍ਹੇ ਹਾਂ। ਸਾਨੂੰ ਪਹਿਲਾਂ ਤੋਂ ਹੀ ਖਾਣਾ ਬਣਾਉਣਾ ਆਉਂਦਾ ਸੀ ਤੇ ਕੁਲਵਿੰਦਰ ਸਿੰਘ ਨੇ ਮੇਰੇ ਨਾਲ ਗੱਲ ਕੀਤੀ ਕਿ ਅਸੀਂ ਰਾਜਮਾਂਹ-ਕੜ੍ਹੀ ਦੀ ਸਟਾਲ ਲਗਾਈਏ ਤਾਂ ਮੈਂ ਵੀ ਹਾਂ ਕਰ ਦਿੱਤੀ ਤੇ ਅਸੀਂ ਦੋਵਾਂ ਨੇ ਮਿਲ ਕੇ ਇਹ ਕੰਮ ਸ਼ੁਰੂ ਕੀਤਾ। ਪਹਿਲਾਂ ਮੈਂ ਦਸਤਾਨਾ ਫ਼ੈਕਟਰੀ ਵਿੱਚ ਕੰਮ ਕਰਦਾ ਸੀ। ਜਿੱਥੇ ਮੇਰੇ ਕੈਮੀਕਲ ਨਾਲ ਹੱਥ ਖ਼ਰਾਬ ਹੋਣ ਲੱਗ ਪਏ ਸਨ। ਮੈਂ ਗ੍ਰੈਜੂਏਸ਼ਨ ਕੀਤੀ ਹੋਈ ਹੈ ਤੇ ਕਈ ਵਾਰ ਸਰਕਾਰੀ ਨੌਕਰੀ ਲਈ ਵੀ ਕੋਸ਼ਿਸ਼ ਕੀਤੀ ਹੈ। ਹਾਲੇ ਅਸੀਂ ਨਵਾਂ ਕੰਮ ਹੋਣ ਕਰਕੇ 35 ਲੋਕਾਂ ਦਾ ਖਾਣਾ ਤਿਆਰ ਕਰ ਕੇ ਲਿਆਉਂਦੇ ਹਾਂ।

# ਨਿਰਧਾਰਿਤ ਸਮੇਂ ਤੋਂ ਪਹਿਲਾਂ ਬੰਦ ਹੋਇਆ ਡਾਕ ਘਰ, ਉਪਭੋਗਤਾਵਾਂ ਨੂੰ ਹੋਈ ਪ੍ਰੇਸ਼ਾਨੀ

ਸ੍ਰੀ ਕੀਰਤਪੁਰ ਸਾਹਿਬ, 25 ਮਈ (ਬੀ ਐਸ ਰਾਣਾ): ਸ੍ਰੀ ਕੀਰਤਪੁਰ ਸਾਹਿਬ ਦਾ ਡਾਕ ਘਰ ਜਿਸ ਦੇ ਰੋਜ਼ਾਨਾ ਖੁੱਲ੍ਹਣ ਅਤੇ ਬੰਦ ਹੋਣ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੈ। ਪਰ ਇਹ ਬੀਤੇ ਦਿਨ ਸ਼ਨੀਵਾਰ ਨੂੰ ਆਪਣੇ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ। ਜਿਸ ਦੇ ਚੱਲਦੇ ਡਾਕਖਾਨੇ ਵਿੱਚ ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ ਲੈਣ ਵਾਲੇ ਉਪਭੋਗਤਾਵਾਂ ਨੂੰ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਇਸ ਸਬੰਧੀ ਸ਼ਹਿਰ ਦੇ ਵਸਨੀਕਾਂ ਨੇ ਦੱਸਿਆ ਕਿ ਉਹ ਆਪਣੇ ਨਿੱਜੀ ਕੰਮਾਂ ਲਈ ਕੀਰਤਪੁਰ ਸਾਹਿਬ ਦੇ ਡਾਕ ਘਰ ਨੂੰ ਗਏ ਸਨ। ਪਰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਬਿਜਲੀ ਦਾ ਕੱਟ ਲੱਗਿਆ ਹੋਣ ਕਾਰਨ ਦੁਪਹਿਰ 1.30 ਵਜੇ ਤੱਕ ਪੋਸਟ ਆਫਿਸ ਵਿੱਚ ਕੋਈ ਕੰਮ ਨਹੀਂ ਸੀ ਹੋ ਸਕਿਆ। ਉੱਥੇ ਹੀ 1:30 ਦੇ ਬਾਅਦ ਪੋਸਟਮਾਸਟਰ ਸਾਹਿਬ ਦੇ ਪੋਸਟ ਆਫਿਸ ਵਿੱਚ ਮੌਜੂਦ ਨਾ ਹੋਣ ਅਤੇ ਸ਼ਾਮ 4:00 ਵਜੇ ਹੀ ਪੋਸਟ ਆਫਿਸ ਬੰਦ ਹੋਣ ਦੇ ਕਾਰਨ ਰਜਿਸਟਰੀ, ਪਾਰਸਲ ਅਤੇ ਸਪੀਡ ਪੋਸਟ ਦੇ ਹੋਰ ਕੰਮ ਕਰਵਾਉਣ ਵਾਲੇ ਉਪਭੋਗਤਾਵਾਂ ਨੂੰ ਨਿਰਾਸ਼ ਹੋ ਕੇ ਵਾਪਸ ਆਪਣੇ ਘਰਾਂ ਨੂੰ ਪਰਤਣਾ ਪਿਆ। ਉਪਭੋਗਤਾਵਾਂ ਨੇ ਦੱਸਿਆ ਕਿ ਉਹ ਦਿਨ ਦੇ ਸਮੇਂ ਆਪਣੇ ਕੁੱਝ ਵਿਅਕਤੀਗਤ ਕੰਮਾਂ ਲਈ ਪੋਸਟ ਆਫਿਸ ਗਏ ਸਨ, ਪਰ ਪੋਸਟ ਮਾਸਟਰ ਸਾਹਿਬ ਉੱਥੇ ਮੌਜੂਦ ਨਹੀਂ ਸਨ। ਪੋਸਟ ਆਫਿਸ ਵਿੱਚ ਮੌਜੂਦ ਸਟਾਫ ਵੱਲੋਂ ਪੁੱਛਣ ਉੱਤੇ ਪਤਾ ਚੱਲਿਆ, ਕਿ ਪੋਸਟ ਮਾਸਟਰ ਸਾਹਿਬ ਕਿਤੇ ਬਾਹਰ ਕਿਸੇ ਹੋਰ ਅਤੇ ਪੈਸਿਆਂ ਦਾ ਲੈਣ ਦੇਣ ਅਤੇ ਹੋਰ ਕੰਮ ਪੋਸਟ ਮਾਸਟਰ ਸਾਹਿਬ ਦੁਆਰਾ ਹੀ ਕੀਤਾ ਜਾ ਸਕਦਾ ਹੈ।

# ਅੰਮ੍ਰਿਤਪਾਲ ਸਿੰਘ 'ਤੇ ਲੱਗੀ ਐਨ.ਐਸ.ਏ ਖ਼ਿਲਾਫ਼ 27 ਮਈ ਨੂੰ ਫਤਹਿਗੜ੍ਹ ਸਾਹਿਬ ਵਿੱਚ ਕੀਤਾ ਜਾਵੇਗਾ ਰੋਸ ਮਾਰਚ : ਰੁਪਾਲੋਂ



ਫਤਹਿਗੜ੍ਹ ਸਾਹਿਬ, 25 ਮਈ (ਨਰਿੰਦਰ ਸਿੰਘ): ਸ੍ਰੀ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਤੇ ਪੰਜਾਬ ਪੁਲਿਸ ਵੱਲੋਂ ਨਾਜਾਇਜ਼ ਤੌਰ 'ਤੇ ਲਗਾਈ ਗਈ ਐਨ.ਐਸ.ਏ ਨੂੰ ਰੱਦ ਕਰਵਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੂਰੇ ਪੰਜਾਬ ਦੇ ਵਿੱਚ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਧਰਨੇ ਦੇ ਕੇ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸੇ ਪ੍ਰੋਗਰਾਮ ਨੂੰ ਸਫਲ ਬਣਾਉਣ ਦੇ ਲਈ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਵੀ 27 ਮਈ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਤਹਿਗੜ੍ਹ ਸਾਹਿਬ ਅੱਗੇ ਧਰਨਾ ਦੇਣ ਉਪਰੰਤ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਕਮੇਟੀ ਮੈਂਬਰ ਪੰਜਾਬ ਅਤੇ ਅਬਜਰਵਰ ਸ੍ਰੀ ਫਤਹਿਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ ਉਹਨਾਂ ਨੇ ਕਿਹਾ ਕਿ 27 ਮਈ ਨੂੰ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਅਰਦਾਸ ਕਰਕੇ ਇੱਕ ਮਾਰਚ ਸ਼ੁਰੂ ਹੋਵੇਗਾ। ਜਿਸ ਦੀ ਅਗਵਾਈ ਜ਼ਿਲ੍ਹੇ ਦੀ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਕੀਤੀ ਜਾਵੇਗੀ। ਇਹ ਰੋਸ ਪ੍ਰਦਰਸ਼ਨ ਕਰਨ ਤੋਂ ਉਪਰੰਤ ਡੀ ਸੀ ਸ਼੍ਰੀ ਫਤਹਿਗੜ੍ਹ ਸਾਹਿਬ ਨੂੰ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਦੇ ਲਈ ਅੱਜ ਮੀਟਿੰਗ ਕਰਕੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਜ਼ਿਲ੍ਹਾ ਕਮੇਟੀ ਵਿੱਚ ਸੁਤੰਤਰਦੀਪ ਸਿੰਘ ਬਡਗੁਜਰਾਂ, ਨਵਦੀਪ ਸਿੰਘ ਤਾਨ, ਰਾਜਵੀਰ ਸਿੰਘ, ਹਰਪ੍ਰੀਤ ਸਿੰਘ ਭੰਗੂ, ਸੁਖਦਰਸ਼ਨ ਸਿੰਘ ਬਰਵਾਲੀ, ਸੀਨੀਅਰ ਆਗੂ ਲਖਵੀਰ ਸਿੰਘ ਸੌਂਟੀ, ਗੁਰਿੰਦਰ ਸਿੰਘ ਬਦੌਸ਼ੀ, ਅਮਨਦੀਪ ਸਿੰਘ, ਜਗਜੀਵਨ ਸਿੰਘ, ਇੰਦਰਜੀਤ ਸਿੰਘ, ਧਰਮਪਾਲ ਸਿੰਘ ਜਗਤਪੁਰ, ਜਸਪਾਲ ਸਿੰਘ ਸਲਾਨਾ, ਚਰਨ ਸਿੰਘ ਭੱਦਲ ਥੂਹਾ, ਪ੍ਰੀਤਮ ਸਿੰਘ ਖਾਲਸਾ, ਜਗਜੀਵਨ ਸਿੰਘ ਮਹਿਤੋ ਹਾਜ਼ਰ ਸਨ।

# ਕੁੱਤੇ ਨੇ ਟੋਏ 'ਚ ਦੱਬੀ ਬੱਚੀ ਦੀ ਲਾਸ਼ ਬਾਹਰ ਕੱਢ ਕੇ ਨੋਚੀ

ਲੁਧਿਆਣਾ, 25 ਮਈ (ਚ.ਨ.ਸ.): ਸਥਾਨਕ ਲਕਸ਼ਮਣ ਨਗਰ ਇਲਾਕੇ 'ਚ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਅਵਾਰਾ ਕੁੱਤੇ ਨੇ ਗਲੀ ਨੰਬਰ 3 ਵਿੱਚ ਟੋਇਆ ਪੱਟ ਕੇ ਮਾਸੂਮ ਬੱਚੀ ਦੀ ਲਾਸ਼ ਬਾਹਰ ਕੱਢ ਦਿੱਤੀ ਤੇ ਲਾਸ਼ ਨੂੰ ਕਈ ਥਾਵਾਂ ਤੋਂ ਨੋਚ ਦਿੱਤਾ। ਹੈਵਾਨੀਅਤ ਭਰੀ ਇਸ ਘਟਨਾ ਨੂੰ ਦੇਖਦੇ ਹੋਏ ਆਲੇ-ਦੁਆਲੇ ਦੇ ਲੋਕਾਂ ਨੇ ਕੁੱਤਾ ਭਜਾ ਦਿੱਤਾ ਤੇ ਫਿਰ ਥਾਣਾ ਡਾਬਾ ਦੀ ਪੁਲਿਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਿਸ ਨੇ ਬੱਚੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਪੋਸਟਮਾਰਟਮ ਲਈ ਰਖਵਾ ਦਿੱਤੀ ਹੈ। ਲਾਸ਼ ਨੂੰ ਦੇਖ ਕੇ ਇੰਝ ਜਾਪ ਰਿਹਾ ਹੈ ਕਿ ਬੱਚੀ ਦਾ ਜਨਮ ਕੁਝ ਸਮਾਂ ਪਹਿਲਾਂ ਹੀ ਹੋਇਆ ਹੋਵੇਗਾ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗਲੀ ਨੰ: 3 ਵਿੱਚ ਅਵਾਰਾ ਕੁੱਤੇ ਨੇ ਉੱਥੇ ਟੋਇਆ ਪੁੱਟਣਾ ਸ਼ੁਰੂ ਕੀਤਾ ਸੀ। ਕੁਝ ਸਮੇਂ ਬਾਅਦ ਕੁੱਤੇ ਨੇ ਮਾਸੂਮ ਬੱਚੀ ਦੀ ਲਾਸ਼ ਬਾਹਰ ਕੱਢ ਲਈ। ਓਧਰ ਇਸ ਮਾਮਲੇ 'ਚ ਐਸਐਚਓ ਗੁਰਦਿਆਲ ਸਿੰਘ ਨੇ ਦੱਸਿਆ ਕਿ ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਟੋਇਆ ਜਾਣ-ਬੁੱਝ ਕੇ ਪੱਟਿਆ ਗਿਆ ਸੀ। ਕਿਸੇ ਵਿਅਕਤੀ ਨੇ ਟੋਇਆ ਪੱਟ ਕੇ ਬੱਚੀ ਦੀ ਲਾਸ਼ ਦਫਨਾ ਦਿੱਤੀ ਸੀ, ਜਦੋਂ ਅਵਾਰਾ ਕੁੱਤਾ ਟੋਇਆ ਪੱਟ ਰਿਹਾ ਸੀ ਤਾਂ ਲੋਕਾਂ ਦੀ ਨਜ਼ਰ ਅਚਾਨਕ ਪੈ ਗਈ। ਬੱਚੀ ਦੇ ਸਰੀਰ ਦੀਆਂ ਕਈ ਥਾਵਾਂ 'ਤੇ ਕੁੱਤੇ ਦੇ ਕੱਟਣ ਦੇ ਨਿਸ਼ਾਨ ਸਨ। ਥਾਣਾ ਡਾਬਾ ਦੀ ਪੁਲਿਸ ਨੇ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਣਾ ਸ਼ੁਰੂ ਕਰ ਦਿੱਤਾ ਹੈ। ਪੁਲਿਸ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਹੈਵਾਨੀਅਤ ਭਰੀ ਘਟਨਾ ਨੂੰ ਕਿਸ ਮਾੜੇ ਅਨਸਰ ਨੇ ਅੰਜ਼ਾਮ ਦਿੱਤਾ ਹੈ।

# ਖੇਤੀਬਾੜੀ ਵਿਭਾਗ ਦੀ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਵੱਖ ਵੱਖ ਕੀਟਨਾਸ਼ਕ ਅਤੇ ਖਾਦਾਂ ਵਿਕਰੇਤਾਵਾਂ ਦੀਆਂ ਦੁਕਾਨਾਂ ਤੋਂ ਖਾਦਾਂ ਅਤੇ ਕੀਟ ਨਾਸ਼ਕਾਂ ਦੇ ਨਮੂਨੇ ਭਰੇ

ਗੁਰਦਾਸਪੁਰ, 25 ਮਈ (ਜਗੀਰ ਸਿੰਘ ਮੰਡ): ਕਿਸਾਨਾਂ ਨੂੰ ਚਾਲੂ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਅਤੇ ਨਦੀਨ ਨਾਸ਼ਕ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਬਲਾਕ ਡੇਰਾ ਬਾਬਾ ਨਾਨਕ,ਬਟਾਲਾ ਅਤੇ ਕਲਾਨੌਰ ਵਿੱਚ ਕੀਟਨਾਸ਼ਕ ਵਿਕ੍ਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੀ ਅਗਵਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕੀਤੀ । ਟੀਮ ਵਿਚ ਹੋਰਨਾਂ ਤੋਂ ਇਲਾਵਾ ਡਾਕਟਰ ਮਨਪ੍ਰੀਤ ਸਿੰਘ, ਡਾ.ਸ਼ਾਹਬਾਜ ਸਿੰਘ ਚੀਮਾ, ਡਾਕਟਰ ਸੁਖਬੀਰ ਸਿੰਘ ਸੰਧੂ ਖ਼ੇਤੀਬਾੜੀ ਅਫ਼ਸਰ, ਡਾ.ਹਰਮਨਦੀਪ ਸਿੰਘ, ਡਾ.ਅੰਮ੍ਰਿਤਪਾਲ ਸਿੰਘ, ਡਾਕਟਰ ਜੋਬਨਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ , ਜਸਪ੍ਰੀਤ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਸ਼ਾਮਿਲ ਸਨ। ਟੀਮ ਵੱਲੋਂ ਵੱਖ ਵੱਖ ਦੁਕਾਨਾਂ ਤੋਂ ਕੀਟਨਾਸ਼ਕਾਂ ਦੇ 12 ਅਤੇ ਖਾਦਾਂ ਦੇ 17 ਨਮੂਨੇ ਭਰ ਕੇ ਪਰਖ ਲਈ ਪ੍ਰਯੋਗਸ਼ਾਲਾ ਵਿਚ ਭੇਜ ਦਿੱਤੇ ਗਏ। ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਫ਼ਸਲ ਦੀ ਪਨੀਰੀ ਵਿਚ ਨਦੀਨਾਂ ਦੀ ਰੋਕਥਾਮ ਲਈ ਕਿਸਾਨਾਂ ਵੱਲੋਂ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ , ਇਸ ਤੋਂ ਇਲਾਵਾ ਛੋਟੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਖਾਦਾਂ ਖਾਸ ਕਰਕੇ ਛੋਟੇ ਖੁਰਾਕੀ ਤੱਤਾਂ ਜਿਵੇਂ ਲੋਹਾ ਦਾ ਛਿੜਕਾਅ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਿਆਰੀ ਨਦੀਨ ਨਾਸ਼ਕ ਅਤੇ ਹੋਰ ਖੇਤੀ ਸਮਗਰੀ ਮੁਹੱਈਆ ਕਰਵਾਉਣ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਵਿਕਰੀ 'ਤੇ ਪਾਬੰਧੀ ਲੱਗੀ ਹੋਣ ਕਾਰਨ ਕਿਸਾਨਾਂ ਵੱਲੋਂ ਇਸ ਵਾਰ ਹਾਈਬ੍ਰਿਡ ਕਿਸਮਾਂ ਦੀ ਪਨੀਰੀ ਦੀ ਬਿਜਾਈ ਨਹੀਂ ਕੀਤੀ ਅਤੇ ਨਾਂ ਹੀ ਕਿਸੇ ਬੀਜ ਵਿਕਰੇਤਾ ਵੱਲੋਂ ਵਿਕਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਫ਼ਸਲਾਂ ਵਿਚ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਯੂਰੀਆ ਖਾਦ ਦੀ ਕਾਲਾਬਜ਼ਾਰੀ ਅਤੇ ਜਮ੍ਹਾਂ ਖੋਰੀ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋਂ ਕਿਸਾਨਾਂ ਨੂੰ ਯੂਰੀਆ ਖਾਦ ਜ਼ਰੂਰਤ ਅਨੁਸਾਰ ਮਿਲਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਖਾਦ ਵਿਕਰੇਤਾਵਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਰੋਜ਼ਾਨਾ ਦੁਕਾਨ 'ਤੇ ਯੂਰੀਆ ਖਾਦ ਦਾ ਸਟਾਕ ਬੋਰਡ ਵਿੱਚ ਸਟਾਕ ਵਿੱਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ। ਉਨ੍ਹਾਂ ਸਮੂਹ



ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੋਸ ਮਸ਼ੀਨਾਂ ਵਿੱਚੋਂ ਰੋਜਾਨਾ ਕੱਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿੱਚ ਕੋਈ ਵਿਗਨ ਨਾ ਪਵੇ ।ਉਨ੍ਹਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਪਸ਼ੂਆਂ 'ਚ ਮੂੰਹ ਖੁਰ ਬਿਮਾਰੀ ਦੀ ਰੋਕਥਾਮ ਲਈ ਸਰਕਾਰੀ ਕੈਟਲ ਪਾਉਂਡ ਸਲੇਮ ਸ਼ਾਹ ਵਿਖੇ ਟੀਕਾਕਰਨ ਕੀਤਾ

ਫਾਜ਼ਿਲਕਾ, 25 ਮਈ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ): ਜ਼ਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ (ਕੈਟਲ ਪਾਉਂਡ) ਸਲੇਮ ਸ਼ਾਹ ਦੇ ਇੰਚਾਰਜ ਸੋਨੂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਸ਼ੂਆਂ ਵਿਖੇ ਹੋਣ ਵਾਲੇ ਮੂੰਹ-ਖੁਰ ਦੀ ਬਿਮਾਰੀ ਦੇ ਇਲਾਜ ਲਈ ਸਲੇਮ ਸ਼ਾਹ ਵਿਖੇ ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ। ਇਸ ਅਭਿਆਨ ਦੀ ਸ਼ੁਰੂਆਤ ਵੈਟਨਰੀ ਅਫ਼ਸਰ ਡਾ ਦੇਵਯਾਂਸ਼ ਗਿਲਹੋਤਰਾ ਨੇ ਕੀਤੀ। ਇਸ ਮੌਕੇ ਇੰਚਾਰਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ (ਕੈਟਲ ਪਾਉਂਡ) ਸਲੇਮ ਸ਼ਾਹ ਵਿੱਚ 1200 ਗੌਵੰਸ਼ ਨੂੰ ਮੂੰਹ ਖੁਰ ਦਾ ਟੀਕਾਕਰਨ ਕੀਤਾ ਗਿਆ।

# ਥਾਪ ਭੰਗੜਾ ਸਿਖਲਾਈ ਕੈਂਪ 1 ਜੂਨ ਤੋਂ ਸ਼ੁਰੂ : ਜੈਕਬ ਮਸੀਹ ਤੇਜਾ

ਗੁਰਦਾਸਪੁਰ, 25 ਮਈ (ਜਸਵਿੰਦਰ ਸਿੰਘ): ਆਪਣੇ ਵਿਰਾਸਤੀ ਲੋਕ ਨਾਚ ਭੰਗੜੇ ਨਾਲ ਜੋੜਨ ਲਈ ਉਤਸਾਹਿਤ ਉਪਰਾਲਾ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਜਾਣਕਾਰੀ ਦਿੰਦੇ ਹੋਇਆ ਦੱਸਿਆ, ਕਿ ਪਿੜ ਦੇ ਬਾਨੀ ਤੇ ਪ੍ਰਸਿੱਧ ਭੰਗੜਾ ਕੋਚ ਅਜੈਬ ਸਿੰਘ ਚਾਹਲ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਪਿੜ ਟੀਮ ਦੇ ਉੱਦਮ ਸਦਕਾ ਹਰ ਸਾਲ ਦੀ ਤਰਾਂ ਗਰਮੀਆਂ ਦੀਆਂ ਛੁੱਟੀਆਂ ਨੂੰ ਮੁੱਖ ਰੱਖਦੇ ਹੋਏ, ਪੰਜਾਬੀ ਚੋਬਰਾਂ ਦਾ ਵਿਰਾਸਤੀ ਤੇ ਮਨ ਪਸੰਦ ਮਸ਼ਹੂਰ ਲੋਕ ਨਾਚ ਥਾਪ ਭੰਗੜਾ ਸਿਖਲਾਈ ਕੈਂਪ ਸਵ: ਹੈਪੀ ਮਾਨ ਅਤੇ ਵਰੁਣ ਮਹਾਜਨ ਦੀ ਯਾਦ ਵਿੱਚ ਮਿਤੀ 1 ਜੂਨ 2025 ਤੋਂ ਹਰ ਰੋਜ਼ ਸਵੇਰੇ 7 ਤੋਂ ਲੈ ਕੇ 8 ਵਜੇ ਤੱਕ ਸਥਾਨ ਖਾਲਸਾ



ਸੀਨੀਅਰ ਸੈਕੰਡਰੀ ਸਕੂਲ, ਜੇਲ੍ਹ ਰੋਡ ਦੀ ਗਰਾਊਂਡ ਵਿੱਚ ਚੱਲਿਆ ਕਰੇਗਾ। ਭੰਗੜਾ ਸਿੱਖਣ ਦੇ ਚਾਹਵਾਨ ਕਿਸੇ ਉਮਰ ਦੇ ਵੀ ਹੋ ਸਕਦੇ ਹਨ। ਜੋ ਕਿ ਆਪਣੀ ਰਜਿਸਟਰੇਸ਼ਨ ਮਿਤੀ 31 ਮਈ 2025 ਨੂੰ ਸ਼ਾਮੀ 6 ਤੋਂ 7 ਵਜੇ ਤੱਕ ਖਾਲਸਾ ਸਕੂਲ ਵਿੱਚ ਹੀ ਕਰਵਾ ਸਕਦੇ ਹਨ। ਸਿਖਿਆਰਥੀ ਤੋਂ ਸਿਰਫ ਢੋਲ ਦਾ ਹੀ ਖਰਚਾ ਲਿਆ ਜਾਵੇਗਾ। ਉਹਨਾਂ ਦੱਸਿਆ ਕਿ ਜਿਵੇਂ ਪੰਜਾਬ ਸਰਕਾਰ ਦੀ ਅੱਜ ਕੱਲ੍ਹ ਮੁਹਿੰਮ ਚੱਲ ਰਹੀ ਹੈ। ਯੁੱਧ ਨਸ਼ਿਆਂ ਵਿਰੁੱਧ ਉਵੇਂ ਹੀ ਪਿੜ ਦੀ ਟੀਮ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਦੇ ਸਰਲੇਖ ਹੇਠ ਨਨ੍ਹੇ ਤੋਂ ਨਾਚ ਅਤੇ ਨਨੇ ਤੋਂ ਨਸ਼ਾ ਗੱਭਰੂਆਂ ਨੂੰ ਨਸ਼ੇ ਤੋਂ ਹਟਾ ਕੇ ਨਾਚਾਂ ਵੱਲ ਲੈ ਕੇ ਆਉਣਾ ਦੀ ਸੋਚ ਹਮੇਸ਼ਾ ਹੀ ਰਹੀ ਹੈ। ਪੰਜਾਬ ਸਰਕਾਰ ਦੀ ਇਸ ਮੁਹਿੰਮ ਵਿੱਚ ਹਰ ਇੱਕ ਨਾਗਰਿਕ ਨੂੰ ਵੱਧ ਚੜ੍ਹ ਕੇ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਪੰਜਾਬ ਇੱਕ ਵਾਰ ਫਿਰ ਰੰਗਲਾ ਬਣ ਸਕੇ। ਲੋਕ ਸੱਭਿਆਚਾਰਕ ਪਿੜ (ਰਜਿ:) ਵੀ ਇਸ ਲੜੀ ਦਾ ਹਿੱਸਾ ਸਮਝਦਾ ਹੋਇਆ ਨਸ਼ੇ ਵਿਰੁੱਧ ਆਪਣਾ ਬਣਦਾ ਸੰਯੋਗ ਪਾਉਂਦਾ ਹੈ। ਕੈਂਪ ਦੀ ਸਮਾਪਤੀ ਵਾਲੇ ਦਿਨ ਭੰਗੜੇ ਦੇ ਮੁਕਾਬਲੇ ਕਰਵਾਏ ਜਾਣਗੇ। ਕੋਈ ਵੀ ਆਮ ਜਾਣਕਾਰੀ ਲੈਣੀ ਹੋਵੇ ਤਾਂ ਫੇਸਬੁੱਕ ਜੈਕਬ ਤੇਜਾ ਤੋਂ ਫੋਨ ਨੰਬਰ ਅਠਾਨਵੇਂ ਅੱਠ ਸੌ ਇਕਾਸੀ ਬਾਰਾਂ ਅੱਠ ਸੌ ਇੱਕ ਤੋਂ ਪ੍ਰਾਪਤ ਕਰ ਸਕਦੇ ਹੋ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

-ਇਸ਼ਤਿਹਾਰ ਮੈਨੇਜਰ


ਫਾਰਮ ਨੰ.3
[ਦੇਖੋ ਨਿਯਮ-13 (I)(a)]

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰ.: ਓਏ/1353/2023** **ਈਐਕਸ. ਨੰ. 28114**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਐਚਡੀਐਫਸੀ ਬੈਂਕ ਬਨਾਮ ਮੈਸ. ਰਾਹੁਲ ਬਾਂਸਲ**
**ਵੱਲ,**
(1) **ਨਰੰਜਨ ਲਾਲ ਬਾਂਸਲ** ਪੁੱਤਰ ਸ੍ਰੀ ਨੰਦ ਲਾਲ ਬਾਂਸਲ, ਮਕਾਨ ਨੰ. 778, 40 ਫੁੱਟ ਗਲੀ, ਵਾਰਡ ਨੰ. 18, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 1. ਸ਼੍ਰੀ ਰਾਕੇਸ਼ ਕੁਮਾਰ ਬਾਂਸਲ**, ਮਕਾਨ ਨੰ. 778, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 2. ਸ਼੍ਰੀ ਵਲਾਇਤੀ ਰਾਮ ਬਾਂਸਲ**, ਮਕਾਨ ਨੰ. ਬੀ-553, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 3. ਸ਼੍ਰੀ ਵਿਨੋਦ ਕੁਮਾਰ ਬਾਂਸਲ**, ਮਕਾਨ ਨੰ. ਬੀ-11/810, 40 ਫੁੱਟ ਗਲੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101।
**ਕਾਨੂੰਨੀ ਵਾਰਸ : 4. ਸ਼੍ਰੀ ਸਤੀਸ਼ ਕੁਮਾਰ ਬਾਂਸਲ**, ਮਕਾਨ ਨੰਬਰ ਬੀ-11/778, 40 ਫੁੱਟ ਗਲੀ ਦੇ ਨਿਵਾਸੀ, ਵਾਰਡ ਨੰਬਰ 06, ਗੀਤਾ ਭਵਨ ਦੇ ਨੇੜੇ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ : 5. ਸ਼੍ਰੀਮਤੀ ਸੁਰੇਖਾ ਰਾਣੀ**, ਮਕਾਨ ਨੰਬਰ ਬੀ-11/810, 40 ਫੁੱਟ ਗਲੀ ਦੇ ਨਿਵਾਸੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101।
**ਸੰਮਨ**
**ਜਿਥੇ ਕਿ, ਓ. ਏ./1353/2023, 05.05.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 73,84,514/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ **(ਓ. ਏ.) ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 13.08.2025 ਨੂੰ **ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 06.05.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

---

ਫਾਰਮ ਨੰ.3
[ਦੇਖੋ ਨਿਯਮ-13 (I)(a)]

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰ.: ਓਏ/1355/2023** **ਈਐਕਸ. ਨੰ. 28190**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਐਚਡੀਐਫਸੀ ਬੈਂਕ ਬਨਾਮ ਮੈਸ. ਐਸ.ਕੇ.ਬੀ. ਬੀਕੇਓ**
**ਵੱਲ,**
(1) **ਨਰੰਜਨ ਲਾਲ ਬਾਂਸਲ** ਪੁੱਤਰ ਸ੍ਰੀ ਨੰਦ ਲਾਲ ਬਾਂਸਲ, ਮਕਾਨ ਨੰ. 778, 40 ਫੁੱਟ ਗਲੀ, ਵਾਰਡ ਨੰ. 18, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 1. ਸ਼੍ਰੀ ਰਾਕੇਸ਼ ਕੁਮਾਰ ਬਾਂਸਲ**, ਮਕਾਨ ਨੰ. 778, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 2. ਸ਼੍ਰੀ ਵਲਾਇਤੀ ਰਾਮ ਬਾਂਸਲ**, ਮਕਾਨ ਨੰ. ਬੀ-553, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 3. ਸ਼੍ਰੀ ਵਿਨੋਦ ਕੁਮਾਰ ਬਾਂਸਲ**, ਮਕਾਨ ਨੰ. ਬੀ-11/810, 40 ਫੁੱਟ ਗਲੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101।
**ਕਾਨੂੰਨੀ ਵਾਰਸ : 4. ਸ਼੍ਰੀ ਸਤੀਸ਼ ਕੁਮਾਰ ਬਾਂਸਲ**, ਮਕਾਨ ਨੰਬਰ ਬੀ-11/778, 40 ਫੁੱਟ ਗਲੀ ਦੇ ਨਿਵਾਸੀ, ਵਾਰਡ ਨੰਬਰ 06, ਗੀਤਾ ਭਵਨ ਦੇ ਨੇੜੇ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ : 5. ਸ਼੍ਰੀਮਤੀ ਸੁਰੇਖਾ ਰਾਣੀ**, ਮਕਾਨ ਨੰਬਰ ਬੀ-11/810, 40 ਫੁੱਟ ਗਲੀ ਦੇ ਨਿਵਾਸੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101
**ਸੰਮਨ**
**ਜਿਥੇ ਕਿ, ਓ. ਏ./1355/2023, 13.05.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 52,25,379.85/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ **(ਓ. ਏ.) ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 04.08.2025 ਨੂੰ **ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 15.05.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

---

ਫਾਰਮ ਨੰ.3
[ਦੇਖੋ ਨਿਯਮ-13 (I)(a)]

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰ.: ਓਏ/1354/2023** **ਈਐਕਸ. ਨੰ. 28010**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਐਚਡੀਐਫਸੀ ਬੈਂਕ ਬਨਾਮ ਮੈਸ. ਵਲਾਇਤੀ ਰਾਮ ਬਾਂਸਲ**
**ਵੱਲ,**
(1) **ਨਰੰਜਨ ਲਾਲ ਬਾਂਸਲ** ਪੁੱਤਰ ਸ੍ਰੀ ਨੰਦ ਲਾਲ ਬਾਂਸਲ, ਮਕਾਨ ਨੰ. 778, 40 ਫੁੱਟ ਗਲੀ, ਵਾਰਡ ਨੰ. 18, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 1. ਸ਼੍ਰੀ ਰਾਕੇਸ਼ ਕੁਮਾਰ ਬਾਂਸਲ**, ਮਕਾਨ ਨੰ. 778, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 2. ਸ਼੍ਰੀ ਵਲਾਇਤੀ ਰਾਮ ਬਾਂਸਲ**, ਮਕਾਨ ਨੰ. ਬੀ-553, ਵਾਰਡ ਨੰ. 18, ਫਰਵਾਹੀ ਬਾਜ਼ਾਰ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ: 3. ਸ਼੍ਰੀ ਵਿਨੋਦ ਕੁਮਾਰ ਬਾਂਸਲ**, ਮਕਾਨ ਨੰ. ਬੀ-11/810, 40 ਫੁੱਟ ਗਲੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101।
**ਕਾਨੂੰਨੀ ਵਾਰਸ : 4. ਸ਼੍ਰੀ ਸਤੀਸ਼ ਕੁਮਾਰ ਬਾਂਸਲ**, ਮਕਾਨ ਨੰਬਰ ਬੀ-11/778, 40 ਫੁੱਟ ਗਲੀ ਦੇ ਨਿਵਾਸੀ, ਵਾਰਡ ਨੰਬਰ 06, ਗੀਤਾ ਭਵਨ ਦੇ ਨੇੜੇ, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ : 5. ਸ਼੍ਰੀਮਤੀ ਸੁਰੇਖਾ ਰਾਣੀ**, ਮਕਾਨ ਨੰਬਰ ਬੀ-11/810, 40 ਫੁੱਟ ਗਲੀ ਦੇ ਨਿਵਾਸੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101।
**ਸੰਮਨ**
**ਜਿਥੇ ਕਿ, ਓ. ਏ./1354/2023, 29.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 1,55,12,337.60/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ **(ਓ. ਏ.) ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 07.08.2025 ਨੂੰ **ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 30.04.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

---

ਫਾਰਮ ਨੰ.3
[ਦੇਖੋ ਨਿਯਮ-13 (I)(a)]

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰ.: ਓਏ/1799/2023**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਐਚਡੀਐਫਸੀ ਬੈਂਕ ਬਨਾਮ ਨਰੰਜਨ ਲਾਲ ਬਾਂਸਲ**
**ਵੱਲ,**
(1) **ਸ੍ਰੀ ਨਰੰਜਨ ਲਾਲ ਬਾਂਸਲ** ਪੁੱਤਰ ਸ੍ਰੀ ਨੰਦ ਲਾਲ ਬਾਂਸਲ, ਮਕਾਨ ਨੰ. 778, 40 ਫੁੱਟ ਗਲੀ, ਵਾਰਡ ਨੰ. 18, ਬਰਨਾਲਾ, ਪੰਜਾਬ-148101
**ਕਾਨੂੰਨੀ ਵਾਰਸ : 5. ਸ਼੍ਰੀਮਤੀ ਸੁਰੇਖਾ ਰਾਣੀ**, ਮਕਾਨ ਨੰਬਰ ਬੀ-11/810, 40 ਫੁੱਟ ਗਲੀ ਦੇ ਨਿਵਾਸੀ, ਫਰਵਾਹੀ ਬਾਜ਼ਾਰ, ਲਿਬਰਟੀ ਸ਼ੋਅ ਰੂਮ ਦੇ ਨੇੜੇ, ਬਰਨਾਲਾ, ਪੰਜਾਬ-148101
**ਸੰਮਨ**
**ਜਿਥੇ ਕਿ, ਓ. ਏ./1799/2023, 22.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 2,04,53,606/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ **(ਓ. ਏ.) ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 21.08.2025 ਨੂੰ **ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 24.04.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

# ਫ਼ਿਲਮੀ



## ਦੁਨੀਆਂ ਲਈ ਇੱਕ ਮਿਸਾਲ ਹੈ ਜੈਕੀ ਚੈਨ



ਸੰਦੀਪ ਕੁਮਾਰ
7009807121

ਦੁਨੀਆ ਵਿੱਚ ਕਈ ਹਸਤੀਆਂ ਆਪਣੇ ਕੰਮ ਅਤੇ ਕਿਰਦਾਰ ਕਰਕੇ ਲੋਕਾਂ ਲਈ ਮਿਸਾਲ ਬਣ ਜਾਂਦੀਆਂ ਹਨ। ਇਹ ਮਿਸਾਲਾਂ ਸਿਰਫ ਉਨ੍ਹਾਂ ਦੀ ਕਾਮਯਾਬੀ ਜਾਂ ਦੌਲਤ ਦੇ ਆਧਾਰ ਤੇ ਨਹੀ, ਸਗੋਂ ਉਨ੍ਹਾਂ ਦੇ ਚੋਣੇ ਹੋਏ ਮੁੱਲਾਂ, ਨੈਤਿਕਤਾ ਅਤੇ ਜਿੰਦਗੀ ਦੇ ਫੈਸਲਿਆਂ ਰਾਹੀ ਬਣਦੀਆਂ ਹਨ। ਅਜਿਹਾ ਹੀ ਇੱਕ ਨਾਂ ਹੈ - ਜੈਕੀ ਚੈਨ, ਜੋ ਕਿ ਚਾਈਨਾ ਅਤੇ ਹੋਲੀਵੁੱਡ ਦਾ ਇੱਕ ਮਸ਼ਹੂਰ ਕਲਾਕਾਰ ਹੈ। ਜਿੱਥੇ ਉਹ ਆਪਣੀ ਐਕਸ਼ਨ ਭਰੀਆਂ ਫਿਲਮਾਂ ਅਤੇ ਸਟੰਟਸ ਲਈ ਜਾਣਿਆ ਜਾਂਦਾ ਹੈ, ਓਥੇ ਹੀ ਉਸ ਦਾ ਇੱਕ ਪਿਤਾ ਹੋਣ ਦੇ ਨਾਤੇ ਲਿਆ ਗਿਆ ਫੈਸਲਾ ਵੀ ਲੋਕਾਂ ਲਈ ਚਿੰਤਨ ਦਾ ਵਿਸ਼ਾ ਬਣ ਗਿਆ। ਇਹ ਫੈਸਲਾ ਸਿਰਫ ਉਸ ਦੇ ਪਰਿਵਾਰਿਕ ਜੀਵਨ ਨਾਲ ਸਬੰਧਤ ਨਹੀ ਸੀ, ਸਗੋਂ ਇੱਕ ਸਮਾਜਿਕ ਸੁਨੇਹਾ ਵੀ ਸੀ ਕਿ ਪਿਤਾ ਹੋਣਾ ਮਤਲਬ ਸਿਰਫ ਪਿਆਰ ਨਹੀ, ਸਗੋਂ ਸਖਤੀ ਨਾਲ ਸੰਸਕਾਰ ਦੇਣਾ ਵੀ ਹੈ। ਜੈਕੀ ਚੈਨ ਦੀ ਜਿੰਦਗੀ ਦੀ ਕਾਮਯਾਬੀ ਇਕ ਦਿਨ ਦੀ ਕਮਾਈ ਨਹੀ ਸੀ। ਉਸਨੇ ਗਰੀਬੀ ਦੇ ਦਿਨ ਵੀ ਦੇਖੇ, ਬਚਪਨ ਵਿੱਚ ਮਸ਼ੱਕਤ ਕੀਤੀ, ਸਿਨੇਮੇ ਦੀ ਦੁਨੀਆ ਵਿੱਚ ਆਪਣੇ ਲਈ ਇੱਕ ਥਾਂ ਬਣਾਉਣ ਲਈ ਅਣਗਿਣਤ ਖ਼ਤਰੇ ਝਲੇ, ਜਿਆਦਾਤਰ ਸਟੰਟ ਆਪਣੇ ਆਪ ਕੀਤੇ। ਉਹ ਸਿਰਫ ਇੱਕ ਕਲਾਕਾਰ ਨਹੀ, ਸਗੋਂ ਚੀਨ ਦੀ ਇੱਕ ਨਵੀ ਪੀੜ੍ਹੀ ਲਈ ਪ੍ਰੇਰਣਾ ਹੈ। ਜਦੋਂ ਅਜਿਹਾ ਵਿਅਕਤੀ ਆਪਣੇ ਬੱਚੇ ਨੂੰ ਆਪਣੀ ਜਾਇਦਾਦ ਤੋਂ ਬੇਦਖਲ ਕਰਨ ਦਾ ਫੈਸਲਾ ਕਰੇ, ਤਾਂ ਇਹ ਆਮ ਨਹੀ ਹੋ ਸਕਦਾ। ਇਹ ਫੈਸਲਾ ਲੋਕਾਂ ਨੂੰ ਹਿਲਾ ਕੇ ਰੱਖ ਸਕਦਾ ਹੈ, ਪਰ ਇਸ ਦੀ ਪਿੱਛੇ ਦੀ ਸੋਚ ਸਿਖਾਉਣ ਵਾਲੀ ਹੈ। ਸਾਲ 2014 ਵਿੱਚ ਜਦੋਂ ਜੈਕੀ ਚੈਨ "ਫਰੀ ਡਰੱਗ ਲੀਵਿੰਗ" ਕੈਮਪੇਨ ਦੀ ਅਗਵਾਈ ਕਰ ਰਿਹਾ ਸੀ, ਤਾਂ ਉਸ ਸਮੇਂ ਇੱਕ ਖ਼ਬਰ ਨੇ ਮੀਡੀਆ ਨੂੰ ਹਿਲਾ ਦਿੱਤਾ। ਉਸਦਾ ਪੁੱਤਰ, ਜੇਸੀ ਚੈਨ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੋਇਆ ਚੀਨ ਦੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ। ਇਹ ਸਿਰਫ ਨਸ਼ੇ ਸਬੰਧੀ ਮਾਮਲਾ ਨਹੀ ਸੀ, ਸਗੋਂ ਇਹ ਚੀਨ ਦੇ ਨਸ਼ਾ ਵਿਰੋਧੀ ਕਾਨੂੰਨਾਂ ਦੇ ਤਹਿਤ ਇੱਕ ਗੰਭੀਰ ਅਪਰਾਧ ਸੀ। ਜਦ ਇੱਕ ਪਿਤਾ ਆਪ ਨਸ਼ੇ ਖਿਲਾਫ਼ ਅਭਿਆਨ ਚਲਾ ਰਿਹਾ ਹੋਵੇ ਅਤੇ ਉਸਦਾ ਪੁੱਤਰ ਇਸ ਅਭਿਆਨ ਦੀ ਉਲਟ ਦਿਸ਼ਾ ਵਿੱਚ ਹੋਵੇ, ਤਾਂ ਇਹ ਸਿਰਫ ਪਰਿਵਾਰਕ ਨਹੀ, ਸਗੋਂ ਆਤਮਿਕ ਸੱਟ ਹੋ ਸਕਦੀ ਹੈ। ਇਸ ਮਾਮਲੇ ਤੋਂ ਇਲਾਵਾ ਵੀ ਜੇਸੀ ਚੈਨ ਦੇ ਨਾਂ ਕਈ ਅਨੈਤਿਕ ਕਾਰਵਾਈਆਂ ਨਾਲ ਜੋੜੇ ਗਏ। ਜਦੋਂ ਮਸ਼ਹੂਰ ਹਸਤੀਆਂ ਦੇ ਬੱਚੇ ਅਣਗੰਭੀਰ ਹੋ ਜਾਂਦੇ ਹਨ, ਅਕਸਰ ਇਹ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਦੌਲਤ, ਸ਼ੋਹਰਤ ਅਤੇ ਰੁਤਬੇ ਦਾ ਗਲਤ ਫਾਇਦਾ ਚੁੱਕਿਆ। ਅਜਿਹਾ ਹੀ ਕੁਝ ਜੈਕੀ ਚੈਨ ਦੇ ਪੁੱਤਰ ਦੇ ਨਾਲ ਵੀ ਹੋਇਆ। ਇਨ੍ਹਾਂ ਸਭ ਘਟਨਾਵਾਂ ਨੇ ਜੈਕੀ ਚੈਨ ਨੂੰ ਅੰਦਰੋਂ ਬਹੁਤ ਝੰਜੋੜ ਦਿੱਤਾ। ਉਨ੍ਹਾਂ ਨੇ ਪਬਲਿਕ ਤੌਰ 'ਤੇ ਇਹ ਕਹਿਣ ਵਿੱਚ ਕੋਈ ਹਿਚਕ ਨਹੀ ਮਹਿਸੂਸ ਕੀਤੀ ਕਿ ਉਹ ਆਪਣੇ ਪੁੱਤਰ ਨੂੰ ਆਪਣੀ ਜਾਇਦਾਦ ਤੋਂ ਬੇਦਖਲ ਕਰ ਰਹੇ ਹਨ। ਜੈਕੀ ਚੈਨ ਨੇ ਸਪਸ਼ਟ ਕਿਹਾ ਕਿ "ਜੇਕਰ ਮੈਂ ਆਪਣੇ ਪੁੱਤਰ ਨੂੰ ਸਭ ਤੋਂ ਵਧੀਆ ਸਿੱਖਿਆ, ਸਭ ਤੋਂ ਵਧੀਆ ਮੌਕੇ ਦੇਣ ਦੇ ਬਾਵਜੂਦ ਵੀ ਉਸਨੂੰ ਇੱਕ ਕਾਬਿਲ ਇਨਸਾਨ ਨਹੀ ਬਣਾ ਸਕਿਆ, ਤਾਂ ਇਹ ਜਾਇਦਾਦ ਉਸਦੇ ਹੱਥ ਲੱਗਣ ਨਾਲ ਵੀ ਬਰਬਾਦ ਹੀ ਹੋਣੀ ਹੈ।" ਉਸਦੇ ਇਹ ਸ਼ਬਦ ਇੱਕ ਮਾਂ-ਬਾਪ ਦੇ ਰੂਪ ਵਿੱਚ ਅਸਲ ਜ਼ਿੰਮੇਵਾਰੀ ਨੂੰ ਦਰਸਾਉਂਦੇ ਹਨ ਕਿ ਆਪਣੇ ਬੱਚਿਆਂ ਨੂੰ ਸਿਰਫ ਪੈਸਾ ਨਹੀ ਦੇਣਾ, ਸਗੋਂ ਸੰਸਕਾਰ ਦੇਣਾ। ਜੈਕੀ ਚੈਨ ਨੇ ਆਪਣੀ 400 ਮਿਲੀਅਨ ਡਾਲਰ ਦੀ ਸੰਪੱਤੀ ਉਹਨਾਂ ਲੋਕਾਂ ਵਿੱਚ ਦਾਨ ਕਰਨ ਦਾ ਐਲਾਨ ਕੀਤਾ, ਜਿਨ੍ਹਾਂ ਨੂੰ ਅਸਲ ਵਿੱਚ ਇਸ ਦੀ ਲੋੜ ਹੈ। ਇਹ ਇੱਕ ਕਲਾਕਾਰ ਤੋਂ ਇਲਾਵਾ, ਇੱਕ ਜਿੰਮੇਵਾਰ ਨਾਗਰਿਕ ਦੀ ਸੋਚ ਸੀ। ਕਈ ਮਾਪੇ ਆਪਣੇ ਬੱਚਿਆਂ ਦੀਆਂ ਗਲਤੀਆਂ ਨੂੰ ਜਾਣਬੁੱਝ ਕੇ ਨਜ਼ਰ-ਅੰਦਾਜ ਕਰਦੇ ਜਾਂਦੇ ਹਨ, ਉਨ੍ਹਾਂ ਦੀ ਗਲਤ ਹਮਾਇਤ ਕਰਦੇ ਹਨ। ਪਰ ਇਹ ਹਕੀਕਤ ਅੱਖਾਂ ਖੋਲ੍ਹਣ ਵਾਲੀ ਹੈ ਕਿ ਅਜਿਹਾ ਕਰਨਾ ਉਨ੍ਹਾਂ ਬੱਚਿਆਂ ਲਈ ਮਦਦਗਾਰ ਨਹੀ, ਸਗੋਂ ਉਨ੍ਹਾਂ ਦੇ ਨਾਸ਼ ਦਾ ਰਾਹ ਬਣਦਾ ਹੈ। ਜੈਕੀ ਚੈਨ ਨੇ ਜੋ ਕੀਤਾ, ਉਹ ਆਮ ਨਹੀ ਹੈ। ਪਰ ਇਹ ਆਮ ਹੋਣਾ ਚਾਹੀਦਾ ਹੈ। ਜੇਕਰ ਇੱਕ ਬੱਚਾ ਆਪਣੀ ਜ਼ਿੰਦਗੀ ਵਿੱਚ ਆਤਮਨਿਰਭਰ ਨਹੀ ਹੋ ਸਕਦਾ, ਆਪਣੇ ਅੰਦਰ ਇਮਾਨਦਾਰੀ ਅਤੇ ਨੈਤਿਕਤਾ ਨਹੀ ਵਸਾ ਸਕਦਾ, ਤਾਂ ਜਾਇਦਾਦ ਦੇਣ ਨਾਲ ਉਹ ਸੰਭਲਣ ਦੀ ਬਜਾਏ ਹੋਰ ਵਿਗੜੇਗਾ। ਸੰਪੱਤੀ ਦੇ ਨਾਲ ਆਉਂਦੀ ਆਜ਼ਾਦੀ, ਜੇਕਰ ਚਰਿਤਰਹੀਣ ਹੱਥਾਂ ਵਿੱਚ ਚਲੀ ਜਾਵੇ, ਤਾਂ ਉਹ ਵਿਨਾਸ਼ ਦਾ ਕਾਰਨ ਬਣਦੀ ਹੈ। ਮਾਪਿਆਂ ਦੀ ਆਮ ਸੋਚ ਹੁੰਦੀ ਹੈ ਕਿ ਉਹ ਆਪਣਾ ਸਭ ਕੁਝ ਆਪਣੇ ਬੱਚਿਆਂ ਲਈ ਛੱਡ ਕੇ ਜਾਣ। ਪਰ ਇਹ ਵੀ ਸਮਝਣ ਦੀ ਲੋੜ ਹੈ ਕਿ ਜੋ ਪਿਆਰ ਚਰਿਤਰ ਬਣਾਏ, ਉਹੀ ਅਸਲ ਪਿਆਰ ਹੈ। ਚਰਿਤਰਵਾਨ ਬੱਚਾ ਨਾ ਸਿਰਫ ਆਪਣੇ ਲਈ, ਸਗੋਂ ਮਾਪਿਆਂ ਲਈ ਵੀ ਇਜ਼ਤ ਕਮਾਉਂਦਾ ਹੈ। ਜੇਕਰ ਬੱਚਾ ਹੀ ਮਾਪਿਆਂ ਦੇ ਨਾਮ ਨੂੰ ਨੁਕਸਾਨ ਪਹੁੰਚਾਵੇ, ਤਾਂ ਉਹ ਪਿਆਰ ਵੀ ਪਾਸੇ ਹਟਣਾ ਚਾਹੀਦਾ ਹੈ ਜੋ ਅੰਨ੍ਹਾ ਬਣ ਜਾਂਦਾ ਹੈ। ਜੈਕੀ ਚੈਨ ਦਾ ਇਹ ਫੈਸਲਾ ਸਿੱਧਾ-ਸਿੱਧਾ ਇਹ ਦਰਸਾਉਂਦਾ ਹੈ ਕਿ ਭਵਿੱਖ ਸੰਪੱਤੀ ਨਾਲ ਨਹੀ, ਸਗੋਂ ਸੰਸਕਾਰ ਨਾਲ ਬਣਦਾ ਹੈ। ਜਦ ਤੱਕ ਮਾਪੇ ਆਪਣੇ ਬੱਚਿਆਂ ਨੂੰ ਸੰਸਕਾਰ, ਚਰਿੱਤਰ ਅਤੇ ਇਮਾਨਦਾਰੀ ਦੀ ਸਿੱਖਿਆ ਨਹੀ ਦਿੰਦੇ, ਤਦ ਤੱਕ ਸੰਪੱਤੀ ਵੀ ਉਨ੍ਹਾਂ ਲਈ ਅਭਿਸ਼ਾਪ ਬਣ ਸਕਦੀ ਹੈ। ਇਸ ਪੂਰੇ ਮਾਮਲੇ ਤੋਂ ਜੋ ਸਿੱਖਣ ਨੂੰ ਮਿਲਦਾ ਹੈ, ਉਹ ਇਹ ਹੈ ਕਿ ਜੇਕਰ ਇੱਕ ਬੱਚਾ ਆਪਣੀ ਜ਼ਿੰਦਗੀ ਦੇ ਸਹੀ ਰਸਤੇ ਨੂੰ ਖੁਦ ਨਹੀ ਚੁਣ ਸਕਦਾ, ਅਤੇ ਗਲਤ ਰਸਤੇ 'ਤੇ ਚੱਲ ਪੈਂਦਾ ਹੈ, ਤਾਂ ਮਾਪਿਆਂ ਨੂੰ ਆਪਣੇ ਭਵਿੱਖ ਦੀ ਚਿੰਤਾ ਦੀ ਬਜਾਏ, ਉਸਦੇ ਚਰਿਤਰ 'ਤੇ ਧਿਆਨ ਦੇਣਾ ਚਾਹੀਦਾ ਹੈ। ਕਈ ਵਾਰੀ ਪਿਆਰ ਦੇ ਨਾਂ 'ਤੇ ਕੀਤੇ ਫੈਸਲੇ, ਸੰਪੱਤੀ ਦੇ ਨਾਂ 'ਤੇ ਦਿੱਤੀ ਆਜ਼ਾਦੀ, ਅਤੇ ਗਲਤੀਆਂ ਉਤੇ ਚੁੱਪ ਰਹਿਣਾ, ਬੱਚਿਆਂ ਨੂੰ ਠੀਕ ਰਸਤੇ ਤੋਂ ਭਟਕਾ ਦਿੰਦੇ ਹਨ। ਜੈਕੀ ਚੈਨ ਦੁਨੀਆਂ ਲਈ ਸਿਰਫ ਇੱਕ ਐਕਸ਼ਨ ਹੀਰੋ ਨਹੀ, ਸਗੋਂ ਇੱਕ ਚੇਤਾਵਨੀ ਭਰੀ ਮਿਸਾਲ ਵੀ ਬਣ ਗਿਆ। ਇੱਕ ਪਿਤਾ ਜਿਸ ਨੇ ਆਪਣੇ ਪਿਆਰ ਦੀ ਆੜ ਵਿੱਚ ਆਪਣੇ ਫਰਜ਼ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀ ਕੀਤਾ। ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਜੈਕੀ ਚੈਨ ਵਰਗੀਆਂ ਹਸਤੀਆਂ ਦੇ ਫੈਸਲੇ ਸਮਾਜ ਵਿੱਚ ਨਵੀਆਂ ਲਕੀਰਾਂ ਖਿੱਚਦੇ ਹਨ। ਇਹ ਫੈਸਲੇ ਸਾਨੂੰ ਸਿਖਾਉਂਦੇ ਹਨ ਕਿ ਮਾਪਿਆਂ ਦਾ ਫਰਜ਼ ਸਿਰਫ ਰੋਟੀ, ਕੱਪੜਾ ਅਤੇ ਛੱਤ ਤੱਕ ਸੀਮਤ ਨਹੀ, ਸਗੋਂ ਆਪਣੇ ਬੱਚਿਆਂ ਵਿੱਚ ਅਸਲ ਇਨਸਾਨੀਅਤ ਦੇ ਗੁਣ ਪੈਦਾ ਕਰਨਾ ਹੈ। ਪੈਸਾ ਇੱਕ ਸਾਧਨ ਹੈ, ਪਰ ਚਰਿੱਤਰ ਹੀ ਅਸਲ ਧਨ ਹੈ। ਮਾਪਿਆਂ ਨੂੰ ਆਪਣੀ ਔਲਾਦ ਦੇ ਭਵਿੱਖ ਲਈ ਸਿਰਫ ਸੰਪੱਤੀ ਨਹੀ, ਸਗੋਂ ਸੰਸਕਾਰ ਅਤੇ ਚਰਿੱਤਰ ਦੀ ਵਿਰਾਸਤ ਛੱਡਣੀ ਚਾਹੀਦੀ ਹੈ।

## ਪੰਜਾਬੀ ਗੀਤਕਾਰੀ ਤੇ ਗਾਇਕੀ ਦਾ ਅਲੰਕਾਰ: ਦੀਦਾਰ ਸੰਧੂ

ਸਰੂਪ ਸਿੰਘ
99886-27880



ਮਨੁੱਖੀ ਦੇ ਹਿਰਦੇ ਚੋਂ ਉਪਜਣ ਵਾਲੇ ਖੂਬਸੂਰਤ ਵਿਚਾਰ ਜਦੋਂ ਕੋਰੇ ਕਾਗਜ਼ ਦੀ ਹਿੱਕ ਤੇ ਸ਼ਬਦ ਬਣਕੇ ਉਕਰ ਦੇ ਨੇ ਤਾਂ ਉਹ ਉਸ ਦੀ ਸ਼ਖ਼ਸੀਅਤ ਨੂੰ ਬਿਆਨ ਕਰਦੇ ਹਨ। ਆਪਣੇ ਵਿਚਾਰਾਂ ਨੂੰ ਸ਼ਬਦੀ ਗੁਲਦਸਤਾ ਪਵਾਉਣ ਵਾਲੀ ਰੂਹ ਸ਼ਰਧਾ ਦੀ ਪਾਤਰ ਬਣ ਜਾਂਦੀ ਹੈ। ਜਿਸਨੂੰ ਇਹ ਸੁਭਾਗ ਪ੍ਰਾਪਤ ਹੁੰਦਾ ਹੈ ਉਹ ਆਪਣੇ ਨਿੱਜ ਨਾਲੋਂ ਟੁੱਟ ਜਾਂਦੀ ਹੈ ਤੇ ਉਹ ਆਮ ਤੋਂ ਖ਼ਾਸ ਬਣ ਜਾਂਦੀ ਹੈ।ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਇੱਕ ਅਜਿਹਾ ਹੀ ਮਨਾ ਮੂੰਹੀ ਪਿਆਰ ਤੇ ਸਤਿਕਾਰ ਕਬੂਲਣ ਵਾਲਾ ਨਾਂ ਹੈ ਦੀਦਾਰ ਸੰਧੂ। ਦੀਦਾਰ ਸੰਧੂ ਪੰਜਾਬੀ ਗੀਤਕਾਰੀ ਤੇ ਗਾਇਕੀ ਦਾ ਉਹ ਅਲੰਕਾਰ ਹੈ ਜੋ ਆਪਣੇ ਲੋਕ ਗੀਤਾਂ ਦੇ ਜ਼ਰੀਏ ਹਮੇਸ਼ਾ ਲਈ ਲੋਕਾਂ ਦਾ ਹੋ ਕੇ ਰਹਿ ਗਿਆ। ਦੀਦਾਰ ਸੰਧੂ ਦਾ ਨਾਂ ਸੁਣਦਿਆਂ ਸਾਰ ਹੀ ਅਸੀ ਉਸ ਭਲੇ ਜ਼ਮਾਨੇ ਦੀ ਸੰਗੀਤਕ ਦੁਨੀਆਂ ਵਿੱਚ ਚਲੇ ਜਾਂਦੇ ਹਾਂ। ਜਦੋਂ ਗੀਤ ਦੀਆਂ ਮਿੱਠੀਆਂ ਮਿੱਠੀਆਂ ਧੁੰਨਾਂ ਮਨ ਨੂੰ ਮੁਧਰ ਮੁਕਤ ਕਰਦੀਆਂ ਸਨ। ਦੀਦਾਰ ਸੰਧੂ ਇੱਕ ਅਜਿਹਾ ਪੰਜਾਬੀ ਸੰਗੀਤ ਦਾ ਗੀਤਕਾਰ ਸੀ ਜਿਸਦੇ ਮਿੱਠੇ ਮਿੱਠੇ ਨਹੋਰਿਆ ਚ ਪਰੋਏ ਸ਼ਬਦ ਰੂਪੀ ਗੀਤ ਲੋਕ ਦਿਲਾਂ ਦੀ ਤਰਜਮਾਨੀ ਕਰਦੇ ਸਨ। ਜੁੱਸੇ ਭਰੇ ਸਡੌਲ ਸਰੀਰ ਵਾਲੇ ਦੀਦਾਰ ਸੰਧੂ ਨੇ ਆਪਣੇ ਗੀਤਾਂ ਵਿਚ ਸ਼ਬਦਾਵਲੀ ਦਾ ਅਜਿਹਾ ਕਾਵਿ ਚਿਤਰਨ ਵਰਤਿਆ ਕਿ ਸੁਣਨ ਵਾਲਾ ਦੰਗ ਰਹਿ ਜਾਂਦਾ ਹੈ। ਦੀਦਾਰ ਸੰਧੂ ਸਮਾਜਿਕ ਅਤੇ ਪੇਂਡੂ ਸੱਭਿਆਚਾਰ ਨਾਲ ਜੁੜਿਆ ਹੋਇਆ ਸੀ।ਪੰਜਾਬੀ ਸੱਭਿਆਚਾਰ ਵਿਚਲੇ ਸੂਖਮ ਭਾਵਾਂ, ਮੁਹਾਵਰਿਆਂ, ਅਖਾਣਾਂ ਤੇ ਵਿਅੰਗਾਂ ਨਾਲ ਉਹ ਕਾਫ਼ੀ ਵਾਹ-ਵਾਸਤਾ ਰੱਖਦਾ ਸੀ। ਦੀਦਾਰ ਨੇ ਆਪਣੇ ਗੀਤਾਂ ਵਿੱਚ ਕਲਾਮਈ ਢੰਗ ਨਾਲ ਅਲੰਕਾਰਾਂ ਤੇ ਅਖਾਣਾਂ ਦੀ ਰੱਜ ਕੇ ਵਰਤੋਂ ਕੀਤੀ ਹੈ। ਜੇ ਅਸੀ ਉਸ ਨੂੰ ਗੀਤਕਾਰੀ ਦਾ ਭੀਸ਼ਮ ਪਿਤਾਮਾ ਜਾਂ ਬਾਦਸ਼ਾਹ ਕਹਿ ਦਈਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ ਕਿਉਕਿ ਉਨ੍ਹਾਂ ਜ਼ਮਾਨਿਆਂ ਤੋਂ ਲੈਕੇ ਅੱਜ ਤੀਕ ਦੀਦਾਰ ਸੰਧੂ ਦੇ ਗੀਤਾਂ ਦਾ ਬੋਲਬਾਲਾ ਜਾਰੀ ਹੈ।ਅਰਸ਼ਾਂ ਦੀਆਂ ਕਾਲਪਨਿਕ ਉਡਾਰੀਆਂ ਲਾ ਕੇ ਉੱਥੋਂ ਦੇ ਦ੍ਰਿਸ਼ ਤੇ ਅਖਾਣ, ਮੁਹਾਵਰਿਆਂ ਨੂੰ ਗੀਤਾਂ ਵਿਚ ਫਿੱਟ ਕਰਨ ਵਾਲੇ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਦਾ ਜਨਮ ਪਿਤਾ ਸੰਮੁਦ ਸਿੰਘ ਦੇ ਘਰ ਮਾਤਾ ਦਾਨ ਕੌਰ ਦੀ ਕੁੱਖੋਂ ਹੋਇਆ 3 ਜੁਲਾਈ 1942 ਨੂੰ ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 133 ਵਿਚ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਹਨਾਂ ਦਾ ਪਰਿਵਾਰ ਪਿੰਡ ਭਰੋਵਾਲ ਜ਼ਿਲਾ ਲੁਧਿਆਣਾ ਵਿੱਚ ਆ ਕੇ ਰਹਿਣ ਲੱਗਾ। ਇੱਥੇ ਹੀ ਉਸ ਨੇ ਪਿੰਡ ਜਗਰਾਉ ਦੇ ਸਰਕਾਰੀ ਸਕੂਲ ਤੋਂ ਮੁੱਢਲੀ ਪ੍ਰਾਇਮਰੀ ਸਿੱਖਿਆ ਅਤੇ ਬਰਸਾਲਾਂ ਦੇ ਹਾਈ ਸਕੂਲ ਤੋਂ ਦਸਵੀ ਤੱਕ ਦੀ ਪੜ੍ਹਾਈ ਪ੍ਰਾਪਤ ਕੀਤੀ।ਦੀਦਾਰ ਸੰਧੂ ਨੇ ਪੰਜਾਬੀ ਸੰਗੀਤ ਦੇ ਵਿੱਚ ਪਹਿਲੋਂ ਪਹਿਲ ਬਤੌਰ ਗੀਤਕਾਰ ਵਜੋਂ ਆਪਣੀ ਸ਼ੁਰੂਆਤ ਕੀਤੀ।ਉਸਦੇ ਲਿਖੇ ਗੀਤਾਂ ਨੇ ਪੰਜਾਬ ਭਰ ਪ੍ਰਸਿੱਧਤਾ ਹਾਸਿਲ ਕਰਕੇ ਆਪਣੀ ਸੰਗੀਤ ਦੇ ਖੇਤਰ ਵਿਚ ਮਕਬੂਲੀਅਤ ਦੀਆਂ ਧੁੰਮਾਂ ਪਾਈਆਂ। ਉਹ ਜੱਟ ਕੌਮ(ਪਰਿਵਾਰ) ਦਾ ਪਹਿਲਾ ਸਿਰਮੋਰ ਗੀਤਕਾਰ ਸੀ ਜੋ ਖੁਦ ਲਿਖਦਾ ਰਿਹਾ ਤੇ ਗਾਉਂਦਾ ਰਿਹਾ। ਦੀਦਾਰ ਸੰਧੂ ਦਾ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਦੀ ਅਵਾਜ਼ ਵਿੱਚ 'ਜੱਟ ਬੜਾ ਬੇਦਰਦੀ' ਰਿਕਾਰਡ ਹੋਇਆ। ਆਪਣੇ ਗੀਤਾਂ ਵਿਚ ਗੀਤਾਂ ਅਨੇਕਾਂ ਚਿੰਨ, ਬਿੰਬ ਵਰਤਨ ਵਾਲਾ ਅੰਲਬਰ ਗੀਤਕਾਰ ਸਾਲ ਦੀਦਾਰ ਸੰਧੂ 1962 ਵਿੱਚ ਲੋਕ ਸੰਪਰਕ ਵਿਭਾਗ ਵਿਚ ਭਰਤੀ ਹੋਇਆ। ਇੱਥੇ ਹੀ ਸਮੇਂ ਦੇ ਪ੍ਰਚਾਲਿਤ ਸੰਗੀਤ ਦੀਆਂ ਨਾਮਵਰ ਸ਼ਖ਼ਸੀਅਤਾਂ ਗੁਰਦੇਵ ਸਿੰਘ ਮਾਨ, ਹਰਚਰਨ ਗਰੇਵਾਲ ਤੇ ਕਰਨੈਲ ਗਿੱਲ, ਮੁਹੰਮਦ ਸਦੀਕ ਨੂੰ ਮਿਲਿਆ ਜਿਨ੍ਹਾਂ ਦੀ ਸੰਗਤ ਨੇ ਉਸ ਦੀ ਕਲਮ ਨੂੰ ਹੋਰ ਉਡਾਰ ਦਿੱਤੀ। ਮੁਹੰਮਦ ਸਦੀਕ ਦਾ ਪ੍ਰਚਾਲਤ ਗੀਤ ਮੇਰੀ "ਐਸੀ ਝਾਂਜਰ ਛਣਕੇ ਛਣਕਾਟਾ ਪੈਂਦਾ ਗਲੀ ਗਲੀ, ਇਨ੍ਹਾਂ ਵੇਲਿਆਂ ਦੀ ਹੀ ਸਿਰਜਣਾ ਹੈ। ਨਵੇਂ ਅਕਾਰਾਂ ਦੀ ਗੀਤਾਂ ਵਿਚ ਵਰਤੋਂ ਕਰਨ ਵਾਲੇ ਦੀਦਾਰ ਸੰਧੂ ਦੇ ਗੀਤਾਂ ਨੂੰ ਸੁਣਕੇ ਮਨ ਨੂੰ ਹੁਲਾਸ ਮਿਲਦਾ ਹੈ। ਜਿਵੇਂ ਕਿ:-ਨਾ ਮਾਰ ਜ਼ਾਲਮਾਂ ਵੇ ਜਾ ਫਿਰ ਮੇਰੀ ਮਾਹੀ ਮਾਹੀ ਕਹਿੰਦੀ ਦੀ ਜ਼ੁਬਾਨ ਸੁੱਕ ਗਈ। ਗੀਤਕਾਰੀ ਦੇ ਧੰਨਤਰ ਦੀਦਾਰ ਸੰਧੂ ਨੇ ਆਪਣੇ ਗੀਤਾਂ ਦੀ ਸ਼ਬਦਾਵਲੀ ਵਿੱਚ ਸਮਾਜਿਕ ਰਿਸ਼ਤਿਆਂ ਨੂੰ ਬੜੇ ਹੀ ਸਾਰਥਕ ਢੰਗ ਨਾਲ ਪਰੋਇਆ ਹੈ ਜਿਵੇਂ ਕਿ:- ਜੇਠ ਚੰਦਰੇ ਦਾ ਕੀ, ਜਿਹਦਾ ਪੁੱਤ ਨਾ ਕੋਈ ਧੀ, ਜਾਂਦਾ ਘੁੱਟ ਕੁ ਸ਼ਰਾਬ ਪਿਛੇ ਮਰ ਨੀ, ਦੜ ਵੱਟ ਕੇ ਗੁਜਾਰਾ ਕਰ ਨੀ', 'ਸਾਰਿਆਂ ਦੇ ਵਿਚੋਂ ਤੂੰ ਸਾਊ ਵੇ ਦੀਦਾਰ, ਤੇਰਾ ਘਰ 'ਚ ਨਾ ਕੌਡੀ ਜਿੰਨਾ ਮੁੱਲ ਵੇ'। ਅਮੀਰੀ ਅਤੇ ਗ਼ਰੀਬੀ ਦੇ ਪਾੜੇ ਦੀ ਗੱਲ ਕਰਦਾ ਜਗੀਰਦਾਰੀ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ,' ਮੰਨਿਆ ਗ਼ਰੀਬ ਹੁੰਦੇ ਵੱਡਿਆਂ ਦੇ ਆਸਰੇ' ਤੇ 'ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ'। ਮੁਹੰਮਦ ਸਦੀਕ ਨੇ ਆਪਣੀ ਚੜ੍ਹਤ ਸਮੇਂ ਸਟੇਜਾਂ ਤੇ ਨਾਲ ਕੰਮ ਕਰਨ ਵਾਲੇ ਦੀਦਾਰ ਸੰਧੂ ਦੇ ਗੀਤ :- ਸੁਰਮਾਂ ਪੰਜ ਰੱਤੀਆਂ, ਕਾਗਜ ਵਰਗੀ ਭਾਬੀ, ਐਸੀ ਝਾਂਜਰ ਛਣਕੇ, ਕੁੜਤੀ ਮਲਮਲ ਦੀ, ਲੱਡੂ ਵੰਡਦੀ ਕਚਹਿਰੀਓ ਆਵਾਂ ਵਰਗੇ ਗੀਤਾਂ ਨੂੰ ਗਾ ਕੇ ਆਪਣੀ ਪਹਿਚਾਣ ਦੇ ਨਾਲ ਨਾਲ ਦੀਦਾਰ ਸੰਧੂ ਦਾ ਨਾਮ ਵੀ ਬਣਾ ਦਿੱਤਾ। ਦੀਦਾਰ ਸੰਧੂ ਨੇ ਮੁਹੰਮਦ ਸਦੀਕ ਨੂੰ ਉਸਤਾਦ ਧਾਰ ਕੇ ਉਨ੍ਹਾਂ ਤੋਂ ਗਾਇਕੀ ਦੇ ਗੁਰ ਸਿੱਖੇ। ਮੁਹੰਮਦ ਸਦੀਕ ਨੇ ਵੀ ਆਪਣੇ ਭਰਾਵਾਂ ਵਾਂਗ ਦੀਦਾਰ ਨੂੰ ਹੀ ਸਮਝਿਆ ਤੇ ਸੰਗੀਤਕ ਸਿਖਾਈ। ਮੁਹੰਮਦ ਸਦੀਕ ਦੀ ਉਸਤਾਦੀ ਉਦੋਂ ਖਰੀ ਉਤਰੀ ਹੈ ਜਦੋਂ ਉਹ ਗੀਤਕਾਰ ਦੇ ਨਾਲ ਗਾਇਕ ਵਜੋਂ ਵੀ ਪ੍ਰਸਿੱਧ ਹੋ ਗਿਆ। ਦੀਦਾਰ ਸੰਧੂ ਬਤੌਰ ਗਾਇਕ ਵਜੋ ਆਪਣੀ ਸ਼ੁਰੂਆਤ ਕਰਨ ਸਮੇਂ ਸਨੇਹ ਲਤਾ ਨਾਲ 'ਪ੍ਰਸਿੱਧ ਐਚ. ਐਮ.ਵੀ. ਕੰਪਨੀ ਆਪਣਾ ਪਹਿਲਾ ਗੀਤ "ਪਿੰਡ ਦਿਆਂ ਮੁੰਡਿਆਂ ਨੂੰ ਸਾਨੂੰ ਦੇਖ ਕੇ ਨੀਂਦ ਨਾ ਆਵੇ" ਰਿਕਾਰਡ ਕਰਵਾਇਆ।ਸੁਨੇਹ ਲਤਾ ਨਾਲ ਦੀਦਾਰ ਸੰਧੂ ਦੀ ਅਵਾਜ ਦਾ ਕੁਦਰਤੀ ਮੇਲ ਸੀ।ਇਸ ਜੋੜੀ ਨੇ ਖੂਬ ਨਿਮਾਣਾ ਖੱਟਿਆ।ਬੱਸ ਫਿਰ ਕੀ ਸੀ ਦੀਦਾਰ ਸੰਧੂ ਦੀ ਗੀਤਕਾਰੀ ਤੇ ਗਾਇਕੀ ਦੀ ਚੱਲ ਸੋ ਚੱਲ ਹੁੰਦੀ ਗਈ ਤੇ ਰਿਕਾਰਡ ਤਵੇਂ ਬਲੈਕ ਵਿੱਚ ਵਿਕਣ ਲੱਗ ਪਏ। ਸਾਧਰਨ ਸ਼ਬਦਾਂ ਚ ਦੀਦਾਰ ਸੰਧੂ ਆਪਣੀ ਗੀਤਕਾਰੀ ਦਾ ਆਦਾਨ ਪ੍ਰਦਾਨ ਕਰਨ ਲੱਗਾ ਜਿਸਦਾ ਸਰੋਤੇ ਆਪਣੇ ਜੀਵਨ ਦਾ ਵਿਲਾਸ ਮਾਨਣ ਲੱਗੇ। ਬਾਬੂ ਸਿੰਘ ਮਾਨ ਦੀ ਗੀਤ-ਸ਼ੈਲੀ ਤੋਂ ਬਹੁਤ ਪ੍ਰਭਾਵਿਤ ਦੀਦਾਰ ਸੰਧੂ ਆਪਸ ਵਿੱਚ ਦੋਵੇਂ ਬਹੁਤ ਗੂੜ੍ਹੇ ਦੋਸਤ ਸਨ। ਇਤਫ਼ਾਕ ਨਾਲ ਇਨ੍ਹਾਂ ਦਾ ਜਨਮ ਵੀ ਇੱਕੋ ਸਾਲ 1942 ਵਿੱਚ ਹੋਇਆ। ਦੋਹਾਂ ਦੀ ਗੀਤਕਾਰੀ ਨੂੰ ਲੋਕਾਂ ਨੇ ਰੱਜ ਕੇ ਮਾਣਿਆ। ਜੇ ਬਾਬੂ ਸਿੰਘ ਮਾਨ ਦੇ ਗੀਤਾਂ ਵਿੱਚ ਪੰਜਾਬ ਦੇ ਪਿੰਡ ਬੋਲਦੇ ਹਨ ਤਾਂ ਦੀਦਾਰ ਦੇ ਗੀਤਾਂ ਵਿੱਚ ਪੰਜਾਬੀਅਤ ਦੀ ਤਸਵੀਰ ਝਲਕਦੀ ਹੈ।ਉਸਨੇ ਆਪਣੇ ਗੀਤਾਂ ਵਿੱਚ ਮੁਹਾਵਰੇ ਤੇ ਅਲੰਕਾਰਾਂ ਦੀ ਰੱਜ ਕੇ ਵਰਤੋਂ ਕੀਤੀ। ਸੰਗੀਤ ਦੇ ਖੇਤਰ ਵਿਚ ਦੀਦਾਰ ਸੰਧੂ ਆਪਣੀ ਗੀਤਕਾਰੀ ਤੇ ਗਾਇਕੀ ਰਾਹੀ ਸੱਭਿਆਚਾਰਕ ਮਹਿਕ ਖਿਲਾਰਨ । ਦੀਦਾਰ ਸੰਧੂ ਆਪਣੇ ਵਕਤਾਂ ਦਾ ਪ੍ਰਮੁੱਖ ਗੀਤਕਾਰ ਸੀ। ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਲੁਧਿਆਣਾ ਦੇ ਚੇਅਰਮੈਨ ਸਵ: ਸ੍ਰ. ਜਗਦੇਵ ਸਿੰਘ ਜੱਸੋਵਾਲ ਜੀ ਕਥਨ ਅਨੁਸਾਰ ਕਿ ਜੋ ਸਥਾਨ ਅੰਗਰੇਜੀ ਕਵਿਤਾ ਵਿੱਚ ਬਾਇਰਨ ਦਾ ਸੀ ਪੰਜਾਬੀ ਲੋਕ ਗੀਤ ਗੀਤਕਾਰੀ ਵਿੱਚ ਉਹ ਸਥਾਨ ਦੀਦਾਰ ਸੰਧੂ ਰੱਖਦਾ ਹੈ। ਉਸ ਦੇ ਗੀਤਾਂ ਨੂੰ ਪ੍ਰਸਿੱਧ ਗਾਇਕਾਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਨਰਿੰਦਰ ਬੀਬਾ, ਰਮੇਸ਼ ਰੰਗੀਲਾ ,ਅਮਰ ਨੂਰੀ, ਸੁਨੇਹ ਲਤਾ, ਪਰਮਿੰਦਰ ਸੰਧੂ, ਕੁਲਦੀਪ ਕੌਰ, ਬਲਜੀਤ ਬੱਲੀ, ਸੁਸਮਾ, ਸੁਖਵੰਤ ਕੌਰ,ਬੀਰ ਚੰਦ, ਰਣਜੀਤ ਵਿਰਕ, ਸੁਦੇਸ਼ ਕਪੂਰ, ਪ੍ਰੋਮਲਾ ਪੰਮੀ, ਸਵਰਨ ਲਤਾ, ਕਰਨੈਲ ਗਿੱਲ, ਪ੍ਰੀਤੀ ਬਾਲਾ, ਕਰਨੈਲ ਸਿੰਘ, ਮੁਹੰਮਦ ਸਦੀਕ ਤੇ ਰਣਜੀਤ ਕੌਰ ਵਰਗਿਆਂ ਨੇ ਗਾਏ। 1981 ਵਿੱਚ ਬਹੁਤ ਛੋਟੀ ਉਮਰੇ ਦੀਦਾਰ ਸੰਧੂ ਨਾਲ ਗਾਉਣ ਵਾਲੀ ਅਜੋਕੀ ਪ੍ਰਸਿੱਧ ਗਾਇਕਾ ਅਮਰ ਨੂਰੀ ਦਾ ਸਭ ਤੋਂ ਪਹਿਲਾਂ ਪੰਜਾਬੀ ਫ਼ਿਲਮ "ਗੱਭਰੂ ਪੰਜਾਬ ਦਾ" ਵਿੱਚ ਦੀਦਾਰ ਸੰਧੂ ਨਾਲ ਅਖਾੜਾ ਫਿਲਮਾਇਆ ਗਿਆ। ਦੀਦਾਰ ਸੰਧੂ ਦਾ ਵਿਆਹ 1966 ਵਿਚ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ।ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਜਗਮੋਹਣ ਸੰਧੂ ਜੋ ਵਧੀਆ ਗਾਇਕ ਹੈ ਅਤੇ ਇੱਕ ਬੇਟੀ ਦੀਪਾਂ ਸੰਧੂ ।ਗੀਤਾਂ ਦੀਆਂ ਕਿਤਾਬਾਂ ਅਤੇ ਸੈਕੜੇ ਦੀਆਂ ਤਦਾਦ ਵਿੱਚ ਗੀਤ ਰਿਕਾਰਡ ਕਰਵਾਉਣ ਵਾਲਾ ਦੀਦਾਰ ਸੰਧੂ ਆਪਣੇ ਪਿੰਡ ਭਰੋਵਾਲ ਖੁਰਦ (ਲੁਧਿਆਣਾ) ਦਾ ਕਈ ਸਾਲ ਸਰਪੰਚ ਅਤੇ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦਾ ਉਹ ਜਥੇਬੰਦਕ ਸਕੱਤਰ ਵੀ ਰਿਹਾ। ਆਪਣੀ ਪਰਿਵਾਰਿਕ ਤੇ ਸਾਫ਼ ਸੁਥਰੀ ਗੀਤਕਾਰੀ ਤੇ ਗਾਇਕੀ ਦਾ ਲੋਹਾ ਮੰਨਵਾਉਣ ਵਾਲੇ ਸ਼ਬਦਾਂ ਦੇ ਧਨੰਤਰ ਦੀਦਾਰ ਸੰਧੂ ਨੇ ਆਪਣੇ ਅਖੀਰਲੇ ਸਾਲਾਂ ਵਿੱਚ 1988 ਚ ਵਿਦੇਸ਼ ਦਾ ਦੌਰਾ ਕੀਤਾ । ਜਿਸ ਸ਼ਰਾਬ ਨੂੰ ਦੀਦਾਰ ਸੰਧੂ ਗਾਲਾਂ ਕੱਢਦਾ ਕਹਿੰਦਾ ਸੀ ਉਹੀ ਸ਼ਰਾਬ ਸੰਧੂ 'ਤੇ ਭਾਰੂ ਪੈ ਗਈ।ਸ਼ਰਾਬ ਨੇ ਉਸਦੇ ਗੁਰਦੇ ਅਤੇ ਪੇਟ 'ਤੇ ਬੁਰਾ ਅਸਰ ਕੀਤਾ। ਜਿਸ ਨਾਲ ਉਸ ਦੀ ਸਿਹਤ ਵਿਗੜ ਗਈ। ਪੰਜਾਬੀ ਸੱਭਿਆਚਾਰ ਦਾ ਇਹ ਧਰੂ ਤਾਰਾ ਸਿਖਰਲੇ ਟੰਬੇ 'ਤੇ ਪੁੱਜ ਕੇ ਵਾਪਸ ਆਉਣ ਦੀ ਬਜਾਏ 16 ਫਰਵਰੀ 1991 ਨੂੰ ਉੱਪਰ ਹੀ ਚਲਾ ਗਿਆ।ਪੰਜਾਬੀ ਦਿਲਾਂ ਦੀਆਂ ਗੱਲਾਂ ਕਰਨ ਵਾਲਾ ਇਹ ਮਨੋਵਿਗਿਆਨੀ ਗਾਇਕ ਭਾਵੇ ਸਾਥੋ ਸਦੀਵੀ ਵਿਛੜ ਗਿਆ। ਪਰ ਉਹ ਆਪਣੇ ਲੋਕ ਗੀਤਾਂ ਦੇ ਜ਼ਰੀਏ ਹਮੇਸ਼ਾ ਹੀ ਪੰਜਾਬੀ ਸੱਭਿਆਚਾਰ ਦੀਆਂ ਰੁਮਕਦੀਆਂ ਫਿਜਾਵਾਂ ਵਿੱਚ ਸਦਾ ਲਈ ਜਿੰਦਾ ਰਹੇਗਾ।

## ਦਿਲ ਨੂੰ ਛੂਹ ਜਾਣ ਵਾਲੇ ਗੀਤਾਂ ਦਾ ਰਚੇਤਾ ਸੀ: ਮਜਰੂਹ ਸੁਲਤਾਨਪੁਰੀ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
97816-46008



ਆਪਣੇ ਯੂਨਾਨੀ ਦਵਾਖ਼ਾਨੇ 'ਤੇ ਹਿਕਮਤ ਕਰਦਿਆਂ ਮਜਰੂਹ ਸੁਲਤਾਨਪੁਰੀ ਨੇ ਆਪਣੇ ਜੀਵਨ ਦੇ ਛੇ ਦਹਾਕੇ ਬਾਲੀਵੁੱਡ ਲਈ ਯਾਦਗਾਰੀ ਤੇ ਮਨਮੋਹਕ ਨਗ਼ਮੇ ਸਿਰਜਦਿਆਂ ਬਿਤਾਏ ਸਨ। ਉਸਨੇ ਆਪਣੇ ਗੀਤਾਕਾਰੀ ਦੇ ਸਫ਼ਰ ਦਾ ਆਗ਼ਾਜ਼ ਵੱਖ-ਵੱਖ ਮੁਸ਼ਾਇਰਿਆਂ ਵਿੱਚ ਸ਼ਾਇਰੀ ਪੇਸ਼ ਕਰਦਿਆਂ ਕੀਤਾ ਸੀ ਤੇ ਫਿਰ ਸੰਨ 1946 ਵਿੱਚ ਇੱਕ ਮੁਸ਼ਾਇਰੇ ਤੋਂ ਹੀ ਫ਼ਿਲਮਕਾਰ ਏ.ਆਰ.ਕਾਰਦਾਰ ਨੇ ਉਸਨੂੰ ਲੈ ਕੇ ਸੰਗੀਤਕਾਰ ਨੌਸ਼ਾਦ ਨਾਲ ਮਿਲਾ ਦਿੱਤਾ ਸੀ। ਨੌਸ਼ਾਦ ਨੇ ਉਸ ਨੂੰ ਕੁਝ ਧੁਨਾਂ ਦੇ ਕੇ ਗੀਤ ਰਚਣ ਲਈ ਕਿਹਾ ਤੇ ਇਸ ਇਮਤਿਹਾਨ ਵਿੱਚ ਸਫ਼ਲ ਰਹਿਣ ਪਿੱਛੋਂ ਨੌਸ਼ਾਦ ਨੇ ਉਸਨੂੰ ਆਪਣੀ ਅਗਲੀ ਫ਼ਿਲਮ 'ਸ਼ਾਹਜਹਾਂ' ਦੇ ਗੀਤ ਰਚਣ ਲਈ ਸਾਈਨ ਕਰ ਲਿਆ। ਇਸ ਫ਼ਿਲਮ ਦੇ ਗੀਤ ਇਸ ਕਦਰ ਹਿੱਟ ਰਹੇ ਕਿ ਫਿਰ ਮਜਰੂਹ ਨੇ ਕਦੇ ਪਿੱਛੇ ਮੁੜ ਕੇ ਨਾ ਵੇਖਿਆ ਤੇ ਕਦਮ ਦਰ ਕਦਮ ਕਾਮਯਾਬੀ ਦੀਆਂ ਪੌੜੀਆਂ ਚੜ੍ਹਦਾ ਗਿਆ।

ਦਰਅਸਲ 1 ਅਕਤੂਬਰ, 1919 ਨੂੰ ਜਨਮੇ ਮਜਰੂਹ ਸੁਲਤਾਨਪੁਰੀ ਦਾ ਅਸਲ ਨਾਂ ਅਸਰਾਰ ਉਲ ਹਸਨ ਖ਼ਾਨ ਸੀ। ਉਸਦਾ ਅੱਬਾ ਇੱਕ ਪੁਲੀਸ ਅਫ਼ਸਰ ਸੀ ਪਰ ਪਿਛਾਂਹ ਖਿੱਚੂ ਵਿਚਾਰਧਾਰਾ ਦਾ ਮਾਲਿਕ ਸੀ। ਉਸਨੇ ਮਜਰੂਹ ਨੂੰ ਪੜ੍ਹਨ ਲਈ ਸਕੂਲ ਭੇਜਣ ਦੀ ਥਾਂ ਮਦਰੱਸੇ 'ਚ ਮੌਲਵੀ ਕੋਲੋਂ ਧਾਰਮਿਕ ਤਾਲੀਮ ਹਾਸਿਲ ਕਰਨ ਲਈ ਭੇਜ ਦਿੱਤਾ ਸੀ। ਮਦਰੱਸੇ ਦੀ ਤਾਲੀਮ ਮੁਕੰਮਲ ਕਰਨ ਪਿੱਛੋਂ ਉਸਨੇ ਯੂਨਾਨੀ ਦਵਾਈਆਂ ਨਾਲ ਹਿਕਮਤ ਕਰਨ ਦਾ ਕੋਰਸ ਕੀਤਾ ਤੇ ਆਪਣਾ ਦਵਾਖ਼ਾਨਾ ਖੋਲ ਲਿਆ। ਉਕਤ ਅਨੁਸਾਰ ਨੌਸ਼ਾਦ ਨਾਲ ਕੰਮ ਕਰਦਿਆਂ ਫ਼ਿਲਮ ਫ਼ਿਲਮ 'ਸ਼ਾਹਜਹਾਂ' ਲਈ ਜਿਹੜੇ ਦੋ ਗੀਤ ਲਿਖ ਕੇ ਉਸਨੇ ਇਤਿਹਾਸ ਸਿਰਜ ਦਿੱਤਾ ਸੀ, ਉਹ ਗੀਤ ਸਨ "ਜਬ ਦਲ ਹੀ ਟੂਟ ਗਿਆ" ਅਤੇ "ਗ਼ਮ ਦੀਏ ਮੁਸਤਕਿਲ ਕਿਤਨਾ ਨਾਦਾਂ ਹੈ ਦਿਲ"। ਇਨ੍ਹਾ ਦੋ ਗੀਤਾਂ ਨੇ ਗਾਇਕ ਕੇ.ਐਲ.ਸਹਿਗਲ ਨੂੰ ਅਮਰ ਕਰ ਦਿੱਤਾ ਸੀ। ਸੰਨ 1949 ਵਿੱਚ ਮਜਰੂਹ ਦਾ ਝੁਕਾਅ ਖੱਬੇ ਪੱਖੀ ਵਿਚਾਰਧਾਰਾ ਵਾਲੇ ਸਿਆਸੀ ਦਲਾਂ ਵੱਲ ਹੋ ਗਿਆ ਜੋ ਕਿ ਨੌਸ਼ਾਦ ਸਾਹਿਬ ਨੂੰ ਪਸੰਦ ਨਹੀ ਆਇਆ ਤੇ ਉਨ੍ਹਾਂ ਨੇ ਮਜਰੂਹ ਨਾਲੋਂ ਨਾਤਾ ਤੋੜ ਲਿਆ ਤੇ ਸ਼ਕੀਲ ਬਦਾਯੂੰਨੀ ਕੋਲੋਂ ਗੀਤ ਲਿਖਵਾਉਣੇ ਸ਼ੁਰੂ ਕਰ ਦਿੱਤੇ। ਇਸ ਘਟਨਾ ਤੋਂ ਠੀਕ 20 ਸਾਲ ਬਾਅਦ ਫ਼ਿਲਮ 'ਸਾਥੀ' ਵਿੱਚ ਮਜਰੂਹ ਤੇ ਨੌਸ਼ਾਦ ਦੀ ਜੋੜੀ ਮੁੜ ਤੋਂ ਇੱਕ ਹੋਈ ਸੀ।

> ਫ਼ਿਲਮ ਜਗਤ ਦੇ ਸਭ ਤੋਂ ਵੱਡੇ ਸਨਮਾਨ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ' ਨਾਲ ਸਨਮਾਨਿਤ ਮਜਰੂਹ ਸੁਲਤਾਨਪੁਰੀ ਨੂੰ ਫ਼ਿਲਮ 'ਦੋਸਤੀ ' ਦੇ ਗੀਤ "ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ" ਲਈ 'ਸਰਬੋਤਮ ਗੀਤਕਾਰ' ਵਜੋਂ 'ਫ਼ਿਲਮ ਫ਼ੇਅਰ ਪੁਰਸਕਾਰ' ਨਾਲ ਵੀ ਨਿਵਾਜਿਆ ਗਿਆ ਸੀ। 24 ਮਈ, 2000 ਨੂੰ ਮੁਬੰਈ ਵਿਖੇ 81 ਸਾਲ ਦੀ ਉਮਰ ਵਿੱਚ ਇਹ ਮਹਾਨ ਗੀਤਕਾਰ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਚਲਾ ਗਿਆ ਸੀ।

ਖੱਬੇ ਪੱਖੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਮਜਰੂਹ ਸਾਹਿਬ ਨੇ ਪੰਡਿਤ ਨਹਿਰੂ ਦੇ ਖ਼ਿਲਾਫ਼ ਇੱਕ ਕਾਫੀ ਇਤਰਾਜ਼ਯੋਗ ਕਵਿਤਾ ਲਿਖ ਦਿੱਤੀ ਜਿਸਦੇ ਫਲਸਰੂਪ ਉਸਨੂੰ ਸਾਲ ਭਰ ਜੇਲ੍ਹ 'ਚ ਰਹਿਣਾ ਪਿਆ ਸੀ। ਇਸ ਸਜ਼ਾ ਨੂੰ ਕੱਟਣ ਦੇ ਦੌਰਾਨ ਉਸਦੇ ਪਰਿਵਾਰ ਨੂੰ ਭਾਰੀ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮੁਸ਼ਕਿਲ ਦੀ ਘੜੀ ਵਿੱਚ ਫ਼ਿਲਮਕਾਰ ਰਾਜ ਕਪੂਰ ਨੇ ਆਪਣੀ ਫ਼ਿਲਮ 'ਧਰਮ ਕਰਮ' ਲਈ ਇੱਕ ਗੀਤ ਉਸ ਤੋਂ ਲਿਖਵਾ ਕੇ ਇਵਜ਼ਾਨੇ ਵਜੋਂ ਇੱਕ ਹਜ਼ਾਰ ਰੁਪਏ ਅਦਾ ਕਰਕੇ ਉਸਦੇ ਪਰਿਵਾਰ ਦੀ ਮਦਦ ਕੀਤੀ ਸੀ। ਮਜਰੂਹ ਵੱਲੋਂ ਲਿਖਿਆ ਇਹ ਗੀਤ ਸੀ "ਇਕ ਦਿਨ ਬਿਕ ਜਾਏਗਾ ਮਾਟੀ ਕੋ ਮੋਲ" ਜੋ ਕਿ ਅੱਜ ਵੀ ਸਰੋਤਿਆਂ ਦੇ ਚੇਤਿਆਂ ਵਿੱਚ ਸਾਂਭਿਆ ਪਿਆ ਹੈ। ਫ਼ਿਲਮਕਾਰ ਨਾਸਿਰ ਹੁਸੈਨ ਨਾਲ ਮਜਰੂਹ ਦੀ ਸਾਂਝ ਬਹੁਤ ਗੂੜ੍ਹੀ ਸੀ ਤੇ ਇਸ ਜੋੜੀ ਨੇ ਗੀਤ-ਸੰਗੀਤ ਪੱਖੋਂ ਜਿਹੜੀਆਂ ਸ਼ਾਹਕਾਰ ਫ਼ਿਲਮਾਂ ਬਾਲੀਵੁੱਡ ਦੀ ਝੋਲ੍ਹੀ ਪਾਈਆਂ ਸਨ ਉਨ੍ਹਾ ਵਿੱਚ 'ਤੁਮਸਾ ਨਹੀ ਦੇਖਾ', 'ਬਹਾਰੋਂ ਕੇ ਸਪਨੇ', 'ਦਿਲ ਦੇ ਕੇ ਦੇਖੋ', 'ਪਿਆਰ ਕਾ ਮੌਸਮ', 'ਫਿਰ ਵਹੀ ਦਿਲ ਲਾਇਆ ਹੂੰ', 'ਯਾਦੋਂ ਕੀ ਬਾਰਾਤ', 'ਤੀਸਰੀ ਮੰਜ਼ਿਲ', 'ਕਾਰਵਾਂ', 'ਹਮ ਕਿਸੀ ਸੇ ਕਮ ਨਹੀਂ', 'ਜ਼ਮਾਨੇ ਕੋ ਦਿਖਾਨਾ ਹੈ', 'ਕਿਆਮਤ ਸੇ ਕਿਆਮਤ ਤੱਕ', 'ਜੋ ਜੀਤਾ ਵਹੀ ਸਿਕੰਦਰ' ਅਤੇ 'ਅਕੇਲੇ ਹਮ ਅਕੇਲੇ ਤੁਮ' ਦੇ ਨਾਂ ਸ਼ਾਮਿਲ ਹਨ।

ਫ਼ਿਲਮ ਜਗਤ ਦੇ ਸਭ ਤੋਂ ਵੱਡੇ ਸਨਮਾਨ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ' ਨਾਲ ਸਨਮਾਨਿਤ ਮਜਰੂਹ ਸੁਲਤਾਨਪੁਰੀ ਨੂੰ ਫ਼ਿਲਮ 'ਦੋਸਤੀ ' ਦੇ ਗੀਤ "ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ" ਲਈ 'ਸਰਬੋਤਮ ਗੀਤਕਾਰ' ਵਜੋਂ 'ਫ਼ਿਲਮ ਫ਼ੇਅਰ ਪੁਰਸਕਾਰ' ਨਾਲ ਵੀ ਨਿਵਾਜਿਆ ਗਿਆ ਸੀ। 24 ਮਈ, 2000 ਨੂੰ ਮੁਬੰਈ ਵਿਖੇ 81 ਸਾਲ ਦੀ ਉਮਰ ਵਿੱਚ ਇਹ ਮਹਾਨ ਗੀਤਕਾਰ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਚਲਾ ਗਿਆ ਸੀ ਪਰ ਉਸਦੇ ਰਚੇ ਸ਼ਾਹਕਾਰ ਨਗਮੇ- "ਲੇ ਕੇ ਪਹਿਲਾ ਪਹਿਲਾ ਪਿਆਰ", "ਰਾਤ ਕਲੀ ਇਕ ਖ਼ਵਾਬ ਮੇਂ ਆਈ", "ਹਾਲ ਕੈਸਾ ਹੈ ਜਨਾਬ ਕਾ", "ਬਾਬੂ ਸਮਝੋ ਇਸ਼ਾਰੇ", "ਛਲਕਾਏ ਜਾਮ ਆਈਏ ਆਪ ਕੀ ਆਂਖੋਂ ਕੇ ਨਾਮ", " ਦੀਵਾਨਾ ਮੁਝਸਾ ਨਹੀ","ਹੈ ਅਪਨਾ ਦਿਲ ਤੋ ਅਵਾਰਾ", "ਇੱਕ ਲੜਕੀ ਭੀਗੀ ਭਾਗੀ ਸੀ" ਆਦਿ ਜਿਹੇ ਗੀਤ ਅੱਜ ਵੀ ਸਰੋਤਿਆਂ ਦੇ ਕੰਨਾਂ ਵਿੱਚ ਰਸ ਘੋਲ੍ਹਦੇ ਹਨ।

## ਲੋਕ ਗੀਤ ਵਰਗਾ ਲੋਕ ਗਾਇਕ: ਹਰਭਜਨ ਮਾਨ

ਗੁਰਵਿੰਦਰ ਸਰਾਂਵਾਂ
+918427409672

> ਹਰਭਜਨ ਮਾਨ ਕਦੇ ਭੀੜ ਦਾ ਹਿੱਸਾ ਨਹੀ ਬਣੇ, ਉਹਨਾਂ ਦੀ ਇਹ ਵੀ ਬਹੁਤ ਵੱਡੀ ਪ੍ਰਾਪਤੀ ਹੈ। ਰੱਬ ਨੇ ਉਹਨਾਂ ਨੂੰ ਪੰਜਾਬੀ ਮਾਂ ਬੋਲੀ ਦੇ ਸੱਚੇ ਸਪੂਤ ਬਣਾਕੇ ਪੰਜਾਬੀ ਦੀ ਹੋਂਦ ਨੂੰ ਮਜ਼ਬੂਤ ਕਰਨ ਲਈ ਭੇਜਿਆ ਹੋਵੇਗਾ।



ਅੰਦਾਜ਼ ਖੁਦਾ ਬਖ਼ਸ਼ਦਾ ਹੈ ਅੰਦਾਜ਼ੇ ਲੋਕ ਲਾਉਂਦੇ ਨੇ। ਅਦਬ ਲੋਕਾਂ ਨੇ ਦੇਣਾ ਹੈ ਕਾਬਿਲ ਇਨਸਾਨ ਨੇ ਖੁਦ ਬਣਨਾ ਹੁੰਦਾ ਹੈ। ਮਿਹਨਤਾਂ ਵਿੱਚ ਦਿਨ ਰਾਤ ਇੱਕ ਕਰਕੇ ਕੁਝ ਲੋਕ ਏਨੇ ਕਾਮਯਾਬ ਅਤੇ ਸਮਰੱਥ ਹੋ ਜਾਂਦੇ ਹਨ ਕਿ ਲੋਕ ਉਹਨਾ ਨੂੰ ਉਸ ਖੇਤਰ ਦਾ ਮਾਣ ਕਹਿਣ 'ਚ ਮਾਣ ਮਹਿਸੂਸ ਕਰਦੇ ਹਨ।

ਲੋਕ ਮਨਾਂ ਵਿੱਚ ਵਸਿਆ ਹੋਇਆ ਸਾਡਾ ਐਸਾ ਹੀ ਗਾਇਕ ਤੇ ਅਦਾਕਾਰ ਹੈ ਹਰਭਜਨ ਮਾਨ। ਪੰਜਾਬੀ ਬੋਲੀ ਦੇ ਰਿਵਾਇਤੀ ਗਾਣ ਕਵੀਸ਼ਰੀ ਰਾਹੀ ਗਾਇਕੀ ਦੀ ਸ਼ੁਰੂਆਤ ਕਰਕੇ 'ਚਿੱਠੀਏ ਨੀ ਚਿੱਠੀਏ' ਗੀਤ ਰਾਹੀ ਹਰਭਜਨ ਮਾਨ ਨੇ ਪੰਜਾਬੀ ਗਾਇਕੀ ਵਿੱਚ ਐਸੀ ਦਸਤਕ ਦਿੱਤੀ ਕਿ ਸਾਫ਼-ਸੁਥਰੀ ਗਾਇਕੀ ਦੇ ਆਸ਼ਕ ਲੋਕਾਂ ਨੇ ਮਾਨ ਸਾਬ ਲਈ ਆਪਣੇ ਦਿਲਾਂ ਦੇ ਬੂਹੇ ਹਮੇਸ਼ਾ ਲਈ ਖੋਲ੍ਹ ਦਿੱਤੇ।

ਇਸ ਤੋਂ ਬਾਅਦ ਪੰਜਾਬੀ ਗਾਇਕੀ ਵਿੱਚ ਮਾਨ ਸਾਹਿਬ ਨੇ ਜੋ ਯਾਦਗਾਰੀ ਅਤੇ ਖੂਬਸੂਰਤ ਕੰਮ ਕੀਤਾ ਹੈ। ਉਹ ਵਿਸ਼ਵ ਵਿੱਚ ਵਸਦੇ ਸਾਰੇ ਪੰਜਾਬੀਆਂ ਲਈ ਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਅਨਮੋਲ ਖ਼ਜ਼ਾਨਾ ਬਣ ਗਿਆ।

ਹਰਭਜਨ ਮਾਨ ਦਾ ਜਨਮ 31 ਦਿਸੰਬਰ 1965 ਨੂੰ ਪਿਤਾ ਸਰਦਾਰ ਹਰਨੇਕ ਸਿੰਘ ਤੇ ਮਾਤਾ ਦਲੀਪ ਕੌਰ ਦੇ ਗ੍ਰਹਿ ਵਿਖੇ ਪਿੰਡ ਖੇਮੂਆਣਾ ਜਿਲ੍ਹਾ ਬਠਿੰਡਾ ਵਿਖੇ ਹੋਇਆ। ਉਹ ਤਿੰਨ ਭਰਾ ਤੇ ਤਿੰਨ ਭੈਣਾ ਸਨ। ਮਸ਼ਹੂਰ ਪੰਜਾਬੀ ਗਾਇਕ ਗੁਰਸੇਵਕ ਮਾਨ ਉਹਨਾ ਦਾ ਛੋਟਾ ਭਰਾ ਹੈ। ਹਰਭਜਨ ਤੇ ਗੁਰਸੇਵਕ ਨੇ ਇਕੱਠਿਆਂ ਨੇ ਗਾਇਕੀ ਦੀ ਸ਼ੁਰੂਆਤ ਕਵੀਸ਼ਰੀ ਤੋਂ ਕੀਤੀ ਤੇ ਕਈ ਐਲਬਮਾਂ ਵੀ ਇਕੱਠਿਆਂ ਨੇ ਕੀਤੀਆਂ। ਉਹਨਾ ਦਾ ਇਕੱਠਿਆਂ ਗਾਇਆ ਗੀਤ 'ਜੱਗ ਜੰਕਸ਼ਨ ਰੇਲਾਂ ਦਾ' ਤੇ 'ਲੰਮੀ ਧੌਣ ਕਸੀਦਾ ਕੱਢਦੀ' ਅੱਜ ਵੀ ਤਰੋ ਤਾਜ਼ਾ ਹੈ ਤੇ ਪੰਜਾਬ ਦੇ ਹਰ ਗਲੀ-ਮੁਹੱਲੇ ਤੇ ਖੇਤਾਂ ਖਲਿਆਰਿਆਂ ਵਿੱਚ ਉੱਚੀ ਆਵਾਜ਼ ਵਿੱਚ ਵੱਜਦਾ ਹੈ। ਜਿਕਰ-ਏ-ਖਾਸ ਹੈ ਕਿ ਛੋਟਾ ਭਰਾ ਗੁਰਸੇਵਕ ਮਾਨ ਅੱਜ ਕੱਲ੍ਹ ਕੈਨੇਡਾ ਵਿਖੇ ਪਾਇਲਟ ਦੇ ਤੌਰ 'ਤੇ ਸੇਵਾਵਾਂ ਨਿਭਾਅ ਰਿਹਾ ਹੈ।

ਉਹਨਾ ਨੇ ਮਸ਼ਹੂਰ ਗੀਤਕਾਰ ਤੇ ਪੇਸ਼ਕਾਰ ਬਾਪੂ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਜੀ ਨੂੰ ਉਸਤਾਦ ਧਾਰਕੇ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। 1988 ਵਿੱਚ ਇਹਨਾ ਨੇ ਆਪਣੀ ਪਹਿਲੀ ਕੈਸੇਟ 'ਇਸ਼ਕ ਦੇ ਮਾਮਲੇ' ਰਿਲੀਜ਼ ਕੀਤੀ। ਇਸ ਕੈਸੇਟ ਨੇ ਸਿਰਫ਼ ਮਾਲਵੇ ਤੱਕ ਹੀ ਆਪਣੀ ਛਾਪ ਛੱਡੀ। ਫ਼ਿਰ ਸੰਨ 1992 ਵਿੱਚ ਆਈ ਕੈਸੇਟ 'ਚਿੱਠੀਏ ਨੀ ਚਿੱਠੀਏ' ਨੇ ਸੰਗੀਤ ਜਗਤ ਵਿੱਚ ਧੁੰਮਾ ਪਾ ਦਿੱਤੀਆਂ ਤੇ ਹਰਭਜਨ ਮਾਨ ਨੂੰ ਪੰਜਾਬ ਦਾ ਮਾਣ ਬਣਾ ਦਿੱਤਾ। ਰੇਡੀਓ ਟੈਲੀਵਿਜ਼ਨਾ 'ਤੇਸਾਰਾ-ਸਾਰਾ ਦਿਨ 'ਚਿੱਠੀਏ ਨੀ ਚਿੱਠੀਏ' ਗੀਤ ਚੱਲਦਾ ਰਹਿਣਾ ਕਿਉਕਿ ਦਰਸ਼ਕ ਫ਼ੋਨ ਕਾਲਾਂ ਕਰਕੇ ਤੇ ਚਿੱਠੀਆਂ ਪਾ-ਪਾ ਕੇ ਇਸੇ ਗੀਤ ਦੀ ਫ਼ਰਮਾਇਸ਼ ਕਰਦੇ ਰਹਿੰਦੇ ਸਨ। ਇਸ ਕੈਸੇਟ ਨੇ ਹਰਭਜਨ ਮਾਨ ਦੀ ਸਾਰੇ ਸੰਸਾਰ ਵਿੱਚ ਪਛਾਣ ਬਣਾ ਦਿੱਤੀ। ਸੰਸਾਰ ਵਿੱਚ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ ਜਿਸ ਕੋਲ ਕਿਸੇ ਨਾ ਕਿਸੇ ਢੰਗ ਨਾਲ ਇਹ ਕੈਸੇਟ ਨਾ ਪਹੁੰਚੀ ਹੋਵੇ।

ਫ਼ਿਰ 1994 ਵਿੱਚ ਆਈ ਉਹਨਾ ਦੀ ਕੈਸੇਟ 'ਜੱਗ ਜਿਉਦਿਆਂ ਦੇ ਮੇਲੇ' ਨੇ ਉਹਨਾ ਨੂੰ ਪੰਜਾਬੀ ਸੰਗੀਤ ਜਗਤ ਦਾ ਰਾਜਾ ਬਣਾ ਦਿੱਤਾ ਤੇ ਪੰਜਾਬੀਆਂ ਨੇ ਇਸ ਗੀਤ ਨੂੰ ਲੋਕ ਗੀਤ ਦਾ ਦਰਜਾ ਦੇ ਦਿੱਤਾ। ਉਸਤੋਂ ਬਾਅਦ ਮਾਨ ਸਾਬ ਦੀਆਂ ਕੈਸੇਟਾਂ ਆਉਂਦੀਆਂ ਰਹੀਆਂ ਤੇ ਉਹਨਾ ਦੇ ਗੀਤ ਲੋਕ ਮਨਾ 'ਤੇ ਡੂੰਘੀ ਛਾਪ ਛੱਡਦੇ ਰਹੇ ਤੇ ਲੋਕ ਉਹਨਾ ਦੇ ਗੀਤਾਂ ਨੂੰ ਲੋਕ ਗੀਤਾਂ ਦਾ ਦਰਜਾ ਦਿੰਦੇ ਰਹੇ। ਉਹਨਾ ਦੇ ਗੀਤਾਂ ਦੀਆਂ ਤੁਕਾਂ ਗੱਡੀਆਂ, ਟਰੱਕਾਂ, ਬੱਸਾਂ, ਮੋਟਰਾਂ 'ਤੇ ਆਮ ਹੀ ਲਿਖੀਆਂ ਦੇਖਣ ਨੂੰ ਮਿਲਦੀਆਂ ਹਨ। ਉਹਨਾ ਦਾ ਕਹਿਣਾ ਹੈ ਕਿ ਮਿਲੀਅਨ ਵਿਊ ਮਿਲਣ ਦੀ ਓਨੀ ਖੁਸ਼ੀ ਨਹੀ ਮਿਲਦੀ, ਜਿੰਨੀ ਖੁਸ਼ੀ ਆਪਣੀ ਕੋਈ ਤੁਕ ਕਿਸੇ ਗੱਡੀ ਜਾਂ ਟਰੱਕ ਪਿੱਛੇ ਲਿਖੀ ਦੇਖਕੇ ਮਿਲਦੀ ਹੈ।

ਹਰਭਜਨ ਮਾਨ ਦਾ ਵਿਆਹ ਬਾਪੂ ਕਰਨੈਲ ਸਿੰਘ ਪਾਰਸ ਦੀ ਪੋਤੀ ਹਰਮਨਦੀਪ ਕੌਰ ਨਾਲ ਹੋਇਆ। ਉਹਨਾ ਦੇ ਦੋ ਪੁੱਤ ਅਵਕਾਸ਼ ਮਾਨ ਤੇ ਮੇਹਰਇੰਦਰ ਮਾਨ ਤੇ ਧੀ ਸਾਹਿਰ ਕੌਰ ਹਨ।

ਉਹਨਾ ਨੇ 2 ਦਰਜਨ ਕੈਸੇਟਾਂ ਤੇ 1 ਦਰਜਨ ਫ਼ਿਲਮਾਂ ਦਰਸ਼ਕਾਂ ਦੀ ਝੋਲੀ ਪਾਈਆਂ ਹਨ। ਜੇ ਉਹਨਾ ਨੂੰ ਆਧੁਨਿਕ ਪੰਜਾਬੀ ਸਿਨੇਮੇ ਦਾ ਮੋਢੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਕਿਉਕਿ ਸੰਨ 2000 ਤੱਕ ਪੰਜਾਬੀ ਫ਼ਿਲਮਾਂ ਬਣਦੀਆਂ ਸਨ ਪਰ ਉਹ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਟੱਕਰ ਦੇਣ ਦੇ ਸਮਰੱਥ ਨਹੀ ਸਨ। 2002 ਵਿੱਚ ਹਰਭਜਨ ਮਾਨ ਦੀ ਆਈ ਪਹਿਲੀ ਫ਼ਿਲਮ 'ਜੀ ਆਇਆਂ ਨੂੰ' ਨੇ ਪੰਜਾਬੀ ਸਿਨੇਮੇ ਵਿੱਚ ਇੱਕ ਨਵੀ ਰੂਹ ਫ਼ੂਕ ਦਿੱਤੀ ਤੇ ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਸਿਨੇਮੇ ਦੀ ਇੱਕ ਵੱਖਰੀ ਪਛਾਣ ਬਣਾ ਦਿੱਤੀ। ਆਧੁਨਿਕ ਪੰਜਾਬੀ ਸਿਨੇਮਾ ਉਹਨਾ ਦੀ ਇਸ ਵਿਲੱਖਣ ਪਹਿਲਕਦਮੀ ਤੇ ਯੋਗਦਾਨ ਲਈ ਹਮੇਸ਼ਾ ਉਹਨਾ ਦਾ ਰਿਣੀ ਰਹੇਗਾ।

ਚੱਲ ਸੋ ਚੱਲ ਉਹਨਾ 1 ਦਰਜਨ ਦੇ ਕਰੀਬ ਖੂਬਸੂਰਤ ਤੇ ਬਾਕਮਾਲ ਫ਼ਿਲਮਾ ਦਰਸ਼ਕਾਂ ਦੀ ਝੋਲੀ ਪਾਈਆਂ । ਜਿੰਨਾ ਵਿੱਚ ਪ੍ਰਮੁੱਖ ਹਨ: ਜੀ ਆਇਆਂ ਨੂੰ (2002), ਅਸਾਂ ਨੂੰ ਮਾਣ ਵਤਨਾਂ ਦਾ (2004), ਦਿਲ ਆਪਣਾ ਪੰਜਾਬੀ (2007), ਮਿੱਟੀ ਵਾਜਾਂ ਮਾਰਦੀ (2007), ਮੇਰਾ ਪਿੰਡ ਮਾਈ ਹੋਮ (2008), ਜੱਗ ਜਿਉਦਿਆਂ ਦੇ ਮੇਲੇ (2009), ਯਾਰਾ ਓ ਦਿਲਦਾਰਾ (2011), ਹਾਣੀ (2013), ਪੀ.ਆਰ (2022)।

ਹਰਭਜਨ ਮਾਨ ਕਦੇ ਭੀੜ ਦਾ ਹਿੱਸਾ ਨਹੀ ਬਣੇ, ਉਹਨਾ ਦੀ ਇਹ ਵੀ ਬਹੁਤ ਵੱਡੀ ਪ੍ਰਾਪਤੀ ਹੈ। ਰੱਬ ਨੇ ਉਹਨਾ ਨੂੰ ਪੰਜਾਬੀ ਮਾਂ ਬੋਲੀ ਦੇ ਸੱਚੇ ਸਪੂਤ ਬਣਾਕੇ ਪੰਜਾਬੀ ਦੀ ਹੋਂਦ ਨੂੰ ਮਜਬੂਤ ਕਰਨ ਲਈ ਭੇਜਿਆ ਹੋਵੇਗਾ।

ਮਾਨ ਸਾਬ ਅਕਸਰ ਕਹਿੰਦੇ ਨੇ ਸੰਗ-ਸ਼ਰਮ ਸਾਡਾ ਪੰਜਾਬੀਆਂ ਦਾ ਗਹਿਣਾ ਹੈ ਤੇ ਅਸੀ ਇਹ ਗਹਿਣੇ ਉਤਾਰ ਕੇ ਦੌਲਤਮੰਦ ਚਾਹੇ ਹੋ ਜਾਈਏ ਪਰ ਸਤਿਕਾਰਯੋਗ ਨਹੀਂ ਬਣ ਸਕਦੇ। ਕਹਿਣੀ ਤੇ ਕਰਨੀ ਦੇ ਇੱਕ ਮਾਨ ਸਾਹਿਬ ਨੇ ਆਪਣੇ ਇਹਨਾ ਲਫ਼ਜ਼ਾਂ ਨੂੰ ਆਪਣੀ ਸਾਫ਼-ਸੁੱਥਰੀ ਗਾਇਕੀ ਤੇ ਮਾਣਯੋਗ ਅਦਾਕਾਰੀ ਰਾਹੀ ਸਾਬਿਤ ਵੀ ਕੀਤਾ ਹੈ। ਸਾਡੀ ਦੁਆ ਹੈ ਕਿ ਮਾਨ ਸਾਬ ਇਸੇ ਤਰ੍ਹਾਂ ਹੀ ਪੰਜਾਬੀ ਗਾਇਕੀ ਅਤੇ ਅਦਾਕਾਰੀ ਰਾਹੀ ਪੰਜਾਬੀ ਬੋਲੀ ਦਾ ਮਾਣ ਵਧਾਉਂਦੇ ਰਹਿਣ.....ਆਮੀਨ।

# ਡੇਂਗੂ ਬਿਮਾਰੀ ਨੂੰ ਰੋਕਣ ਲਈ ਡਰਾਈ ਡੇਅ ਤਹਿਤ ਪਾਣੀ ਦੇ ਸਰੋਤਾਂ ਦੀ ਕੀਤੀ ਜਾਂਚ



ਫਾਜ਼ਿਲਕਾ, 25 ਮਈ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ) : ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਡਾਕਟਰ ਪੰਕਜ ਚੌਹਾਨ ਦੀ ਯੋਗ ਅਗਵਾਈ ਹੇਠ ਪੁਲਿਸ ਥਾਣਾ ਵਿਖੇ ਡੇਂਗੂ ਬੀਮਾਰੀ ਨੂੰ ਰੋਕਣ ਲਈ ਡਰਾਈ ਡੇਅ ਸ਼ੁੱਕਰਵਾਰ ਤਹਿਤ ਪਾਣੀ ਦੇ ਸਰੋਤਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਰਾਜਾ ਸੰਦੀਪ ਨੇ ਇਕੱਠੇ ਹੋਏ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਲੋਕਾਂ ਨੂੰ ਘਰਾਂ ਅੰਦਰ ਸਾਫ ਪਾਣੀ ਨਾ ਖੜ੍ਹਾ ਹੋਣ ਦੇਣ ਬਾਰੇ ਜਾਗਰੂਕ ਕੀਤਾ ਗਿਆ।ਇਹ ਮੱਛਰ ਖੜ੍ਹੇ ਸਾਫ ਪਾਣੀ ਵਿੱਚ, ਫਰਿੱਜ ਦੀ ਟਰੇਅ, ਕੂਲਰ, ਪਾਣੀ ਦੀਆਂ ਟੈਂਕੀਆਂ, ਗਮਲਿਆਂ ਵਿੱਚ ਅਤੇ ਪੰਛੀਆਂ ਦੇ ਪੋਟ ਵਿੱਚ ਪੈਦਾ ਹੁੰਦਾ ਹੈ।ਇਹ ਬੁਖ਼ਾਰ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਦਿਨ ਵੇਲੇ ਸਵੇਰੇ ਅਤੇ ਸ਼ਾਮ ਨੂੰ ਕੱਟਦਾ ਹੈ। ਡੇਂਗੂ ਬੁਖ਼ਾਰ ਦੇ ਲੱਛਣ ਤੇਜ਼ ਬੁਖ਼ਾਰ, ਸਿਰ ਦਰਦ, ਘਬਰਾਹਟ ਉਲਟੀਆਂ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਪਲੇਟਲੇਟ ਸੈਲ ਘੱਟ ਜਾਣਾ, ਕਮਜ਼ੋਰੀ, ਮਾਸਪੇਸ਼ੀਆਂ ਵਿਚ ਦਰਦ, ਚਮੜੀ ਉਪਰ ਲਾਲ ਰੰਗ ਦੇ ਦਾਣੇ, ਹਾਲਤ ਖ਼ਰਾਬ ਹੋਣ ਦੀ ਸੂਰਤ ਵਿੱਚ ਨੱਕ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ। ਬੁਖ਼ਾਰ ਹੋਣ ਦੀ ਸੂਰਤ ਵਿੱਚ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਮਰੀਜ਼ ਨੂੰ ਮੱਛਰ ਜਾਲੀ ਵਿੱਚ ਰੱਖਣਾ ਚਾਹੀਦਾ ਹੈ। ਡੇਂਗੂ ਬੁਖ਼ਾਰ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਦਰਦ ਰੋਕਣ ਲਈ ਬਰੂਫੇਨ ਅਤੇ ਐਸਪਰਿਨ ਦੀ ਗੋਲੀ ਨਹੀਂ ਲੈਣੀ ਚਾਹੀਦੀ। ਇਸ ਸਮੇਂ ਮੱਛਰ ਜਾਲੀ ਦੀ ਵਰਤੋਂ ਕੀਤੀ ਜਾਵੇ ਅਤੇ ਮੱਛਰ ਭਜਾਉਣ ਵਾਲਿਆਂ ਕਰੀਮਾਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਮੁਨਸ਼ੀ ਸੁਖਵਿੰਦਰ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# 1984 ਦੇ ਤੀਸਰੇ ਘੱਲੂਘਾਰੇ ਦੀ ਯਾਦ 'ਚ ਦੋ ਰੋਜ਼ਾ ਗੁਰਮਤਿ ਸਮਾਗਮ ਸਮਾਪਤ

ਬਟਾਲਾ, 25 ਮਈ (ਬਲਵਿੰਦਰ ਸਿੰਘ ਪੰਜਗਰਾਈਂ, ਧਰਮਪਾਲ ਸਿੰਘ ਕਲਸੀ) : ਸਿੰਘ ਸਾਹਿਬ ਸ੍ਰੀ ਮਾਨ ਸੰਤ ਗਿਆਨੀ ਰਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ, ਮੌਜੂਦਾ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ, ਦਮਦਮੀ ਟਕਸਾਲ ਦੇ ਹੈਡ ਕੁਆਰਟਰ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸ਼ਹੀਦਾਂ (ਸੰਗਰਾਵਾਂ) ਵਿਖੇ ਜੂਨ 1984 ਦੇ ਤੀਸਰੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ, ਪਿੰਡ ਪੰਜਗਰਾਈਆਂ ਵਿਖੇ ਦੋ ਰੋਜ਼ਾ ਗੁਰਮਤਿ ਸਮਾਗਮ, ਨਗਰ ਦੀ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਕਰਵਾਇਆ ਗਿਆ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਗੁਰਦੁਆਰਾ ਗੁਰੂ ਨਾਨਕ ਨਿਵਾਸ ਪੰਜ ਗਰਾਈਆਂ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਅਤੇ



ਦਮਦਮੀ ਟਕਸਾਲ ਦੇ ਵਿਦਿਆਰਥੀ ਕਥਾ ਵਾਚਕ ਗਿਆਨੀ ਦਲੇਰ ਸਿੰਘ ਨੇ ਦੱਸਿਆ ਕਿ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਦੀ ਅਗਵਾਈ ਹੇਠ 14 ਮਈ ਤੋਂ ਵੱਖ ਵੱਖ ਪਿੰਡਾਂ ਵਿੱਚ ਲੜੀਵਾਰ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ, ਜਿਵੇਂ ਕਿ 14 ਅਤੇ 15 ਮਈ, (ਦੋ ਦਿਨ) ਗੁਰਦੁਆਰਾ ਬਾਬਾ ਭੂਰੀਵਾਲਾ ਪਿੰਡ ਬਰਵਾਲਾ ਹੁਸੈਨ, 16 ਮਈ ਨੂੰ ਗੁਰਦੁਆਰਾ ਸਾਹਿਬ ਪਿੰਡ ਸੰਗਰਾਵਾਂ, 17 ਅਤੇ 18 ਨੂੰ ਗੁਰਦੁਆਰਾ ਗੁਰੂ ਕਿਰਪਾ ਸਾਹਿਬ ਪਿੰਡ ਰਾਹਨ, 19 ਅਤੇ 20 ਨੂੰ ਗੁਰਦੁਆਰਾ ਗੁਰੂ ਕਲਗੀਧਰ ਸਾਹਿਬ ਪਿੰਡ ਦੌਲਤਪੁਰ, 21 ਅਤੇ 22 ਮਈ, ਗੁਰਦੁਆਰਾ ਸਿੰਘ ਸਭਾ ਪਿੰਡ ਕਾਰਨਾਮਾ, 23 ਅਤੇ 24 ਨੂੰ ਗੁਰਦੁਆਰਾ ਗੁਰੂ ਨਾਨਕ ਨਿਵਾਸ ਪੰਜ ਗਰਾਈਆਂ ਵਿਖੇ ਦੋ ਰੋਜ਼ਾ ਗੁਰਮਤ ਸਮਾਗਮਾਂ ਦੀ ਸਮਾਪਤੀ ਕੀਤੀ ਹੈ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ 25 ਅਤੇ 26 ਮਈ ਨੂੰ ਗੁਰਦੁਆਰਾ ਚੜ੍ਹਦੀਕਲਾ ਸਾਹਿਬ ਪਿੰਡ ਬਰਿਆਰ 27 ਮਈ ਨੂੰ ਗੁਰਦੁਆਰਾ ਪਿੰਡ ਸੰਧਵਾਂ 28 ਮਈ ਨੂੰ ਗੁਰਦੁਆਰਾ ਸਾਹਿਬ ਪਿੰਡ ਲੱਧਾ ਮੁੰਡਾ, 29 ਮਈ ਨੂੰ ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਪਿੰਡ ਮਸਾਣੀਆਂ, 30 ਮਈ ਨੂੰ ਗੁਰਦੁਆਰਾ ਬਾਬਾ ਭਗਤਾ ਜੀ ਪਿੰਡ ਚਾਹਲ ਕਲਾਂ ਵਿਖੇ ਗੁਰਮਤਿ ਸਮਾਗਮ ਹੋਣਗੇ। ਦਮਦਮੀ ਟਕਸਾਲ ਜਥਾ ਭਿੰਡਰਾਂ ਸੰਗਰਾਵਾਂ ਵੱਲੋਂ ਭੇਜੇ ਹੋਏ ਕਥਾਵਾਚਕ ਗਿਆਨੀ ਦਲੇਰ ਸਿੰਘ ਨੇ ਦੱਸਿਆ ਕਿ ਇਸ ਤੋਂ ਉਪਰੰਤ ਹਰ ਸਾਲ ਦੀ ਤਰ੍ਹਾਂ, 6 ਜੂਨ (ਦਿਨ ਸ਼ੁੱਕਰਵਾਰ) ਵਾਲੇ ਦਿਨ, ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸ਼ਹੀਦਾਂ (ਸੰਗਰਾਵਾਂ) ਵਿਖੇ ਤੀਸਰੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਅਤੇ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਦੀ ਦੇਖ ਰੇਖ ਹੇਠ, ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਪੰਥ ਦੇ ਉੱਚ ਕੋਟੀ ਦੇ ਵਿਦਵਾਨ, ਸੰਤ ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ ਦੇ ਮੁਖੀ ਅਤੇ ਪੰਥ ਪ੍ਰਵਾਨਿਤ ਸੰਤ ਮਹਾਂਪੁਰਸ਼ ਵੱਡੀ ਪੱਧਰ 'ਤੇ ਹਿੱਸਾ ਲੈ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਹੁਣ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਆਓ ਪੰਥ ਲਈ ਕੁਰਬਾਨੀ ਕਰਨ ਵਾਲੇ ਸ਼ਹੀਦ ਸਿੰਘਾਂ ਨੂੰ ਸਿਜਦਾ ਕਰਨ ਲਈ, ਸ਼ਹੀਦ ਸਿੰਘਾਂ ਦੀ ਪੰਥ ਪ੍ਰਤੀ ਘਾਲੀ ਘਾਲਣਾ, ਅਤੇ ਉਹਨਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ 6 ਜੂਨ ਨੂੰ ਦਮਦਮੀ ਟਕਸਾਲ ਦੇ ਹੈਡ ਕੁਆਰਟਰ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸ਼ਹੀਦਾਂ (ਸੰਗਰਾਵਾਂ) ਵਿਖੇ ਹੋ ਰਹੇ ਗੁਰਮਤਿ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਏ।

## ਕਾਂਗਰਸ ਦੇ ਸਾਬਕਾ ਵਿਧਾਇਕ ਸੰਤੋਖ ਸਿੰਘ ਦੀ ਅਗਵਾਈ ਵਿੱਚ ਸੰਵਿਧਾਨ ਬਚਾਓ ਰੈਲੀ

ਰਈਆ, 25 ਮਈ (ਰਾਕੇਸ਼ ਸਲਵਾਨ): ਅੱਜ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵੱਲੋਂ ਰਈਆ ਵਿਖੇ ਚੰਦਨ ਪੈਲੇਸ ਵਿੱਚ ਸੰਵਿਧਾਨ ਬਚਾਓ ਰੈਲੀ ਦਾ ਪ੍ਰੋਗਰਾਮ ਰੱਖਿਆ ਗਿਆ ਜਿਸ ਵਿੱਚ ਕਾਂਗਰਸ ਪਾਰਟੀ ਦੇ ਉੱਚ ਕੋਟੀ ਦੇ ਲੀਡਰ ਪਹੁੰਚੇ, ਜਿਸ ਵਿੱਚ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਸੁਨੀਲ ਦੱਤੀ ਅਤੇ ਸਾਬਕਾ ਵਿਧਾਇਕ ਸੁਖਜਿੰਦਰ ਸਿੰਘ ਡੈਨੀ ਉਚੇਚੇ ਤੌਰ 'ਤੇ ਪਹੁੰਚੇ। ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡਾਂ ਵਿੱਚੋਂ ਕਾਂਗਰਸ ਪਾਰਟੀ ਦੇ ਵਰਕਰਾਂ ਦਾ ਹੜ੍ਹ ਦੇਖਣ ਨੂੰ ਮਿਲਿਆ। ਸਾਰੇ ਲੀਡਰਾਂ ਵੱਲੋਂ ਵਰਕਰਾਂ ਨੂੰ ਭਾਸ਼ਣ ਦਿੱਤਾ ਗਿਆ ਅਤੇ ਆਖਿਆ ਵੀ ਹਜ਼ਾਰ ਜਤਾਈ ਵਿੱਚ ਤੁਹਾਡੀ ਆਪਣੀ ਸਰਕਾਰ ਬਣਨ ਜਾ ਰਹੀ ਹੈ ਅਤੇ ਸੰਤੋਖ ਸਿੰਘ ਭਲਾਈਪੁਰ ਤੁਹਾਡੇ ਮੰਤਰੀ ਹੋਣਗੇ।ਸੰਤੋਖ ਸਿੰਘ ਭਲਾਈਪੁਰ ਨੇ ਆਉਣ ਵਾਲੇ ਵਿਧਾਇਕ ਨਹੀਂ ਸਗੋਂ ਮੰਤਰੀ ਮੰਡਲ ਵਿੱਚ ਮੰਤਰੀ ਹੋਣਗੇ।ਆਏ ਹੋਏ ਸਾਰੇ ਪਿੰਡਾਂ ਦੇ ਵਰਕਰਾਂ ਦਾ ਸੰਤੋਖ ਸਿੰਘ ਭਲਾਈਪੁਰ ਅਤੇ ਸਾਰੇ ਲੀਡਰਾਂ ਵੱਲੋਂ ਧੰਨਵਾਦ ਕੀਤਾ।ਰਾਹਾ ਬਾਠ. ਮੰਗਲ ਸਿੰਘ ਨੰਬਰਦਾਰ ਮੈਨਾ ਸਿੰਘ ਗਹਿਲ ਸਿੰਘ ਆਪਣੇ ਸਾਰੇ ਜਥੇ ਸਮੇਤ ਪੁੱਜੇ।

# ਰਣਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਬਤੌਰ ਮੈਨੇਜਰ ਵਜੋਂ ਅਹੁਦਾ ਸੰਭਾਲਿਆ

ਫਤਿਹਗੜ੍ਹ ਸਾਹਿਬ, 25 ਮਈ (ਹਰਪ੍ਰੀਤ ਕੌਰ ਟਿਵਾਣਾ) : ਸ਼ਹੀਦਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਵੱਲੋਂ ਆਪਣਾ ਅਹੁਦਾ ਸੰਭਾਲਿਆ ਗਿਆ। ਇਸ ਮੌਕੇ 'ਤੇ ਉਹਨਾਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਪਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ। ਇਸ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਤਿਹਗੜ੍ਹ ਸਾਹਿਬ ਤੋਂ ਇੰਚਾਰਜ ਤੇ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਰਵਿੰਦਰ



ਸਿੰਘ ਖਾਲਸਾ, ਮੈਂਬਰ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਰਿਆ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਤਰ ਸਿੰਘ ਵੱਲੋਂ ਨਵੇਂ ਆਏ ਮੈਨੇਜਰ ਰਣਜੀਤ ਸਿੰਘ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।ਇਸ ਮੌਕੇ 'ਤੇ ਮੈਨੇਜਰ ਰਣਜੀਤ ਸਿੰਘ ਨੇ ਸਮੁੱਚੇ ਗੁਰਦੁਆਰਾ ਸਾਹਿਬ ਦੇ ਸਟਾਫ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਸੁਚਾਰੂ ਪ੍ਰਬੰਧ ਲਈ ਪੂਰਨ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਦੇਸ਼ਾਂ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਵਾਲੀ ਸੰਗਤ ਨੂੰ ਕਿਸੇ ਪ੍ਰਕਾਰ ਦੀ ਕੋਈ ਪਰੇਸ਼ਾਨੀ ਪੇਸ਼ ਨਾ ਆ ਸਕੇ। ਦੱਸ ਦੇਈਏ ਕਿ ਮੈਨੇਜਰ ਰਣਜੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਤਬਦੀਲ ਹੋ ਕੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਨਵੇਂ ਮੈਨੇਜਰ ਲੱਗੇ ਹਨ ਜਦੋਂ ਕਿ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਦਾ ਤਬਾਦਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਮੈਨੇਜਰ ਵਜੋਂ ਹੋਇਆ ਹੈ ਤੇ ਉਨ੍ਹਾਂ ਵੱਲੋਂ ਵੀ ਆਪਣਾ ਅਹੁਦਾ ਸੰਭਾਲਿਆ ਗਿਆ ਹੈ। ਇਸ ਮੌਕੇ ਉਹਨਾਂ ਤੋਂ ਇਲਾਵਾ ਬਰਿੰਦਰ ਸਿੰਘ, ਸਵਰਨ ਸਿੰਘ, ਨਰਿੰਦਰ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਚੀਮਾ, ਜਗਮੀਤ ਸਿੰਘ, ਜੋਗਾ ਸਿੰਘ, ਨਿਰਮਲ ਸਿੰਘ, ਹਰਮਨਜੀਤ ਸਿੰਘ, ਗੁਰਇਕਬਾਲ ਸਿੰਘ, ਪ੍ਰਿਤਪਾਲ ਸਿੰਘ, ਗਗਨਜੀਤ ਸਿੰਘ ਸਮੇਤ ਹੋਰ ਗੁਰਦੁਆਰਾ ਸਾਹਿਬ ਦੇ ਸਟਾਫ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

## ਕੇਜਰੀਵਾਲ ਅਤੇ ਮਾਨ ਨੇ ਪੰਜਾਬ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਆਪਣੀ ਵਚਨਬੱਧਤਾ ਦੁਹਰਾਈ

ਜਿਸ ਲਈ ਲੋਕਾਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਦੀ ਲੜਾਈ ਹੈ ਅਤੇ ਇਸ ਦਾ ਸਮਰਥਨ ਕਰਨਾ ਹਰ ਕਿਸੇ ਦਾ ਨੈਤਿਕ ਫਰਜ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਨਸ਼ਿਆਂ ਦਾ ਸਰਾਪ ਖਤਮ ਨਹੀਂ ਹੋ ਜਾਂਦਾ। ਮੁੱਖ ਮੰਤਰੀ ਨੇ ਕਿਹਾ ਕਿ ਨਸਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹੁਣ ਲਈ ਬੁਲਡੋਜ਼ਰ ਮੁਹਿੰਮ ਨੂੰ ਕਿਸੇ ਅੰਤਿਮ ਸਿੱਟੇ ਤੱਕ ਪਹੁੰਚਾਉਣ ਤੱਕ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਹੈ ਅਤੇ ਇਸ ਦਾ ਉਦੇਸ ਇਹ ਯਕੀਨੀ ਬਣਾਉਣਾ ਹੈ ਕਿ ਨਸੇ ਦੇ ਵਪਾਰ ਨੂੰ ਡੂੰਘੀ ਸੱਟ ਵੱਜੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਾਰਵਾਈ ਨੂੰ ਹੋਰ ਤੇਜ ਕੀਤਾ ਜਾਵੇਗਾ ਤਾਂ ਜੋ ਸੂਬੇ ਵਿੱਚੋਂ ਨਸੇ ਦਾ ਪੂਰੀ ਤਰ੍ਹਾਂ ਸਫਾਇਆ ਕੀਤਾ ਜਾ ਸਕੇ। ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਅਤੇ ਸਮਰਥਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਲਾਹਨਤ ਸੂਬੇ ਦੇ ਚਿਹਰੇ 'ਤੇ ਇੱਕ ਕਲੰਕ ਹੈ ਅਤੇ ਇਸ ਲਾਹਨਤ ਨੂੰ ਮਿਟਾਉਣ ਲਈ ਸੂਬਾ ਸਰਕਾਰ ਨੂੰ ਰਣਨੀਤੀ ਬਣਾਉਣ ਵਿੱਚ ਦੋ ਸਾਲਾਂ ਤੋਂ ਵੱਧ ਸਮਾਂ ਲੱਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਨਸ਼ਿਆਂ ਦੀ ਸਪਲਾਈ ਲਾਈਨ ਕੱਟ ਦਿੱਤੀ ਗਈ ਅਤੇ ਇਨ੍ਹਾਂ ਘਿਨਾਉਣੇ ਅਪਰਾਧਾਂ ਵਿੱਚ ਸਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ, ਨਸਾ ਪੀੜਤਾਂ ਦਾ ਪੁਨਰਵਾਸ ਯਕੀਨੀ ਬਣਾਇਆ ਗਿਆ ਅਤੇ ਇੱਥੋਂ ਤੱਕ ਕਿ ਨਸਾ ਤਸਕਰਾਂ ਦੀ ਜਾਇਦਾਦ ਨੂੰ ਵੀ ਜਬਤ ਕਰਕੇ ਨਸਟ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਦੇ ਰੂਪ ਵਿੱਚ ਨਸ਼ਿਆਂ ਵਿਰੁੱਧ ਜੰਗ ਸੁਰੂ ਕੀਤੀ ਹੈ, ਜਿਸ ਦਾ ਉਦੇਸ ਸੂਬੇ ਵਿੱਚੋਂ ਨਸ਼ਿਆਂ ਨੂੰ ਸਾਫ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਦਿੱਤਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਸੂਬੇ ਦੇ ਲੋਕਾਂ ਨੂੰ ਪ੍ਰਗਤੀਸੀਲ ਨੀਤੀਆਂ ਦਾ ਲਾਭ ਮਿਲੇ। ਉਨ੍ਹਾਂ ਕਿਹਾ ਕਿ ਭਾਵੇਂ ਸਿਆਸਤਦਾਨਾਂ ਨੇ ਹਮੇਸਾ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਹੈ ਪਰ ਸੂਬੇ ਦੇ ਲੋਕਾਂ ਨੇ ਹਮੇਸਾ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਸਮਾਜ ਦੇ ਹਰ ਵਰਗ ਨੂੰ ਆਪਣੇ-ਆਪਣੇ ਖੇਤਰ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਭਰਪੂਰ ਮੌਕੇ ਪ੍ਰਦਾਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਆਖਰੀ ਸਾਹ ਤੱਕ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਲੜਦੇ ਰਹਿਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸਨਿੱਚਰਵਾਰ ਨੂੰ ਨਵੀਂ ਦਿੱਲੀ ਵਿਖੇ ਹੋਈ ਨੀਤੀ ਆਯੋਗ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਸਾਹਮਣੇ ਪਾਣੀ, ਯਮੁਨਾ ਸਤਲੁਜ ਲਿੰਕ (ਵਾਈ.ਐਸ.ਐਲ.), ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਦੀ ਵਧੀਕੀ, ਚੰਡੀਗੜ੍ਹ ਅਤੇ ਹੋਰ ਮੁੱਦਿਆਂ ਨੂੰ ਜੋਰਦਾਰ ਢੰਗ ਨਾਲ ਉਠਾਇਆ ਸੀ। ਉਨ੍ਹਾਂ ਕਿਹਾ ਕਿ ਤਿੰਨ ਕਰੋੜ ਪੰਜਾਬੀਆਂ ਦੇ ਹਿੱਤਾਂ ਦੇ ਰਖਵਾਲੇ ਹੋਣ ਦੇ ਨਾਤੇ ਇਹ ਉਨ੍ਹਾਂ ਦਾ ਨੈਤਿਕ ਫਰਜ ਹੈ ਅਤੇ ਉਹ ਹਮੇਸਾ ਅਜਿਹਾ ਕਰਦੇ ਰਹਿਣਗੇ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਸੂਬੇ ਦੀਆਂ ਵਿਰੋਧੀ ਤਾਕਤਾਂ ਸਮਾਜ ਵਿੱਚ ਫੁੱਟ ਪਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ ਪਰ ਉਹ ਆਪਣੇ ਇਸ ਮਾੜੇ ਮਨਸੂਬੇ ਵਿੱਚ ਕਦੇ ਵੀ ਸਫਲ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਮਾਜਿਕ ਸਾਂਝ ਇੰਨੀ ਮਜਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਕੋਈ ਵੀ ਬੀਜ ਉੱਗ ਸਕਦਾ ਹੈ ਪਰ ਇੱਥੇ ਨਫਰਤ ਦਾ ਬੀਜ ਕਿਸੇ ਵੀ ਕੀਮਤ 'ਤੇ ਕਦੇ ਨਹੀਂ ਪੁੰਗਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਪਿਆਰ ਅਤੇ ਸਹਿਨਸ਼ੀਲਤਾ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ, ਇੱਕ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਤੇ ਦੂਜੇ ਪੈਰਾਸ਼ੂਟਰ। ਉਨ੍ਹਾਂ ਕਿਹਾ ਕਿ ਜਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਉਹ ਹੁੰਦੇ ਹਨ, ਜੋ ਪੂਰੀ ਦੁਨੀਆ ਨੂੰ ਜਿੱਤਣ ਲਈ ਜਮੀਨ ਤੋਂ ਉੱਠਦੇ ਹਨ ਅਤੇ ਇਹ ਮਿਹਨਤੀ ਲੋਕ ਅਸਮਾਨ ਛੋਹਣ ਦੀ ਹਿੰਮਤ ਰੱਖਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੂਜੇ ਪਾਸੇ ਪੈਰਾਸ਼ੂਟਰ ਸਿੱਧੇ ਅਸਮਾਨ ਤੋਂ ਆਉਂਦੇ ਹਨ ਪਰ ਉਨ੍ਹਾਂ ਦਾ ਜਮੀਨ 'ਤੇ ਡਿੱਗਣਾ ਤੈਅ ਹੁੰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ 54000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਭ੍ਰਿਸਟਾਚਾਰ ਜਾਂ ਭਾਈ-ਭਤੀਜਾਵਾਦ ਦੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਰਹੇ ਹਨ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੀੜ੍ਹੀਆਂ ਨੂੰ ਬਰਬਾਦ ਕੀਤਾ ਹੈ, ਉਨ੍ਹਾਂ ਨੂੰ ਪਾਪਾਂ ਦੀ ਸਜਾ ਮਿਲੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਇਨ੍ਹਾਂ ਆਗੂਆਂ ਨੂੰ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ ਅਤੇ ਇਸ ਕੰਮ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਆਮ ਆਦਮੀ ਨੂੰ ਰਾਹਤ ਦੇਣ ਦੇ ਇਸ ਕਾਰਜ ਲਈ ਵਚਨਬੱਧ ਹੈ ਅਤੇ ਇਸ ਲਈ ਹਰ ਸੰਭਵ ਕੋਸ਼ਿਸ ਕੀਤੀ ਜਾਵੇਗੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਤਰੱਕੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਰੰਗਲਾ ਪੰਜਾਬ ਜਲਦੀ ਹੀ ਹਕੀਕਤ ਬਣੇਗਾ। ਉਨ੍ਹਾਂ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮਿਲ ਰਹੀ ਹੈ, ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮਿਲ ਰਹੀਆਂ ਹਨ, 90 ਫੀਸਦੀ ਘਰਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਹਰ ਖੇਤਰ ਵਿੱਚ ਮੋਹਰੀ ਬਣ ਕੇ ਉਭਰੇਗਾ ਅਤੇ ਲੋਕਾਂ ਨੂੰ ਇਸ ਦਾ ਭਰਪੂਰ ਲਾਭ ਹੋਵੇਗਾ।

## ਲਾਲੂ ਯਾਦਵ ਨੇ ਪੁੱਤਰ ਤੇਜ ਪ੍ਰਤਾਪ ਨੂੰ 6 ਸਾਲ ਲਈ ਪਾਰਟੀ 'ਚੋਂ ਕੱਢਿਆ

ਪਰਿਵਾਰਕ ਕਦਰਾਂ-ਕੀਮਤਾਂ ਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ, ਇਸ ਲਈ ਮੈਂ ਉਸਨੂੰ ਪਾਰਟੀ ਤੇ ਪਰਿਵਾਰ ਤੋਂ ਦੂਰ ਕਰਦਾ ਹਾਂ ਹੁਣ ਤੋਂ ਪਾਰਟੀ ਤੇ ਪਰਿਵਾਰ ਵਿਚ ਉਸ ਦੀ ਕਿਸੇ ਵੀ ਪ੍ਰਕਾਰ ਦੀ ਕੋਈ ਭੂਮਿਕਾ ਨਹੀਂ ਰਹੇਗੀ। ਉਸ ਨੂੰ ਪਾਰਟੀ ਤੋਂ 6 ਸਾਲ ਲਈ ਕੱਢਿਆ ਜਾਂਦਾ ਹੈ। ਲਾਲੂ ਯਾਦਵ ਤੋਂ ਇਲਾਵਾ ਤੇਜਪ੍ਰਤਾਪ ਦੇ ਛੋਟੇ ਭਰਾ ਤੇਜਸਵੀ ਯਾਦਵ ਨੇ ਵੀ ਕਿਹਾ ਕਿ ਤੇਜ ਪ੍ਰਤਾਪ ਆਪਣੇ ਨਿੱਜੀ ਜੀਵਨ ਦਾ ਫੈਸਲਾ ਲੈਣ ਲਈ ਆਜ਼ਾਦ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਪ੍ਰਧਾਨ ਲਾਲੂ ਯਾਦਵ ਦੇ ਫੈਸਲੇ ਦੇ ਸਮਰਥਨ ਵਿਚ ਹਨ। ਉਨ੍ਹਾਂ ਨੇ ਤੇਜਪ੍ਰਤਾਪ ਬਾਰੇ ਕਿਹਾ ਕਿ ਉਹ ਬਾਲਗ ਹਨ ਤੇ ਆਪਣਾ ਫੈਸਲਾ ਖੁਦ ਲੈ ਸਕਦੇ ਹਨ।

## ਭਾਰਤ ਬਣਿਆ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ

ਜੀ.ਡੀ.ਪੀ. ਵਿਕਾਸ ਦਰ 6.8 ਫੀਸਦੀ ਰਹਿਣ ਦੀ ਉਮੀਦ ਹੈ, ਜਿਸ ਕਾਰਨ ਵਿੱਤੀ ਸਾਲ 2025 ਦੀ ਕੁੱਲ ਵਿਕਾਸ ਦਰ 6.3 ਫੀਸਦੀ ਰਹੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖੇਤੀਬਾੜੀ, ਹੋਟਲ ਅਤੇ ਆਵਾਜਾਈ ਦੇ ਨਾਲ-ਨਾਲ ਨਿਰਮਾਣ ਖੇਤਰਾਂ ਵਿੱਚ ਮਜ਼ਬੂਤ ਪ੍ਰਦਰਸ਼ਨ ਵਿਕਾਸ ਨੂੰ ਵਧਾ ਰਿਹਾ ਹੈ। ਇੱਕ ਪਾਸੇ ਭਾਰਤ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ, ਜਦੋਂਕਿ ਦੂਜੇ ਪਾਸੇ ਡੋਨਾਲਡ ਟਰੰਪ ਦੇ ਟੈਰਿਫ ਦੇ ਨਾਲ-ਨਾਲ ਮਹਿੰਗਾਈ ਵਿੱਚ ਲਗਾਤਾਰ ਵਾਧੇ ਕਾਰਨ ਜਾਪਾਨ ਦੀ ਅਰਥਵਿਵਸਥਾ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਹੈ। ਰਿਪੋਰਟਾਂ ਅਨੁਸਾਰ, ਜਾਪਾਨ ਵਿੱਚ ਮਹਿੰਗਾਈ ਅਪ੍ਰੈਲ ਵਿੱਚ ਤੇਜ਼ੀ ਨਾਲ ਵਧ ਕੇ 3.5% ਹੋ ਗਈ ਹੈ, ਜੋ ਕਿ ਬਾਜ਼ਾਰ ਦੇ ਅਨੁਮਾਨਾਂ ਤੋਂ ਵੱਧ ਹੈ।

## ਸਿਰਫ਼ ਮਨੋਰੰਜਨ ਲਈ ਤਾਸ਼ ਖੇਡਣਾ ਅਨੈਤਿਕ ਆਚਰਣ ਨਹੀਂ: ਸੁਪਰੀਮ ਕੋਰਟ

ਹਾਲਾਤਾਂ ਦੇ ਮੱਦੇਨਜ਼ਰ ਸਾਨੂੰ ਇਹ ਕਹਿਣਾ ਔਖਾ ਲੱਗਦਾ ਹੈ ਕਿ ਅਪੀਲਕਰਤਾ 'ਤੇ ਲਾਇਆ ਗਿਆ ਦੁਰਾਚਾਰ ਦਾ ਦੋਸ਼ ਨੈਤਿਕ ਪਤਨ ਦੀ ਸ਼੍ਰੇਣੀ 'ਚ ਆਉਂਦਾ ਹੈ। ਇਹ ਸਭ ਜਾਣਦੇ ਹਨ ਕਿ ਨੈਤਿਕ ਪਤਨ ਸ਼ਬਦ ਦੀ ਵਰਤੋਂ ਕਾਨੂੰਨੀ ਤੇ ਸਮਾਜਿਕ ਭਾਸ਼ਾ 'ਚ ਅਜਿਹੇ ਆਚਰਣ ਦਾ ਵਰਨਣ ਕਰਨ ਲਈ ਕੀਤੀ ਜਾਂਦੀ ਹੈ ਜੋ ਸੁਭਾਵਿਕ ਤੌਰ 'ਤੇ ਨੀਚ, ਭ੍ਰਿਸ਼ਟ ਜਾਂ ਕਿਸੇ ਤਰ੍ਹਾਂ ਨਾਲ ਭ੍ਰਿਸ਼ਟਤਾ ਦਿਖਾਉਣ ਵਾਲਾ ਹੋਵੇ। ਹਰ ਉਹ ਕੰਮ ਜਿਸ ਖਿਲਾਫ ਕੋਈ ਇਤਰਾਜ਼ ਕਰ ਸਕਦਾ ਹੈ, ਜ਼ਰੂਰੀ ਨਹੀਂ ਕਿ ਉਸ 'ਚ ਨੈਤਿਕ ਪਤਨ ਸ਼ਾਮਲ ਹੋਵੇ।

## ਪੰਜਾਬ ਦੇ 8 ਜ਼ਿਲ੍ਹਿਆਂ 'ਚ ਮੀਂਹ ਨਾਲ ਭਾਰੀ ਤੂਫ਼ਾਨ ਦੀ ਭਵਿੱਖਬਾਣੀ

ਇਸੇ ਤਰ੍ਹਾਂ ਪੱਛਮੀ ਡਿਸਟਰਬੈਂਸ ਦੇ ਚਲਦਿਆਂ ਤੇਜ਼ ਹਵਾਵਾਂ ਨਾਲ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਖ਼ਾਸ ਤੌਰ 'ਤੇ ਪੰਜਾਬ ਦੇ ਦੱਖਣ-ਪੱਛਮੀ ਹਿੱਸਿਆਂ ਵਿੱਚ ਪੈਣ ਵਾਲੇ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਅਤੇ ਤੇਜ਼ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ। ਦੱਸ ਦਈਏ ਕਿ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ ਅਤੇ ਫਤਿਹਗੜ੍ਹ ਸਾਹਿਬ ਵਿੱਚ ਮੀਂਹ ਅਤੇ ਤੂਫ਼ਾਨ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਥੇ 40 ਤੋਂ 60 ਕਿਲੋਮੀਟਰ ਦੀ ਰਫ਼ਤਾਰ ਨਾਲ ਹਵਾਵਾਂ ਵੀ ਚੱਲ ਸਕਦੀਆਂ ਹਨ। ਉਥੇ ਹੀ ਤਰਨਤਾਰਨ, ਕਪੂਰਥਲਾ, ਜਲੰਧਰ, ਪਟਿਆਲਾ, ਸੰਗਰੂਰ ਅਤੇ ਲੁਧਿਆਣਾ ਵਿੱਚ ਗਰਮੀ ਦੀ ਲਹਿਰ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਸਾਹਿਬ, ਫਰੀਦਕੋਟ, ਮੋਗਾ, ਬਰਨਾਲਾ, ਬਠਿੰਡਾ ਅਤੇ ਮਾਨਸਾ ਵਿੱਚ ਗਰਮੀ ਦੀ ਲਹਿਰ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਥੇ ਦਿਨ ਦੇ ਨਾਲ-ਨਾਲ ਰਾਤਾਂ ਵੀ ਗਰਮ ਰਹਿਣ ਵਾਲੀਆਂ ਹਨ। ਉਥੇ ਹੀ ਜੇਕਰ ਪੰਜਾਬ ਵਿਚ ਮੌਸਮ ਸਬੰਧੀ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਮੌਸਮ ਵਿਭਾਗ ਅਨੁਸਾਰ ਸ਼ਨੀਵਾਰ ਸ਼ਾਮ ਨੂੰ ਸੂਬੇ ਚ ਤਾਪਮਾਨ 0.4 ਡਿਗਰੀ ਵਧ ਗਿਆ ਪਰ ਰਾਤ ਨੂੰ ਮੀਂਹ ਅਤੇ ਤੇਜ਼ ਹਵਾਵਾਂ ਨੇ ਤਾਪਮਾਨ ਨੂੰ ਹੇਠਾਂ ਲਿਆਂਦਾ। ਹਾਲਾਂਕਿ ਤਾਪਮਾਨ ਆਮ ਦੇ ਨੇੜੇ ਬਣਿਆ ਹੋਇਆ ਹੈ। ਸੂਬੇ ਚ ਸਭ ਤੋਂ ਵੱਧ ਤਾਪਮਾਨ ਅਬੋਹਰ ਵਿਚ 41.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

## ਮੋਹਾਲੀ ਜ਼ਿਲ੍ਹੇ 'ਚ ਮਿਲਿਆ ਕੋਰੋਨਾ ਦਾ ਪਹਿਲਾ ਮਾਮਲਾ

ਸਿਹਤ ਖਰਾਬ ਹੋ ਗਈ। ਇਸ ਦੌਰਾਨ ਉਸ ਨੂੰ ਮੋਹਾਲੀ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਉਸ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ। ਮੌਜੂਦਾ ਸਾਹਮਣੇ ਆਏ ਮਾਮਲੇ ਵਿਚ ਦੱਸਿਆ ਜਾ ਰਿਹਾ ਹੈ ਕਿ ਪਾਜ਼ੇਟਿਵ ਵਿਅਕਤੀ ਨੂੰ ਇਲਾਜ ਲਈ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ

## ਬਾਕੀ

ਹਾਲਾਂਕਿ ਉਸ ਦਾ ਟੈਸਟ ਕੋਵਿਡ-19 ਲਈ ਸਕਾਰਾਤਮਕ ਆਇਆ। ਜ਼ਿਲ੍ਹੇ ਵਿੱਚ ਸਾਹਮਣੇ ਆਏ ਨਵੇਂ ਮਾਮਲੇ ਨੇ ਸਿਹਤ ਮਾਹਰਾਂ ਵਿਚ ਨਵੀਂ ਚਿੰਤਾ ਛੇੜ ਦਿੱਤੀ ਹੈ। ਇਸ ਕੇਸ ਮਗਰੋਂ ਸਾਰੇ ਜ਼ਿਲ੍ਹਾ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਨੂੰ ਟੈਸਟਿੰਗ ਵਧਾਉਣ ਅਤੇ ਲੋੜੀਂਦੇ ਬਿਸਤਰੇ ਅਤੇ ਆਕਸੀਜਨ ਸਿਲੰਡਰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਦਾ 85ਵਾਂ ਦਿਨ
## 158 ਨਸ਼ਾ ਤਸਕਰ 10 ਕਿਲੋ ਹੈਰੋਇਨ, 1.3 ਕਿਲੋ ਅਫ਼ੀਮ, 19 ਹਜ਼ਾਰ ਰੁਪਏ ਦੀ ਡਰੱਗ ਸਮੇਤ ਗ੍ਰਿਫ਼ਤਾਰ

ਅਤੇ ਰਾਜ ਭਰ ਵਿੱਚ 104 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 456 ਸ਼ੱਕੀ ਵਿਅਕਤੀਆਂ ਦੀ ਵੀ ਚੈਕਿੰਗ ਕੀਤੀ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਲਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ, ਜਿਸਦੇ ਤਹਿਤ ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 109 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## 'ਆਪ੍ਰੇਸ਼ਨ ਸਿੰਦੂਰ' ਸਾਡੇ ਅੱਤਵਾਦ ਨੂੰ ਖ਼ਤਮ ਕਰਨ ਦੇ ਇਰਾਦੇ ਨੂੰ ਪ੍ਰਗਟਾਉਂਦਾ ਹੈ: ਮੋਦੀ

ਆਪ੍ਰੇਸ਼ਨ ਨਹੀਂ ਹੈ, ਇਹ ਭਾਰਤ ਨੂੰ ਬਦਲਣ ਦੀ ਤਸਵੀਰ ਹੈ। ਪ੍ਰਧਾਨ ਮੰਤਰੀ ਨੇ ਕਿਹਾ, 'ਮੇਰੇ ਪਿਆਰੇ ਦੇਸ਼ ਵਾਸੀਓ, ਨਮਸਕਾਰ!' ਅੱਜ ਪੂਰਾ ਦੇਸ਼ ਅਤਿਵਾਦ ਵਿਰੁਧ ਇੱਕਜੁੱਟ ਹੈ। ਨਾਰਾਜ਼ਗੀ ਨਾਲ ਭਰਿਆ ਹੋਇਆ ਹੈ। ਨਿਰਧਾਰਤ ਹੈ। ਅੱਜ ਇਹ ਹਰ ਭਾਰਤੀ ਦਾ ਸੰਕਲਪ ਹੈ, ਸਾਨੂੰ ਅਤਿਵਾਦ ਨੂੰ ਖ਼ਤਮ ਕਰਨਾ ਪਵੇਗਾ। 'ਆਪ੍ਰੇਸ਼ਨ ਸਿੰਦੂਰ' ਦੌਰਾਨ ਸਾਡੀਆਂ ਫ਼ੌਜਾਂ ਦੁਆਰਾ ਦਿਖਾਈ ਗਈ ਬਹਾਦਰੀ ਨੇ ਹਰ ਭਾਰਤੀ ਨੂੰ ਮਾਣ ਮਹਿਸੂਸ ਕਰਵਾਇਆ ਹੈ। ਜਿਸ ਸਪਸ਼ਟਤਾ ਅਤੇ ਸ਼ੁੱਧਤਾ ਨਾਲ ਸਾਡੀਆਂ ਫ਼ੌਜਾਂ ਨੇ ਸਰਹੱਦ ਪਾਰ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਹੈ, ਉਹ ਹੈਰਾਨੀਜਨਕ ਹੈ। 'ਆਪ੍ਰੇਸ਼ਨ ਸਿੰਦੂਰ' ਨੇ ਦੁਨੀਆਂ ਭਰ ਵਿਚ ਅਤਿਵਾਦ ਵਿਰੁਧ ਲੜਾਈ ਨੂੰ ਨਵਾਂ ਵਿਸ਼ਵਾਸ ਅਤੇ ਉਤਸ਼ਾਹ ਦਿਤਾ ਹੈ। ਮੋਦੀ ਨੇ ਕਿਹਾ ਕਿ ਸਾਡੇ ਸੈਨਿਕਾਂ ਨੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿਤਾ, ਇਹ ਉਨ੍ਹਾਂ ਦੀ ਅਜਿੱਤ ਹਿੰਮਤ ਸੀ ਅਤੇ ਇਸ ਵਿਚ ਭਾਰਤ ਵਿਚ ਬਣੇ ਹਥਿਆਰਾਂ, ਉਪਕਰਣਾਂ ਅਤੇ ਤਕਨਾਲੋਜੀ ਦੀ ਤਾਕਤ ਸ਼ਾਮਲ ਸੀ। 'ਆਤਮ-ਨਿਰਭਰ ਭਾਰਤ' ਦਾ ਸੰਕਲਪ ਵੀ ਸੀ। ਇਸ ਜਿੱਤ ਵਿਚ ਸਾਡੇ ਇੰਜੀਨੀਅਰਾਂ, ਸਾਡੇ ਟੈਕਨੀਸ਼ੀਅਨਾਂ, ਸਾਰਿਆਂ ਦਾ ਪਸੀਨਾ ਸ਼ਾਮਲ ਹੈ।

## ਮੁੱਖ ਮੰਤਰੀਆਂ ਦੀ ਮੀਟਿੰਗ 'ਚ ਜਾਤੀ ਜਨਗਣਨਾ ਸਮੇਤ ਕਈ ਮੁੱਦਿਆਂ 'ਤੇ ਬਣਾਇਆ ਰੋਡਮੈਪ

ਮੀਟਿੰਗ ਵਿੱਚ ਆਪ੍ਰੇਸ਼ਨ ਸਿੰਦੂਰ ਦੀ ਗੂੰਜ ਸੁਣਾਈ ਦਿੱਤੀ। ਇਸ ਦੇ ਨਾਲ ਹੀ ਜਾਤੀ ਜਨਗਣਨਾ, ਸੁਸ਼ਾਸਨ ਸਮੇਤ ਕਈ ਹੋਰ ਮੁੱਦਿਆਂ ਤੇ ਭਵਿੱਖ ਦਾ ਰੋਡਮੈਪ ਬਣਾਇਆ ਗਿਆ। ਇਸ ਮੀਟਿੰਗ ਵਿੱਚ ਯੂ.ਪੀ. ਦੇ ਸੀ.ਐਮ. ਯੋਗੀ ਆਦਿਤਿਆਨਾਥ, ਬਿਹਾਰ ਦੇ ਸੀਐਮ ਨਿਤੀਸ਼ ਕੁਮਾਰ, ਅਸਾਮ ਦੇ ਸੀ.ਐਮ. ਹਿੰਮਤ ਬਿਸਵਾ ਸਰਮਾ, ਰਾਜਸਥਾਨ ਦੇ ਸੀ.ਐਮ.ਭਜਨ ਲਾਲ ਸ਼ਰਮਾ, ਗੁਜਰਾਤ ਦੇ ਸੀ.ਐਮ. ਭੂਪੇਂਦਰ ਪਟੇਲ, ਹਰਿਆਣਾ ਦੇ ਸੀ.ਐਮ. ਨਾਇਬ ਸਿੰਘ ਸੈਣੀ, ਦਿੱਲੀ ਦੇ ਸੀ.ਐਮ. ਰੇਖਾ ਗੁਪਤਾ, ਆਂਧਰਾ ਦੇ ਡਿਪਟੀ ਸੀ.ਐਮ. ਪਵਨ ਕਲਿਆਣ ਸਮੇਤ ਕਈ ਐਨ.ਡੀ.ਏ. ਸ਼ਾਸਿਤ ਰਾਜਾਂ ਦੇ ਸੀ.ਐਮ. ਅਤੇ ਡਿਪਟੀ ਸੀ.ਐਮ. ਮੌਜੂਦ ਸਨ। ਮੀਟਿੰਗ ਵਿੱਚ ਅਮਿਤ ਸ਼ਾਹ, ਰਾਜਨਾਥ ਸਿੰਘ, ਜੇ.ਪੀ. ਨੱਡਾ ਸਮੇਤ ਕਈ ਕੇਂਦਰੀ ਮੰਤਰੀ ਵੀ ਮੌਜੂਦ ਸਨ। ਐਨ.ਡੀ.ਏ. ਮੁੱਖ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਤੋਂ ਇੱਕ ਦਿਨ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਦੇਸ਼ ਦੇ ਲਗਭਗ ਸਾਰੇ ਮੁੱਖ ਮੰਤਰੀਆਂ ਨਾਲ ਮੀਟਿੰਗ ਕੀਤੀ। ਹਾਲਾਂਕਿ, ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੀਤੀ ਆਯੋਗ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਐਤਵਾਰ ਨੂੰ ਐਨ.ਡੀ.ਏ. ਦੇ ਭਾਈਵਾਲ ਪਾਰਟੀਆਂ ਦੇ ਮੁੱਖ ਮੰਤਰੀਆਂ ਅਤੇ ਉਪ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ, ਆਪ੍ਰੇਸ਼ਨ ਸਿੰਦੂਰ ਅਤੇ ਜਾਤੀ ਜਨਗਣਨਾ ਬਾਰੇ ਇੱਕ ਪ੍ਰਸਤਾਵ ਪੇਸ਼ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ, ਦਿੱਲੀ ਵਿੱਚ ਐਨ.ਡੀ.ਏ. ਮੁੱਖ ਮੰਤਰੀਆਂ ਦੇ ਸੰਮੇਲਨ ਵਿੱਚ ਹਿੱਸਾ ਲਿਆ। ਅਸੀਂ ਵੱਖ-ਵੱਖ ਮੁੱਦਿਆਂ ਤੇ ਵਿਆਪਕ ਵਿਚਾਰ-ਵਟਾਂਦਰਾ ਕੀਤਾ। ਵੱਖ-ਵੱਖ ਰਾਜਾਂ ਨੇ ਪਾਣੀ ਦੀ ਸੰਭਾਲ, ਸ਼ਿਕਾਇਤ ਨਿਵਾਰਣ, ਪ੍ਰਸ਼ਾਸਨਿਕ ਢਾਂਚੇ ਨੂੰ ਮਜ਼ਬੂਤ ਕਰਨਾ, ਸਿੱਖਿਆ, ਮਹਿਲਾ ਸਸ਼ਕਤੀਕਰਨ, ਖੇਡਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਆਪਣੇ ਸਭ ਤੋਂ ਵਧੀਆ ਅਭਿਆਸਾਂ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਤਜ਼ਰਬਿਆਂ ਨੂੰ ਸੁਣਨਾ ਬਹੁਤ ਵਧੀਆ ਸੀ। ਮੈਂ ਆਪਣੇ ਵਿਕਾਸ ਦੇ ਮਾਰਗਾਂ ਨੂੰ ਗਤੀ ਦੇਣ ਅਤੇ ਦੋਹਰੇ ਇੰਜਣ ਵਾਲੀ ਸਰਕਾਰ ਦੇ ਲਾਭ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਣ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਸਫਾਈ, ਸੈਨੀਟੇਸ਼ਨ, ਯੁਵਾ ਸਸ਼ਕਤੀਕਰਨ, ਖੇਤੀਬਾੜੀ, ਤਕਨਾਲੋਜੀ ਅਤੇ ਹੋਰ ਬਹੁਤ ਸਾਰੇ ਮੁੱਖ ਖੇਤਰਾਂ ਵਿੱਚ ਮਜ਼ਬੂਤ ਤਾਲਮੇਲ ਬਣਾਉਣ ਬਾਰੇ ਗੱਲ ਕੀਤੀ।

## ਕਰਨਲ ਸੋਫੀਆ 'ਤੇ ਟਿੱਪਣੀ ਮਾਮਲੇ 'ਚ ਵਿਜੇ ਸ਼ਾਹ ਖ਼ਿਲਾਫ਼ ਐਸ.ਆਈ.ਟੀ. ਵੱਲੋਂ ਜਾਂਚ ਸ਼ੁਰੂ

ਐੱਸ.ਪੀ. ਵਾਹਿਨੀ ਸਿੰਘ ਜਾਂਚ ਟੀਮ ਦੇ ਹੋਰ ਮੈਂਬਰ ਹਨ। ਇਹ ਪੁੱਛੇ ਜਾਣ 'ਤੇ ਕਿ ਆਦਿਵਾਸੀ ਮਾਮਲਿਆਂ ਦੇ ਮੰਤਰੀ ਸ਼ਾਹ ਕੋਲੋਂ ਕਦੋਂ ਪੁੱਛਗਿੱਛ ਕੀਤੀ ਜਾਵੇਗੀ, ਐੱਸ.ਆਈ.ਟੀ. ਮੈਂਬਰ ਨੇ ਵਿਸਥਾਰ ਨਾਲ ਦੱਸਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਸੀਂ ਕੰਮ ਕਰ ਰਹੇ ਹਾਂ। ਬਸ ਇੰਨਾ ਹੀ। ਅਸੀਂ ਇੰਦੌਰ ਵਿਚ ਹੀ ਰਹਾਂਗੇ। ਸੁਪਰੀਮ ਕੋਰਟ ਨੇ ਐੱਸ.ਆਈ.ਟੀ. ਨੂੰ 28 ਮਈ ਤੱਕ ਆਪਣੀ ਪਹਿਲੀ ਸਥਿਤੀ ਰਿਪੋਰਟ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ।

## ਬੀ.ਬੀ.ਐਮ.ਬੀ. ਬਣਾ ਰਿਹੈ ਮਾਈਕ੍ਰੋ-ਹਾਈਡਲ ਪ੍ਰਾਜੈਕਟਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਯੋਜਨਾ

ਇਸ ਪ੍ਰਾਜੈਕਟ ਤਹਿਤ 1 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਭਾਖੜਾ ਮੇਨ ਲਾਈਨ ਨਹਿਰ ਦੇ ਇਸ ਹਿੱਸੇ ਵਿੱਚ 250 ™੍ਰ ਦੇ ਚਾਰ ਫਲੋਟਿੰਗ ਹਾਈਡ੍ਰੋ-ਕਾਇਨੇਟਿਕ ਟਰਬਾਈਨ ਲਗਾਏ ਜਾਣਗੇ। ਸੂਤਰਾਂ ਨੇ ਦੱਸਿਆ ਕਿ ਪ੍ਰਾਜੈਕਟ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ ਅਤੇ ਕੰਮ ਇੱਕ ਨਿੱਜੀ ਫਰਮ ਨੂੰ ਸੌਂਪਿਆ ਜਾਵੇਗਾ। ਇਸ ਤੋਂ ਇਲਾਵਾ ਬੀ.ਬੀ.ਐੱਮ.ਬੀ. ਨੇ ਨੰਗਲ, ਤਲਵਾੜਾ ਅਤੇ ਚੰਡੀਗੜ੍ਹ ਵਿੱਚ ਆਪਣੀਆਂ ਕਲੋਨੀਆਂ ਵਿੱਚ ਸੂਰਜੀ ਊਰਜਾ ਪ੍ਰਾਜੈਕਟ ਸਥਾਪਤ ਕਰਕੇ ਸੂਰਜੀ ਊਰਜਾ ਦੀ ਵਰਤੋਂ ਕਰਨ ਦੀ ਵੀ ਯੋਜਨਾ ਬਣਾਈ ਹੈ। ਸੂਤਰਾਂ ਨੇ ਦੱਸਿਆ ਕਿ ਨੰਗਲ ਅਤੇ ਤਲਵਾੜਾ ਟਾਊਨਸ਼ਿਪਾਂ ਵਿੱਚ 4.7 ਮੈਗਾਵਾਟ ਛੱਤ 'ਤੇ ਲੱਗੇ ਸੂਰਜੀ ਊਰਜਾ ਪ੍ਰਾਜੈਕਟ ਨੂੰ ਸਥਾਪਤ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਅਤੇ ਜੂਨ ਦੇ ਅਖ਼ੀਰ ਤੱਕ ਇਸ ਦੇ ਪੂਰਾ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ ਬੀ.ਬੀ.ਐੱਮ.ਬੀ. ਦੀ ਆਪਣੇ ਪ੍ਰਾਜੈਕਟਾਂ ਵਿੱਚ ਖਾਲੀ ਥਾਵਾਂ 'ਤੇ ਜ਼ਮੀਨ 'ਤੇ ਲੱਗੇ ਸੂਰਜੀ ਪ੍ਰਾਜੈਕਟਾਂ ਤੋਂ 16 ਮੈਗਾਵਾਟ ਸੂਰਜੀ ਊਰਜਾ ਪ੍ਰਾਪਤ ਕਰਨ ਦੀ ਯੋਜਨਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਪ੍ਰਾਜੈਕਟ ਨੂੰ ਨਿੱਜੀ ਫਰਮਾਂ ਨੂੰ ਸੌਂਪੇ ਜਾਣ ਦੀ ਸੰਭਾਵਨਾ ਹੈ। ਉਹ ਇਸ ਪ੍ਰਾਜੈਕਟ ਵਿੱਚ ਨਿਵੇਸ਼ ਕਰਨਗੇ ਅਤੇ ਬੀਬੀਐਮਬੀ ਗੱਲਬਾਤ ਤੋਂ ਬਾਅਦ ਨਿਰਧਾਰਤ ਦਰਾਂ ਅਨੁਸਾਰ ਨਿੱਜੀ ਕੰਪਨੀਆਂ ਤੋਂ ਬਿਜਲੀ ਖ਼ਰੀਦੇਗਾ। ਸੂਤਰਾਂ ਨੇ ਦੱਸਿਆ ਕਿ ਬੀ.ਬੀ.ਐੱਮਬੀ. ਦੇ ਇੰਜਨੀਅਰਾਂ ਨੇ ਮੌਜੂਦਾ ਡੈਮਾਂ ਅਤੇ ਨਹਿਰਾਂ 'ਤੇ ਛੋਟੇ ਪਣ-ਬਿਜਲੀ ਪ੍ਰਾਜੈਕਟ ਸਥਾਪਤ ਕਰਕੇ ਆਪਣੇ ਪ੍ਰਾਜੈਕਟਾਂ ਤੋਂ ਹੋਰ ਬਿਜਲੀ ਪ੍ਰਾਪਤ ਕਰਨ ਦੀ ਤਜਵੀਜ਼ ਵੀ ਰੱਖੀ ਹੈ। ਇਸ ਪ੍ਰਾਜੈਕਟਾਂ 'ਚ ਨਿਵੇਸ਼ ਲਈ ਵੀ ਨਿੱਜੀ ਖਿਡਾਰੀਆਂ ਨੂੰ ਆਊਟਸੋਰਸ ਕਰਨ ਦੀ ਤਜਵੀਜ਼ ਹੈ। ਹਾਲਾਂਕਿ, ਮੌਜੂਦਾ ਸਥਿਤੀ ਜਿਸ ਵਿੱਚ ਪੰਜਾਬ ਸਰਕਾਰ ਬੀ.ਬੀ.ਐੱਮ.ਬੀ. ਦੇ ਪੁਨਰਗਠਨ ਦੀ ਮੰਗ ਕਰ ਰਹੀ ਸੀ ਅਤੇ ਇਸ ਵਿੱਚ 60 ਫ਼ੀਸਦ ਮਾਲਕ ਵਜੋਂ ਆਪਣੀ ਭੂਮਿਕਾ 'ਤੇ ਜ਼ੋਰ ਦੇ ਰਹੀ ਹੈ। ਇਸ ਨਾਲ ਬੀਬੀਐੱਮਬੀ ਦੇ ਮਾਈਕ੍ਰੋ-ਹਾਈਡਲ ਪ੍ਰਾਜੈਕਟਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੇ ਫੈਸਲੇ 'ਤੇ ਉਲਟ ਅਸਰ ਪੈ ਸਕਦਾ ਹੈ।

## ਕੇਰਲਾ ਤੱਟ ਨੇੜੇ ਪਲਟਿਆ ਕਾਰਗੋ ਜਹਾਜ਼, ਸਮੁੰਦਰ ਵਿਚ ਡੁੱਲ੍ਹਿਆ ਤੇਲ

ਮੈਂਬਰਾਂ ਨੂੰ ਬਚਾ ਲਿਆ ਹੈ। ਬਾਕੀ ਮੈਂਬਰਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਚਿੰਤਾ ਦਾ ਵਿਸ਼ਾ ਇਹ ਹੈ ਕਿ ਸਮੁੰਦਰ ਵਿਚ ਡਿੱਗਣ ਵਾਲੇ ਕੰਟੇਨਰਾਂ ਵਿਚ ਸਲਫਰ ਵਾਲਾ ਤੇਲ ਹੁੰਦਾ ਹੈ, ਜੋ ਕਿ ਜਹਾਜ਼ਾਂ ਵਿਚ ਬਾਲਣ ਵਜੋਂ ਵਰਤਿਆ ਜਾਂਦਾ ਹੈ। ਇਹ ਤੇਲ ਬਹੁਤ ਖਤਰਨਾਕ ਹੈ ਅਤੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ। ਕੋਸਟ ਗਾਰਡ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਆਮ ਲੋਕ ਕਿਸੇ ਵੀ ਕਾਰਨ ਕਰ ਕੇ ਇਨ੍ਹਾਂ ਕੰਟੇਨਰਾਂ ਦੇ ਨੇੜੇ ਨਾ ਜਾਣ ਤੇ ਨਾ ਹੀ ਉਨ੍ਹਾਂ ਨੂੰ ਛੂਹਣ। ਜੇ ਤੱਟ ਤੇ ਅਜਿਹੀ ਕੋਈ ਚੀਜ਼ ਮਿਲਦੀ ਹੈ, ਤਾਂ ਤੁਰਤ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਸੂਚਿਤ ਕਰੋ ਜਾਂ 112 ਤੇ ਕਾਲ ਕਰੋ। ਹਾਦਸੇ ਤੋਂ ਬਾਅਦ, ਕੇਰਲ ਤੱਟ ਦੇ ਕੁੱਝ ਖੇਤਰਾਂ ਵਿਚ ਤੇਲ ਰਿਸਾਅ ਦੀ ਸੰਭਾਵਨਾ ਹੈ। ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਕੰਟੇਨਰਾਂ ਵਿਚ ਅਸਲ ਵਿਚ ਕੀ ਹੈ, ਕੋਸਟ ਗਾਰਡ ਨੇ ਸਟੇਟ ਆਫ਼ਤ ਪ੍ਰਬੰਧਨ ਅਥਾਰਟੀ ਨਾਲ ਜਾਣਕਾਰੀ ਸਾਂਝੀ ਕੀਤੀ ਹੈ ਕਿ ਉਨ੍ਹਾਂ ਵਿਚ ਖਤਰਨਾਕ ਸਮੱਗਰੀ ਹੋਣ ਦੀ ਸੰਭਾਵਨਾ ਹੈ। ਤਿਰੂਵਨੰਤਪੁਰਮ ਤੋਂ ਕਾਸਰਗੋਡ ਤਕ ਤੱਟਵਰਤੀ ਖੇਤਰ ਵਿਚ ਰਹਿਣ ਵਾਲੇ ਲੋਕਾਂ ਅਤੇ ਮੱਛੀਆਂ ਫੜਨ ਵਿਚ ਸ਼ਾਮਲ ਲੋਕਾਂ ਨੂੰ ਖ਼ਾਸ ਤੌਰ ਤੇ ਚੌਕਸ ਰਹਿਣ ਲਈ ਕਿਹਾ ਗਿਆ ਹੈ। ਆਫ਼ਤ ਪ੍ਰਬੰਧਨ ਅਥਾਰਟੀ ਦੇ ਮੈਂਬਰ ਸਕੱਤਰ ਸ਼ੇਖਰ ਕੁਰੀਆਕੋਸੇ ਨੇ ਇਕ ਵੌਇਸ ਸੰਦੇਸ਼ ਵਿਚ ਪੁਸ਼ਟੀ ਕੀਤੀ ਹੈ ਕਿ ਕੰਟੇਨਰਾਂ ਵਿਚ VLSFO (ਬਹੁਤ ਘੱਟ ਸਲਫਰ ਫਿਊਲ) ਅਤੇ MGO (ਸਮੁੰਦਰੀ ਗੈਸ ਤੇਲ) ਹੈ। ਜਾਣਕਾਰੀ ਅਨੁਸਾਰ ਤੱਟਵਰਤੀ ਗਾਰਡ ਬਚਾਅ ਕਾਰਜ ਸਥਾਨ ਤੇ ਜਾਰੀ ਹਨ। ਉਹ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਉਣ ਅਤੇ ਤੇਲ ਦੇ ਰਿਸਾਅ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

## ਦਿੱਲੀ 'ਚ ਤੂਫ਼ਾਨ ਅਤੇ ਮੀਂਹ ਕਾਰਨ ਉਡਾਣਾਂ ਪ੍ਰਭਾਵਿਤ

ਉਖੜ ਗਏ। ਖਰਾਬ ਮੌਸਮ ਕਾਰਨ ਇੱਥੇ Indira Gandhi International (IGI) Airport 'ਤੇ ਉਡਾਣ ਸੰਚਾਲਨ ਪ੍ਰਭਾਵਿਤ ਹੋਇਆ। ਇੰਡੀਗੋ ਨੇ ਤੜਕੇ 3.59 ਵਜੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਦਿੱਲੀ ਵਿੱਚ ਅਣਸੁਖਾਵੇਂ ਮੌਸਮ ਕਾਰਨ, ਉਡਾਣ ਸੰਚਾਲਨ ਵਿੱਚ ਅਸਥਾਈ ਤੌਰ 'ਤੇ ਵਿਘਨ ਪਿਆ ਹੈ। ਹਾਲਾਂਕਿ ਹਵਾਬਾਜ਼ੀ ਕੰਪਨੀ ਨੇ ਸਵੇਰੇ 5.54 ਵਜੇ ਇੱਕ ਹੋਰ ਪੋਸਟ ਵਿੱਚ ਕਿਹਾ ਕਿ ਦਿੱਲੀ ਵਿੱਚ ਅਸਮਾਨ ਸਾਫ਼ ਹੋਣ ਕਾਰਨ ਉਡਾਣਾਂ ਦਾ ਸੰਚਾਲਨ ਆਮ ਹੋ ਗਿਆ ਹੈ। ਦੂਜੇ ਪਾਸੇ ਉਡਾਣਾਂ ਦੀ ਆਵਾਜਾਈ 'ਤੇ ਨਜ਼ਰ ਰੱਖਣ ਵਾਲੀ ਵੈੱਬਸਾਈਟ flightradarBD.com 'ਤੇ ਉਪਲਬਧ ਅੰਕੜਿਆਂ ਅਨੁਸਾਰ, ਹਵਾਈ ਅੱਡੇ 'ਤੇ ਕਈ ਉਡਾਣਾਂ ਦੇ ਸੰਚਾਲਨ 'ਚ ਦੇਰੀ ਹੋਈ ਅਤੇ ਕੁਝ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਰਵਾਨਗੀ 'ਚ ਔਸਤਨ 30 ਮਿੰਟ ਤੋਂ ਵੱਧ ਦੇਰੀ ਹੋਈ।

## ਖੁੱਲ੍ਹ ਗਏ ਸ੍ਰੀ ਹੇਮਕੁੰਟ ਸਾਹਿਬ ਦੇ ਇਸ ਵਾਰ ਯਾਤਰਾ ਦੇ ਦਰਵਾਜ਼ੇ

ਨੇ ਜਲੂਸ ਦਾ ਸੰਚਾਲਨ ਕੀਤਾ ਅਤੇ ਅਨੁਸ਼ਾਸਨ ਬਣਾਈ ਰੱਖਿਆ। ਇਸ ਮੌਕੇ ਸੰਗਤਾਂ ਵਿੱਚ ਬਹੁਤ ਉਤਸ਼ਾਹ ਅਤੇ ਭਾਵਨਾਵਾਂ ਦੇਖਣ ਨੂੰ ਮਿਲੀਆਂ। ਇਥੇ ਧਾਰਮਿਕ ਸਮਾਗਮ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਭਾਈ ਮੱਖਣ ਸਿੰਘ ਜੀ ਨੇ ਕੀਰਤਨ ਕੀਤਾ। ਇਸ ਤੋਂ ਬਾਅਦ ਦੁਪਹਿਰ 12:30 ਵਜੇ ਮਨੁੱਖਤਾ ਦੀ ਭਲਾਈ ਲਈ ਅਰਦਾਸ ਕੀਤੀ ਗਈ। ਅੱਜ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੰਜ ਹਜ਼ਾਰ ਤੋਂ ਵੱਧ ਸ਼ਰਧਾਲੂ ਇਕੱਠੇ ਹੋਏ। ਆਈਟੀਬੀਪੀ, ਐਸਡੀਆਰਐਫ ਅਤੇ ਪੁਲਿਸ ਪੂਰੇ ਟ੍ਰੈਕ ਰੂਟ ਤੇ ਤਾਇਨਾਤ ਰਹੇ ਅਤੇ ਗਲੇਸ਼ੀਅਰ ਅਤੇ ਹੋਰ ਮਹੱਤਵਪੂਰਨ ਥਾਵਾਂ ਨੂੰ ਪਾਰ ਕਰਨ ਵਿੱਚ ਸ਼ਰਧਾਲੂਆਂ ਦੀ ਸਹਾਇਤਾ ਕੀਤੀ। ਇਸ ਮੌਕੇ ਤੇ ਟਰੱਸਟ ਦੇ ਚੇਅਰਮੈਨ ਸ਼੍ਰੀ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਇਸ ਮੌਕੇ ਸੰਗਤ ਦਾ ਸਵਾਗਤ ਕੀਤਾ ਅਤੇ ਬਰਫ਼ ਸਾਫ਼ ਕਰਨ ਅਤੇ ਸੰਗਤ ਲਈ ਦਰਸ਼ਨ ਸੰਭਵ ਬਣਾਉਣ ਲਈ ਫੌਜ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਸ਼੍ਰੀ ਪੁਸ਼ਕਰ ਸਿੰਘ ਧਾਮੀ ਦੇ ਅਣਥੱਕ ਯਤਨਾਂ ਦੀ ਵਿਸ਼ੇਸ਼ ਤੌਰ ਤੇ ਸ਼ਲਾਘਾ ਕੀਤੀ, ਜਿਨ੍ਹਾਂ ਦੇ ਸਹਿਯੋਗ ਨਾਲ ਮਾਰਚ ਵਿੱਚ ਜ਼ਮੀਨ ਖਿਸਕਣ ਕਾਰਨ ਨੁਕਸਾਨੇ ਗਏ ਗੋਵਿੰਦਘਾਟ ਵਿਖੇ ਪੁਰਾਣੇ ਪੁਲ ਦੀ ਥਾਂ ਤੇ ਥੋੜ੍ਹੇ ਸਮੇਂ ਵਿੱਚ ਇੱਕ ਘਾਟੀ ਪੁਲ ਬਣਾਉਣਾ ਸੰਭਵ ਹੋਇਆ। ਇਸ ਮੌਕੇ ਬ੍ਰਿਗੇਡ ਕਮਾਂਡਰ ਸਮੇਤ ਕਈ ਹੋਰ ਪਤਵੰਤੇ ਸੱਜਣ ਸ਼ਾਮਲ ਹੋਏ ਜਿਨ੍ਹਾਂ ਨੂੰ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੋਵਿੰਦਘਾਟ ਦੇ ਜਨਰਲ ਮੈਨੇਜਰ ਸ੍ਰੀ ਸੇਵਾ ਸਿੰਘ ਅਤੇ ਹੇਮਕੁੰਟ ਸਾਹਿਬ ਦੇ ਮੈਨੇਜਰ ਸ੍ਰੀ ਗੁਰਨਾਮ ਸਿੰਘ ਮੌਜੂਦ ਸਨ। ਇਸ ਸਮਾਗਮ ਵਿੱਚ ਦੁਨੀਆ ਭਰ ਦੇ ਸ਼ਰਧਾਲੂਆਂ ਨੇ ਹਿੱਸਾ ਲਿਆ। ਅਸਾਧਾਰਨ ਸਜਾਵਟ ਨੇ ਮਾਹੌਲ ਨੂੰ ਹੋਰ ਵੀ ਅਹਿਮ ਬਣਾ ਦਿੱਤਾ। ਚਾਰੇ ਪਾਸੇ 5 ਫੁੱਟ ਬਰਫ਼ ਦੇ ਵਿਚਕਾਰ ਇੰਨੇ ਸਾਰੇ ਸ਼ਰਧਾਲੂਆਂ ਨੂੰ ਦੇਖਣਾ ਇੱਕ ਬਹੁਤ ਹੀ ਪ੍ਰਸ਼ੰਸਾਯੋਗ ਅਤੇ ਭਾਵਨਾਤਮਕ ਅਨੁਭਵ ਸੀ।

## ਜੂਨ ਦੇ ਪਹਿਲੇ ਹਫ਼ਤੇ ਮੱਧ ਪ੍ਰਦੇਸ਼ ਪਹੁੰਚ ਸਕਦੈ ਮਾਨਸੂਨ

ਇਸ ਤੋਂ ਪਹਿਲਾਂ ਸਾਲ 2009 ਚ ਵੀ ਮਾਨਸੂਨ ਤੈਅ ਸਮੇਂ ਤੋਂ ਪਹਿਲਾਂ ਆ ਗਿਆ ਸੀ। ਆਈ.ਐੱਮ.ਡੀ. ਭੋਪਾਲ ਕੇਂਦਰ ਦੀ ਇੰਚਾਰਜ ਦਿਵਿਆ ਸੁਰੇਂਦਰਨ ਨੇ ਦੱਸਿਆ, ਅਸੀਂ ਉਮੀਦ ਕਰ ਰਹੇ ਹਾਂ ਕਿ ਮਾਨਸੂਨ ਮੱਧ ਪ੍ਰਦੇਸ਼ ਚ ਜਲਦੀ ਆਵੇਗਾ, ਸ਼ਾਇਦ ਜੂਨ ਦੇ ਪਹਿਲੇ ਹਫ਼ਤੇ ਚ। ਜਿਸ ਤਰ੍ਹਾਂ ਇਹ ਅੱਗੇ ਵਧ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਇਹ ਤੈਅ ਸਮੇਂ ਤੋਂ ਪਹਿਲਾਂ ਆ ਜਾਵੇਗਾ। ਉਨ੍ਹਾਂ ਕਿਹਾ ਕਿ ਦੱਖਣ-ਪੱਛਮੀ ਮਾਨਸੂਨ ਮਹਾਰਾਸ਼ਟਰ ਦੇ ਇਕ ਹਿੱਸੇ ਤੱਕ ਪਹੁੰਚ ਗਿਆ ਹੈ ਅਤੇ ਅਗਲੇ 3 ਦਿਨਾਂ ਚ ਇਸ ਦੇ ਮੁੰਬਈ ਅਤੇ ਬੈਂਗਲੁਰੂ ਪਹੁੰਚਣ ਦੀ ਉਮੀਦ ਹੈ। ਸੁਰੇਂਦਰਨ ਨੇ ਕਿਹਾ, ਇਸ ਰਫ਼ਤਾਰ ਨਾਲ, ਅਸੀਂ ਉਮੀਦ ਕਰ ਰਹੇ ਹਾਂ ਕਿ ਇਹ ਮੱਧ ਪ੍ਰਦੇਸ਼ ਚ ਜਲਦ ਹੀ ਆ ਜਾਵੇਗਾ। ਪਿਛਲੇ ਸਾਲ ਮਾਨਸੂਨ 21 ਜੂਨ ਨੂੰ ਮੱਧ ਪ੍ਰਦੇਸ਼ ਚ ਆਇਆ ਸੀ ਅਤੇ 2023 ਚ ਇਹ 24 ਜੂਨ ਨੂੰ ਆਇਆ। ਮੱਧ ਪ੍ਰਦੇਸ਼ ਚ ਮਾਨਸੂਨ ਆਮ ਤੌਰ ਤੇ 16 ਜੂਨ ਦੇ ਨੇੜੇ-ਤੇੜੇ ਦਸਤਕ ਦਿੰਦਾ ਹੈ।

## ਤਿਆਰ ਹੋ ਗਿਆ ਦੇਸ਼ ਦਾ ਪਹਿਲਾ ਬੁਲੇਟ ਰੇਲਵੇ ਸਟੇਸ਼ਨ, 2029 ਤੋਂ ਦੌੜੇਗੀ ਟ੍ਰੇਨ

ਜਿਸ ਨਾਲ ਕੰਮ ਤੇਜ਼ ਹੋਇਆ ਹੈ। ਇਸ ਸਮੇਂ ਦੌਰਾਨ ਕਈ ਦਰਿਆਈ ਪੁਲ, ਸਟੀਲ ਅਤੇ ਪੀਐੱਸਸੀ ਪੁਲ ਅਤੇ ਸਟੇਸ਼ਨ ਇਮਾਰਤਾਂ ਵੀ ਬਣਾਈਆਂ ਗਈਆਂ ਹਨ। ਇਸ ਪ੍ਰੋਜੈਕਟ ਵਿੱਚ ਹੁਣ ਤੱਕ 383 ਕਿਲੋਮੀਟਰ ਖੰਭੇ, 401 ਕਿਲੋਮੀਟਰ ਨੀਂਹ ਅਤੇ 326 ਕਿਲੋਮੀਟਰ ਗਰਡਰ ਕਾਸਟਿੰਗ ਪੂਰੀ ਹੋ ਚੁੱਕੀ ਹੈ। ਇਸ ਬੁਲੇਟ ਟ੍ਰੇਨ ਰੂਟ ਤੇ ਕੁੱਲ 12 ਸਟੇਸ਼ਨ ਬਣਾਏ ਜਾ ਰਹੇ ਹਨ। ਸੂਰਤ ਵਿੱਚ ਭਾਰਤ ਦਾ ਪਹਿਲਾ ਬੁਲੇਟ ਟ੍ਰੇਨ ਸਟੇਸ਼ਨ ਲਗਭਗ ਤਿਆਰ ਹੈ। ਬਾਕੀ ਕੰਮ ਵੀ ਜੰਗੀ ਪੱਧਰ ਤੇ ਪੂਰਾ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਗੁਜਰਾਤ ਵਿੱਚ ਲਗਭਗ 157 ਕਿਲੋਮੀਟਰ ਟਰੈਕ ਬੈੱਡ ਵੀ ਵਿਛਾਇਆ ਗਿਆ ਹੈ। ਉਮੀਦ ਹੈ ਕਿ ਬੁਲੇਟ ਟ੍ਰੇਨ ਦਾ ਟ੍ਰਾਇਲ ਰਨ ਅਗਲੇ ਸਾਲ ਸ਼ੁਰੂ ਹੋ ਸਕਦਾ ਹੈ। ਪੂਰੀ ਸੇਵਾ 2029 ਤੱਕ ਉਪਲਬਧ ਹੋਣ ਦੀ ਉਮੀਦ ਹੈ। ਇਸ ਪ੍ਰੋਜੈਕਟ ਤਹਿਤ ਭਾਰਤ ਵਿੱਚ ਵਰਤੀਆਂ ਜਾ ਰਹੀਆਂ ਜ਼ਿਆਦਾਤਰ ਚੀਜ਼ਾਂ ਭਾਰਤ ਵਿੱਚ ਹੀ ਬਣੀਆਂ ਹਨ। ਲਾਂਚਿੰਗ ਗੈਂਟਰੀਆਂ, ਬ੍ਰਿਜ ਗੈਂਟਰੀਆਂ ਅਤੇ ਗਰਡਰ ਟਰਾਂਸਪੋਰਟਰ ਭਾਰਤ ਵਿੱਚ ਹੀ ਬਣਾਏ ਜਾਂਦੇ ਹਨ। ਇਸ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਭਾਰਤ ਹੁਣ ਹਾਈ ਸਪੀਡ ਟ੍ਰੇਨਾਂ ਅਤੇ ਤਕਨਾਲੋਜੀ ਵਿੱਚ ਵੀ ਆਤਮ-ਨਿਰਭਰ ਹੋ ਰਿਹਾ ਹੈ। ਫੁੱਲ-ਸਪੈਨ ਤਕਨਾਲੋਜੀ ਦੇ ਕਾਰਨ ਨਿਰਮਾਣ ਦੀ ਗਤੀ 10 ਗੁਣਾ ਤੱਕ ਵਧ ਗਈ ਹੈ। ਹਰੇਕ ਸਪੈਨ ਗਰਡਰ ਦਾ ਭਾਰ ਲਗਭਗ 970 ਟਨ ਹੈ। ਇਸ ਤੋਂ ਇਲਾਵਾ ਸ਼ੋਰ ਘਟਾਉਣ ਲਈ ਵਾਈਡਕਟ ਦੇ ਦੋਵੇਂ ਪਾਸੇ 3 ਲੱਖ ਤੋਂ ਵੱਧ ਨਾਇਜ਼ ਬੈਰੀਅਰ ਵੀ ਲਗਾਏ ਗਏ ਹਨ। ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਵੀ ਬੁਲੇਟ ਟ੍ਰੇਨਾਂ ਲਈ ਵਿਸ਼ੇਸ਼ ਡਿਪੂ ਬਣਾਏ ਜਾ ਰਹੇ ਹਨ। ਜੇਕਰ ਸਭ ਕੁਝ ਇਸ ਤਰ੍ਹਾਂ ਰਿਹਾ ਤਾਂ ਸ਼ਿੰਕਾਨਸੇਨ ਰੇਲ ਗੱਡੀਆਂ ਦੇ ਡੱਬੇ ਅਗਲੇ ਸਾਲ ਦੇ ਸ਼ੁਰੂ ਵਿੱਚ ਜਾਪਾਨ ਤੋਂ ਆ ਸਕਦੇ ਹਨ ਅਤੇ ਅਗਸਤ 2026 ਤੱਕ ਸੂਰਤ ਅਤੇ ਬਿਲੀਮੋਰਾ ਵਿਚਕਾਰ ਬੁਲੇਟ ਟ੍ਰੇਨ ਚਲਾਈ ਜਾ ਸਕਦੀ ਹੈ।

## ਭਾਰਤ ਨੂੰ ਹੋਂਦ ਲਈ ਖ਼ਤਰਾ ਮੰਨਦਾ ਹੈ ਪਾਕਿਸਤਾਨ: ਅਮਰੀਕੀ ਖ਼ੁਫ਼ੀਆ ਏਜੰਸੀ

ਦੇ ਮੱਦੇਨਜ਼ਰ ਪਾਕਿਸਤਾਨੀ ਫੌਜ ਦੀਆਂ ਪ੍ਰਮੁੱਖ ਤਰਜੀਹਾਂ ਵਿੱਚ ਹੋਰ ਉਦੇਸ਼ਾਂ ਤੋਂ ਇਲਾਵਾ ਆਪਣੇ ਪ੍ਰਮਾਣੂ ਹਥਿਆਰਾਂ ਦਾ ਲਗਾਤਾਰ ਆਧੁਨਿਕੀਕਰਨ ਕਰਨਾ ਵੀ ਸ਼ਾਮਲ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ ਅਤੇ ਉਸ ਨੇ ਆਪਣੀ ਪ੍ਰਮਾਣੂ ਸਮੱਗਰੀ ਤੇ ਪ੍ਰਮਾਣੂ ਕਮਾਂਡ ਦੇ ਕੰਟਰੋਲ ਦੀ ਸੁਰੱਖਿਆ ਨੂੰ ਬਰਕਾਰ ਰੱਖਿਆ ਹੋਇਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਦੇਸ਼ੀ ਸਪਲਾਇਰਾਂ ਅਤੇ ਵਿਚੋਲਿਆਂ ਤੋਂ ਸਮੂਹਿਕ ਤਬਾਹੀ ਵਾਲੇ ਹਥਿਆਰਾਂ ਨਾਲ ਸਬੰਧਤ ਉਪਕਰਨ ਖ਼ਰੀਦਦਾ ਹੈ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪਾਕਿਸਤਾਨ ਚੀਨ ਤੋਂ ਵੱਡੀ ਪੱਧਰ 'ਤੇ ਤਬਾਹੀ ਮਚਾਉਣ ਵਾਲੇ ਹਥਿਆਰ ਵਿਕਸਤ ਕਰਨ ਲਈ ਸਮੱਗਰੀ ਅਤੇ ਤਕਨਾਲੋਜੀ ਹਾਸਲ ਕਰ ਰਿਹਾ ਹੈ। ਇਨ੍ਹਾਂ ਵਿੱਚੋਂ ਕੁਝ ਸਮੱਗਰੀ ਹਾਂਗਕਾਂਗ, ਸਿੰਗਾਪੁਰ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਦੇਸ਼ਾਂ ਰਾਹੀਂ ਪਾਕਿਸਤਾਨ ਨੂੰ ਭੇਜੀ ਜਾ ਰਹੀ ਹੈ। ਚੀਨ ਹਾਲਾਂਕਿ, ਪਾਕਿਸਤਾਨ ਲਈ ਫੌਜੀ ਉਪਕਰਨਾਂ ਦਾ ਮੁੱਖ ਸਪਲਾਇਰ ਬਣਿਆ ਹੋਇਆ ਹੈ। ਦੂਜੇ ਪਾਸੇ ਪਾਕਿਸਤਾਨ ਵਿੱਚ ਕੰਮ ਕਰਨ ਵਾਲੇ ਚੀਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਲਗਾਤਾਰ ਕੀਤੇ ਗਏ ਅਤਿਵਾਦੀ ਹਮਲਿਆਂ ਕਾਰਨ ਸਬੰਧ ਤਣਾਅਪੂਰਨ ਬਣ ਗਏ ਹਨ। ਇਹ ਦੋਵਾਂ ਸਹਿਯੋਗੀ ਦੇਸ਼ਾਂ ਦਰਮਿਆਨ ਤਣਾਅ ਦਾ ਇੱਕ ਕਾਰਨ ਬਣ ਰਿਹਾ ਹੈ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਗਰਮੀਆਂ 'ਚ ਅੰਜੀਰ ਖਾਣ ਦੇ ਫ਼ਾਇਦੇ ?

ਅੰਜੀਰ ਇਕ ਪੌਸ਼ਟਿਕ ਅਤੇ ਪ੍ਰਾਚੀਨ ਫਲ ਹੈ ਜੋ ਆਯੁਰਵੇਦ 'ਚ ਵੀ ਆਪਣੀ ਔਸ਼ਧੀ ਗੁਣਾਂ ਕਰਕੇ ਮਸ਼ਹੂਰ ਹੈ। ਇਹ ਫਲ ਤਾਜ਼ਾ ਵੀ ਮਿਲਦਾ ਹੈ ਅਤੇ ਸੁੱਕਾ ਹੋਇਆ ਵੀ। ਅੰਜੀਰ 'ਚ ਵਾਫ਼ਰ ਮਾਤਰਾ 'ਚ ਫਾਈਬਰ, ਆਇਰਨ, ਕੈਲਸ਼ੀਅਮ, ਐਂਟੀਓਕਸੀਡੈਂਟਸ ਅਤੇ ਵਾਈਟਾਮਿਨ '2' ਹੁੰਦੇ ਹਨ। ਇਹ ਸਿਰਫ਼ ਸਿਹਤ ਲਈ ਹੀ ਨਹੀਂ, ਸੁੰਦਰਤਾ ਲਈ ਵੀ ਕਾਫੀ ਲਾਭਦਾਇਕ ਮੰਨਿਆ ਜਾਂਦਾ ਹੈ।



**ਹਾਜ਼ਮੇ ਨੂੰ ਸੁਧਾਰੇ :** ਅੰਜੀਰ 'ਚ ਫ਼ਾਈਬਰ ਭਰਪੂਰ ਹੁੰਦਾ ਹੈ ਜੋ ਹਾਜ਼ਮੇ ਨੂੰ ਠੀਕ ਰੱਖਦਾ ਹੈ ਅਤੇ ਕਬਜ਼ ਤੋਂ ਰਾਹਤ ਦਿੰਦਾ ਹੈ।

**ਸਰੀਰ ਨੂੰ ਹਾਈਡ੍ਰੇਟ ਰੱਖੇ:** ਗਰਮੀਆਂ 'ਚ ਪਸੀਨਾ ਵਧਣ ਕਰਕੇ ਪਾਣੀ ਦੀ ਘਾਟ ਹੋ ਜਾਂਦੀ ਹੈ ਪਰ ਅੰਜੀਰ ਸਰੀਰ ਨੂੰ ਨਮੀ ਦੇ ਰੱਖਣ 'ਚ ਮਦਦ ਕਰਦਾ ਹੈ।

**ਭਾਰ ਘਟਾਉਣ 'ਚ ਮਦਦਗਾਰ:** ਇਹ ਹਲਕਾ ਅਤੇ ਫ਼ਾਈਬਰ ਯੁਕਤ ਹੋਣ ਕਰਕੇ ਭੁੱਖ ਨੂੰ ਕੰਟ੍ਰੋਲ ਕਰਦਾ ਹੈ ਅਤੇ ਭਾਰ ਘਟਾਉਣ ਵਾਲਿਆਂ ਲਈ ਵਧੀਆ ਚੋਣ ਹੈ।

**ਹਾਰਟ ਲਈ ਲਾਭਕਾਰੀ:** ਅੰਜੀਰ 'ਚ ਐਂਟੀਓਕਸੀਡੈਂਟਸ ਅਤੇ ਓਮੇਗਾ-3 ਫੈਟੀ ਐਸਿਡਸ ਹੁੰਦੇ ਹਨ ਜੋ ਦਿਲ ਦੀ ਸਿਹਤ ਲਈ ਲਾਭਕਾਰੀ ਹਨ।

**ਸਕਿਨ ਨੂੰ ਨਿਖਾਰਦਾ ਹੈ:** ਅੰਜੀਰ 'ਚ ਮੌਜੂਦ ਐਂਟੀਓਕਸੀਡੈਂਟਸ ਸਕਿਨ ਨੂੰ ਨਵੀਂ ਚਮਕ ਦਿੰਦੇ ਹਨ ਅਤੇ ਦਾਗ/ਧੱਬੇ ਘਟਾਉਂਦੇ ਹਨ।

**ਖ਼ੂਨ ਦੀ ਸਫਾਈ ਕਰੇ:** ਇਹ ਸਰੀਰ 'ਚ ਟੌਕਸਿਨਸ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ, ਜਿਸ ਨਾਲ ਖ਼ੂਨ ਸਾਫ ਹੁੰਦਾ ਹੈ।

**ਨੀਂਦ ਨੂੰ ਸੁਧਾਰੇ:** ਗਰਮੀਆਂ 'ਚ ਘੱਟ ਨੀਂਦ ਆਉਣ ਦੀ ਸਮੱਸਿਆ ਹੋ ਸਕਦੀ ਹੈ। ਅੰਜੀਰ ਮਾਈਲਡ ਨੈਚੁਰਲ ਸੈਡੇਟਿਵ ਵਾਂਗ ਕੰਮ ਕਰਦਾ ਹੈ।

**ਹੱਡੀਆਂ ਲਈ ਫ਼ਾਇਦੇਮੰਦ:** ਅੰਜੀਰ ਖਾਣਾ ਹੱਡੀਆਂ ਦੀ ਸਿਹਤ ਲਈ ਫਾਇਦੇਮੰਦ ਹੁੰਦਾ ਹੈ। ਇਸ 'ਚ ਮੌਜੂਦ ਕੈਲਸ਼ੀਅਮ ਅਤੇ ਫਾਸਫੋਰਸ ਹੱਡੀਆਂ ਦੇ ਵਿਕਾਸ 'ਚ ਮਦਦ ਕਰਦਾ ਹੈ।

**ਸ਼ੂਗਰ ਦੇ ਰੋਗੀਆਂ ਲਈ ਫ਼ਾਇਦੇਮੰਦ:** ਸ਼ੂਗਰ ਦੇ ਮਰੀਜ਼ਾਂ ਦੀ ਖੁਰਾਕ ਵਿੱਚ ਅੰਜੀਰ ਨੂੰ ਸ਼ਾਮਲ ਕਰਨਾ ਚੰਗਾ ਹੁੰਦਾ ਹੈ। ਇਸ ਨੂੰ ਖਾਣ ਨਾਲ ਬਲੱਡ ਸ਼ੂਗਰ ਲੈਵਲ ਵਧਦਾ ਹੈ। ਇਸ ਵਿੱਚ ਪਾਏ ਜਾਣ ਵਾਲੇ ਐਬਸਿਸਿਕ ਐਸਿਡ, ਮਲਿਕ ਐਸਿਡ ਅਤੇ ਕਲੋਰੋਜੇਨਿਕ ਐਸਿਡ ਵਰਗੇ ਮਿਸ਼ਰਣ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿਚ ਮਦਦ ਕਰਦੇ ਹਨ।

# ਪੰਜਾਬ ਦੇ ਸੁਮਿਤਪਾਲ ਨੇ ਆਸਟ੍ਰੇਲੀਆ 'ਚ ਰਚਿਆ ਇਤਿਹਾਸ

## 'ਮਿਸਟਰ ਤਸਮਾਨੀਆ' ਦਾ ਖ਼ਿਤਾਬ ਜਿੱਤਣ ਵਾਲਾ ਪਹਿਲਾ ਸਿੱਖ ਬਣਿਆ

ਤਸਮਾਨੀਆ, 25 ਮਈ (ਚ.ਨ.ਸ.) : ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਸੁਮਿਤਪਾਲ ਸਿੰਘ ਨੇ ਆਸਟਰੇਲੀਆ ਦੀ ਸਟੇਟ ਤਸਮਾਨੀਆ 'ਚ ਬਾਡੀ ਬਿਲਡਿੰਗ ਮੁਕਾਬਲਿਆਂ 'ਚ ਪਹਿਲਾ ਸਥਾਨ ਹਾਸਲ ਕਰ ਕੇ ਪੰਜਾਬ ਦਾ ਨਾਮ ਚਮਕਾਇਆ ਹੈ। ਤੁਹਾਨੂੰ ਦੱਸ ਦਈਏ ਕਿ ਤਸਮਾਨੀਆ ਦੀ ਰਾਜਧਾਨੀ ਹੌਬਰਟ 'ਚ ਹੋਏ ਬਾਡੀ ਬਿਲਡਿੰਗ ਦੇ ਮੁਕਾਬਲਿਆਂ 'ਚ ਸੁਮਿਤਪਾਲ ਸਿੰਘ ਪਹਿਲਾ ਸਿੱਖ ਨੌਜਵਾਨ ਹੈ, ਜਿਹੜਾ 'ਮਿਸਟਰ ਲੌਨਸਿਸਟਨ ਤਸਮਾਨੀਆ' ਬਣਿਆ ਹੈ।ਸੁਮਿਤਪਾਲ ਸਿੰਘ ਨੇ ਤਸਮਾਨੀਆ ਤੋਂ ਕੀਤੀ ਗੱਲਬਾਤ ਦੌਰਾਨ ਦਸਿਆ ਕਿ ਉਸ ਦਾ ਅਗਲਾ ਨਿਸ਼ਾਨਾ ਨੈਸ਼ਨਲ ਜਿੱਤ ਕੇ ਪ੍ਰੋਕਾਰਡ ਲੈਣਾ ਹੈ। ਉਹ ਤਿੰਨ ਸੋਨ ਤਮਗ਼ੇ ਜਿੱਤ ਕੇ ਓਵਰਆਲ ਮੁਕਾਬਲੇ ਵਿਚ ਮੋਹਰੀ ਰਿਹਾ। ਉਸ ਨੂੰ ਇਸ ਗੱਲ 'ਤੇ ਫ਼ਖ਼ਰ ਹੈ ਕਿ ਉਹ ਪਹਿਲਾ ਸਿੱਖ ਹੈ, ਜਿਸ ਨੇ ਇਹ ਵੱਕਾਰੀ ਖ਼ਿਤਾਬ ਜਿੱਤਿਆ ਹੈ। ਉਸ ਨੇ ਇਹ ਖ਼ਿਤਾਬ ਆਪਣੇ ਮਰਹੂਮ ਪਿਤਾ ਕੁਲਦੀਪ ਸਿੰਘ ਨੂੰ ਸਮਰਪਤ ਕੀਤਾ ਹੈ, ਜਿਨ੍ਹਾਂ ਦਾ ਕੁਝ ਸਾਲ ਪਹਿਲਾਂ ਦਿਹਾਂਤ ਹੋ ਗਿਆ ਸੀ। ਇੱਥੇ ਮਾਡਲ ਹਾਊਸ ਵਿਚ ਰਹਿੰਦੀ ਸੁਮਿਤਪਾਲ ਦੀ ਮਾਂ ਜਸਬੀਰ ਕੌਰ ਨੇ ਪੁੱਤਰ ਦੇ ਖ਼ਿਤਾਬ ਜਿੱਤਣ 'ਤੇ ਖ਼ੁਸ਼ੀ ਜ਼ਾਹਿਰ ਕੀਤੀ।



# ਕੈਨੇਡਾ ਵਾਂਗ ਬ੍ਰਿਟੇਨ ਤੋਂ ਵੀ ਭਾਰਤੀਆਂ ਦਾ ਮੋਹਭੰਗ

## ਪ੍ਰਵਾਸ 'ਚ ਆਈ 4,31,000 ਦੀ ਗਿਰਾਵਟ

ਲੰਡਨ , 25 ਮਈ (ਚ.ਨ.ਸ.) :ਬ੍ਰਿਟੇਨ ਤੋਂ ਭਾਰਤੀਆਂ ਦਾ ਮੋਹਭੰਗ ਹੁੰਦਾ ਜਾ ਰਿਹਾ ਹੈ। ਬ੍ਰਿਟੇਨ ਨੇ ਦੇਸ਼ ਦੇ ਪ੍ਰਵਾਸ ਵਿਚ ਗਿਰਾਵਟ ਦਰਜ ਕੀਤੀ ਹੈ, ਜਿਸ ਅਨੁਸਾਰ ਪਿਛਲੇ ਸਾਲ ਦੇਸ਼ ਛੱਡਣ ਵਾਲੇ ਵਿਦੇਸ਼ੀਆਂ ਦਾ ਸੱਭ ਤੋਂ ਵੱਡਾ ਸਮੂਹ ਭਾਰਤੀ ਵਿਦਿਆਰਥੀਆਂ ਤੇ ਕਾਮਿਆਂ ਦਾ ਸੀ। ਅਜਿਹਾ ਹੋਣ ਦੇ ਪਿੱਛੇ ਦੀ ਵਜ੍ਹਾ ਬ੍ਰਿਟੇਨ ਦੀਆਂ ਸਖ਼ਤ ਵੀਜ਼ਾ ਅਤੇ ਇਮੀਗ੍ਰੇਸ਼ਨ ਨੀਤੀਆਂ ਰਹੀਆਂ, ਜਿਨ੍ਹਾਂ ਦਾ ਪ੍ਰਭਾਵ ਵੀਰਵਾਰ ਨੂੰ ਜਾਰੀ ਕੀਤੇ ਗਏ ਦੇਸ਼ ਦੇ ਤਾਜ਼ਾ ਪ੍ਰਵਾਸ ਅੰਕੜਿਆਂ ਵਿਚ ਪ੍ਰਤੀਬਿੰਬਤ ਹੋਇਆ। ਆਫ਼ਿਸ ਫ਼ਾਰ ਨੈਸ਼ਨਲ ਸਟੈਟਿਸਟਿਕਸ ਦੇ 2024 ਦੇ ਵਿਸ਼ਲੇਸ਼ਣ ਅਨੁਸਾਰ ਪੜਾਈ ਦੇ ਉਦੇਸ਼ ਨਾਲ ਆਏ ਲਗਭਗ 37,000 ਭਾਰਤੀ, ਕੰਮਕਾਜੀ ਕਾਰਨਾਂ ਕਰ ਕੇ ਆਏ 18,000 ਲੋਕ ਤੇ ਹੋਰ ਅਣਪਛਾਤੇ ਕਾਰਨਾਂ ਕਰ ਕੇ ਆਏ 3,000 ਲੋਕ ਪ੍ਰਵਾਸ ਰੁਝਾਨ ਦੀ ਅਗਵਾਈ ਕਰਨ 'ਚ ਸੱਭ ਤੋਂ ਅੱਗੇ ਹਨ। ਉਸ ਤੋਂ ਬਾਅਦ ਚੀਨੀ ਵਿਦਿਆਰਥੀ ਅਤੇ ਕਾਮੇ (45,000) ਆਉਂਦੇ ਹਨ। ਨਾਈਜੀਰੀਅਨ (16,000), ਪਾਕਿਸਤਾਨੀ (12,000) ਅਤੇ ਅਮਰੀਕੀ (8,000) ਵੀ ਚੋਟੀ ਦੀਆਂ ਪੰਜ ਇਮੀਗ੍ਰੇਸ਼ਨ ਕੌਮੀਅਤਾਂ ਵਿਚ ਸ਼ਾਮਲ ਸਨ ਅਤੇ ਨਤੀਜੇ ਵਜੋਂ ਕੁੱਲ ਸ਼ੁੱਧ ਪ੍ਰਵਾਸ ਵਿਚ 4,31,000 ਦੀ ਗਿਰਾਵਟ ਆਈ ਜੋ ਪਿਛਲੇ ਸਾਲ ਨਾਲੋਂ ਲਗਭਗ ਅੱਧੀ ਹੈ। ਯੂ.ਕੇ ਹੋਮ ਆਫ਼ਿਸ ਦੇ ਅੰਕੜਿਆਂ ਦੇ ਆਧਾਰ ਤੇ ਓ .ਐਨ.ਐਸ. ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ, 'ਪ੍ਰਵਾਸ ਕਰਨ ਵਾਲੇ ਲੋਕਾਂ ਵਿਚੋਂ ਭਾਰਤੀ ਸੱਭ ਤੋਂ ਵੱਧ ਆਮ ਸਨ।' ਓ.ਐਨ.ਐਸ. ਵਿਖੇ ਆਬਾਦੀ ਅੰਕੜਿਆਂ ਦੀ ਡਾਇਰੈਕਟਰ ਮੈਰੀ ਗ੍ਰੈਗਰੀ ਨੇ ਕਿਹਾ ਕਿ ਇਹ ਗਿਰਾਵਟ ਮੁੱਖ ਤੌਰ 'ਤੇ ਯੂ.ਕੇ ਵਿਚ ਕੰਮ ਕਰਨ ਅਤੇ ਪੜ੍ਹਾਈ ਕਰਨ ਲਈ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਕਾਰਨ ਹੈ। ਉਨ੍ਹਾਂ ਨੇ ਕਿਹਾ,'ਦਸੰਬਰ 2024 ਤੱਕ 12 ਮਹੀਨਿਆਂ ਵਿਚ ਇਮੀਗ੍ਰੇਸ਼ਨ ਵਿਚ ਵਾਧਾ ਵੀ ਹੋਇਆ, ਖ਼ਾਸ ਕਰ ਕੇ ਉਦੋਂ ਜਦੋਂ ਉਹ ਸਟੱਡੀ ਵੀਜ਼ਾ 'ਤੇ ਉਸ ਸਮੇਂ ਆਏ ਸਨ ਜਦੋਂ ਮਹਾਂਮਾਰੀ ਕਾਰਨ ਯੂ.ਕੇ ਵਿਚ ਯਾਤਰਾ ਪਾਬੰਦੀਆਂ ਨੂੰ ਢਿੱਲਾ ਕਰ ਦਿਤਾ ਗਿਆ ਸੀ।' ਯੂ.ਕੇ ਸਰਕਾਰ ਨੇ ਕੁੱਲ ਇਮੀਗ੍ਰੇਸ਼ਨ ਵਿਚ ਗਿਰਾਵਟ ਦੀ ਪ੍ਰਸ਼ੰਸ਼ਾ ਕੀਤੀ। ਇਹ ਇਕ ਅਜਿਹਾ ਮੁੱਦਾ ਹੈ ਜੋ ਵੱਧਦੇ ਅੰਕੜਿਆਂ ਅਤੇ ਹਾਲੀਆ ਚੋਣਾਂ ਵਿਚ ਸੱਜੇ-ਪੱਖੀ ਇਮੀਗ੍ਰੇਸ਼ਨ ਵਿਰੋਧੀ ਲੇਬਰ ਪਾਰਟੀ ਦੇ ਮਹੱਤਵਪੂਰਨ ਲਾਭਾਂ ਵਿਚਕਾਰ ਰਾਜਨੀਤਿਕ ਏਜੰਡੇ ਤੇ ਹਾਵੀ ਰਿਹਾ ਹੈ



# ਬੰਗਲਾਦੇਸ਼ ਵਿੱਚ ਫ਼ੌਜ ਨੇ ਵਧਾਈ ਗਸ਼ਤ , 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ

ਢਾਕਾ, 25 ਮਈ (ਚ.ਨ.ਸ.) : ਬੰਗਲਾਦੇਸ਼ ਵਿੱਚ ਫੌਜ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗਸ਼ਤ ਵਧਾ ਦਿੱਤੀ ਹੈ। ਢਾਕਾ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਜ ਨੇ ਪਿਛਲੇ ਕੁਝ ਦਿਨਾਂ ਵਿੱਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ।ਰਿਪੋਰਟ ਅਨੁਸਾਰ, ਫੌਜ ਨੇ ਕਈ ਥਾਵਾਂ 'ਤੇ ਤਾਇਨਾਤੀ ਵੀ ਵਧਾ ਦਿੱਤੀ ਹੈ। ਦੇਸ਼ ਭਰ ਵਿੱਚ ਫੌਜੀ ਕਰਮਚਾਰੀ ਬਖਤਰਬੰਦ ਵਾਹਨਾਂ ਨਾਲ ਸਰਗਰਮ ਦਿਖਾਈ ਦੇ ਰਹੇ ਹਨ।ਫੌਜ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਏਜੰਸੀਆਂ ਨਾਲ ਮਿਲ ਕੇ ਪਿਛਲੇ ਮਹੀਨੇ 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।ਪਿਛਲੇ ਸਾਲ ਅਗਸਤ ਵਿੱਚ ਆਪਣੀ ਤਾਇਨਾਤੀ ਤੋਂ ਬਾਅਦ, ਫੌਜ ਨੇ ਹੁਣ ਤੱਕ 10,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।ਬੰਗਲਾਦੇਸ਼ ਵਿੱਚ ਚੱਲ ਰਹੇ ਰਾਜਨੀਤਿਕ ਉਥਲ-ਪੁਥਲ ਦੇ ਵਿਚਕਾਰ, ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਆਪਣੇ ਅਹੁਦੇ 'ਤੇ ਬਣੇ ਰਹਿਣਗੇ। ਪਹਿਲਾਂ ਇਹ ਮੰਨਿਆ ਜਾ ਰਿਹਾ ਸੀ ਕਿ ਉਹ ਰਾਜਨੀਤਿਕ ਅਤੇ ਫੌਜੀ ਦਬਾਅ ਕਾਰਨ ਅਸਤੀਫਾ ਦੇ ਸਕਦੇ ਹਨ।ਮੁਹੰਮਦ ਯੂਨਸ ਨੇ ਸ਼ਨੀਵਾਰ ਨੂੰ ਸਲਾਹਕਾਰ ਪ੍ਰੀਸ਼ਦ ਦੀ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਤੋਂ ਬਾਅਦ, ਯੋਜਨਾ ਸਲਾਹਕਾਰ ਵਹੀਦੁਦੀਨ ਮਹਿਮੂਦ ਨੇ ਕਿਹਾ - ਮੁਹੰਮਦ ਯੂਨਸ ਸਾਡੇ ਨਾਲ ਰਹਿਣਗੇ।ਉਨ੍ਹਾਂ ਕਿਹਾ ਕਿ ਸਾਨੂੰ ਨਵੀਆਂ ਜਿੰਮੇਵਾਰੀਆਂ ਵੀ ਸੌਂਪੀਆਂ ਗਈਆਂ ਹਨ। ਨਿਊਜ਼ ਏਜੰਸੀ ਅਨੁਸਾਰ, ਸਲਾਹਕਾਰ ਪ੍ਰੀਸ਼ਦ ਦੀ ਮੀਟਿੰਗ ਤੋਂ ਬਾਅਦ, ਮੰਤਰੀਆਂ ਨਾਲ ਇੱਕ ਮੀਟਿੰਗ ਜਲਦੀ ਹੀ ਹੋਵੇਗੀ।



# ਪੰਜਾਬ ਅਤੇ ਚੰਡੀਗੜ੍ਹ ਦੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਪੰਜਾਬ ਦੇ ਰਾਜਪਾਲ ਵੱਲੋਂ ਨਵੀਂ ਦਿੱਲੀ ਵਿੱਚ ਕੇਂਦਰੀ ਮੰਤਰੀਆਂ ਨਾਲ ਮੀਟਿੰਗ

ਨਵੀਂ ਦਿੱਲੀ/ਚੰਡੀਗੜ੍ਹ, 25 ਮਈ (ਚ.ਨ.ਸ.) : ਪੰਜਾਬ ਅਤੇ ਚੰਡੀਗੜ੍ਹ ਦੇ ਵਿਕਾਸ ਏਜੰਡੇ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਦ੍ਰਿੜ ਯਤਨਾਂ ਵਿੱਚ, ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨਵੀਂ ਦਿੱਲੀ ਗਏ ਜਿੱਥੇ ਉਨ੍ਹਾਂ ਨੇ ਕਈ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ।

ਆਪਣੀ ਫੇਰੀ ਦੌਰਾਨ, ਕਟਾਰੀਆ ਨੇ ਹੇਠ ਲਿਖਿਆਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ: ਨਿਤਿਨ ਗਡਕਰੀ, ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ, ਅਸ਼ਵਨੀ ਵੈਸ਼ਨਵ, ਕੇਂਦਰੀ ਰੇਲਵੇ ਮੰਤਰੀ, ਮਨਸੁਖ ਮਾਂਡਵੀਆ, ਕੇਂਦਰੀ ਕਿਰਤ ਅਤੇ ਰੁਜ਼ਗਾਰ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰੀ ਅਤੇ ਜਯੋਤੀਰਾਦਿੱਤਿਆ ਸਿੰਧੀਆ, ਕੇਂਦਰੀ ਸੰਚਾਰ ਮੰਤਰੀ।

ਮੀਟਿੰਗਾਂ ਨੇ ਰਾਜਪਾਲ ਦੀ ਸੜਕ ਅਤੇ ਰੇਲ ਸੰਪਰਕ ਨੂੰ ਬਿਹਤਰ ਬਣਾਉਣ, ਸ਼ਹਿਰੀ ਆਵਾਜਾਈ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ ਅਤੇ ਵਧਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਅਤੇ ਸੈਰ-ਸਪਾਟਾ ਅਤੇ ਖੇਡ ਖੇਤਰਾਂ ਵਿੱਚ ਸੰਭਾਵਨਾਵਾਂ ਖੋਲ੍ਹਣ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਇੱਕ ਮੁੱਖ ਏਜੰਡਾ ਆਈਟਮ ਨਸ਼ਿਆਂ ਦੇ ਖਤਰੇ ਨਾਲ ਨਜਿੱਠਣਾ ਸੀ, ਜੋ ਕਿ ਪੰਜਾਬ ਅਤੇ ਚੰਡੀਗੜ੍ਹ ਵਿੱਚ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਰਾਜਪਾਲ ਨੇ ਨਿਗਰਾਨੀ ਨੂੰ ਮਜ਼ਬੂਤ ਕਰਨ, ਮੁੜ ਵਸੇਬਾ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਲਈ ਕੇਂਦਰੀ ਏਜੰਸੀਆਂ ਨਾਲ ਵਧੇਰੇ ਸਹਿਯੋਗ ਦੀ ਮੰਗ ਕੀਤੀ, ਖਾਸ ਕਰਕੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ। ਇਨ੍ਹਾਂ ਮੀਟਿੰਗਾਂ ਦਾ ਉਦੇਸ਼ ਮਹੱਤਵਪੂਰਨ ਖੇਤਰੀ ਮੁੱਦਿਆਂ - ਜਿਸ ਵਿੱਚ ਬੁਨਿਆਦੀ ਢਾਂਚੇ ਦਾ ਵਿਸਥਾਰ, ਰੁਜ਼ਗਾਰ ਸਿਰਜਣ, ਨੌਜਵਾਨਾਂ ਦੀ ਭਾਗੀਦਾਰੀ, ਜਨਤਕ ਆਵਾਜਾਈ ਦਾ ਆਧੁਨਿਕੀਕਰਨ ਅਤੇ ਨਸ਼ਿਆਂ ਦੀ ਦੁਰਵਰਤੋਂ ਦਾ ਮੁਕਾਬਲਾ ਕਰਨਾ ਸ਼ਾਮਲ ਹੈ, ਤੇ ਮਜ਼ਬੂਤ ਕੇਂਦਰੀ ਸਮਰਥਨ ਅਤੇ ਤਾਲਮੇਲ ਪ੍ਰਾਪਤ ਕਰਨਾ ਸੀ। ਰਾਜਪਾਲ ਨੇ ਰਾਜਸਥਾਨ ਸਰਕਾਰ ਦੇ ਸੀਨੀਅਰ ਮੰਤਰੀਆਂ - ਸੰਸਦੀ ਮਾਮਲਿਆਂ, ਕਾਨੂੰਨ ਅਤੇ ਕਾਨੂੰਨੀ ਮਾਮਲਿਆਂ ਦੇ ਮੰਤਰੀ ਜੋਗਾਰਾਮ ਪਟੇਲ ਅਤੇ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਰਾਜ ਮੰਤਰੀ ਜਵਾਹਰ ਸਿੰਘ ਬੇਦਮ ਨਾਲ ਵੀ ਮੁਲਾਕਾਤ ਕੀਤੀ। ਇਹ ਵਿਚਾਰ-ਵਟਾਂਦਰੇ ਅੰਤਰ-ਰਾਜੀ ਸਹਿਯੋਗ ਅਤੇ ਸ਼ਾਸਨ ਵਿੱਚ ਸਭ ਤੋਂ ਵਧੀਆ ਅਭਿਆਸਾਂ ਦੇ ਆਦਾਨ-ਪ੍ਰਦਾਨ 'ਤੇ ਕੇਂਦ੍ਰਿਤ ਸਨ।





# ਰੂਸ ਅਤੇ ਯੂਕ੍ਰੇਨ ਨੇ ਹੋਰ ਕੈਦੀਆਂ ਦੀ ਕੀਤੀ ਅਦਲਾ-ਬਦਲੀ

ਕੀਵ, 25 ਮਈ (ਚ.ਨ.ਸ.) : ਰੂਸ ਅਤੇ ਯੂਕ੍ਰੇਨ ਨੇ ਐਤਵਾਰ ਨੂੰ ਸੈਂਕੜੇ ਹੋਰ ਕੈਦੀਆਂ ਦੀ ਅਦਲਾ-ਬਦਲੀ ਕੀਤੀ। ਰੂਸੀ ਰੱਖਿਆ ਮੰਤਰਾਲੇ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਇਹ ਅਜਿਹੇ ਵਟਾਂਦਰੇ ਦਾ ਤੀਜਾ ਪੜਾਅ ਹੈ। ਮੰਤਰਾਲੇ ਨੇ ਕਿਹਾ ਕਿ ਦੋਵਾਂ ਧਿਰਾਂ ਨੇ 303-303 ਸੈਨਿਕਾਂ ਨੂੰ ਰਿਹਾਅ ਕੀਤਾ ਹੈ, ਜਦੋਂ ਕਿ ਸ਼ਨੀਵਾਰ ਨੂੰ 307-307 ਲੜਾਕਿਆਂ ਤੇ ਨਾਗਰਿਕਾਂ ਨੂੰ ਅਤੇ 390-390 ਕੈਦੀਆਂ ਨੂੰ ਸ਼ੁੱਕਰਵਾਰ ਨੂੰ ਰਿਹਾਅ ਕੀਤਾ ਗਿਆ। ਇਹ ਐਲਾਨ ਰੂਸ ਵੱਲੋਂ ਯੂਕ੍ਰੇਨ ਦੀ ਰਾਜਧਾਨੀ ਕੀਵ ਅਤੇ ਦੇਸ਼ ਦੇ ਹੋਰ ਖੇਤਰਾਂ ਤੇ ਲਗਾਤਾਰ ਦੂਜੀ ਰਾਤ ਡਰੋਨ ਅਤੇ ਮਿਜ਼ਾਈਲ ਹਮਲੇ ਕਰਨ ਤੋਂ ਕੁਝ ਘੰਟੇ ਬਾਅਦ ਆਇਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਹਮਲਿਆਂ ਵਿੱਚ ਘੱਟੋ-ਘੱਟ 12 ਲੋਕ ਮਾਰੇ ਗਏ ਅਤੇ ਦਰਜਨਾਂ ਜ਼ਖਮੀ ਹੋ ਗਏ। ਯੂਕ੍ਰੇਨੀ ਹਵਾਈ ਸੈਨਾ ਦੇ ਬੁਲਾਰੇ ਯੂਰੀ ਇਗਨੈਟ ਦੇ ਅਨੁਸਾਰ, ਰੂਸ ਨੇ ਯੂਕ੍ਰੇਨ 'ਤੇ ਕੁੱਲ 367 ਡਰੋਨ ਅਤੇ ਮਿਜ਼ਾਈਲਾਂ ਦਾਗੀਆਂ। ਇਹ ਪੂਰੇ ਯੁੱਧ (ਜੋ ਕਿ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਸੀ) ਦਾ ਸਭ ਤੋਂ ਵੱਡਾ ਇੱਕਲਾ ਹਮਲਾ ਸੀ।



# ਸ਼੍ਰੀਕਾਂਤ ਮਲੇਸ਼ੀਆ ਮਾਸਟਰਜ਼ ਦੇ ਫ਼ਾਈਨਲ ਵਿੱਚ ਹਾਰੇ

ਕੁਆਲਾਲੰਪੁਰ, 25 ਮਈ (ਚ.ਨ.ਸ.) : ਭਾਰਤੀ ਖਿਡਾਰੀ ਕਿਦਾਂਬੀ ਸ਼੍ਰੀਕਾਂਤ ਨੂੰ ਐਤਵਾਰ ਨੂੰ ਇੱਥੇ ਮਲੇਸ਼ੀਆ ਮਾਸਟਰਜ਼ ਸੁਪਰ 500 ਬੈਡਮਿੰਟਨ ਟੂਰਨਾਮੈਂਟ ਦੇ ਪੁਰਸ਼ ਸਿੰਗਲਜ਼ ਫਾਈਨਲ ਵਿੱਚ ਦੁਨੀਆ ਦੇ ਚੌਥੇ ਨੰਬਰ ਦੇ ਚੀਨ ਦੇ ਲੀ ਸ਼ੀ ਫੇਂਗ ਤੋਂ ਸਿੱਧੇ ਗੇਮ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ, ਇਸ 32 ਸਾਲਾ ਖਿਡਾਰੀ ਨੇ ਕੁਆਲੀਫਾਇਰ ਤੋਂ ਲੈ ਕੇ ਖਿਤਾਬ ਮੈਚ ਤੱਕ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਾਬਕਾ ਵਿਸ਼ਵ ਨੰਬਰ ਇੱਕ ਸ਼੍ਰੀਕਾਂਤ ਪਿਛਲੇ ਕੁਝ ਸੀਜ਼ਨਾਂ ਵਿੱਚ ਖਰਾਬ ਫਾਰਮ ਅਤੇ ਫਿਟਨੈਸ ਵਿੱਚੋਂ ਗੁਜ਼ਰ ਰਿਹਾ ਸੀ। ਇਹ ਛੇ ਸਾਲਾਂ ਵਿੱਚ 2→6 ਵਿਸ਼ਵ ਟੂਰ 'ਤੇ ਉਸਦਾ ਪਹਿਲਾ ਫਾਈਨਲ ਸੀ। ਹਾਲਾਂਕਿ, ਸ਼੍ਰੀਕਾਂਤ ਫਾਈਨਲ ਵਿੱਚ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਨਹੀਂ ਕਰ ਸਕਿਆ ਅਤੇ ਸਿਰਫ਼ 36 ਮਿੰਟਾਂ ਵਿੱਚ ਦੂਜਾ ਦਰਜਾ ਪ੍ਰਾਪਤ ਖਿਡਾਰੀ ਤੋਂ 11-21, 9-21 ਨਾਲ ਹਾਰ ਗਿਆ। ਇਸ ਹਾਰ ਦੇ ਬਾਵਜੂਦ, ਉਸਨੇ ਪੂਰੇ ਟੂਰਨਾਮੈਂਟ ਦੌਰਾਨ ਆਪਣੇ ਪ੍ਰਦਰਸ਼ਨ ਨਾਲ ਬਹੁਤ ਪ੍ਰਭਾਵਿਤ ਕੀਤਾ। ਉਹ ਇਸ ਮਹੀਨੇ ਦੇ ਸ਼ੁਰੂ ਵਿੱਚ ਵਿਸ਼ਵ ਰੈਂਕਿੰਗ ਵਿੱਚ 82ਵੇਂ ਸਥਾਨ 'ਤੇ ਖਿਸਕ ਗਿਆ ਸੀ। ਆਪਣੇ ਸ਼ਾਨਦਾਰ ਹੁਨਰ ਨਾਲ, ਉਸਨੇ ਦੁਨੀਆ ਨੂੰ ਆਪਣੀ ਸਮਰੱਥਾ ਦਾ ਅਹਿਸਾਸ ਕਰਵਾਇਆ। ਸ਼੍ਰੀਕਾਂਤ ਆਖਰੀ ਵਾਰ 2019 ਵਿੱਚ 2→6 ਵਿਸ਼ਵ ਟੂਰ 'ਤੇ ਇੰਡੀਆ ਓਪਨ ਦੇ ਫਾਈਨਲ ਵਿੱਚ ਪਹੁੰਚਿਆ ਸੀ। ਉਹ ਉਦੋਂ ਵੀ ਉਪ ਜੇਤੂ ਸੀ। ਉਹ 2021 ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜੇਤੂ ਵੀ ਸੀ।



### ਜਨਮ ਦਿਨ ਮੁਬਾਰਕ



ਅਵਰੀਨ ਕੌਰ

# ਕਿੱਕਰ ਥੱਲੇ ਪੜ੍ਹੇ ਸਤਨਾਮ ਸਿੰਘ ਸੰਧੂ ਵਿਮੁਕਤ ਜਾਤੀਆਂ ਨੂੰ ਇਨਸਾਫ਼ ਦਿਵਾਉਣ ਲਈ ਤੱਤਪਰ

## 481 ਦਿਨਾਂ ਦੇ ਕਾਰਜਕਾਲ ਦੌਰਾਨ ਚੁੱਕੇ ਪੰਜਾਬ ਲਈ ਅਹਿਮ ਮੁੱਦੇ ਸਾਂਭੀ ਬੈਠੇ ਨੇ ਕੋਲ ਨੇਸ਼ਨ ਬਿਲਡਿੰਗ ਲਈ 50 ਸਾਲਾਂ ਦਾ ਅਗਾਊਂ ਬਲੂ ਪ੍ਰਿੰਟ

**ਹਰਦੀਪ ਕੌਰ**





ਸਿੱਖਿਆ ਮਹਿੰਗੇ ਬਸਤਿਆਂ , ਮਹਿੰਗੀਆਂ ਕਲਮਾਂ ਤੇ ਉੱਚੀਆਂ ਇਮਾਰਤਾਂ ਦੀ ਮੁਹਤਾਜ ਨਹੀਂ । ਜਦੋਂ ਇਤਿਹਾਸ ਦੇ ਪੰਨਿਆਂ 'ਤੇ ਝਾਤੀ ਮਾਰਦੇ ਹਾਂ ਤਾਂ ਮਰਹੂਮ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ , ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਇਸ ਦੀ ਵੱਡੀ ਉਦਾਹਰਨ ਹਨ । ਮੌਜੂਦਾ ਦੌਰ ਵਿੱਚ ਵੀ ਅਜਿਹੀਆਂ ਬਹੁਤ ਸਾਰੀਆਂ ਸ਼ਖ਼ਸ਼ੀਅਤਾਂ ਹਨ ਜਿਨ੍ਹਾਂ ਕੋਲ ਲੋੜੀਂਦੀਆਂ ਸਹੂਲਤਾਂ ਨਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਚੋਟੀ ਬੁਲੰਦੀਆਂ ਨੂੰ ਸਰ ਕੀਤਾ। ਕਿੱਕਰ ਥੱਲੇ ਪੜ੍ਹੇ ਸਤਨਾਮ ਸਿੰਘ ਸੰਧੂ ਦੀ ਕਹਾਣੀ ਅੱਜ ਉਨ੍ਹਾਂ ਮਾਪਿਆਂ ਅਤੇ ਸਰਕਾਰਾਂ ਲਈ ਇਕ ਸਹੀ ਦਿਸ਼ਾ ਹੈ , ਜੋ ਸਕੂਲਾਂ ਦੀਆਂ ਵੱਡੀਆਂ ਇਮਾਰਤਾਂ ਅਤੇ ਸਹੂਲਤਾਂ ਦੇ ਮੁਦੱਈ ਹਨ । ਜਦੋਂ ਕਿ ਸਿੱਖਿਆ ਕ੍ਰਾਂਤੀ ਲਈ ਸਭ ਤੋਂ ਲਾਜ਼ਮੀ ਹਨ ਤਜਰਬੇਕਾਰ ਅਧਿਆਪਕ । ਖੈਰ ਗੱਲ ਕਰਾਂਗੇ ਕਿਸਾਨ ਪੁੱਤ , ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਅਤੇ ਮੈਂਬਰ ਰਾਜ ਸਭਾ ਸਤਨਾਮ ਸਿੰਘ ਸੰਧੂ ਦੀ । ਉਮਰ ਦੇ ਮੌਜੂਦਾ ਦੌਰ ਵਿੱਚ ਸਤਨਾਮ ਸਿੰਘ ਸੰਧੂ ਰੋਜ਼ੀ-ਰੋਟੀ ਕਮਾਉਣ ਤੋਂ ਬੇ ਫ਼ਿਕਰੇ ਹੋ ਪੰਜਾਬ ਦੇ ਨੌਜਵਾਨਾਂ ਦੀ ਫਿਕਰ ਕਰਨ ਲੱਗੇ ਨੇ । ਉਨ੍ਹਾਂ ਦੀ ਬਤੌਰ ਮੈਂਬਰ ਰਾਜ ਸਭਾ 481 ਦਿਨਾਂ ਦੇ ਕਾਰਜਕਾਲ ਦੌਰਾਨ 91 ਪ੍ਰਤੀਸ਼ਤ ਹਾਜ਼ਰੀ ਹੈ । ਇਸ ਦੇ ਨਾਲ ਹੀ ਇੱਕ ਸੈਸ਼ਨ ਵਿੱਚ ਹਰ ਇੱਕ ਮੈਂਬਰ 60 ਸਵਾਲ ਪੁੱਛ ਸਕਦਾ ਹੈ ਪ੍ਰੰਤੂ ਉਨ੍ਹਾਂ ਨੇ 97 ਸਵਾਲ ਪੁੱਛੇ । ਜਿਸ ਵਿੱਚ ਜ਼ਿਆਦਾਤਰ ਸਵਾਲ ਪੰਜਾਬ ਦੇ ਨਾਲ ਸੰਬੰਧਿਤ ਰਹੇ ।

ਸਤਨਾਮ ਸਿੰਘ ਸੰਧੂ ਦਾ ਪਰਿਵਾਰ ਪਾਕਿਸਤਾਨ ਲਾਹੌਰ ਤੋਂ ਇੱਥੇ ਪੰਜਾਬ ਵਿੱਚ ਜਦੋਂ ਆ ਕੇ ਵੱਸਿਆ ਤਾਂ ਪਰਿਵਾਰ ਨੂੰ ਲੋਕ ਲਾਹੌਰੀਏ ਸੰਧੂ ਕੇ ਦੇ ਤੌਰ ਤੇ ਜਾਣਦੇ ਸਨ । ਆਜ਼ਾਦੀ ਘੁਲਾਟੀਏ ਤੇ ਕਰਮਯੋਗੀ ਡੋਗਰ ਸਿੰਘ ਸੰਧੂ ਨੇ ਆਪਣੇ ਪੋਤਰੇ ਸਤਨਾਮ ਸਿੰਘ ਸੰਧੂ ਨੂੰ ਮੁੱਢੋਂ ਹੀ ਮਿਹਨਤ , ਨਿਰੰਤਰਤਾ ਤੇ ਆਤਮ ਨਿਰਭਰਤਾ ਦੇ ਗੁਣਾਂ ਦੀ ਗੁੜ੍ਹਤੀ ਦੇ ਦਿੱਤੀ । ਲਹਿਜਾ ਸਤਨਾਮ ਸਿੰਘ ਸੰਧੂ ਬਲਦਾਂ ਦੀ ਖੇਤੀ ਕਰਦੇ , ਕਾਲਜ ਜਾਣ ਤੋਂ ਪਹਿਲਾਂ ਡੇਅਰੀ ਦੁੱਧ ਪਾਉਣ ਦਾ ਕੰਮ ਕਰਦੇ-ਕਰਦੇ ਕਦੋਂ ਮੋਗਾ ਕਾਰ ਬਾਜ਼ਾਰ ਖੋਲ ਕੇ ਕਾਰੋਬਾਰ ਦੇ ਤੌਰ ਤਰੀਕਿਆਂ ਤੋਂ ਜਾਣੂ ਹੋ ਗਏ , ਉਨ੍ਹਾਂ ਨੂੰ ਆਪ ਵੀ ਪਤਾ ਨਾ ਲੱਗਿਆ । ਫਿਰ ਉਨ੍ਹਾਂ ਦੀ ਅਗਾਂਹ ਵਧੂ ਸੋਚ ਹੀ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਲੈ ਆਈ । 100 ਵਿਦਿਆਰਥੀਆਂ ਦੇ ਨਾਲ ਕਾਲਜ ਸ਼ੁਰੂ ਕਰਨ ਵਾਲੇ ਸਤਨਾਮ ਸਿੰਘ ਸੰਧੂ ਨੇ ਅੱਜ ਰਾਸ਼ਟਰੀ ਸਿੱਖਿਆ ਦੇ ਖੇਤਰ ਵਿੱਚ ਵੀ ਵੱਡੀਆਂ ਮੱਲਾਂ ਮਾਰ ਲਈਆਂ ਹਨ । ਰਿਵਰਸ ਮਾਈਗ੍ਰੇਸ਼ਨ ਦੀ ਗੱਲ ਕਰਦੇ ਹੋਏ , ਉਹ ਦੇਸ਼ ਦੇ ਨੌਜਵਾਨਾਂ ਲਈ ਨਵੀਂ ਪਾਲਿਸੀ ਤੇ ਇਕੋ ਸਿਸਟਮ ਦਾ ਬਲੂ ਪ੍ਰਿੰਟ ਵੀ ਆਪਣੇ ਕੋਲ ਸਾਂਭੀ ਬੈਠੇ ਹਨ ਕਿ। ਉਨ੍ਹਾਂ ਦਾ ਮੰਨਣਾ ਹੈ ਕਿ ਨੇਸ਼ਨ ਬਿਲਡਿੰਗ ਲਈ 50 ਸਾਲਾਂ ਦਾ ਪਲਾਨ ਦੇਸ਼ ਕੋਲ ਅਗਾਊਂ ਤਿਆਰ ਹੋਣਾ ਚਾਹੀਦਾ ਹੈ । ਇੱਕ ਵੱਡੀ ਤੇ ਹੋਰ ਖਾਸੀਅਤ ਜੋ ਸਤਨਾਮ ਸਿੰਘ ਸੰਧੂ ਦੇ ਹਿੱਸੇ ਆਉਂਦੀ ਹੈ ਉਹ ਇਹ ਹੈ ਕਿ ਉਹ ਗੰਦਲੀ ਸਿਆਸਤ ਦੀ ਬਿਆਨਬਾਜ਼ੀ ਤੋਂ ਕੋਹਾਂ ਦੂਰ ਰਹਿੰਦੇ ਹੋਏ ਸਿਰਫ ਤੇ ਸਿਰਫ ਆਪਣੇ ਕੰਮ 'ਤੇ ਫੋਕਸ ਕਰਦੇ ਨੇ । ਰੋਜ਼ਾਨਾ ਚੜਦ੍ਹੀਕਲਾ ਅਖਬਾਰ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਤਨਾਮ ਸਿੰਘ ਸੰਧੂ ਹੁਰਾਂ ਨੇ ਕਿਹਾ ਕਿ ਪੰਜਾਬ ਦੀ ਰਾਜਨੀਤੀ ਖੇਤਰਵਾਦ ਦੀ ਸ਼ਿਕਾਰ ਹੈ । ਨੇਤਾ ਭਾਵੇਂ ਕੋਈ ਵੀ ਜਾਂ ਕਿਸੇ ਵੀ ਪਾਰਟੀ ਤੋਂ ਹੋਵੇ ਉਸ ਦੇ ਮਨ ਅੰਦਰ ਇਹ ਹੋਣਾ ਚਾਹੀਦਾ ਹੈ ਕਿ ਸੈਂਟਰ ਤੋਂ ਆਪਣੇ ਪੰਜਾਬ ਲਈ ਕੀ ਲਿਆ ਸਕਦਾ ਹੈ ? ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦੇ ਵੇਲੇ ਦੀ ਸਰਕਾਰ ਦਾ ਹਵਾਲਾ ਦਿੰਦੇ ਹੋਏ ਉਹਨਾਂ ਕਿਹਾ ਕਿ ਉਸ ਸਮੇਂ ਪੰਜਾਬ ਅੰਦਰ ਸਭ ਤੋਂ ਵੱਧ ਵਿਕਾਸ ਹੋਇਆ । ਕਿਉਂਕਿ ਮਰਹੂਮ ਪੰਜ ਵਾਰ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਸਟੇਟ ਲਈ ਦੋਵੇਂ ਪਾਰਟੀਆਂ ਚੋਂ ਵੱਖ ਵੱਖ ਸਮੇਂ ਸੱਤਾ ਵਿੱਚ ਸਨ ਉਨ੍ਹਾਂ ਤੋਂ ਮੰਗਣਾ ਆਉਂਦਾ ਸੀ ।

ਨਾਲ ਹੀ ਹਿਮਾਚਲ ਦੀ ਉਦਾਹਰਨ ਦਿੰਦੇ ਹੋਏ ਸਤਿਨਾਮ ਸਿੰਘ ਸੰਧੂ ਨੇ ਕਿਹਾ ਕਿ ਹਿਮਾਚਲ ਵਿੱਚ ਕਾਂਗਰਸ ਦੀ ਸਰਕਾਰ ਹੈ , ਪ੍ਰੰਤੂ ਉਥੋਂ ਦੇ ਮੁੱਖ ਮੰਤਰੀ ਜਦੋਂ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਦੇ ਨੇ ਤਾਂ ਉਨ੍ਹਾਂ ਦੇ ਸੂਬੇ ਨੂੰ ਵਿਕਾਸ ਦੇ ਲਈ ਪੂਰੀ ਮਦਦ ਮਿਲਦੀ ਹੈ । ਗੱਲ ਸਿਰਫ ਇੰਨੀ ਹੈ ਕਿ ਇੱਕ ਸਿਆਸਤਦਾਨ ਨੂੰ ਆਪਣੀ ਗੱਲ ਰੱਖਣੀ ਆਉਣੀ ਚਾਹੀਦੀ ਹੈ । ਖੇਤਰਵਾਦ ਦੇ ਨਾਮ 'ਤੇ ਲੋਕਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ । ਗੱਲਬਾਤ ਦੌਰਾਨ ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਕੇਦਾਰਨਾਥ ਅਤੇ ਸ੍ਰੀ ਹੇਮਕੁੰਟ ਸਾਹਿਬ ਧਾਮ ਲਈ ਰੋਪਵੇਅ ਦਾ ਤੋਹਫ਼ਾ ਵੀ ਪੰਜਾਬ ਨੂੰ ਦਿੱਤਾ ਹੈ। ਇਸ ਯੋਜਨਾ ਨੂੰ ਜ਼ਮੀਨ 'ਤੇ ਲਿਆਉਣ ਲਈ 7200 ਕਰੋੜ ਰੁਪਏ ਦੀ ਮਨਜ਼ੂਰੀ ਵੀ ਦੇ ਦਿੱਤੀ ਗਈ ਹੈ। ਜਲਦੀ ਹੀ ਟੈਂਡਰ ਪ੍ਰਕਿਰਿਆ ਪੂਰੀ ਹੋ ਜਾਵੇਗੀ ਅਤੇ ਯੋਜਨਾ ਨੂੰ ਜ਼ਮੀਨ ਤੇ ਲਿਆਉਣ ਦਾ ਕੰਮ ਕੀਤਾ ਜਾਵੇਗਾ।

ਇਸ ਯੋਜਨਾ ਦੇ ਲਾਗੂ ਹੋਣ ਨਾਲ ਅਜਿਹੇ ਸ਼ਰਧਾਲੂ ਜੋ ਸਰੀਰਕ ਤੌਰ 'ਤੇ ਕਮਜ਼ੋਰ ਹਨ, ਉਹ ਵੀ ਆਸਾਨੀ ਨਾਲ ਕੇਦਾਰਨਾਥ ਅਤੇ ਸ੍ਰੀ ਹੇਮਕੁੰਟ ਸਾਹਿਬ ਧਾਮ ਦੀ ਯਾਤਰਾ 'ਤੇ ਜਾ ਸਕਣਗੇ। ਸਤਨਾਮ ਸਿੰਘ ਸੰਧੂ ਹੋਰਾਂ ਨੇ ਕਿਹਾ ਕਿ ਜੋ ਲੋਕ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖ ਵਿਰੋਧੀ ਹਨ , ਉਹ ਇਹ ਦੱਸਣ ਕਿ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਲਈ ਕੀਤਾ ਹੈ ਕੀ ਕਿਸੇ ਹੋਰ ਦੇ ਹਿੱਸੇ ਉਹ ਸਭ ਆਇਆ ? ਚਾਹੁੰਦੇ ਤਾਂ ਰੋਪਵੇਅ ਸਿਰਫ ਕੇਦਾਰਨਾਥ ਲਈ ਵੀ ਕੱਢਿਆ ਜਾ ਸਕਦਾ ਸੀ ਪ੍ਰੰਤੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਧਰ ਹੀ ਸਿੱਖਾਂ ਦੀ ਸ਼ਰਧਾ ਦਾ ਕੇਂਦਰ ਸ੍ਰੀ ਹੇਮਕੁੰਟ ਸਾਹਿਬ ਹੈ ਇਸ ਲਈ ਉਧਰ ਦਾ ਵੀ ਰੋਪਵੇਅ ਤਿਆਰ ਕੀਤਾ ਜਾਵੇ। ਜਦੋਂ ਕਿ ਇਸ ਦੀ ਮੰਗ ਕਿਸੇ ਵੀ ਧਾਰਮਿਕ ਸੰਸਥਾ ਜਾਂ ਕਿਸੇ ਵਿਅਕਤੀ ਵਿਸ਼ੇਸ਼ ਨੇ ਨਹੀਂ ਕੀਤੀ ਸੀ। ਸਾਹਿਬਜ਼ਾਦਿਆਂ ਨੂੰ ਸਨਮਾਨ ਦੇਣਾ , ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਦਿਵਸ ਨੂੰ ਆਪਣੀ ਪੂਰੀ ਕੈਬਨਿਟ ਨਾਲ ਲਾਲ ਕਿਲੇ 'ਤੇ ਮਨਾਉਣਾ , ਕਰਤਾਰਪੁਰ ਦਾ ਲਾਂਘਾ ਤੇ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਹੋਏ ਜਦੋਂ ਗੁਜਰਾਤ ਵਿੱਚ ਭੁਚਾਲ ਆਇਆ ਤਾਂ ਗੁਰਦੁਆਰਾ ਲਖਪਤ ਸਾਹਿਬ ਨੂੰ ਇਨ ਬਿਨ ਉਦਾਂ ਹੀ ਕਾਰੀਗਰਾਂ ਤੋਂ ਤਿਆਰ ਕਰਵਾਉਣਾ , ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖਾ ਪ੍ਰਤੀ ਸਨੇਹ ਨਹੀਂ ਦਰਸਾਉਂਦਾ ।

ਜਦੋਂ ਕਿ ਉਸ ਵੇਲੇ ਤਾਂ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਉਨ੍ਹਾ ਨੇ ਅੱਗੇ ਜਾ ਕੇ ਪ੍ਰਧਾਨ ਮੰਤਰੀ ਬਣ ਜਾਣਾ ਹੈ । ਸਤਨਾਮ ਸਿੰਘ ਸੰਧੂ ਕਹਿੰਦੇ ਹਨ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਆਦਰਸ਼ ਮੰਨਦੇ ਹੋਏ ਸਭ ਕਾ ਸਾਥ ਸਭ ਕਾ ਵਿਕਾਸ ਕਰਨ ਲਈ ਵਚਨਬੱਧ ਹਨ । ਇਥੇ ਹੀ ਬਸ ਨਹੀਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਵੀ ਪੰਜਾਬ ਜਾਂ ਚੰਡੀਗੜ੍ਹ ਵਿੱਚ ਆਉਂਦੇ ਹਨ ਤਾਂ ਸਤਨਾਮ ਸਿੰਘ ਸੰਧੂ ਉਹਨਾਂ ਦੇ ਨਾਲ-ਨਾਲ ਦਿਖਾਈ ਦਿੰਦੇ ਹਨ। ਜਿਸ ਤੋਂ ਸਾਫ ਝਲਕਦਾ ਹੈ ਕਿ ਬਹੁਤ ਘੱਟ ਸਮੇਂ ਵਿੱਚ ਸਤਨਾਮ ਸਿੰਘ ਸੰਧੂ ਨੇ ਭਾਰਤੀ ਜਨਤਾ ਪਾਰਟੀ ਵਿੱਚ ਆਪਣੀ ਇੱਕ ਵਿਸ਼ੇਸ਼ ਥਾਂ ਬਣਾ ਲਈ ਹੈ । ਸਰਹੱਦ ਪਾਰ ਅੱਤਵਾਦ ਵਿਰੁੱਧ ਭਾਰਤ ਦੀ ਨਿਰੰਤਰ ਲੜਾਈ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਭਾਈਵਾਲ ਦੇਸ਼ਾਂ ਦਾ ਦੌਰਾ ਕਰਨ ਵਾਲੇ ਸੱਤ ਵਫਦਾਂ ਵਿੱਚ ਸਤਨਾਮ ਸਿੰਘ ਸੰਧੂ ਦਾ ਨਾਮ ਸ਼ਾਮਿਲ ਹੋਣਾ ਉਨ੍ਹਾਂ ਦੀ ਕਾਬਲੀਅਤ ਦਾ ਦਾ ਪ੍ਰਮਾਣ ਹੈ ।

### ਹੁਣ ਤੱਕ ਦੇ ਕਾਰਜਕਾਲ ਦੌਰਾਨ ਚੁੱਕੇ ਇਹ ਮੁੱਦੇ



ਦੱਸਣਾ ਬਣਦਾ ਹੈ ਕਿ ਬਤੌਰ ਮੈਂਬਰ ਰਾਜ ਸਭਾ ਸਤਨਾਮ ਸਿੰਘ ਸੰਧੂ ਦੀ 481 ਦਿਨਾਂ ਦੇ ਕਾਰਜਕਾਲ ਦੌਰਾਨ 91 ਪ੍ਰਤੀਸ਼ਤ ਹਾਜ਼ਰੀ ਹੈ । ਇਸ ਦੇ ਨਾਲ ਹੀ ਇੱਕ ਸੈਸ਼ਨ ਵਿੱਚ ਹਰ ਇੱਕ ਮੈਂਬਰ 60 ਸਵਾਲ ਪੁੱਛ ਸਕਦਾ ਹੈ ਪ੍ਰੰਤੂ ਉਨ੍ਹਾਂ ਨੇ 97 ਸਵਾਲ ਪੁੱਛੇ । ਜਿਸ ਵਿੱਚ ਜ਼ਿਆਦਾਤਰ ਸਵਾਲ ਪੰਜਾਬ ਦੇ ਨਾਲ ਸੰਬੰਧਿਤ ਰਹੇ । ਚੁੱਕੇ ਗਏ ਮੁੱਦਿਆਂ ਵਿੱਚ ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਅਤੇ ਖੇਤਰੀ ਉਪ-ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਦਾ ਮੁੱਦਾ , ਪੰਜਾਬ ਦੀਆਂ ਪੱਛੜੀਆਂ ਜਾਤੀਆਂ ਦਾ ਮੁੱਦਾ, ਪੰਜਾਬ ਦੇ ਸਕੂਲੀ ਵਿਦਿਆਰਥੀਆਂ ਨੂੰ ਸਿੱਖੀ ਦੇ ਅਮੀਰ ਵਿਰਸੇ ਤੇ ਪੰਜਾਬ ਦੇ ਇਤਿਹਾਸ ਬਾਰੇ ਪੜ੍ਹਾਉਣ ਦਾ ਮੁੱਦਾ , ਪੰਜਾਬ ਦੇ ਕਿਸਾਨਾਂ ਅਤੇ ਬੁੱਢੇ ਨਾਲੇ ਦਾ ਮੁੱਦਾ, ਵਿਮੁਕਤ ਜਾਤੀਆਂ ਦਾ ਮੁੱਦਾ , ਕੋਲੰਬੀਆ ਵਿੱਚ ਫਸੇ ਨੌਜਵਾਨਾਂ ਨੂੰ ਪੰਜਾਬ ਵਾਪਸ ਲਿਆਉਣ ਲਈ ਜੱਦੋ - ਜਹਿਦ , ਘੱਗਰ ਅਤੇ ਬੁੱਢੇ ਨਾਲ ਵਿੱਚ ਪਾਣੀ ਦੇ ਪ੍ਰਦੂਸ਼ਣ ਦਾ ਮੁੱਦਾ ਅਤੇ ਪੋਸਟ ਮੈਟਰਿਕ ਸਕਾਲਰਸ਼ਿਪ ਦਾ ਮੁੱਦਾ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ ।

# ਕੇਜਰੀਵਾਲ ਅਤੇ ਮਾਨ ਵੱਲੋਂ ਮਹਾਰਾਜਾ ਅਗਰਸੇਨ ਨੂੰ ਸ਼ਰਧਾਂਜਲੀ ਭੇਟ

## ਆਪ ਸਰਕਾਰ ਵੱਲੋਂ ਸੁਰੱਖਿਆ, ਮਾਣ-ਸਤਿਕਾਰ ਅਤੇ ਕਾਰੋਬਾਰ ਨਾਲ ਜੁੜੇ ਮੁੱਦਿਆਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਵਪਾਰੀ ਬੋਰਡ ਗਠਿਤ ਕੀਤੇ ਜਾਣਗੇ : ਕੇਜਰੀਵਾਲ



ਨਾਭਾ (ਪਟਿਆਲਾ), 25 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਇੱਥੇ ਕਰਵਾਏ ਗਏ ਇਕ ਸਮਾਗਮ ਵਿੱਚ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇੱਕ ਮਹਾਨ ਸ਼ਾਸਕ ਦੱਸਿਆ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਮਾਜਿਕ ਸਦਭਾਵਨਾ ਅਤੇ ਏਕਤਾ ਦੀਆਂ ਤੰਦਾਂ ਦੀ ਮਜਬੂਤੀ ਜ਼ਰੀਏ ਸਭਨਾਂ ਦੀ ਭਲਾਈ ਦਾ ਸੰਦੇਸ਼ ਦਿੱਤਾ। ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਾਸਕ ਦੀਆਂ ਸਿੱਖਿਆਵਾਂ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਇਸ ਸ਼ੁਭ ਦਿਨ ਨੂੰ ਮਨਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਦਭਾਵਨਾ ਅਤੇ ਏਕਤਾ ਰਾਹੀਂ ਭਲਾਈ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਗਰਵਾਲ ਭਾਈਚਾਰੇ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਉਮੀਦ ਹੈ ਕਿ ਇਹ ਭਾਈਚਾਰਾ ਭਵਿੱਖ ਵਿੱਚ ਵੀ ਵਿਕਾਸ ਪ੍ਰਕਿਰਿਆ ਵਿੱਚ ਹੋਰ ਸਰਗਰਮੀ ਨਾਲ ਹਿੱਸਾ ਲਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਪਾਲਣ ਨਾਲ ਹੋਵੇਗੀ, ਜੋ ਮੌਜੂਦਾ ਹਾਲਾਤ ਵਿੱਚ ਵੀ ਢੁੱਕਵੀਂ ਹੈ।

ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਨੇ ਉਨ੍ਹਾਂ ਨੂੰ ਅਹਿੰਸਾ ਅਤੇ ਸ਼ਾਂਤੀ ਦਾ ਦੂਤ ਦੱਸਿਆ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਨਾਭਾ ਵਿੱਚ ਮਹਾਰਾਜਾ ਅਗਰਸੇਨ ਦਰਬਾਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਦਰਬਾਰ ਦੀ ਉਸਾਰੀ ਅਗਰਵਾਲ ਭਾਈਚਾਰੇ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਦਰਬਾਰ ਦੀ ਉਸਾਰੀ 'ਤੇ ਲੱਗਭੱਗ 5 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਮਹਾਨ ਅਤੇ ਦੂਰਦਰਸੀ ਸ਼ਾਸ਼ਕ ਸਨ ਜਿਨ੍ਹਾਂ ਨੇ ਆਪਣੇ ਰਾਜ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰੋਜ਼ੀ-ਰੋਟੀ ਦੇ ਵਸੀਲੇ ਪ੍ਰਦਾਨ ਕਰਨ ਲਈ ਵਿਲੱਖਣ ਵਿਵਸਥਾ ਦੀ ਸ਼ੁਰੂਆਤ ਕੀਤੀ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦਾ ਸ਼ਾਸਨ ਇਸ ਸਿਧਾਂਤ 'ਤੇ ਅਧਾਰਤ ਸੀ ਕਿ ਕੋਈ ਵੀ ਭੁੱਖਾ ਨਹੀਂ ਸੌਣਾ ਚਾਹੀਦਾ, ਕੋਈ ਵੀ ਬੇਘਰ ਅਤੇ ਬੇਰੁਜ਼ਗਾਰ ਨਹੀਂ ਰਹਿਣਾ ਚਾਹੀਦਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਦੇ ਰਾਜ ਵਿੱਚ ਅਮੀਰ ਅਤੇ ਗਰੀਬ ਵਿੱਚ ਕੋਈ ਫਰਕ ਨਹੀਂ ਸੀ, ਜਿੱਥੇ ਹਰ ਕਿਸੇ ਨੂੰ ਬਰਾਬਰ ਸਮਝਿਆ ਜਾਂਦਾ ਸੀ ਅਤੇ ਰਾਜ ਦਾ ਧੁਰਾ ਸਮਾਜਵਾਦ ਸੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੂਬਾ ਸਰਕਾਰ ਵੱਲੋਂ ਵੱਡੇ ਨਿਵੇਸ਼ ਲਈ ਅਹਿਮ ਫੈਸਲੇ ਲਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਸੂਬੇ ਦੇ ਉਦਯੋਗ ਨੂੰ ਹੁਲਾਰਾ ਦੇਣਾ ਅਤੇ ਅਜਿਹਾ ਮਾਹੌਲ ਸਿਰਜਣਾ ਹੈ, ਜਿੱਥੇ ਉਹ ਆਪਣਾ ਕਾਰੋਬਾਰ ਵਧਾ ਸਕਣ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਉਪਰਾਲਾ ਪੰਜਾਬ ਨੂੰ ਆਰਥਿਕ ਤਰੱਕੀ ਅਤੇ ਖੁਸ਼ਹਾਲੀ ਦੇ ਨਵੇਂ ਸਿਖਰ 'ਤੇ ਲੈ ਜਾਵੇਗਾ, ਜਿਸ ਨਾਲ ਵਿਕਾਸ ਦੇ ਨਵੇਂ ਅਤੇ ਬੇਮਿਸਾਲ ਯੁੱਗ ਦੀ ਸ਼ੁਰੂਆਤ ਹੋਵੇਗੀ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਵਣਜ ਨੂੰ ਹੁਲਾਰਾ ਦੇਣ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਵਪਾਰੀਆਂ ਦੇ ਬੋਰਡ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਬੋਰਡ ਹਰ ਤਰ੍ਹਾਂ ਨਾਲ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਕਰਨਗੇ, ਤਾਂ ਜੋ ਉਨ੍ਹਾਂ ਨੂੰ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾਇਆ ਜਾ ਸਕੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਯਕੀਨੀ ਬਣਾਉਣਾ ਬਹੁਤ ਜਰੂਰੀ ਹੈ ਕਿ ਵਪਾਰੀ ਬਿਨਾਂ ਕਿਸੇ ਵਿਘਨ ਦੇ ਆਪਣਾ ਕਾਰੋਬਾਰ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਕਰ ਸਕਣ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਅਗਰਵਾਲ ਭਾਈਚਾਰੇ ਦੀ ਸ਼ਲਾਘਾ ਕੀਤੀ।

# ਪੰਜਾਬੀ ਬੋਲੀ ਦਾ ਦੱਖਣ 'ਚ ਹੋਵੇਗਾ ਪਸਾਰਾ: ਆਂਧਰਾ ਪ੍ਰਦੇਸ਼ ਦੇ ਵਿਦਿਆਰਥੀ 5 ਦਿਨਾਂ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬੀ ਭਾਸ਼ਾ ਸਿਖਣਗੇ

## ਭਾਸ਼ਾਈ ਵਿਭਿੰਨਤਾ ਤੇ ਸੱਭਿਆਚਾਰਕ ਏਕਤਾ ਨੂੰ ਪ੍ਰਫੁੱਲਤ ਕਰਨ ਵਿੱਚ ਪੰਜਾਬ ਕਰੇਗਾ ਦੇਸ਼ ਦੀ ਅਗਵਾਈ : ਬੈਂਸ

ਚੰਡੀਗੜ੍ਹ, 25 ਮਈ, (ਚ.ਨ.ਸ.) :ਪੰਜਾਬ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ ਕਿ ਆਂਧਰਾ ਪ੍ਰਦੇਸ਼ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਸੱਭਿਆਚਾਰਕ ਆਦਾਨ-ਪ੍ਰਦਾਨ, ਭਾਸ਼ਾਈ ਵਿਭਿੰਨਤਾ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਉਲੀਕੇ 5-ਰੋਜ਼ਾ ਪ੍ਰੋਗਰਾਮ ਤਹਿਤ ਪੰਜਾਬੀ ਭਾਸ਼ਾ ਸਿੱਖਣਗੇ। ਇਹ ਜਾਣਕਾਰੀ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਿੱਤੀ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਕੇਂਦਰੀ ਸਿੱਖਿਆ ਮੰਤਰਾਲੇ ਦੇ ਸਕੂਲ ਸਿੱਖਿਆ ਅਤੇ ਸ਼ਾਖਰਤਾ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਅਤੇ ਆਂਧਰਾ ਪ੍ਰਦੇਸ਼ ਨੂੰ ਇਸ ਪ੍ਰੋਗਰਾਮ ਅਧੀਨ ਇੱਕ ਗਰੁੱਪ ਵਿੱਚ ਰੱਖਿਆ ਗਿਆ ਹੈ। ਇਸ ਐਕਸਚੇਂਜ ਪ੍ਰੋਗਰਾਮ ਦੇ ਹਿੱਸੇ ਵਜੋਂ, ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਤੇਲਗੂ ਦੀ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ, ਜਦਕਿ ਆਂਧਰਾ ਪ੍ਰਦੇਸ਼ ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਪੰਜਾਬੀ ਸਿੱਖਣਗੇ।

ਉਨ੍ਹਾਂ ਦੱਸਿਆ ਕਿ ਇਸ ਪੈਨ-ਇੰਡੀਆ ਪਹਿਲਕਦਮੀ ਵਿੱਚ ਵੱਖ-ਵੱਖ ਰਾਜਾਂ ਦੇ ਗਰੁੱਪ ਬਣਾਏ ਗਏ ਹਨ, ਜਿਸ ਵਿੱਚ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਤਾਮਿਲਨਾਡੂ ਨਾਲ, ਹਿਮਾਚਲ ਪ੍ਰਦੇਸ਼ ਨੂੰ ਕੇਰਲਾ ਨਾਲ, ਉੱਤਰਾਖੰਡ ਨੂੰ ਕਰਨਾਟਕਾ ਨਾਲ, ਹਰਿਆਣਾ ਨੂੰ ਤੇਲੰਗਾਨਾ ਨਾਲ, ਰਾਜਸਥਾਨ ਨੂੰ ਅਸਾਮ ਨਾਲ, ਗੁਜਰਾਤ ਨੂੰ ਛੱਤੀਸਗੜ੍ਹ ਨਾਲ, ਮਹਾਰਾਸ਼ਟਰ ਨੂੰ ਓੜੀਸ਼ਾ ਨਾਲ, ਗੋਆ ਨੂੰ ਝਾਰਖੰਡ ਨਾਲ, ਦਿੱਲੀ ਨੂੰ ਸਿੱਕਿਮ ਨਾਲ, ਮੱਧ ਪ੍ਰਦੇਸ਼ ਨੂੰ ਮਨੀਪੁਰ ਅਤੇ ਨਾਗਾਲੈਂਡ ਨਾਲ, ਯੂ.ਪੀ. ਨੂੰ ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਨਾਲ ਅਤੇ ਬਿਹਾਰ ਨੂੰ ਤ੍ਰਿਪੁਰਾ ਅਤੇ ਮਿਜ਼ੋਰਮ ਨਾਲ ਰੱਖਿਆ ਗਿਆ ਹੈ, ਜੋ ਇਸ ਪ੍ਰੋਗਰਾਮ ਦੀ ਵਿਆਪਕ ਪਹੁੰਚ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਸਮਰ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਇੱਕ ਹੋਰ ਭਾਰਤੀ ਭਾਸ਼ਾ ਸਿੱਖਣ ਲਈ ਉਤਸ਼ਾਹਿਤ ਕਰਕੇ ਬਹੁ-ਭਾਸ਼ਾਵਾਦ ਅਤੇ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਨੇ ਖੇਤਰੀ ਭਾਸ਼ਾਵਾਂ ਅਤੇ ਸੱਭਿਆਚਾਰਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।



ਸ. ਹਰਜੋਤ ਸਿੰਘ ਬੈਂਸ ਨੇ ਜ਼ੋਰ ਦੇ ਕੇ ਕਿਹਾ ਕਿ ਮਾਤ ਭਾਸ਼ਾ ਅਤੇ ਸੂਬੇ ਦੀ ਸਰਕਾਰੀ ਭਾਸ਼ਾ ਹੋਣ ਨਾਤੇ ਪੰਜਾਬੀ ਦੀ ਮਹੱਤਤਾ ਨੂੰ ਕਿਸੇ ਪੱਖੋਂ ਵੀ ਘਟਾਇਆ ਨਹੀਂ ਜਾਵੇਗਾ। ਸਿੱਖਿਆ ਮੰਤਰੀ ਨੇ ਉਨ੍ਹਾਂ ਲੋਕਾਂ ਦੀ ਸਖ਼ਤ ਆਲੋਚਨਾ ਕੀਤੀ ਜੋ ਸਿਰਫ ਰਾਜਨੀਤੀ ਕਰਨ ਲਈ ਇਸ ਸਮਰ ਕੈਂਪ ਦਾ ਵਿਰੋਧ ਕਰ ਰਹੇ ਹਨ।

ਸ. ਹਰਜੋਤ ਸਿੰਘ ਬੈਂਸ ਨੇ ਇਸ ਪ੍ਰੋਗਰਾਮ ਦੀ ਆਲੋਚਨਾ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਕਿਸੇ ਵੀ ਮੁੱਦੇ ਨੂੰ ਪੂਰੀ ਤਰ੍ਹਾਂ ਸਮਝਣ ਬਗੈਰ ਹੀ ਸੁਰਖੀਆਂ ਬਟੋਰਨ ਲਈ ਮੀਡੀਆ ਤੱਕ ਜਾ ਪਹੁੰਚਦੇ ਹਨ। ਬੈਂਸ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੀ.ਬੀ.ਐਸ.ਈ. ਦੀ ਖੇਤਰੀ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕਣ ਦੀ ਕੋਸ਼ਿਸ਼ ਦੇ ਡੱਟਵਾਂ ਵਿਰੋਧ ਵਜੋਂ ਚੁੱਕੇ ਦਲੇਰਾਨਾ ਕਦਮ ਦੀ ਯਾਦ ਦਿਵਾਈ। ਜ਼ਿਕਰਯੋਗ ਹੈ ਕਿ ਪੰਜਾਬ ਨੇ ਸਾਰੇ ਸਕੂਲਾਂ, ਭਾਵੇਂ ਉਹ ਕਿਸੇ ਵੀ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ, ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾ ਕੇ ਇੱਕ ਮੋਹਰੀ ਕਦਮ ਚੁੱਕਿਆ ਸੀ।

ਉਨ੍ਹਾਂ ਇਹ ਵੀ ਕਿਹਾ ਕਿ ਸਮਰ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਇੱਕ ਵਾਧੂ ਭਾਰਤੀ ਭਾਸ਼ਾ ਸਿੱਖਣ ਲਈ ਉਤਸ਼ਾਹਿਤ ਕਰਕੇ ਬਹੁਭਾਸ਼ਾਵਾਦ ਅਤੇ ਸੱਭਿਆਚਾਰਕ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ। ਇਹ ਪ੍ਰੋਗਰਾਮ ਬੁਨਿਆਦੀ ਗੱਲਬਾਤ ਦੇ ਹੁਨਰਾਂ ਨੂੰ ਵਿਕਸਤ ਕਰਨ, ਭਾਸ਼ਾਈ ਅਤੇ ਸੱਭਿਆਚਾਰਕ ਸਬੰਧਾਂ ਦੀ ਪੜਚੋਲ ਕਰਨ ਅਤੇ ਹੱਸਦੇ-ਖੇਡਦੇ ਸਿੱਖਣ ਦੇ ਤਜ਼ਰਬਿਆਂ ਰਾਹੀਂ ਕੌਮੀ ਏਕਤਾ ਦੀ ਭਾਵਨਾ ਨੂੰ ਪ੍ਰਫੁੱਲਿਤ ਕਰਨ 'ਤੇ ਕੇਂਦ੍ਰਿਤ ਹੋਵੇਗਾ। ਇਸ ਦੌਰਾਨ ਵਿਦਿਆਰਥੀ ਵਧਾਈ ਦੇਣ, ਭਾਵਨਾਵਾਂ ਦਾ ਪ੍ਰਗਟਾਵਾ ਕਰਨ, ਵਰਨਮਾਲਾ, ਗਿਣਤੀ, ਗੀਤ ਅਤੇ ਆਪਸੀ-ਗੱਲਬਾਤ ਦੇ ਬੁਨਿਆਦੀ ਸਿਧਾਂਤਾਂ ਦੇ ਨਾਲ-ਨਾਲ ਸਥਾਨਕ ਸੱਭਿਆਚਾਰ, ਇਤਿਹਾਸ ਅਤੇ ਰਹੁ-ਰੀਤਾਂ ਦੇ ਵੱਖ ਵੱਖ ਪਹਿਲੂਆਂ ਬਾਰੇ ਬੁਨਿਆਦੀ ਜਾਣਕਾਰੀ ਹਾਸਲ ਕਰਨਗੇ।

# ਈ.ਆਈ.ਐਸ.ਕੇ. ਨੇ ਨੈਸ਼ਨਲ ਬ੍ਰਿਜ ਚੈਂਪੀਅਨਸ਼ਿਪ ਟੀਮ ਖ਼ਿਤਾਬ ਜਿੱਤਿਆ

## ਅਨਿਲ ਭਰੀਹੋਕੇ ਅਤੇ ਆਰ.ਕੇ. ਗਰਗ ਡਬਲਜ਼ ਗਰੁੱਪ ਦੇ ਚੈਂਪੀਅਨ ਬਣੇ



ਚੰਡੀਗੜ੍ਹ, 25 ਮਈ, (ਅੰਮ੍ਰਿਤਪਾਲ ਸਿੰਘ) : ਈ.ਆਈ.ਐਸ.ਕੇ. ਨੇ ਨੈਸ਼ਨਲ ਬ੍ਰਿਜ ਚੈਂਪੀਅਨਸ਼ਿਪ ਵਿੱਚ ਟੀਮ ਈਵੈਂਟ ਦਾ ਖਿਤਾਬ ਜਿੱਤਿਆ। ਅਨਿਲ ਭਰੀਹੋਕੇ ਅਤੇ ਆਰ.ਕੇ. ਗਰਗ ਦੀ ਜੋੜੀ ਡਬਲਜ਼ ਗਰੁੱਪ ਵਿੱਚ ਚੈਂਪੀਅਨ ਬਣੀ।

ਪੰਜਾਬ ਬ੍ਰਿਜ ਐਸੋਸੀਏਸ਼ਨ ਅਤੇ ਸਟੀਲ ਸਟ੍ਰਿਪਸ ਗਰੁੱਪ ਵੱਲੋਂ ਇੱਥੇ ਹੋਟਲ ਮਾਊਂਟਵਿਊ ਵਿਖੇ ਕਰਵਾਈ 13ਵੀਂ ਰਾਸ਼ਟਰੀ ਓਪਨ ਬ੍ਰਿਜ ਚੈਂਪੀਅਨਸ਼ਿਪ ਦੇ ਟੀਮ ਗਰੁੱਪ ਦੀਆਂ 8 ਟੀਮਾਂ ਸੁਪਰ ਲੀਗ ਵਿੱਚ ਪਹੁੰਚੀਆਂ। ਈ.ਆਈ.ਐਸ.ਕੇ. ਟੀਮ 89.30 ਅੰਕਾਂ ਨਾਲ ਚੈਂਪੀਅਨ ਬਣੀ ਜਦੋਂ ਕਿ ਸਟੀਲ ਸਟ੍ਰਿਪਸ ਟੀਮ 88.87 ਅੰਕਾਂ ਨਾਲ ਦੂਜੇ ਸਥਾਨ 'ਤੇ ਰਹੀ। ਮਾਨਸਰੋਵਰ ਨੇ 82.87 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸ਼੍ਰੀ ਰਾਧੇ ਦੀ ਟੀਮ ਨੇ 67.24 ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ।

ਡਬਲਜ਼ ਗਰੁੱਪ ਵਿੱਚ ਅਨਿਲ ਭਰੀਹੋਕੇ ਅਤੇ ਆਰਕੇ ਗਰਗ ਦੀ ਜੋੜੀ 891.17 ਅੰਕਾਂ ਨਾਲ ਜੇਤੂ ਰਹੀ ਅਤੇ ਰਾਮਕ੍ਰਿਸ਼ਨ ਮਜੂਮਦਾਰ ਅਤੇ ਭਾਸਕਰ ਸਰਕਾਰ ਦੀ ਜੋੜੀ 870.49 ਅੰਕਾਂ ਨਾਲ ਉਪ ਜੇਤੂ ਰਹੀ। ਕੇਆਰ ਵਿਜੇਨਾਦ ਸਿੰਘ ਅਤੇ ਪ੍ਰਦੀਪ ਸਿੰਘ ਦੀ ਜੋੜੀ ਨੇ 867.60 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸੌਮਦੀਪ ਘੋਸ਼ ਅਤੇ ਆਰੀਆ ਚੱਕਰਵਰਤੀ ਦੀ ਜੋੜੀ ਨੇ 857.81 ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ।

ਟੀਮ ਈਵੈਂਟ ਵਿੱਚ ਪਹਿਲੇ ਚਾਰ ਸਥਾਨਾਂ ਉਤੇ ਆਈਆਂ ਟੀਮਾਂ ਨੂੰ ਕ੍ਰਮਵਾਰ ਇਕ ਲੱਖ ਰੁਪਏ, 75 ਹਜ਼ਾਰ ਰੁਪਏ, 60 ਹਜ਼ਾਰ ਰੁਪਏ ਅਤੇ 50 ਹਜ਼ਾਰ ਦਾ ਨਗਦ ਇਨਾਮ ਵੀ ਦਿੱਤਾ ਗਿਆ। ਇਸੇ ਤਰ੍ਹਾਂ ਡਬਲਜ਼ ਗਰੁੱਪ ਵਿੱਚ ਪਹਿਲੇ ਚਾਰ ਸਥਾਨਾਂ ਉਤੇ ਆਈਆਂ ਜੋੜੀਆਂ ਨੂੰ ਕ੍ਰਮਵਾਰ 50 ਹਜ਼ਾਰ ਰੁਪਏ, 45 ਹਜ਼ਾਰ ਰੁਪਏ, 40 ਹਜ਼ਾਰ ਰੁਪਏ ਤੇ 35 ਹਜ਼ਾਰ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।

ਪੰਜਾਬ ਬ੍ਰਿਜ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਕੇ.ਆਰ.ਲਖਨਪਾਲ, ਸਟੀਲ ਸਟ੍ਰਿਪਸ ਗਰੁੱਪ ਦੇ ਚੇਅਰਮੈਨ ਤੇ ਐਮ.ਡੀ. ਆਰ.ਕੇ. ਗਰਗ ਅਤੇ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਵਿਸਵਾਜੀਤ ਖੰਨਾ ਤੇ ਕੰਗਾਰੂ ਗਰੁੱਪ ਦੇ ਕ੍ਰਿਸ਼ਨ ਗੋਇਲ ਨੇ ਜੇਤੂ ਟੀਮਾਂ ਤੇ ਜੋੜੀਆਂ ਨੂੰ ਇਨਾਮਾਂ ਦੀ ਵੰਡ ਕੀਤੀ।

ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਜੇਐਸ ਬਹਿਲ, ਅਰਵਿੰਦ ਗੁਪਤਾ ਅਤੇ ਦੁਰਗੇਸ਼ ਮਿਸ਼ਰਾ ਅਤੇ ਤਕਨੀਕੀ ਮਾਹਿਰ ਟੀ.ਸੀ. ਪੰਤ ਵੀ ਹਾਜ਼ਰ ਸਨ।

# ਕੌਮੀ ਲੋਕ ਅਦਾਲਤ ਵਿੱਚ 11597 ਕੇਸਾਂ ਦਾ ਨਿਪਟਾਰਾ



ਫਿਰੋਜ਼ਪੁਰ, 25 ਮਈ, (ਤਿਵਾੜੀ) : ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦਿੱਲੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਹਿੰਦੁਸਤਾਨ ਵਿੱਚ ਕੌਮੀ ਲੋਕ ਅਦਾਲਤ ਲਗਾਈ ਗਈ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਨਯੋਗ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਾਹਿਬ ਫਿਰੋਜ਼ਪੁਰ ਜੀ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ ਜਿਸ ਦੇ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੁੱਲ 27 ਬੈਂਚ ਬਣਾਏ ਗਏ ਜਿਹਨਾਂ ਵਿੱਚ ਸੈਸ਼ਨ ਡਵੀਜਨ, ਫਿਰੋਜਪੁਰ ਦੀਆਂ ਅਦਾਲਤਾਂ ਵਿੱਚ 11 ਬੈਂਚ, ਸਥਾਈ ਲੋਕ ਅਦਾਲਤ ਵਿਖੇ 1 ਬੈਂਚ, ਜੀਰਾ ਵਿਖੇ 3 ਬੈਂਚ ਅਤੇ ਗੁਰੂ ਹਰਿਸਹਾਏ ਵਿਖੇ 2 ਬੈਂਚ ਬਣਾਏ ਗਏ ਹਨ। ਇਸ ਦੇ ਨਾਲ ਹੀ ਰੈਵਿਨਿਉ ਕੇਸਾਂ ਲਈ 10 ਬੈਂਚ ਬਣਾਏ ਗਏ।

ਜਾਣਕਾਰੀ ਮੁਤਾਬਕ ਇਸ ਲੋਕ ਅਦਾਲਤ ਵਿੱਚ ਕੁੱਲ 21098 ਕੇਸ ਲਗਾਏ ਗਏ, ਜਿਹਨਾਂ ਵਿੱਚੋਂ 11597 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਜਿਵੇਂ ਕਿ ਦੀਵਾਨੀ ਕੇਸ, ਰਾਜੀਨਾਮਾ ਹੋਣ ਯੋਗ ਫੌਜਦਾਰੀ ਕੇਸ, ਚੈੱਕ ਬਾਊਂਸ, ਰਿਕਵਰੀ ਦੇ ਕੇਸ, ਟ੍ਰੈਫਿਕ ਚਲਾਨ ਅਤੇ ਘਰੇਲੂ ਝਗੜਿਆਂ ਦੇ ਕੇਸ, ਇਖਰਾਜ ਰਿਪੋਰਟਾਂ, ਅਦਮਪਤਾ ਰਿਪੋਰਟਾਂ, ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਕੇਸ ਅਤੇ ਪ੍ਰੀ ਲਿਟੀਗੇਟਿਵ ਕੇਸ ਜਿਨ੍ਹਾਂ ਵਿੱਚ ਬੈਂਕ ਰਿਕਵਰੀ ਪ੍ਰਾਈਵੇਟ ਫਾਇਨਾਂਸ ਕੰਪਨੀ, ਮੋਬਾਇਲ ਅਤੇ ਟੈਲੀਫੋਨ ਕੰਪਨੀਆਂ ਦੇ ਕੇਸਾਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਦੇ ਨਾਲ ਕੀਤਾ ਗਿਆ।

ਲੋਕ ਅਦਾਲਤ ਵਿੱਚ ਆਉਣ ਵਾਲੇ ਲੋਕਾਂ ਦੀ ਮੱਦਦ ਅਤੇ ਪੁੱਛ-ਗਿੱਛ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਵੱਲੋਂ ਜ਼ਿਲ੍ਹਾ ਕੋਰਟ ਕੰਪਲੈਕਸ, ਫਿਰੋਜਪੁਰ ਦੇ ਪਬਲਿਕ ਐਂਟਰੀ ਗੇਟ ਉੱਪਰ ਇੱਕ ਹੈਲਪ ਡੈਸਕ ਵੀ ਲਗਾਇਆ ਗਿਆ ਤਾਂ ਜੋ ਲੋਕਾਂ ਨੂੰ ਸੁਖਾਲਾ ਕੀਤਾ ਜਾ ਸਕੇ। ਇਸੇ ਤਰ੍ਹਾਂ ਹੀ ਦੋਨਾਂ ਸਬ-ਡਵੀਜਨਾਂ ਜ਼ੀਰਾ ਅਤੇ ਗੁਰੂ ਹਰਿਸਹਾਏ ਵਿਖੇ ਵੀ ਹੈਲਪ ਡੈਸਕ ਲਗਾਏ ਗਏ।

ਲੋਕ ਅਦਾਲਤ ਵਿੱਚ ਫੈਸਲਾ ਹੋਏ ਕੇਸਾਂ ਦੀ ਕੋਈ ਅਪੀਲ ਦਲੀਲ ਨਹੀਂ ਹੈ। ਲੋਕ ਅਦਾਲਤ ਵਿੱਚ ਹੋਏ ਫੈਸਲੇ ਨੂੰ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਇਹ ਫੈਸਲੇ ਤਸੱਲੀਬਖਸ਼ ਹੁੰਦੇ ਹਨ ਅਤੇ ਧਿਰਾਂ ਨੂੰ ਮੁੱਕਦਮੇ ਬਾਜੀ ਤੋਂ ਮੁਕਤੀ ਮਿਲਦੀ ਹੈ ਅਤੇ ਹੋਰ ਕਈ ਮਾਨਸਿਕ ਪਰੇਸ਼ਾਨੀਆਂ ਤੋਂ ਧਿਰਾਂ ਨੂੰ ਮੁਕਤੀ ਮਿਲਦੀ ਹੈ। ਦੋਵੇਂ ਧਿਰਾਂ ਆਪਣੇ-ਆਪ ਨੂੰ ਜੇਤੂ ਮਹਿਸੂਸ ਕਰਦੀਆਂ ਹਨ ਅਤੇ ਕਿਸੇ ਵੀ ਧਿਰ ਦੀ ਹਾਰ ਨਹੀਂ ਹੁੰਦੀ।

# ਫਿਰੋਜ਼ਪੁਰ ਦੋਹਰਾ ਕਤਲ ਕਾਂਡ : ਆਸ਼ੀਸ਼ ਚੋਪੜਾ ਗੈਂਗ ਦੇ ਤਿੰਨ ਮੈਂਬਰ ਗ੍ਰਿਫ਼ਤਾਰ; ਤਿੰਨ ਪਿਸਤੌਲ ਬਰਾਮਦ

## ਮੁਲਜ਼ਮਾਂ ਦੀ ਗ੍ਰਿਫਤਾਰੀ ਨਾਲ ਇੱਕ ਹੋਰ ਕਤਲ ਕੇਸ ਦੀ ਗੁੱਥੀ ਸੁਲਝੀ : ਗੌਰਵ ਯਾਦਵ

ਚੰਡੀਗੜ੍ਹ/ਫਿਰੋਜ਼ਪੁਰ, 25 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਮਹੱਤਵਪੂਰਨ ਸਫ਼ਲਤਾ ਹਾਸਲ ਕਰਦਿਆਂ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਫਿਰੋਜ਼ਪੁਰ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਨਾਟਾ ਗੈਂਗ ਅਤੇ ਆਸ਼ੀਸ਼ ਚੋਪੜਾ ਗੈਂਗ ਵਿਚਕਾਰ ਆਪਸੀ ਰੰਜਿਸ਼ ਦੇ ਚਲਦਿਆਂ ਰਿਸ਼ਭ ਅਤੇ ਸ਼ਾਲੂ ਦੇ ਕਤਲ ਕਾਂਡ ਵਿੱਚ ਸ਼ਾਮਲ ਆਸ਼ੀਸ਼ ਚੋਪੜਾ ਗੈਂਗ ਦੇ ਤਿੰਨ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।



ਡੀਜੀਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਿਰੋਜ਼ਪੁਰ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਉਰਫ਼ ਮੰਨੂ ਅਤੇ ਰਮਨਦੀਪ ਸਿੰਘ ਅਤੇ ਫਰੀਦਕੋਟ ਦੇ ਰਹਿਣ ਵਾਲੇ ਸੋਨੂੰ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਤਿੰਨ ਪਿਸਤੌਲਾਂ ਦੇ ਨਾਲ-ਨਾਲ ਸੱਤ ਜ਼ਿੰਦਾ ਕਾਰਤੂਸ ਅਤੇ ਚਾਰ ਖੋਲ ਵੀ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਨ੍ਹਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾਲ ਇੱਕ ਹੋਰ ਕਤਲ ਕੇਸ ਦੀ ਗੁੱਥੀ ਵੀ ਸੁਲਝ ਗਈ ਹੈ, ਜਿਸ ਵਿੱਚ ਯੋਥਮ ਨਾਮੀ ਵਿਅਕਤੀ ਮਾਰਿਆ ਗਿਆ ਸੀ ਅਤੇ ਇਸ ਮਾਮਲੇ ਵਿੱਚ ਮਨਪ੍ਰੀਤ ਮੰਨੂ ਮੁੱਖ ਸ਼ੂਟਰ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਗਿਰੋਹ ਦੇ ਹੋਰ ਸਾਥੀਆਂ ਦੀ ਪਛਾਣ ਅਤੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਇਸ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਦੱਸਿਆ ਕਿ ਪ੍ਰਾਪਤ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਡੀਐਸਪੀ ਰਾਜਨ ਪਰਮਿੰਦਰ ਦੀ ਅਗਵਾਈ ਵਾਲੀ ਏਜੀਟੀਐਫ ਦੀ ਪੁਲਿਸ ਟੀਮ ਨੇ ਫਿਰੋਜ਼ਪੁਰ ਪੁਲਿਸ ਨਾਲ ਮਿਲ ਕੇ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਗੁਲਾਬੇ ਵਾਲਾ ਵਿੱਚ ਰਮਨਦੀਪ ਸਿੰਘ ਅਤੇ ਸੋਨੂੰ ਦੇ ਟਿਕਾਣੇ 'ਤੇ ਛਾਪਾ ਮਾਰਿਆ।

ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਦੌਰਾਨ ਪੁਲਿਸ ਪਾਰਟੀ 'ਤੇ ਗੋਲੀਆਂ ਚਲਾ ਦਿੱਤੀਆਂ ਪਰ ਪੁਲਿਸ ਨੇ ਉਨ੍ਹਾਂ ਨੂੰ ਸਫ਼ਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੁਲਿਸ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 109, 132 ਅਤੇ 22 ਅਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਐਫਆਈਆਰ ਨੰ. 89 ਮਿਤੀ 24/5/2025 ਦਰਜ ਕੀਤੀ ਗਈ ਹੈ।

ਏਡੀਜੀਪੀ ਨੇ ਕਿਹਾ ਕਿ ਇੱਕ ਵੱਖਰੇ ਆਪ੍ਰੇਸ਼ਨ ਵਿੱਚ ਦੋਸ਼ੀ ਮਨਪ੍ਰੀਤ ਮੰਨੂ ਨੂੰ ਪੁਲਿਸ ਨੇ ਫਿਰੋਜ਼ਪੁਰ 'ਚ ਘੇਰਾ ਪਾ ਲਿਆ, ਜਿੱਥੇ ਉਸਨੇ ਭੱਜਣ ਦੀ ਕੋਸ਼ਿਸ਼ ਵਿੱਚ ਪੁਲਿਸ ਟੀਮ 'ਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਕਿਹਾ ਕਿ ਪੁਲਿਸ ਦੀ ਜਵਾਬੀ ਗੋਲੀਬਾਰੀ ਵਿੱਚ ਦੋਸ਼ੀ ਨੂੰ ਗੋਲੀ ਲੱਗੀ, ਜਿਸ ਉਪਰੰਤ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਉਸਦਾ ਹੀਰੋ ਐਚਐਫ ਡੀਲਕਸ ਮੋਟਰਸਾਈਕਲ, ਜਿਸ 'ਤੇ ਉਹ ਜਾ ਰਿਹਾ ਸੀ, ਵੀ ਜ਼ਬਤ ਕਰ ਲਿਆ ਹੈ।

ਇਸ ਸਬੰਧ ਵਿੱਚ ਪੁਲਿਸ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਬੀਐਨਐਸ ਦੀ ਧਾਰਾ 109 ਅਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਇੱਕ ਵੱਖਰਾ ਕੇਸ ਦਰਜ ਕੀਤਾ ਗਿਆ ਹੈ।

ਫਿਰੋਜ਼ਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਭੁਪਿੰਦਰ ਸਿੰਘ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਉਹ ਹਾਲ ਹੀ ਵਿੱਚ ਵਾਪਰੇ ਦੋਹਰੇ ਕਤਲ ਕੇਸ ਸਮੇਤ ਕਈ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

# ਨਸ਼ਾ ਮੁਕਤੀ ਯਾਤਰਾ ਤਹਿਤ ਕੈਲੋਂ ਵਾਲ, ਖਿਲਚੀ ਜਦੀਦ, ਕਰੀਆਂ ਪਹਿਲਵਾਨ ਵਿਖੇ ਜਾਗਰੂਕਤਾ ਸਮਾਗਮ ਕਰਵਾਏ

## ਹਰ ਨਾਗਰਿਕ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣੀ ਭੂਮਿਕਾ ਨਿਭਾਏ : ਭੁੱਲਰ

ਫ਼ਿਰੋਜ਼ਪੁਰ, 25 ਮਈ, (ਤਿਵਾੜੀ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ਅਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਨੌਜਵਾਨ ਵੀ ਸਵੈ ਇੱਛਾ ਨਾਲ ਨਸ਼ੇ ਦਾ ਤਿਆਗ ਕਰ ਰਹੇ ਹਨ। ਇਹ ਪ੍ਰਗਟਾਵਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹਲਕੇ ਦੇ ਪਿੰਡ ਕੈਲੋਂ ਵਾਲ, ਖਿਲਚੀ ਜਦੀਦ, ਕਰੀਆਂ ਪਹਿਲਵਾਨ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਆਯੋਜਿਤ ਜਾਗਰੂਕਤਾ ਸਮਾਗਮਾਂ ਦੌਰਾਨ ਕੀਤਾ।



ਇਸ ਮੌਕੇ ਵਿਧਾਇਕ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜ਼ੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕਰਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰ ਰਹੀ ਹੈ ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜਿੰਦਗੀ ਬਤੀਤ ਕਰ ਸਕਣ।

ਇਸ ਮੌਕੇ ਉਨ੍ਹਾਂ ਸਮੂਹ ਵਰਗਾਂ ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਉਪਰੰਤ ਵਿਧਾਇਕ ਵੱਲੋਂ ਹਾਜ਼ਰੀਨ ਨੂੰ ਆਪਣੇ ਪਿੰਡਾਂ 'ਚ ਨਸ਼ਾ ਨਾ ਵਿਕਣ ਦੇਣ ਅਤੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਦੀ ਸਹੁੰ ਵੀ ਚੁਕਾਈ ਗਈ।

ਇਸ ਮੌਕੇ ਡਾ. ਅਮਨਦੀਪ ਕੌਰ ਗੋਸਲ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ), ਬੀ.ਡੀ.ਪੀ.ਓ. ਸੁਖਵਿੰਦਰ ਕੌਰ, .ਸ਼ਰਨਜੀਤ ਸਿੰਘ ਲਹਿਰੀ (ਬਲਾਕ ਪ੍ਰਧਾਨ), ਰਾਜ ਬਹਾਦਰ ਸਿੰਘ, ਹਿਮਾਂਸ਼ੂ ਠੱਕਰ, ਦਲੇਰ ਸਿੰਘ ਸਰਪੰਚ, ਗੁਰਮੁੱਖ ਸਿੰਘ ਮੰਤਰੀ, ਸੁਰਜੀਤ ਸਿੰਘ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਕੇਂਦਰ ਅਤੇ ਰਾਜ ਦੋਵੇਂ ਸਰਕਾਰਾਂ ਸੰਵਿਧਾਨ ਦੀ ਦੁਰਵਰਤੋਂ ਕਰ ਰਹੀਆਂ ਹਨ : ਵੜਿੰਗ

ਨਵਾਂਸ਼ਹਿਰ, 25 ਮਈ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਸਰਕਾਰ ਦੇ ਬਹੁਤ ਪ੍ਰਚਾਰਿਤ 'ਯੁੱਧ ਨਸ਼ੇ ਵਿਰੁੱਧ' ਦੀ ਆਲੋਚਨਾ ਕਰਦੇ ਹੋਏ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਰਾਤੋ-ਰਾਤ ਖਤਮ ਨਹੀਂ ਹੋ ਸਕਦੀ ਅਤੇ ਨਾ ਹੀ ਇਹ ਸਿਰਫ਼ ਨਾਅਰਿਆਂ ਨਾਲ ਸਫਲ ਹੋ ਸਕਦੀ ਹੈ।

ਉਨ੍ਹਾਂ ਨੇ ਇਸ ਸਮੱਸਿਆ ਨੂੰ ਰੋਕਣ ਲਈ ਵਿਆਪਕ ਉਪਾਅ ਕਰਨ ਦੀ ਮੰਗ ਕੀਤੀ ਜੋ ਰਾਜ ਭਰ ਵਿੱਚ ਇੰਨੇ ਸਾਰੇ ਲੋਕਾਂ ਦੀਆਂ ਜਾਨਾਂ ਲੈ ਰਹੀ ਹੈ।

ਵੜਿੰਗ ਨੇ ਸੰਵਿਧਾਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਇਸਦੀ ਰੱਖਿਆ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਭਾਜਪਾ ਦੇ ਵਿਚਾਰਧਾਰਕ ਸਲਾਹਕਾਰ ਆਰਐਸਐਸ ਨੇ ਇਸਨੂੰ ਕਦੇ ਸਵੀਕਾਰ ਨਹੀਂ ਕੀਤਾ ਅਤੇ ਉਹ ਇਸਨੂੰ ਬਦਲਣਾ ਚਾਹੁੰਦਾ ਸੀ।

ਅੱਜ ਇੱਥੇ ਸੰਵਿਧਾਨ ਬਚਾਉਣ ਲਈ ਕਾਂਗਰਸ ਪਾਰਟੀ ਦੀ ਦੇਸ਼ ਵਿਆਪੀ ਮੁਹਿੰਮ ਦੇ ਹਿੱਸੇ ਵਜੋਂ 'ਜੈ ਸੰਵਿਧਾਨ ਰੈਲੀ' ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਕਿਹਾ, ਕੇਂਦਰ ਦੀ ਭਾਜਪਾ ਸਰਕਾਰ ਅਤੇ ਰਾਜ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੰਵਿਧਾਨ ਨੂੰ ਕਮਜ਼ੋਰ ਕਰ ਰਹੀਆਂ ਹਨ।



ਉਨ੍ਹਾਂ ਦੱਸਿਆ ਕਿ ਕਿਵੇਂ ਈਡੀ, ਸੀਬੀਆਈ ਅਤੇ ਆਮਦਨ ਕਰ ਵਰਗੀਆਂ ਵੱਖ-ਵੱਖ ਸਰਕਾਰੀ ਏਜੰਸੀਆਂ ਦੀ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨੈਸ਼ਨਲ ਹੈਰਾਲਡ ਕੇਸ ਦੀ ਉਦਾਹਰਣ ਦਿੱਤੀ ਜਿਸ ਵਿੱਚ ਈਡੀ ਨੇ 80 ਸਾਲਾ ਸੀਨੀਅਰ ਕਾਂਗਰਸੀ ਨੇਤਾ ਸ਼੍ਰੀਮਤੀ ਸੋਨੀਆ ਗਾਂਧੀ ਨੂੰ ਚਾਰਜਸ਼ੀਟ ਕੀਤਾ ਸੀ। ਉਨ੍ਹਾਂ ਕਿਹਾ, ਸੈਂਕੜੇ ਅਜਿਹੇ ਮਾਮਲੇ ਹਨ ਜਿੱਥੇ ਈਡੀ ਅਤੇ ਹੋਰ ਏਜੰਸੀਆਂ ਰਾਜਨੀਤਿਕ ਵਿਰੋਧੀਆਂ 'ਤੇ ਧੱਕਾਸ਼ਾਹੀ ਕਰ ਰਹੀਆਂ ਹਨ।

ਉਨ੍ਹਾਂ ਕਿਹਾ, ਜੇਕਰ ਲੋਕਾਂ ਕੋਲ ਨੌਕਰੀਆਂ ਅਤੇ ਨਿਯਮਤ ਆਮਦਨ ਹੈ, ਤਾਂ ਉਨ੍ਹਾਂ ਨੂੰ ਮੁਫ਼ਤ ਸਹੂਲਤਾਂ 'ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਪਵੇਗੀ।

ਵੜਿੰਗ ਨੇ ਕਾਂਗਰਸੀ ਵਰਕਰਾਂ ਅਤੇ ਨੇਤਾਵਾਂ ਨੂੰ ਵੋਟਰ ਸੂਚੀਆਂ ਤੇ ਨਜ਼ਰ ਰੱਖਣ ਲਈ ਕਿਹਾ। ਉਨ੍ਹਾਂ ਕਿਹਾ, ਸੱਤਾਧਾਰੀ ਪਾਰਟੀਆਂ ਸੰਭਾਵੀ ਵਿਰੋਧੀਆਂ ਦੇ ਨਾਮ ਮਿਟਾ ਕੇ ਅਤੇ ਸਮਰਥਕਾਂ ਨੂੰ ਸ਼ਾਮਲ ਕਰਕੇ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਕਰਦੀਆਂ ਪਾਈਆਂ ਗਈਆਂ ਹਨ। ਉਨ੍ਹਾਂ ਮਹਾਰਾਸ਼ਟਰ ਦਾ ਹਵਾਲਾ ਦਿੱਤਾ ਜਿੱਥੇ ਛੇ ਮਹੀਨਿਆਂ ਦੇ ਅੰਦਰ 45 ਲੱਖ ਨਵੇਂ ਵੋਟਰ ਸ਼ਾਮਲ ਕੀਤੇ ਗਏ।

ਇਸ ਮੌਕੇ ਪਵਨ ਆਦੀਆ, ਅੰਗਦ ਸਿੰਘ ਸੈਣੀ, ਤਰਲੋਚਨ ਸਿੰਘ ਸੂੰਧ, ਗੁਰਇਕਬਾਲ ਕੌਰ, ਸਤਵੀਰ ਸਿੰਘ ਪਾਲੀਚਾਕੀ, ਡੀਸੀਸੀ ਪ੍ਰਧਾਨ ਅਜੈ ਮੰਗੂਪੁਰ ਅਤੇ ਹੋਰ ਆਗੂ ਸ਼ਾਮਲ ਸਨ।

# ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਉਮੀਦਵਾਰਾਂ ਦੇ ਝੂਠੇ-ਸੱਚੇ ਦਾਅਵੇ ਅਤੇ ਵਾਅਦੇ

**ਜਤਿੰਦਰ ਪਾਲ ਸਿੰਘ ਛਾਬੜਾ ਦੀ ਰਿਪੋਰਟ**

ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੇ ਵਿਧਾਇਕ ਸਵ. ਗੁਰਪ੍ਰੀਤ ਗੋਗੀ ਦੇ ਅਚਾਨਕ ਸਵਰਗ ਸਿਧਾਰ ਜਾਣ ਕਾਰਨ ਚੋਣ ਕਮਿਸ਼ਨ ਵੱਲੋਂ ਜੁਲਾਈ ਮਹੀਨੇ ਤੱਕ ਜ਼ਿਮਨੀ ਚੋਣ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਜਿਸ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਨੇ ਪਹਿਲਕਦਮੀ ਕਰਦੇ ਹੋਏ ਆਪਣੇ ਰਾਜ ਸਭਾ ਮੈਂਬਰ ਸ੍ਰੀ ਸੰਜੀਵ ਅਰੋੜਾ ਨੂੰ ਜਿਮਨੀ ਚੋਣ ਲਈ ਉਮੀਦਵਾਰ ਐਲਾਨ ਦਿੱਤਾ ਗਿਆ ਸੀ। ਇਸ ਉਪਰੰਤ ਕਾਂਗਰਸ ਪਾਰਟੀ ਵੱਲੋਂ ਸਾਬਕਾ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਭਾਰਤ ਭੂਸ਼ਨ ਆਸ਼ੂ ਨੂੰ ਆਪਣਾ ਉਮੀਦਵਾਰ ਐਲਾਨਿਆਂ ਗਿਆ ਅਤੇ ਹੁਣ ਕੁਝ ਦਿਨ ਪਹਿਲਾਂ ਹੀ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਬਾਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਵਕੀਲ ਪਰਉਪਕਾਰ ਸਿੰਘ ਘੁੰਮਣ ਤੇ ਆਪਣਾ ਭਰੋਸਾ ਪ੍ਰਗਟ ਕਰਦੇ ਹੋਏ ਉਮੀਦਵਾਰ ਬਣਾਇਆ ਹੈ। ਪ੍ਰੰਤੂ ਭਾਜਪਾ ਆਪਣਾ ਉਮੀਦਵਾਰ ਐਲਾਨਣ ਵਿੱਚ ਫਾਡੀ ਨਜ਼ਰ ਆ ਰਹੀ ਹੈ। ਚੋਣ ਕਮਿਸ਼ਨ ਵੱਲੋਂ ਚੋਣ ਪ੍ਰਕਿਰਿਆ ਦਾ ਐਲਾਨ ਕਰ ਦਿੱਤਾ ਗਿਆ ਹੈ, ਭਾਵੇਂ ਹਲਕਾ ਪੱਛਮੀ ਵਿੱਚ ਚੋਣ ਸਰਗਰਮੀਆਂ ਦਿਨੋ ਦਿਨ ਤੇਜ ਰਹੀਆਂ ਹਨ ਅਤੇ ਹਰੇਕ ਸਿਆਸੀ ਪਾਰਟੀ ਦੇ ਆਗੂ ਖਾਸ ਕਰਕੇ ਉਮੀਦਵਾਰ ਜਿੱਥੇ ਦੂਜੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਦੀਆਂ ਖਾਮੀਆਂ ਵੋਟਰਾਂ ਤੱਕ ਪੁਚਾਉਣ ਲਈ ਮੀਡੀਆ ਅਤੇ ਸੋਸ਼ਲ ਮੀਡੀਆ ਦਾ ਸਹਾਰਾ ਲੈ ਰਹੇ ਹਨ, ਉੱਥੇ ਆਪਣੇ ਵੱਲੋਂ ਕਰਵਾਏ ਗਏ ਵਿਕਾਸ ਕਾਰਜ ਵੀ ਲੋਕਾਂ ਦੇ ਨਜ਼ਰ ਕਰ ਰਹੇ ਹਨ।

ਜੇਕਰ ਦੇਖਿਆ ਜਾਵੇ ਤਾਂ ਸਭ ਤੋਂ ਪਹਿਲਾਂ ਗਲ ਕਰਨੀ ਬਣਦੀ ਹੈ ਪੰਜਾਬ ਵਿੱਚ ਸਤਾਧਾਰੀ ਪਾਰਟੀ ਆਪ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਦੀ ਜੋਕਿ ਰਾਜ ਸਭਾ

ਮੈਂਬਰ ਵੀ ਹਨ ਅਤੇ ਉਨ੍ਹਾਂ ਦਾ ਕਾਰਜਕਾਲ ਲੱਗਭੱਗ 3 ਸਾਲ ਬਾਕੀ ਰਹਿੰਦਾ ਹੈ, ਪਰ ਉਨ੍ਹਾਂ ਨੂੰ ਆਪ ਹਾਈ ਕਮਾਂਡ ਵੱਲੋਂ ਲੱਗਭੱਗ 2 ਸਾਲ ਲਈ ਵਿਧਾਇਕ ਬਣਾਉਣ ਲਈ ਚੋਣ ਲੜਾਈ ਜਾ ਰਹੀ ਹੈ। ਸਿਆਸੀ ਪੰਡਤਾਂ ਅਨੁਸਾਰ ਦਿੱਲੀ ਵਿਧਾਨ ਸਭਾ ਚੋਣਾ ਵਿੱਚ ਹਾਰੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਜਾਂ ਕਿਸੇ ਹੋਰ ਲੀਡਰ ਨੂੰ ਰਾਜ ਸਭਾ ਵਿੱਚ ਭੇਜਣ ਖਾਤਿਰ ਕੀ ਸ੍ਰੀ ਅਰੋੜਾ ਨੂੰ ਅੱਗੇ ਲਿਜਾਇਆ ਜਾ ਰਿਹਾ ਹੈ। ਸਿਆਸੀ ਪੰਡਤਾਂ ਦਾ ਇਹ ਕਹਿਣਾ ਹੈ ਕਿ ਸ੍ਰੀ ਆਰੋੜਾ ਨੂੰ ਪੰਜਾਬ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਜਾਏਗਾ। ਭਾਵੇਂ ਵਿਰੋਧੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਪੁੱਛੇ ਸਵਾਲ ਕਿ ਸ੍ਰੀ ਸੰਜੀਵ ਅਰੋੜਾ ਨੇ ਆਪਣੇ ਤਿੰਨ ਸਾਲ ਦੇ ਕਾਰਕਾਲ ਦੌਰਾਨ ਕੀਤਾ ਕੀ ਹੈ ? ਉਨ੍ਹਾਂ ਦੇ ਜਵਾਬ ਵਿੱਚ ਉਹ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਜਾ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੇ ਆਪਣੀ ਮੋਹਰ ਲਗਾਉਂਦੇ ਹੋਏ ਦਿਖਾਈ ਦਿੰਦੇ ਹਨ। ਉਨ੍ਹਾਂ ਅਨੁਸਾਰ ਕਿ ਮੈਂ ਹਲਵਾਰੇ ਦਾ ਹਵਾਈ ਅੱਡਾ ਕੇਂਦਰੀ ਮੰਤਰੀ ਨੂੰ ਕਹਿ ਕੇ ਬਣਵਾਇਆ, ਨੈਸ਼ਨਲ ਹਾਈਵੇਅ ਦੀਆਂ ਸੜਕਾਂ ਬਣਾਉਣ ਵਿੱਚ ਕੇਂਦਰ ਨੂੰ ਚਿੱਠੀਆਂ ਲਿੱਖੀਆਂ, ਰੇਲ ਮੰਤਰੀ ਨੂੰ ਕਹਿ ਕੇ ਰੇਲਵੇ ਸਟੇਸ਼ਨ ਦੇ ਨਵੀਨੀਕਰਨ ਦਾ ਕੰਮ ਪਹਿਲ ਦੇ ਆਧਾਰ 'ਤੇ ਚਾਲੂ ਕਰਵਾਇਆ ਅਤੇ ਉਹ ਹਲਕਾ ਪੱਛਮੀ ਲਈ ਕੀ ਕੀਤਾ ਇਸ ਬਾਰੇ ਦੱਸਣ ਵਿੱਚ ਸਮਰੱਥ ਦਿਖਾਈ ਦਿੰਦੇ ਹਨ। ਹਲਕੇ ਦੇ ਲੋਕ ਚਰਚਾ ਕਰਦੇ ਦਿਖਾਈ ਦਿੰਦੇ ਹਨ। ਭਾਵੇਂ ਲੋਕਾਂ ਅਨੁਸਾਰ ਕਿ ਜੇ ਇਹ ਕਾਰਗੁਜ਼ਾਰੀ ਹੈ ਤਾਂ ਸ੍ਰੀ ਅਰੋੜਾ ਵਿਧਾਇਕ ਦੀ ਥਾਂ ਰਾਜ ਸਭਾ ਮੈਂਬਰ ਹੁੰਦੇ ਹੋਏ ਲੁਧਿਆਣਾ ਦਾ ਵਿਕਾਸ ਵੱਧ ਕਰਵਾ ਸਕਦੇ ਹਨ, ਉਨ੍ਹਾਂ ਨੂੰ ਵਿਧਾਨ ਸਭਾ ਚੋਣ ਲੜਨ ਦੀ ਕੀ ਲੋੜ ਹੈ ਇਸ 'ਤੇ ਉਹ ਜਵਾਬ ਦਿੰਦੇ ਹਨ ਕਿ ਉਨ੍ਹਾਂ ਦਾ ਦਾਅਵਾ ਹੈ ਕਿ ਵਿਧਾਨ ਸਭਾ ਵਿੱਚ ਵਿਧਾਇਕ ਬਣ ਕੇ ਲੁਧਿਆਣੇ ਦਾ ਵੱਧ ਵਿਕਾਸ ਕਰ ਸਕਦੇ ਹਨ। ਕਿਉਂਕਿ ਲੁਧਿਆਣਾ ਦੇ ਵਸਨੀਕ ਹੋਣ ਕਾਰਨ ਲੁਧਿਆਣਾ ਵਾਸੀਆਂ ਦੀ ਸਮੱਸਿਆਵਾ ਬਾਖੂਬੀ ਜਾਣਦੇ ਹਨ। ਅਤੇ ਕਿਆਸ ਰਾਏ ਇਹ ਵੀ ਲਗਾਈ ਜਾ ਰਹੀ ਹੈ ਕਿ ਆਰੋੜਾ ਆਪਣੇ ਮੁਕਾਬਲੇ ਦੇ ਉਮਦਵਾਰਾ ਨਾਲੋਂ ਸਟਰੌਂਗ ਉੱਭਰ ਕੇ ਆ ਰਹੇ ਹਨ



ਹੁਣ ਗਲ ਕਰੀਏ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਭਾਰਤ ਭੂਸ਼ਨ ਆਸ਼ੂ ਜੋ ਕਿ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਕੌਂਸਲਰ ਤੋਂ ਲੈ ਕੇ ਵਿਧਾਇਕ ਅਤੇ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੇ ਵੱਡੀ ਗਿਣਤੀ ਵਿੱਚ ਵਿਕਾਸ ਕਾਰਜ ਕਰਵਾਏ ਜਿਨ੍ਹਾਂ ਵਿੱਚ ਲਈਅਰ ਵੈਲੀ, ਅੰਡਰ ਪਾਥ, ਪੁੱਲ, ਮਲਹਾਰ ਰੋਡ ਦੀ ਕਾਇਆ ਕਲਪ ਸਮੇਤ ਵਾਟਰ ਸਪਲਾਈ, ਸੀਵਰੇਜ, ਸੜਕਾਂ ਆਦਿ ਦਾ ਦਾਅਵਾ ਕਰਦੇ ਹਨ। ਇਸ ਤੋਂ ਇਲਾਵਾ ਸਰਕਾਰੇ ਦਰਬਾਰੇ ਲੋਕਾਂ ਦੇ ਕੰਮ ਕਰਵਾਉਣ ਦਾ ਉਹ ਦਾਅਵਾ ਕਰਦੇ ਹਨ ਅਤੇ ਉਨ੍ਹਾਂ ਸਾਰੇ ਕੰਮ ਪਾਰਟੀ ਪੱਧਰ ਤੋਂ ਉੱਠ ਕੇ ਕੀਤੇ ਹਨ,ਅਤੇ ਆਪਣੇ ਤੇ ਲੱਗੇ ਰਿਸ਼ਵਤਖੋਰੀ ਦੇ ਇਲਜ਼ਾਮਾਂ ਨੂੰ ਨਿਰਆਧਾਰ ਦੱਸਦੇ ਹਨ

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਜੋ ਕਿ ਕਿਸੇ ਜਾਣ ਪਹਿਚਾਨ ਦੇ ਮੋਹਤਾਜ ਨਹੀਂ ਹਨ। ਇਕ ਸਾਫ ਛਵੀ ਦੇ ਇਨਸਾਨ ਹਨ ਅਤੇ ਪਹਿਲੀ ਵਾਰ ਸਿਆਸੀ ਚੋਣ ਲੜ ਰਹੇ ਹਨ, ਇਸ ਲਈ ਉਹ ਦਾਅਵਾ ਤਾਂ ਨਹੀਂ ਕਰ ਸਕਦੇ, ਪ੍ਰੰਤੂ ਵਾਅਦੇ ਜਰੂਰ ਕਰਦੇ ਦਿਖਾਈ ਦਿੰਦੇ ਹਨ। ਕੇਂਦਰ ਦੀ ਸਤਾ 'ਤੇ ਕਾਬਜ ਭਾਰਤੀ ਜਨਤਾ ਪਾਰਟੀ ਦੇ ਨੇਤਾ ਵੀ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦੀ ਨਿਖੇਧੀ ਕਰਦੇ ਦਿਖਾਈ ਦਿੰਦੇ ਹਨ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਕਾਂਗਰਸੀ ਉਮੀਦਵਾਰ ਆਮ ਆਦਮੀ ਪਾਰਟੀ ਤੇ ਹਰ ਪਾਸੇ ਘੇਰਣ ਨੂੰ ਬੈਠੇ ਹਨ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ।

ਹੁਣ ਦੇਖਣਾ ਇਹ ਹੈ ਕਿ ਆਪ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਨੂੰ ਸਾਂਸਦ ਤੇ ਵਿਧਾਇਕ ਬਣਾਉਣ ਲਈ ਮਾਨ ਸਰਕਾਰ ਅਤੇ ਆਪ ਹਾਈ ਕਮਾਂਡ ਕਿਸ ਹੱਦ ਤੱਕ ਜਾਂਦੀ ਹੈ। ਵਿਧਾਨ ਸਭਾ ਹਲਕਾ ਪੱਛਮੀ ਦੇ ਵੋਟਰ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਵੱਲੋਂ ਕੀਤੇ ਕੰਮਾਂ ਦਾ ਮੁੱਲ ਪਾਉਂਦੇ ਹਨ ਜਾਂ ਨਹੀਂ, ਅਕਾਲੀ ਅਤੇ ਭਾਜਪਾ ਉਮੀਦਵਾਰ ਕਿਸ ਪਾਰਟੀ ਦੇ ਉਮੀਦਵਾਰ ਦੀ ਜਿੱਤ ਦਾ ਕਾਰਨ ਬਣਦੇ ਹਨ ਅਤੇ ਭਾਜਪਾ ਆਪਣੇ ਕਿਸ ਉਮੀਦਵਾਰ 'ਤੇ ਆਪਣਾ ਦਾਅ ਖੇਡਦੀ ਹੈ॥

# ਬਠਿੰਡਾ ਨਿਗਮ ਵੱਲੋਂ "ਨਕਸ਼ਾ ਮੇਲਾ" ਸ਼ੁਰੂ

ਬਠਿੰਡਾ, 25 ਮਈ (ਦੀਪਕ ਸ਼ਰਮਾ): ਘਰਾਂ ਦੇ ਨਕਸ਼ੇ ਪਾਸ ਕਰਵਾਉਣ ਵਿੱਚ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ ਨਗਰ ਨਿਗਮ ਬਠਿੰਡਾ ਵੱਲੋਂ ਐਤਵਾਰ ਨੂੰ "ਨਕਸ਼ਾ ਮੇਲਾ" ਸ਼ੁਰੂ ਕੀਤਾ ਗਿਆ। ਇਸ ਮੇਲੇ ਦਾ ਉਦਘਾਟਨ ਮੇਅਰ ਪਦਮਜੀਤ ਮਹਿਤਾ ਨੇ ਕੀਤਾ। ਕਰੀਬ ਇੱਕ ਮਹੀਨਾ ਚੱਲਣ ਵਾਲੇ ਇਸ ਮੇਲੇ ਦੌਰਾਨ ਇੱਕ ਹਜ਼ਾਰ ਦੇ ਕਰੀਬ ਪੈਂਡਿੰਗ ਨਕਸ਼ਿਆਂ ਦੇ ਦਸਤਾਵੇਜ਼ ਪੂਰੇ ਕਰਵਾਏ ਜਾਣਗੇ ਤੇ ਲੋਕਾਂ ਨੂੰ 72 ਘੰਟਿਆਂ ਦੇ ਅੰਦਰ ਨਕਸ਼ੇ ਪਾਸ ਕਰਕੇ ਸੌਂਪੇ ਜਾਣਗੇ। ਐਤਵਾਰ ਨੂੰ ਨਗਰ ਨਿਗਮ ਪਹੁੰਚੇ ਲੋਕਾਂ ਨੇ ਆਪਣੇ ਨਕਸ਼ਿਆਂ ਦੀ ਸਥਿਤੀ ਬਾਰੇ ਜਾਣਕਾਰੀ ਲਈ ਅਤੇ ਪੈਂਡਿੰਗ ਦਸਤਾਵੇਜ਼ ਜਮ੍ਹਾਂ ਕਰਵਾਉਣ ਬਾਰੇ ਦੱਸਿਆ ਗਿਆ। ਜ਼ਿਆਦਾਤਰ ਲੋਕਾਂ ਨੂੰ ਸੋਮਵਾਰ ਤੱਕ ਸਪੋਰਟਿੰਗ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ, ਤਾਂ ਜੋ ਦਸਤਾਵੇਜ਼ ਪੂਰੇ ਹੋਣ ਤੋਂ ਬਾਅਦ ਨਕਸ਼ਿਆਂ ਨੂੰ ਪਾਸ ਕੀਤਾ ਜਾ ਸਕੇ ਤੇ 27 ਮਈ ਨੂੰ ਇਹ ਨਕਸ਼ੇ ਜਾਰੀ ਕੀਤੇ ਜਾ ਸਕਣ। ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਮੇਲੇ ਦੌਰਾਨ ਪਾਸ ਹੋ ਚੁੱਕੇ ਨਕਸ਼ੇ ਵੰਡਣ ਲਈ ਵਿਸ਼ੇਸ਼ ਤੌਰ 'ਤੇ ਬਠਿੰਡਾ ਪਹੁੰਚ ਰਹੇ ਹਨ। ਮੇਲੇ ਦੇ ਪਹਿਲੇ ਦਿਨ ਐਮਟੀਪੀ ਸੁਰਿੰਦਰ ਸਿੰਘ ਬਿੰਦਰਾ, ਏਟੀਪੀ ਮਨੋਜ ਅਗਰਵਾਲ, ਏਟੀਪੀ ਦਵਿੰਦਰ ਪਾਲ ਸ਼ਰਮਾ, ਬਿਲਡਿੰਗ ਇੰਸਪੈਕਟਰ ਅਵਤਾਰ ਸਿੰਘ, ਅਕਸ਼ੈ ਜਿੰਦਲ ਅਤੇ ਅਨੂ ਬਾਲਾ ਸਮੇਤ ਪੂਰੀ ਟੀਮ ਨਿਗਮ ਦਫ਼ਤਰ ਵਿੱਚ ਮੌਜੂਦ ਰਹੀ। ਐਮਟੀਪੀ ਸੁਰਿੰਦਰ ਸਿੰਘ ਬਿੰਦਰਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਰਿਹਾਇਸ਼ੀ ਨਕਸ਼ੇ ਪਾਸ ਕਰਵਾਉਣ ਲਈ ਆਪਣੀਆਂ-ਆਪਣੀਆਂ ਬਿਲਡਿੰਗਾਂ ਦੇ ਪਲਾਨ ਅਤੇ ਜ਼ਰੂਰੀ ਦਸਤਾਵੇਜ਼ ਨਾਲ ਲੈ ਕੇ ਆਉਣ, ਤਾਂ ਜੋ ਕਾਗਜ਼ਾਤ ਮੌਕੇ 'ਤੇ ਹੀ ਜਾਂਚੇ ਜਾ ਸਕਣ ਅਤੇ ਕੋਈ ਕਮੀ ਹੋਣ 'ਤੇ ਉਨ੍ਹਾਂ ਨੂੰ ਤੁਰੰਤ ਜਾਣਕਾਰੀ ਦੇ ਕੇ ਦੂਰ ਕਰਵਾਇਆ ਜਾ ਸਕੇ। ਇਸ ਤੋਂ ਬਾਅਦ ਰਿਹਾਇਸ਼ੀ ਨਕਸ਼ੇ ਨੂੰ ਸਬੰਧਤ ਵਿਅਕਤੀ ਆਪਣੇ ਆਰਕੀਟੈਕਟ ਤੋਂ ਮਿਲ ਕੇ ਅਪਲੋਡ ਕਰਵਾਉਣਗੇ ਤੇ ਅਪਲੋਡ ਹੋਣ ਦੇ 72 ਘੰਟਿਆਂ ਬਾਅਦ ਨਕਸ਼ੇ ਪਾਸ ਹੋ ਜਾਣਗੇ।



ਬਿੰਦਰਾ ਨੇ ਦੱਸਿਆ ਕਿ ਪੋਰਟਲ 'ਤੇ ਚੜ੍ਹਾਉਣ ਤੋਂ ਪਹਿਲਾਂ ਦਸਤਾਵੇਜ਼ਾਂ ਸਬੰਧੀ ਸਮੱਸਿਆ ਦੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਰਿਹਾਇਸ਼ੀ ਨਕਸ਼ੇ ਪਾਸ ਕਰਵਾਉਣ ਲਈ ਕੁਝ ਤਕਨੀਕੀ ਸਮੱਸਿਆਵਾਂ ਆਉਣ ਕਾਰਨ ਲੋਕਾਂ ਨੂੰ ਬਿਲਡਿੰਗ ਬ੍ਰਾਂਚ ਦੇ ਵਾਰ-ਵਾਰ ਚੱਕਰ ਲਗਾਉਣੇ ਪੈਂਦੇ ਸਨ, ਜਿਸਨੂੰ ਹੱਲ ਕਰਨ ਲਈ ਹੀ ਨਕਸ਼ਾ ਮੇਲਾ ਸ਼ੁਰੂ ਕੀਤਾ ਗਿਆ ਹੈ, ਜੋ ਕਿ ਪ੍ਰਦੇਸ਼ ਲਈ ਇੱਕ ਆਦਰਸ਼ ਪ੍ਰੋਜੈਕਟ ਬਣੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਹ ਨਕਸ਼ਾ ਮੇਲਾ ਇੱਕ ਮਹੀਨੇ ਤੱਕ ਦਫ਼ਤਰੀ ਸਮੇਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਇੱਕੋ ਛੱਤ ਹੇਠ ਚੱਲੇਗਾ, ਜਿੱਥੇ ਸਾਰੇ 8 ਜ਼ੋਨ ਦੇ ਬਿਲਡਿੰਗ ਇੰਸਪੈਕਟਰ, ਡਰਾਫਟਸਮੈਨ, ਏਟੀਪੀ ਮੌਜੂਦ ਰਹਿਣਗੇ ਜੋ ਕਿ ਨਕਸ਼ੇ ਦੀ ਫਾਈਲ 'ਤੇ ਆਪਣੇ ਪੱਧਰ 'ਤੇ ਵੈਰੀਫਿਕੇਸ਼ਨ ਕਰਕੇ ਪ੍ਰਵਾਨਗੀ ਦੇਣਗੇ।

## ਨਕਸ਼ਾ ਪਾਸ ਕਰਵਾਉਣ ਲਈ ਜ਼ਰੂਰੀ ਜਾਣਕਾਰੀ

ਜ਼ਿਕਰਯੋਗ ਹੈ ਕਿ ਘਰ-ਕੋਠੀ ਦਾ ਨਕਸ਼ਾ ਪਾਸ ਕਰਵਾਉਣ ਲਈ ਨਿਗਮ ਦੇ ਅਧਿਕਾਰਤ ਆਰਕੀਟੈਕਟ ਤੋਂ ਈ-ਨਕਸ਼ਾ ਪੋਰਟਲ 'ਤੇ ਆਨਲਾਈਨ ਅਪਲਾਈ ਕਰਵਾਓ। ਅਰਜ਼ੀ ਦੇ ਨਾਲ ਸਬੰਧਤ ਜਗ੍ਹਾ ਦੇ ਸਾਰੇ ਜ਼ਰੂਰੀ ਕਾਗਜ਼ਾਤ ਜ਼ਰੂਰ ਲਗਾਏ ਜਾਣ, ਜਿਨ੍ਹਾਂ 'ਚ ਰਜਿਸਟਰੀ ਦੀ ਸਾਫ਼ ਕਾਪੀ, ਆਧਾਰ ਕਾਰਡ ਤੇ ਐਨਓਸੀ (ਜਿੱਥੇ ਲਾਗੂ ਹੋਵੇ) ਪ੍ਰਮੁੱਖ ਹਨ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਕਸ਼ਾ ਪਾਸ ਕਰਵਾਉਣ ਲਈ ਜਗ੍ਹਾ ਦੇ ਸਕੁਏਅਰ ਫੀਟ ਦੇ ਹਿਸਾਬ ਨਾਲ ਨਿਰਧਾਰਤ ਸਰਕਾਰੀ ਫੀਸ ਆਨਲਾਈਨ ਭਰੀ ਜਾਵੇਗੀ।

ਨਗਰ ਨਿਗਮ ਬਿਲਡਿੰਗ ਬ੍ਰਾਂਚ ਵਿੱਚ ਨਕਸ਼ੇ ਲਈ ਪੈਂਡਿੰਗ 1900 ਵਿੱਚੋਂ 80 ਰਿਹਾਇਸ਼ੀ ਫਾਈਲਾਂ ਹਨ ਜੋ ਕਿਸੇ ਨਾ ਕਿਸੇ ਇਤਰਾਜ਼ ਕਾਰਨ ਆਰਕੀਟੈਕਟ ਦੇ ਲੌਗਇਨ ਵਿੱਚ ਹੀ ਅੱਗੇ ਭੇਜੀਆਂ ਗਈਆਂ ਹਨ। ਨਕਸ਼ੇ ਲਈ ਆਉਣ ਵਾਲੀ ਕਿਸੇ ਫਾਈਲ ਵਿੱਚ ਜਮ੍ਹਾਂਬੰਦੀ ਦੀ ਖਾਮੀ ਹੈ ਤਾਂ ਕਿਸੇ ਦੀ ਰਜਿਸਟਰੀ ਦੀ ਕਾਪੀ ਸਾਫ਼ ਨਾ ਹੋਣ ਕਾਰਨ ਵੈਰੀਫਿਕੇਸ਼ਨ ਨਹੀਂ ਹੋ ਪਾਉਂਦੀ। ਉੱਥੇ ਹੀ ਕਿਸੇ ਰਜਿਸਟਰੀ ਵਿੱਚ ਦਰਜ ਵੇਰਵੇ ਅਨੁਸਾਰ ਪਲਾਟ ਦੇ ਮਾਪ ਵਿੱਚ ਫਰਕ ਰਹਿ ਜਾਂਦਾ ਹੈ। ਕਈ ਨਕਸ਼ਾ ਫਾਈਲਾਂ ਵਿੱਚ ਜਗ੍ਹਾ ਅਨੁਸਾਰ ਨਿਰਧਾਰਤ ਫੀਸ ਘੱਟ ਜਾਂ ਜ਼ਿਆਦਾ ਭਰੀ ਹੋਣਾ ਵੀ ਇੱਕ ਕਾਰਨ ਬਣਦਾ ਹੈ। ਕੁਝ ਅਜਿਹੇ ਵੀ ਇਲਾਕੇ ਹਨ, ਜਿੱਥੋਂ ਲਈ ਐਨਓਸੀ ਜ਼ਰੂਰੀ ਕੀਤਾ ਗਿਆ ਹੈ ਪਰ ਨਕਸ਼ਾ ਫਾਈਲ ਦੇ ਨਾਲ ਐਨਓਸੀ ਨਹੀਂ ਲਗਾਇਆ ਜਾਂਦਾ।

# ਖੇਤਾਂ ਨੂੰ ਨਹਿਰੀ ਪਾਣੀ ਮਿਲਣ ਨਾਲ ਫ਼ਸਲ ਦੀ ਪੈਦਾਵਾਰ 'ਚ ਹੋਵੇਗਾ ਵਾਧਾ, ਬਿਜਲੀ ਤੇ ਪਾਣੀ ਦੀ ਵੀ ਹੋਵੇਗੀ ਬੱਚਤ : ਚੀਮਾ

ਛਾਜਲੀ, 25 ਮਈ (ਹਰਿੰਦਰ ਧੋਥੜ, ਕੁਲਦੀਪ ਸਰਮਾ): ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ ਹਲਕੇ ਦੇ ਪਿੰਡਾਂ ਲਈ ਲਈ 3.540 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 1300 ਏਕੜ ਰਕਬੇ ਨੂੰ ਨਹਿਰੀ ਪਾਣੀ ਦੇਣ ਲਈ 12 ਕਿਲੋਮੀਟਰ ਲੰਮੀ ਪਾਈਪ ਲਾਈਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਦਿੜ੍ਹਬਾ ਹਲਕੇ ਦੇ ਸਭ ਤੋਂ ਵੱਡੇ ਪਿੰਡ ਛਾਜਲੀ ਵਿਖੇ ਪਹੁੰਚੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਹਰੇਕ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣਾ ਸਰਕਾਰ ਦੀ ਜ਼ੁੰਮੇਵਾਰੀ ਹੈ, ਉਹਨਾਂ ਕਿਹਾ ਕਿ ਪਾਈਪ ਲਾਈਨਾਂ ਰਾਹੀਂ ਜਦੋਂ ਹਰੇਕ ਖੇਤ ਵਿਚ ਨਹਿਰੀ ਪਾਣੀ ਪਹੁੰਚੇਗਾ ਤਾਂ ਇਸ ਨਾਲ ਜਿਥੇ ਕਿਸਾਨ ਦੀ ਫ਼ਸਲ ਪੈਦਾਵਾਰ 'ਚ ਵਾਧਾ ਹੋਵੇਗਾ, ਉਥੇ ਹੀ ਦੂਜੇ ਪਾਸੇ ਧਰਤੀ ਹੇਠਲਾ ਪਾਣੀ ਬਚੇਗਾ ਅਤੇ ਬਿਜਲੀ ਖਪਤ ਦੀ ਵੀ ਵੱਡੀ ਬੱਚਤ ਹੋਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਬਚਨਬੱਧ ਹੈ ਅਤੇ ਕੁਦਰਤੀ ਸਾਧਨਾਂ ਨੂੰ ਤਰਸਯੋਗ ਬਚਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ। ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਬਹੁਮੰਤਵੀ ਸਹਿਕਾਰੀ ਸਭਾ ਦੀ ਖ਼ਸਤਾ ਇਮਾਰਤ ਅਤੇ ਹਸਪਤਾਲ ਦੀ ਸਮੱਸਿਆ ਨੂੰ ਜਲਦ ਹੱਲ ਕੀਤਾ ਜਾਵੇਗਾ।



ਇਸ ਮੌਕੇ ਪੁੱਛੇ ਜਾਣ ਉੱਤੇ ਹਰਪਾਲ ਸਿੰਘ ਚੀਮਾ ਕਿਹਾ ਕਿ ਲੁਧਿਆਣਾ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਹੀ ਜਿੱਤੇਗੀ। ਜਦਕਿ ਬਾਕੀ ਪਾਰਟੀਆਂ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ। ਪਾਣੀਆਂ ਦੇ ਮੁੱਦੇ ਬਾਰੇ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਾਣੀ ਦੀ ਲੜਾਈ ਲੜ ਰਹੀ ਹੈ। ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਪਾਣੀ ਦਾ ਇੱਕ ਵੀ ਤੁਪਕਾ ਦੇਣ ਲਈ ਵਾਧੂ ਨਹੀਂ ਹੈ। ਉਹਨਾਂ ਕਿਹਾ ਕਿ ਸੂਬੇ ਵਿੱਚ ਤਾਂ ਪਹਿਲਾਂ ਹੀ 153 ਬਲਾਕਾਂ ਵਿੱਚੋਂ 117 ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ। ਅਜਿਹੀ ਸਥਿਤੀ ਵਿਚ ਸੂਬੇ ਦੀ ਕਿਸਾਨੀ ਨੂੰ ਅਣਦੇਖਾ ਕਰਕੇ ਸੂਬੇ ਦੇ ਕੁਦਰਤੀ ਸਰੋਤਾਂ ਨੂੰ ਲੁਟਾਇਆ ਨਹੀਂ ਜਾ ਸਕਦਾ। ਇਸ ਮੌਕੇ ਨਿੱਜੀ ਸਹਾਇਕ ਤਪਿੰਦਰ ਸਿੰਘ ਸੋਹੀ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਅਕਾਲੀ ਆਗੂ ਵਿਜੇ ਸਾਹਨੀ ਸਮਰਥਕਾਂ ਸਮੇਤ ਭਾਜਪਾ 'ਚ ਸ਼ਾਮਲ

ਸੰਗਰੂਰ, 25 ਮਈ (ਹਰਕੰਵਲ ਸਿੰਘ ਹੈਪੀ): ਭਾਜਪਾ ਦਾ ਜਿਲ੍ਹਾ ਸੰਗਰੂਰ ਅੰਦਰ ਸਿਆਸੀ ਗ੍ਰਾਫ ਸੂਬਾ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਦੀ ਅਗਵਾਈ ਹੇਠ ਆਏ ਦਿਨ ਸਿਖਰਾਂ ਵੱਲ ਵੱਧਦਾ ਹੀ ਜਾ ਰਿਹਾ ਹੈ ਤੇ ਹਰ ਰੋਜ਼ ਵੱਖ-ਵੱਖ ਪਾਰਟੀਆਂ ਨੂੰ ਛੱਡਕੇ ਆਗੂ ਤੇ ਵਰਕਰ ਭਾਜਪਾ ਵਿੱਚ ਸ਼ਾਮਿਲ ਹੋ ਰਹੇ ਹਨ। ਇਸੇ ਲੜੀ ਦੇ ਤਹਿਤ ਅਰਵਿੰਦ ਖੰਨਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਆਗੂ ਵਿਜੇ ਕੁਮਾਰ ਸਾਹਨੀ ਆਪਣੇ ਸੈਂਕੜੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਿਲ ਹੋਏ। ਸਾਹਨੀ ਅਤੇ ਉਹਨਾਂ ਦੇ ਸਮਰਥਕਾਂ ਦਾ ਅਰਵਿੰਦ ਖੰਨਾ ਵੱਲੋਂ ਭਾਜਪਾ ਵਿੱਚ ਸ਼ਾਮਿਲ ਕਰਦੇ ਸਮੇਂ ਭਰਵਾਂ ਸਵਾਗਤ ਕੀਤਾ ਗਿਆ ਤੇ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਦੇਣ ਦਾ ਭਰੋਸਾ ਦਵਾਇਆ ਗਿਆ। ਇਸ ਦੌਰਾਨ ਖੰਨਾ ਨੇ ਕਿਹਾ ਕਿ ਅੱਜ ਪੰਜਾਬ ਦੀ ਡੁੱਬਦੀ ਆਰਥਿਕਤਾ ਤੇ ਵਿਗੜੀ ਕਾਨੂੰਨ ਵਿਵਸਥਾ ਨੂੰ ਸਿਰਫ ਭਾਜਪਾ ਹੀ ਸੰਭਾਲ ਸਕਦੀ ਹੈ ਕਿਉਂਕਿ ਮਾਨ ਸਰਕਾਰ ਦੀਆਂ ਗਲਤ ਨੀਤੀਆਂ ਤੇ ਬੇਧਿਆਨੀ ਕਾਰਣ ਪੰਜਾਬ ਦੀ ਆਰਥਿਕ ਤਬਾਹੀ ਵੱਲ ਵੱਧ ਰਿਹਾ ਹੈ ਪਰ ਮੌਜੂਦਾ ਆਪ ਸਰਕਾਰ ਸਿਰਫ ਬਿਆਨਬਾਜੀ ਤੇ ਇਸ਼ਤਿਹਾਰ ਵਿੱਚ ਹੀ ਮਸਤ ਹੈ।



ਇਸ ਮੌਕੇ ਭਾਜਪਾ ਦੇ ਜ਼ਿਲਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਨੇ ਭਾਜਪਾ ਵਿੱਚ ਸ਼ਾਮਿਲ ਹੋਏ ਵਿਜੇ ਕੁਮਾਰ ਸਾਹਨੀ ਅਤੇ ਉਹਨਾਂ ਦੇ ਸਮਰਥਕਾਂ ਨੂੰ ਮੁਬਾਰਕਬਾਦ ਦੇਣ ਉਪਰੰਤ ਕਿਹਾ ਕਿ ਭਾਜਪਾ ਵਿੱਚ ਇੰਨੇ ਵੱਡੇ ਪੱਧਰ ਤੇ ਆਗੂਆਂ ਤੇ ਵਰਕਰਾਂ ਦਾ ਸ਼ਾਮਿਲ ਹੋਣਾ ਇਸ ਗੱਲ ਵੱਲ ਸਾਫ ਇਸ਼ਾਰਾ ਕਰਦਾ ਹੈ ਕਿ 2027 ਵਿੱਚ ਪੰਜਾਬ ਅੰਦਰ ਵੀ ਭਾਜਪਾ ਦੀ ਸੁਨਾਮੀ ਚੱਲੇਗੀ ਜਿਸ ਵਿੱਚ ਮੌਜੂਦਾ ਸੱਤਾਧਾਰੀ ਆਪ ਪਾਰਟੀ ਸਮੇਤ ਕਾਂਗਰਸ ਅਤੇ ਅਕਾਲੀ ਦਲ ਦਾ ਪੂਰੀ ਤਰ੍ਹਾਂ ਦੇ ਨਾਲ ਸਫਾਇਆ ਹੋ ਜਾਵੇਗਾ। ਉਹਨਾਂ ਕਿਹਾ ਕਿ ਕਾਂਗਰਸ ਵਿੱਚ ਆਪਸੀ ਕਾਟੋ ਕਲੇਸ ਬਹੁਤ ਜ਼ਿਆਦਾ ਹੈ ਜਿਸ ਕਾਰਨ ਉਹ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ 'ਚ ਵੀ ਅਸਮਰਥ ਜਾਪ ਰਹੀ ਹੈ ਦੂਜੇ ਪਾਸੇ ਅਕਾਲੀ ਦਲ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਜਦੋਂ ਜਹਿਦ ਕਰ ਰਿਹਾ ਹੈ ਇਸ ਲਈ 2027 ਵਿੱਚ ਭਾਜਪਾ ਹੀ ਪੰਜਾਬ ਲਈ ਸਭ ਤੋਂ ਵਧੀਆ ਵਿਕਲਪ ਹੈ ਇਸੇ ਕਾਰਨ ਪੂਰੇ ਪੰਜਾਬ ਅੰਦਰ ਪੰਜਾਬੀ ਭਾਜਪਾ ਦੇ ਨਾਲ ਜੁੜ ਰਹੇ ਹਨ ਖਾਸ ਤੌਰ ਤੇ ਨੌਜਵਾਨ ਤੇ ਮਹਿਲਾਵਾਂ ਦਾ ਭਾਜਪਾ ਨੂੰ ਸਭ ਤੋਂ ਵੱਧ ਹੁੰਗਾਰਾ ਮਿਲ ਰਿਹਾ ਹੈ ਜਿਸ ਦੀ ਬਦੌਲਤ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਪਰਚਮ ਬੁਲੰਦ ਹੋਵੇਗਾ। ਵਿਜੇ ਕੁਮਾਰ ਸਾਹਨੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਪੱਖੀ ਨੀਤੀਆਂ ਤੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਹਨ। ਉਹਨਾਂ ਕਿਹਾ ਕਿ ਭਾਜਪਾ ਹੀ ਪੰਜਾਬ ਨੂੰ ਮੁੜ ਤੋਂ ਵਿਕਾਸ ਤੇ ਤਰੱਕੀ ਦੀਆਂ ਲੀਹਾਂ ਤੇ ਲਿਆ ਸਕਦੀ ਹੈ, ਇਸ ਲਈ ਪੰਜਾਬ ਦੇ ਲੋਕਾਂ ਨੂੰ ਵੱਧ ਚੜ੍ਹ ਕੇ ਭਾਜਪਾ ਦਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਸਟੇਜ ਦੀ ਜ਼ਿੰਮੇਵਾਰੀ ਰਜੇਸ਼ ਥਰੇਜਾ ਨੇ ਨਿਭਾਈ।

# ਕੌਮੀ ਵਿਗਿਆਨ ਦਿਵਸ ਮੌਕੇ ਵਿਗਿਆਨ ਮੇਲਾ ਕਰਵਾਇਆ

ਮੂਨਕ, 25 ਮਈ (ਸਮਸੇਰ ਸਿੰਘ ਭੁਟਾਲ): ਜ਼ਿਲ੍ਹਾ ਸਿੱਖਿਆ ਅਫਸਰ ਤਰਵਿੰਦਰ ਕੌਰ ਅਤੇ ਬਲਾਕ ਨੋਡਲ ਅਫਸਰ ਅਰੁਣ ਗਰਗ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਮੂਨਕ ਵਿਖੇ 24 ਮਈ ਨੂੰ ਰਾਸਟਰੀ ਵਿਗਿਆਨ ਦਿਵਸ ਨੂੰ ਸਮਰਪਿਤ ਵਿਸ਼ਾਲ ਵਿਗਿਆਨ ਮੇਲਾ ਕਰਵਾਇਆ ਗਿਆ। ਇਹ ਸਮਾਗਮ ਸੋਸਾਇਟੀ ਫਾਰ ਪ੍ਰੋਮੋਸਨ ਆਫ ਸਾਇੰਸ ਐਂਡ ਟੈਕਨੋਲੋਜੀ ਇਨ ਇੰਡੀਆ, ਪੰਚਕੂਲਾ ਵੱਲੋਂ ਮੌੜ ਐਜੂਕੇਸਨਲ ਵੈਲਫੇਅਰ ਸੋਸਾਇਟੀ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਤੇ ਨੈਸਨਲ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਕਮਿਊਨੀਕੇਸਨ, ਡੀਐਸਟੀ, ਭਾਰਤ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਡਾ. ਕਾਇਆ ਧਰਮਵੀਰ ਸਾਬਕਾ ਪ੍ਰੋਫੈਸਰ, ਭੌਤਿਕ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਸਾਬਕਾ ਸੀਨੀਅਰ ਇੰਜੀਨੀਅਰ ਮੱਖਣ ਲਾਲ ਗਰਗ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੇਲੇ ਦੌਰਾਨ ਵਿਦਿਆਰਥੀਆਂ ਨੂੰ ਰਾਸਟਰੀ ਵਿਗਿਆਨ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਸਮਾਰੋਹ ਵਿੱਚ ਭਾਗ ਲੈਣ ਵਾਲੇ ਸਕੂਲਾਂ ਵਿੱਚ ਮੂਨਕ ਬਲਾਕ ਦੇ ਡੀ ਏ ਵੀ ਪਬਲਿਕ ਸਕੂਲ, ਨਵਦੀਪ ਪਬਲਿਕ ਸਕੂਲ, ਵਰਧਮਾਨ ਸਕੂਲ, ਸ.ਸ.ਸ.ਸ ਰਾਮਪੁਰਾ ਗਨੌਟਾ, ਸ.ਸ.ਸ.ਸ ਬੰਗਾਂ, ਸ.ਸ.ਸ.ਸ ਡੂਡੀਆਂ, ਸ.ਸ.ਸ. ਅਤੇ ਮਾਡਲ ਸਕੂਲ ਮੰਡਵੀ, ਸ.ਹ.ਸ ਮਕਰੋੜ ਸਾਹਿਬ, ਸ.ਮਿ.ਸ ਬਾਦਲਗੜ, ਸ.ਮਿ.ਸ ਬੋਪੁਰ, ਪੀ ਐਮ ਸ੍ਰੀ ਸ.ਸ.ਸ.ਸ (ਲੜਕੀਆਂ) ਮੂਨਕ, ਸ.ਸ.ਸ.ਸ (ਲੜਕੇ) ਮੂਨਕ, ਸ.ਮਿ.ਸ. ਭਾਠੂਆਂ, ਸ.ਮਿ.ਸ ਸਲੇਮਗੜ, ਸ.ਸ.ਸ.ਸ. ਮਨਿਆਨਾ ਅਤੇ ਸ.ਹ.ਸ ਖੰਡੇਬਾਦ ਬਲਾਕ ਲਹਿਰਾਗਾਗਾ ਸ਼ਾਮਲ ਸਨ।



ਇਸ ਮੌਕੇ ਸਕੂਲ ਇੰਚਾਰਜ ਜਸਮੀਤ ਕੌਰ, ਕੋਆਰਡੀਨੇਟਰ ਮਹੀਪਾਲ ਸ਼ਰਮਾ, ਇੰਸਟ੍ਰਕਟਰ ਅਮਨ, ਨਗਪਾਲ, ਗੌਰਵ ਮੱਗੂ ਭਰਤੀ ਏਅਰਟੈਲ ਫਾਊਂਡੇਸਨ, ਸਚਿਨ ਸਿੰਗਲਾ, ਅਤਿੰਦਰ ਸਿੰਘ, ਨੀਰੂ ਬਾਲਾ, ਇੰਦਰਜੀਤ ਸਿੰਘ, ਰਿਤਿਕਾ, ਭੀਮ ਸੈਨ, ਗੁਰਪ੍ਰੀਤ ਕੌਰ, ਕੁਲਵਿੰਦਰ ਸਿੰਘ, ਸੋਨਿਤ ਸਿੰਗਲਾ, ਅਜੈ ਕੁਮਾਰ,ਪ੍ਰਵੀਨ ਕੁਮਾਰ, ਗੁਰਪ੍ਰੀਤ ਕੌਰ,ਕੁਲਵਿੰਦਰ ਸਿੰਘ ਤੇ ਹੋਰ ਸਟਾਫ ਮੈਂਬਰ ਸਮਾਗਮ ਦੌਰਾਨ ਹਾਜਰ ਰਹੇ। ਜ਼ਿਲ੍ਹਾ ਸਿੱਖਿਆ ਅਫਸਰ ਤਰਵਿੰਦਰ ਕੌਰ ਨੇ ਕਿਹਾ ਕਿ "ਇਹ ਵਿਗਿਆਨ ਮੇਲਾ ਵਿਦਿਆਰਥੀਆਂ ਲਈ ਇਕ ਵਿਲੱਖਣ ਅਨੁਭਵ ਸੀ ਜੋ ਉਨ੍ਹਾਂ ਵਿੱਚ ਸੋਚਣ, ਪੜਚੋਲ ਕਰਨ ਤੇ ਨਵੀਨਤਾ ਵੱਲ ਵਧਣ ਦੀ ਪ੍ਰੇਰਣਾ ਦੇਵੇਗਾ। ਵਿਗਿਆਨ ਤੇ ਤਕਨੀਕ ਨਾਲ ਰੁਚੀ ਪੈਦਾ ਕਰਕੇ ਅਸੀਂ ਉਨ੍ਹਾਂ ਨੂੰ ਭਵਿੱਖ ਦੇ ਉਮੀਦਵਾਰਾਂ ਵਜੋਂ ਤਿਆਰ ਕਰ ਰਹੇ ਹਾਂ।" ਅੰਤ ਵਿੱਚ ਵਿਗਿਆਨ ਮੇਲੇ ਦੇ ਨੋਡਲ ਅਫਸਰ ਮਨਜੀਤ ਸਿੰਘ ਸਾਇੰਸ ਮਾਸਟਰ ਨੇ ਸਮਾਰੋਹ ਦੀ ਸਫਲਤਾ ਲਈ ਸਾਰੇ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ, ਸਹਿਯੋਗੀ ਸੰਗਠਨਾਂ ਅਤੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਵਿਗਿਆਨ ਮੇਲੇ ਭਵਿੱਖ ਵਿੱਚ ਵੀ ਨਿਰੰਤਰ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਨੂੰ ਹੋਰ ਨਿਖਾਰਿਆ ਜਾ ਸਕੇ।

# ਨੌਜਵਾਨ ਸ਼ਕਤੀ ਇੱਕ ਪ੍ਰਚੰਡ ਅੱਗ ਵਾਂਗ ਹੁੰਦੀ ਹੈ : ਲਵਪ੍ਰੀਤ




ਮਲੋਟ, 25 ਮਈ (ਅਮਨਦੀਪ ਸਿੰਘ ਮਹਿਰਾ): ਵਿਵਕ ਜੋਤੀ ਜਾਗਰਤੀ ਸੰਸਥਾਨ ਵੱਲੋਂ ਮਲੋਟ ਆਸ਼ਰਮ 'ਚ ਨੌਜਵਾਨਾਂ ਲਈ ਇੱਕ ਕਾਰਜਕ੍ਰਮ ਦਾ ਆਯੋਜਨ ਕੀਤਾ ਗਿਆ, ਜਿਸ 'ਚ ਆਸ਼ੁਤੋਸ਼ ਮਹਾਰਾਜ ਜੀ ਦੇ ਸ਼ਿਸ਼ ਲਵਪ੍ਰੀਤ ਜੀ ਨੇ ਕਿਹਾ ਕਿ ਨੌਜਵਾਨ ਸ਼ਕਤੀ ਇੱਕ ਪ੍ਰਚੰਡ ਅੱਗ ਵਾਂਗ ਹੁੰਦੀ ਹੈ, ਜਿਸ ਵਿੱਚ ਹਨੇਰੇ ਨੂੰ ਰੋਸ਼ਨੀ ਵਿੱਚ ਬਦਲਣ ਦੀ ਸਮਰਥਾ ਹੁੰਦੀ ਹੈ। ਉਨ੍ਹਾਂ ਦਾ ਜੋਸ਼ ਸਮੁੰਦਰ ਦੀਆਂ ਲਹਿਰਾਂ ਵਾਂਗ ਹੁੰਦਾ ਹੈ-ਲਗਾਤਾਰ ਹਿਲਦਾ-ਡੁੱਲਦਾ, ਅਟੱਲ ਤੇ ਅਜੇਯ। ਨੌਜਵਾਨਾਂ ਦਾ ਉਤਸ਼ਾਹ ਉਹ ਅਮੁੱਲ ਸ਼ਕਤੀ ਹੈ, ਜੋ ਬਦਲਾਅ ਦੀ ਨੀਂਹ ਰੱਖਦੀ ਹੈ ਤੇ ਵਿਕਾਸ ਦੀਆਂ ਨਵੀਆਂ ਇਮਾਰਤਾਂ ਤਿਆਰ ਕਰਦੀ ਹੈ। ਉਨ੍ਹਾਂ ਦੀਆਂ ਅੱਖਾਂ ਵਿੱਚ ਸੁਪਨੇ ਹੁੰਦੇ ਹਨ, ਦਿਲ ਵਿੱਚ ਜੁਨੂਨ ਹੁੰਦਾ ਹੈ ਤੇ ਕਦਮਾਂ ਵਿੱਚ ਉਹ ਆਤਮਵਿਸ਼ਵਾਸ ਹੁੰਦਾ ਹੈ ਜੋ ਅਸੰਭਵ ਨੂੰ ਵੀ ਸੰਭਵ ਬਣਾ ਦਿੰਦਾ ਹੈ। ਜੇ ਨੌਜਵਾਨਾਂ ਦਾ ਉਤਸ਼ਾਹ ਸਹੀ ਦਿਸ਼ਾ ਵਿੱਚ ਵਗੇ, ਤਾਂ ਉਹ ਰਾਸ਼ਟਰ ਨਿਰਮਾਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਬਣ ਸਕਦਾ ਹੈ। ਇਹੀ ਉਹ ਜੋਸ਼ ਹੈ ਜੋ ਉਨ੍ਹਾਂ ਨੂੰ ਨਵੇਂ ਸੋਚਣ, ਨਵਾਂ ਕਰਨ ਤੇ ਦੇਸ਼-ਸਮਾਜ ਲਈ ਕੁਝ ਕਰ ਜਾਣ ਦੀ ਪ੍ਰੇਰਨਾ ਦਿੰਦਾ ਹੈ। ਨੌਜਵਾਨਾਂ ਦਾ ਉਤਸ਼ਾਹ ਉਹ ਚਮਕ ਹੈ, ਜੋ ਭਵਿੱਖ ਦੇ ਰਸਤੇ ਰੋਸ਼ਨ ਕਰਦੀ ਹੈ। ਇਹ ਸਿਰਫ਼ ਉਤੇਜਨਾ ਨਹੀਂ, ਸਗੋਂ ਉਦੇਸ਼ਪੂਰਨ ਜੋਸ਼ ਹੁੰਦਾ ਹੈ-ਜੋ ਰਾਸ਼ਟਰ ਨਿਰਮਾਣ ਦੇ ਹਰ ਯਤਨ ਨੂੰ ਜੀਵੰਤ ਬਣਾ ਦਿੰਦਾ ਹੈ। ਜਦ ਨੌਜਵਾਨ ਸੱਚੇ ਉਤਸ਼ਾਹ ਨਾਲ ਭਰਪੂਰ ਹੁੰਦੇ ਹਨ, ਤਾਂ ਉਹ ਸੀਮਾਵਾਂ ਪਾਰ ਕਰ ਜਾਂਦੇ ਹਨ, ਰਵਾਇਤਾਂ ਨੂੰ ਚੁਣੌਤੀ ਦਿੰਦੇ ਹਨ ਤੇ ਬਦਲਾਅ ਦੀ ਇਕ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕਰਦੇ ਹਨ। ਨੌਜਵਾਨਾਂ ਦਾ ਉਤਸ਼ਾਹ ਜੇ ਸਯੰਮਤ ਅਤੇ ਸਕਾਰਾਤਮਕ ਦਿਸ਼ਾ ਵਿੱਚ ਵਗੇ, ਤਾਂ ਉਹ ਇੱਕ ਪੂਰੇ ਯੁੱਗ ਨੂੰ ਬਦਲਣ ਦੀ ਸਮਰਥਾ ਰੱਖਦਾ ਹੈ। ਇਹ ਉਤਸ਼ਾਹ ਹੀ ਰਾਸ਼ਟਰ ਦੀ ਧੜਕਨ ਹੈ, ਭਵਿੱਖ ਦੀ ਆਸ ਹੈ ਤੇ ਬਦਲਾਅ ਦੀ ਆਧਾਰਸ਼ੀਲਾ ਹੈ।

# ਮੁੱਖ ਸੜਕ ਟੁੱਟ ਜਾਣ ਕਾਰਨ ਰਾਹਗੀਰ ਪ੍ਰੇਸ਼ਾਨ

ਬਾਜਾਖਾਨਾ, 25 ਮਈ (ਅਵਤਾਰ ਸਿੰਘ ਬਰਾੜ): ਨਜ਼ਦੀਕੀ ਪਿੰਡ ਡੋਡ ਵਿਖੇ ਮੁੱਖ ਮਾਰਗ ਬਾਜਾਖਾਨਾ-ਬਰਨਾਲਾ ਦੀ ਸੜਕ ਕਾਫੀ ਲੰਬੇ ਸਮੇਂ ਤੋਂ ਟੁੱਟ ਜਾਣ ਕਰਕੇ ਰਾਹਗੀਰਾਂ ਤੇ ਆਮ ਲੋਕਾਂ ਨੂੰ ਇਸ ਦੇ ਉੱਪਰ ਦੀ ਲੰਘਣਾਂ ਬਹੁਤ ਸੌਖਾ ਨਹੀਂ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸਰਜਾ ਸਿੰਘ ਪੰਚ, ਸਮਾਜ ਸੇਵੀ ਆਗੂਆਂ ਡਾ. ਤਾਰਾ ਸਿੰਘ ਬਾਜਾਖਾਨਾ, ਸ਼ਮਿੰਦਰ ਸਿੰਘ ਸ਼ੰਮੀ ਟੇਲਰ ਡੋਡ ਤੇ ਗੁਰਪ੍ਰੀਤ ਸਿੰਘ ਬਾਜਵਾ ਨੇ ਦੱਸਿਆ ਕਿ ਉਕਤ ਮਾਰਗ ਕਈ ਸਾਲਾਂ ਤੋਂ ਪਿੰਡ ਡੋਡ ਦੇ ਨਜ਼ਦੀਕ ਤੋਂ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਜਿਸ ਕਰਕੇ ਕਿਸੇ ਵੀ ਸਮੇਂ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ, ਪਰ ਪਤਾ ਨਹੀਂ ਕਦੋਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਕਤ ਦੇ ਵਿਧਾਇਕਾਂ ਦੀ ਸਵੱਲੀ ਨਜ਼ਰ ਕਦੋਂ ਪਵੇਗੀ। ਇਸ ਮਾਰਗ ਦਾ ਐਨਾ ਬੁਰਾ ਹਾਲ ਹੋ ਗਿਆ ਹੈ ਇਸ ਉੱਪਰੋਂ ਵਹੀਕਲ ਤਾ ਕੀ ਪੈਦਲ ਜਾਣਾ ਵੀ ਮੁਸ਼ਕਿਲ ਹੋਇਆ ਪਿਆ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਉਕਤ ਮਾਰਗ ਨੂੰ ਨਜਦੀਕੀ ਪਿੰਡ ਡੋਡ ਤੋਂ ਰੀਪੇਅਰ ਕੀਤੀ ਜਾਵੇ ਤਾਂ ਜੋ ਲੋਕਾਂ ਦੇ ਵਹੀਕਲ ਤੇ ਟਾਈਮ ਬਚ ਸਕਣ ਤੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾ ਹੋ ਸਕੇ।

# ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ ਨੇ ਲਗਾਇਆ ਮੈਗਾ ਮੈਡੀਕਲ ਚੈੱਕਅਪ



ਲਹਿਰਾਗਾਗਾ, 25 ਮਈ (ਗੁਰਦੀਪ ਸਿੰਘ): ਸ਼ਹਿਰ ਦੀ ਸਮਾਜ ਸੇਵੀ ਸੰਸਥਾ ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜਿ.) ਵੱਲੋਂ ਜੀ.ਪੀ.ਐਫ. ਕੰਪਲੈਕਸ ਲਹਿਰਾਗਾਗਾ ਵਿਖੇ ਮੈਗਾ ਮੈਡੀਕਲ ਚੈੱਕਅਪ ਲਾਇਆ ਗਿਆ। ਇਸ ਕੈਂਪ 'ਚ ਸਿਟੀ ਇੰਚਾਰਜ ਗੁਰਦੇਵ ਸਿੰਘ, ਸੀ.ਆਈ.ਡੀ. ਇੰਚ. ਲਹਿਰਾ ਰਾਮ ਸਿੰਘ ਕੋਟੜਾ, ਏ.ਐਸ.ਆਈ. ਹਰਵਿੰਦਰ ਸਿੰਘ ਭੁਟਾਲ ਨੇ ਸ਼ਿਰਕਤ ਕੀਤੀ। ਮੈਡੀਕਲ ਕੈਂਪ ਦਾ ਸਾਂਝੇ ਤੌਰ 'ਤੇ ਉਦਘਾਟਨ ਕਰਨ ਉਪਰੰਤ ਉਨ੍ਹਾਂ ਨੇ ਕਿਹਾ ਕਿ ਸੰਸਥਾ ਦਾ ਨਾਮ ਮਨੁੱਖਤਾ ਦੀ ਸੇਵਾ ਦੇ ਖੇਤਰ 'ਚ ਇਕ ਮਿਸਾਲ ਹੈ। ਸਿਟੀ ਇੰਚਾਰਜ ਗੁਰਦੇਵ ਸਿੰਘ ਨੇ ਕਿਹਾ ਕਿ ਸੰਸਥਾ ਵੱਲੋਂ ਮੈਡੀਕਲ ਕੈਂਪ ਲਾਉਣਾ ਲੋਕਾਂ ਦੀ ਬਹੁਤ ਵੱਡੀ ਸੇਵਾ ਹੈ, ਸੰਸਥਾ ਵੱਲੋਂ ਲੋਕਾਂ ਦੀ ਸਹੂਲਤ ਲਈ ਲਾਏ ਜਾਂਦੇ ਕੈਂਪਾਂ ਦੀ ਹਰ ਵਿਅਕਤੀ ਵੱਲੋਂ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ, ਇਸ ਮੈਗਾ ਮੈਡੀਕਲ ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰਸਥਾਪਕ ਜਸ਼ ਪੇਂਟਰ, ਜੀ.ਪੀ.ਐਫ. ਦੇ ਪ੍ਰਧਾਨ ਸੰਜੀਵ ਕੁਮਾਰ ਰੋਡਾ, ਸੰਕੀਰਤਨ ਮੰਡਲ ਦੇ ਪ੍ਰਧਾਨ ਸੁਰਿਦਰ ਗਰਗ, ਖ਼ਜ਼ਾਨਚੀ ਵਿੱਕੀ ਸਿੰਗਲਾ, ਸੀਨੀਅਰ ਵਾਈਸ ਪ੍ਰਧਾਨ ਓਮ ਪ੍ਰਕਾਸ਼ (ਮੋੜਾਂ ਵਾਲੇ), ਸਾਬਕਾ ਕੌਂਸਲਰ ਸੰਜੀਵ ਕੁਮਾਰ ਦੀਪੂ, ਸੁਰੇਸ਼ ਸਿੰਗਲਾ (ਸਾਬਕਾ ਪ੍ਰਧਾਨ ਟਰੱਕ ਯੂਨੀਅਨ), ਰਮੇਸ਼ ਕੁਮਾਰ (ਕੱਪੜੇ ਵਾਲੇ) ਰਾਕੇਸ਼ ਬਾਂਸਲ (ਪਿਸ਼ੋਰ ਵਾਲੇ) ਜਗਸੀਰ ਸਿੰਘ ਜਵਾਹਰਵਾਲਾ ਤੇ ਗੋਰਾ ਲਾਲ ਨੇ ਪੱਤਰਕਾਰਾਂ ਨੂੰ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਸ ਮੈਗਾ ਮੈਡੀਕਲ ਕੈਂਪ 'ਚ ਡਾ. ਪ੍ਰਗਟ ਸਿੰਘ (ਐਮ.ਡੀ) ਮੈਡੀਸਨ, ਡਾ. ਗਗਨ ਸਿੰਘ (ਹੱਡੀਆਂ, ਜੋੜਾਂ, ਅਪ੍ਰੇਸ਼ਨਾਂ ਦੇ ਮਾਹਿਰ ਤੇ ਡਾ. ਪਾਹੁਲਪ੍ਰੀਤ ਕੌਰ (ਚਮੜੀ ਰੋਗਾਂ) ਦੇ ਮਾਹਿਰ ਵੱਲੋਂ ਲਗਭਗ 130 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਥੇ ਦੱਸਣਯੋਗ ਹੈ ਕਿ ਹਰ ਹਫਤੇ ਸੰਸਥਾ ਵੱਲੋਂ ਲਗਾਏ ਜਾਂਦੇ ਕੈਂਪ ਕਾਰਨ ਇਲਾਕੇ ਭਰ 'ਚ ਲੋਕਾਂ ਵੱਲੋਂ ਸੰਸਥਾ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

# ਪੁਰਾਤਨ ਇਤਿਹਾਸ ਨਾਲ ਜੋੜਨ ਲਈ ਪੰਜਾਬ ਐਡਵੈਂਚਰ ਕਲੱਬ ਕਰ ਰਿਹੈ "ਬੁਲਟਨਾਮਾ ਪੰਜਾਬ ਯਾਤਰਾ"

ਭਗਤਾ ਭਾਈ ਕਾ, 25 ਮਈ (ਸਵਰਨ ਸਿੰਘ ਭਗਤਾ): ਪੰਜਾਬ ਨੂੰ ਆਪਣੇ ਵਿਰਸੇ ਤੇ ਆਪਣੇ ਪੁਰਾਤਨ ਇਤਿਹਾਸ ਨਾਲ ਜੋੜਨ ਲਈ ਪੰਜਾਬ ਐਡਵੈਂਚਰ ਕਲੱਬ ਬਠਿੰਡਾ ਦੇ ਮੈਂਬਰਾਂ ਵੱਲੋਂ ਬੁਲਟਨਾਮਾ ਪੰਜਾਬ ਯਾਤਰਾ ਸ਼ੁਰੂ ਕੀਤੀ ਗਈ ਹੈ। ਜਿਸ 'ਚ ਉਹ ਪੰਜਾਬ ਦੇ ਇਤਿਹਾਸਿਕ ਤੇ ਪੁਰਾਤਨ ਸਥਾਨ ਜਿਵੇਂ ਕਿ ਸਿੱਖ ਇਤਿਹਾਸ ਨਾਲ ਜੁੜੀਆਂ ਪੁਰਾਣੀਆਂ ਇਮਾਰਤਾਂ ਤੇ ਗੁਰਦੁਆਰਾ ਸਾਹਿਬ, ਮੁਸਲਮਾਨ ਧਰਮ ਨਾਲ ਸਬੰਧਤ ਪੁਰਾਣੀਆਂ ਇਮਾਰਤਾਂ ਤੇ ਅੰਗਰੇਜ਼ ਰਾਜ ਸਮੇਂ ਦੀਆਂ ਪੁਰਾਣੀਆਂ ਇਮਾਰਤਾਂ ਤੇ ਉਨ੍ਹਾਂ ਦਾ ਇਤਿਹਾਸ ਤੇ ਉਨ੍ਹਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਉਪਰਾਲਾ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਐਡਵੈਂਚਰ ਕਲੱਬ ਬਠਿੰਡਾ ਦੇ ਮੈਂਬਰ ਗੁਰਪ੍ਰੇਮ ਸਿੰਘ ਲਹਿਰੀ ਤੇ ਨਰੇਸ਼ ਪਠਾਨੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਭਗਤਾ ਭਾਈਕਾ ਵਿਖੇ ਗੁਰਦੁਆਰਾ ਗੰਡੂ ਸਾਹਿਬ, ਭੂਤਾਂ ਵਾਲਾ ਖੂਹ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਦਸਵੀਂ, ਗੁਰਦੁਆਰਾ ਮਹਿਲ ਸਾਹਿਬ ਤੇ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਜਿਵੇਂ ਗੁਰੂਸਰ, ਜਲਾਲ, ਦਿਆਲਪੁਰਾ ਭਾਈਕਾ, ਦੀਨਾ ਸਾਹਿਬ, ਕਾਂਗੜ, ਭਾਈ ਰੂਪਾ, ਗੁਮਟੀ, ਕੋਠਾ ਗੁਰੂਕਾ, ਨਥਾਣਾ, ਭੁੱਚੋ ਅਤੇ ਹੋਰ ਕਈ ਪਿੰਡਾਂ 'ਚ ਆਪਣੀ ਬੁਲਟਨਾਮਾ ਪੰਜਾਬ ਯਾਤਰਾ ਅਧੀਨ ਪਹੁੰਚਕੇ ਦਰਸ਼ਨ ਦਿਦਾਰੇ ਕੀਤੇ ਹਨ। ਇਸ ਮੌਕੇ ਭਗਤਾ ਭਾਈਕਾ ਦੇ ਸਮੇਤ ਅਨੇਕਾਂ ਗੁਰਦੁਆਰਾ ਸਾਹਿਬ ਵਿੱਚ ਸਰੋਪਾ ਪਾ ਕੇ ਅਤੇ ਸਨਮਾਨ ਚਿੰਨ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਬੁਲਟ ਉੱਤੇ ਯਾਤਰਾ ਸ਼ੁਰੂ ਕੀਤੀ ਹੈ ਜਿਸ ਦਾ ਨਾਮ ਉਹਨਾਂ 'ਬੁਲਟਨਾਮਾ ਪੰਜਾਬ' ਰੱਖਿਆ ਹੈ। ਇਹ ਯਾਤਰਾ ਮਾਲਵਾ ਦੁਆਬਾ ਤੇ ਮਾਝੇ ਦੇ ਸਾਰੇ ਇਤਿਹਾਸਿਕ ਤੇ ਪੁਰਾਤਨ ਸਥਾਨਾਂ ਦੇ ਇਤਿਹਾਸ ਬਾਰੇ ਜਾਣਕਾਰੀ ਇਕੱਠੀ ਕਰੇਗੀ।



ਇਸ ਮੌਕੇ ਹਰਭਗਵਾਨ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਭਗਤਾ, ਮਨਪ੍ਰੀਤ ਸਿੰਘ ਹੈਡ ਗ੍ਰੰਥੀ ਭਗਤਾ, ਬਗੀਚਾ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਗੁਰੂਸਰ, ਨਿਰਮਲ ਸਿੰਘ ਖਾਲਸਾ ਹੈਡ ਗ੍ਰੰਥੀ ਗੁਰੂਸਰ, ਗੁਰਪ੍ਰੀਤ ਸਿੰਘ ਖਾਲਸਾ ਗੁਰੂਸਰ, ਸੇਵਕ ਸਿੰਘ ਪ੍ਰਧਾਨ ਸਤਿਕਾਰ ਕਮੇਟੀ, ਸੁਖਚੈਨ ਸਿੰਘ ਖਾਲਸਾ, ਪਿੰਦਰ ਪ੍ਰਧਾਨ, ਜੁਗਰਾਜ ਸਿੰਘ ਭਗਤਾ, ਸੰਟੂ ਭਗਤਾ, ਵੀਰਪਾਲ ਭਗਤਾ, ਡਾ. ਸਿਕੰਦਰ ਸਿੰਘ ਜੰਡੂ, ਤਿਰੰਗਾ ਭਗਤਾ, ਵਿੱਕੀ ਸਿੱਧੂ, ਸੁਖਦੇਵ ਸਿੰਘ ਸੁੱਖੀ, ਕੁਲਦੀਪ ਸਿੰਘ, ਪੱਪਾ ਭਗਤਾ ਗੀਤਕਾਰ, ਜਸਪ੍ਰੀਤ ਸਿੰਘ ਖਾਲਸਾ, ਜਸਵੀਰ ਭਗਤਾ, ਨਵਜੋਤ ਬਜਾਜ ਗੱਗੂ ਸਮੇਤ ਐਂਟੀ ਡਰੱਗ ਕਮੇਟੀ ਭਗਤਾ ਤੇ ਸਤਿਕਾਰ ਕਮੇਟੀ ਭਗਤਾ ਭਾਈਕਾ ਦੇ ਮੈਂਬਰ ਆਦਿ ਹਾਜ਼ਰ ਸਨ।

# ਮੌੜ ਮੰਡੀ ਤੋਂ ਸ੍ਰੀ ਸੰਗਮੇਸ਼ਵਰ ਮਹਾਦੇਵ ਮੰਦਰ, ਅਰੁਣਾਏ ਲਈ 133ਵੀਂ ਬੱਸ ਯਾਤਰਾ ਰਵਾਨਾ



ਮੌੜ ਮੰਡੀ, 25 ਮਈ (ਭੋਲਾ ਸਿੰਘ ਮਾਨ): ਸ੍ਰੀ ਸੰਗਮੇਸ਼ਵਰ ਮਹਾਦੇਵ ਸੇਵਾ ਮੰਡਲ, ਮੌੜ ਵੱਲੋਂ 133ਵੀਂ ਬੱਸ ਯਾਤਰਾ ਦਾ ਆਯੋਜਨ ਕੀਤਾ ਗਿਆ, ਜੋ ਸ਼ਰਧਾਲੂਆਂ ਨੂੰ ਸ੍ਰੀ ਸੰਗਮੇਸ਼ਵਰ ਮਹਾਦੇਵ ਮੰਦਰ, ਅਰੁਣਾਏ ਦੇ ਦਰਸ਼ਨਾਂ ਲਈ ਰਵਾਨਾ ਹੋਈ। ਬੱਸ ਨੂੰ ਕਥਾ ਵਾਚਕ ਪੰਡਤ ਮਦਨ ਲਾਲ ਜੀ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸੇਵਾ ਮੰਡਲ ਦੇ ਪ੍ਰਧਾਨ ਬੱਬੂ ਜਿੰਦਲ ਅਤੇ ਸਕੱਤਰ ਰਾਕੀ ਸਿੰਗਲਾ ਨੇ ਦੱਸਿਆ ਕਿ ਯਾਤਰਾ ਦੌਰਾਨ ਸ਼ਰਧਾਲੂ ਸੀਤਾਸਰ ਮੰਦਰ (ਸੁਨਾਮ), ਕਾਲੀ ਮਾਤਾ ਮੰਦਰ (ਪਟਿਆਲਾ) ਵਿਖੇ ਵੀ ਦਰਸ਼ਨ ਕਰਨਗੇ।

ਇਸ ਮੌਕੇ 'ਤੇ ਬਿੰਦਰ ਸਿੰਘ, ਨੀਤਿਸ ਵਧਵਾ, ਗੁਨੀਤ ਸਿੰਘ, ਬੱਬੂ ਸ਼ਰਮਾ, ਅੰਕੁਸ਼ ਬੰਸਲ, ਰਜਨੀਸ਼, ਰਾਜੀਵ ਫਾਰਮਾਸਿਸਟ, ਰਾਜੂ, ਸੁਮਿਤ, ਪ੍ਰੇਮ, ਗੌਰਵ, ਸੋਮਨਾਥ, ਵਿਸ਼ਾਲ ਨਾਰੰਗ, ਸੋਨੂ ਅਰੋੜਾ, ਸੁਰਿੰਦਰ ਮਹਿਤਾ ਸਮੇਤ ਸ਼ਰਧਾਲੂ ਮੌਜੂਦ ਸਨ।

# ਐਮ.ਐਲ.ਏ. ਰਮਨ ਅਰੋੜਾ ਦੀ ਗ੍ਰਿਫਤਾਰੀ ਸਿਆਸੀ ਚੋਣ ਸਟੰਟ : ਪਰਮਜੀਤ ਸਿੰਘ ਪੰਮਾ ਬਾਠ

ਧੂਰੀ, 25 ਮਈ (ਰਣਜੀਤ ਸਿੰਘ ਧੰਧਾਲੀ): ਆਮ ਆਦਮੀ ਪਾਰਟੀ ਦੇ ਐਮ.ਐਲ.ਏ. ਰਮਨ ਅਰੋੜਾ ਦੀ ਗ੍ਰਿਫਤਾਰੀ ਮਹਿਜ਼ ਇੱਕ ਸਿਆਸੀ ਸਟੰਟ ਹੈ ਅਤੇ ਪੰਜਾਬ ਦੇ ਮੁੱਦਿਆਂ ਤੋਂ ਧਿਆਨ ਭਟਕਾ ਕੇ ਪੰਜਾਬ ਦੇ ਲੋਕਾਂ ਨੂੰ ਅੱਖੀਂ ਘੱਟਾ ਪਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਧਾਰ ਲਹਿਰ ਦੇ ਸੀਨੀਅਰ ਆਗੂ, ਧੂਰੀ ਇਲਾਕੇ ਦੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕੀਤਾ। ਉਨ੍ਹਾਂ ਕਿਹਾ ਆਪ ਸਰਕਾਰ ਦੀ ਸਿੱਖਿਆ ਕ੍ਰਾਂਤੀ ਫੇਲ੍ਹ ਹੋ ਗਈ, ਨਸ਼ਿਆਂ ਵਿਰੁੱਧ ਯੁੱਧ ਫੇਲ੍ਹ ਗਿਆ ਹੁਣ ਰਮਨ ਅਰੋੜਾ ਕਾਂਡ ਆਪਣੀ ਨਾਕਾਮੀਆਂ ਨੂੰ ਛੁਪਾਉਣ ਲਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਲੁਧਿਆਣਾ ਦੀ ਜ਼ਿਮਨੀ ਚੋਣ ਨੂੰ ਧਿਆਨ ਰੱਖਦੇ ਸਟੰਟ ਖੇਡਿਆ ਜਾ ਰਿਹਾ ਹੈ। ਸਰਕਾਰ ਨੂੰ ਪਤਾ ਹੀ ਸੀ ਜਲੰਧਰ ਵਿੱਚ ਕੀ ਹੋ ਰਿਹਾ ਤਾਂ ਇਹ 3 ਸਾਲ ਸਰੇਆਮ ਆਮ ਲੋਕਾਂ ਦੀ ਲੁੱਟ ਹੁੰਦੀ ਰਹੀ ਤੇ ਸਰਕਾਰ ਕਿਉਂ ਅਣਗੌਲਿਆ ਕਰ ਕੇ ਲੋਕਾਂ ਦੀ ਲੁੱਟ ਕਿਉਂ ਹੋਣ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੁਹਿਰਦ ਹੈ ਤਾਂ ਆਪਣੇ ਸਾਰੇ ਵਿਧਾਇਕਾਂ ਦੀ ਜਾਂਚ ਕਰਵਾਏ ਤਾਂ ਜੋ ਲੋਕਾਂ ਦੇ ਸਾਹਮਣੇ ਸੱਚਾਈ ਆ ਸਕੇ।



# ਡੀ.ਈ.ਓ. ਤੇ ਬੀ.ਐਨ.ਓ. ਵੱਲੋਂ ਸਰਕਾਰੀ ਮਿਡਲ ਸਕੂਲ ਦੇ ਵਜੀਫ਼ਾ ਜੇਤੂ ਵਿਦਿਆਰਥੀ ਸਨਮਾਨ



ਖਨੌਰੀ, 25 ਮਈ (ਓਮਪ੍ਰਕਾਸ਼ ਮੁਆਲ): ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਤਰਵਿੰਦਰ ਕੌਰ ਤੇ ਬਲਾਕ ਨੋਡਲ ਅਫ਼ਸਰ ਅਰੁਣ ਗਰਗ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਮੂਨਕ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਨੂੰ ਸਮਰਪਿਤ ਵਿਸ਼ਾਲ ਵਿਗਿਆਨ ਮੇਲਾ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਡਾ. ਕਾਇਆ ਧਰਮਵੀਰ ਸਾਬਕਾ ਪ੍ਰੋਫੈਸਰ ਭੌਤਿਕ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਤੇ ਪੀਐਸਈਬੀ ਸੀਨੀਅਰ ਇੰਜੀਨੀਅਰ ਮੱਖਣ ਲਾਲ ਗਰਗ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਤਰਵਿੰਦਰ ਕੌਰ, ਬਲਾਕ ਨੋਡਲ ਅਫ਼ਸਰ ਮੂਨਕ, ਅਰੁਣ ਗਰਗ ਤੇ ਹਾਜ਼ਰ ਹੋਰ ਮਹਿਮਾਨਾਂ ਵੱਲੋਂ ਐਨਐਮਐਮਐਸ ਤੇ ਪੀਐਸਟੀਐੱਸਈ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ, ਬੋਰਡ ਇਮਤਿਹਾਨਾਂ ਵਿੱਚ ਮੈਰਿਟ ਹਾਸਿਲ ਕਰਨ ਵਾਲੇ ਤੇ ਕੁਇਜ਼ ਜੇਤੂ ਵਿਦਿਆਰਥੀਆਂ ਨੂੰ ਮੰਚ 'ਤੇ ਸਨਮਾਨਿਤ ਕੀਤਾ ਗਿਆ। ਸਰਕਾਰੀ ਮਿਡਲ ਸਕੂਲ ਬੋਪੁਰ ਦੇ ਇੰਚਾਰਜ ਤਰਸੇਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੂਰੇ ਮੂਨਕ ਬਲਾਕ ਵਿੱਚ ਸਭ ਤੋਂ ਵੱਧ ਗਿਣਤੀ ਵਿੱਚ ਵਜ਼ੀਫਾ ਜਿੱਤਣ ਵਾਲੇ ਵਿਦਿਆਰਥੀ ਸਰਕਾਰੀ ਮਿਡਲ ਸਕੂਲ ਬੋਪੁਰ ਦੇ ਹਨ। ਇਹ ਉੱਚ ਅਧਿਕਾਰੀਆਂ ਦੀ ਅਗਵਾਈ, ਬੱਚਿਆਂ ਅਤੇ ਸਟਾਫ ਦੀ ਮਿਹਨਤ ਦਾ ਨਤੀਜਾ ਹੈ। ਬੋਪਰ ਮਿਡਲ ਸਕੂਲ ਦੇ ਐਨ.ਐਮ.ਐਮ.ਐਸ.-ਵਜ਼ੀਫਾ ਜੇਤੂ ਬੱਚਿਆਂ ਮਨਪ੍ਰੀਤ ਸਿੰਘ ਪੁੱਤਰ ਸਲੰਿਦਰ ਸਿੰਘ, ਜਸਮੀਤ ਕੌਰ ਪੁੱਤਰੀ ਰਾਮਫਲ ਸਿੰਘ ਤੇ ਹਰਜੀਤ ਸਿੰਘ ਪੁੱਤਰ ਜਗਰੂਪ ਸਿੰਘ ਨੂੰ ਉੱਪਰ ਦੱਸੇ ਮੁੱਖ ਮਹਿਮਾਨਾਂ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀ.ਐਨ.ਓ. ਮੂਨਕ ਅਰੁਣ ਗਰਗ, ਬੀ.ਆਰ.ਸੀ. ਦੀਪਕ ਤਨੇਜਾ, ਸੰਦੀਪ ਬਾਂਸਲ, ਪਰਵੀਨ ਬਾਂਸਲ ਭੂਤੀਆਂ, ਕੁਲਵਿੰਦਰ ਸਿੰਘ ਸੇਖੋਂ, ਬੋਪੁਰ ਮਿਡਲ ਸਕੂਲ ਇੰਚਾਰਜ ਤਰਸੇਮ ਗੁਲਾਟੀ ਆਦਿ ਤੋਂ ਇਲਾਵਾ ਮੂਨਕ ਬਲਾਕ ਦੇ ਵੱਖ ਵੱਖ ਸਕੂਲਾਂ ਦੇ ਹੋਰ ਸਟਾਫ ਮੈਂਬਰ ਵੀ ਸਮਾਗਮ ਦੌਰਾਨ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਤਹਿਤ ਕਰਵਾਇਆ ਜਾਗਰੂਕਤਾ ਸਮਾਗਮ

ਗਿੱਦੜਬਾਹਾ, 25 ਮਈ (ਐਚ ਐਸ ਕਪੂਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ 'ਨਸ਼ਾ ਮੁਕਤੀ ਯਾਤਰਾ' ਨੂੰ ਲੋਕਾਂ ਵੱਲੋਂ ਪੂਰਨ ਸਹਿਯੋਗ ਮਿਲ ਰਿਹਾ ਹੈ, ਜਿਸ ਤਹਿਤ ਜ਼ਿਲ੍ਹੇ ਨਾਲ ਸਬੰਧਤ ਹਲਕਿਆਂ ਦੇ ਵਿਧਾਇਕਾਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਰੋਜ਼ਾਨਾ ਨਸ਼ਾ ਮੁਕਤੀ ਯਾਤਰਾਵਾਂ ਤੇ ਜਾਗਰੂਕਤਾ ਸਭਾਵਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਕੀਤਾ ਜਾ ਰਿਹਾ ਹੈ ਤੇ ਨਸ਼ਿਆਂ ਦੀ ਰੋਕਥਾਮ ਲਈ ਪ੍ਰਣ ਵੀ ਕਰਵਾਇਆ ਜਾ ਰਿਹਾ ਹੈ। ਨਸ਼ਾ ਮੁਕਤੀ ਯਾਤਰਾਵਾਂ ਦੀ ਲੜੀ 'ਚ ਸ੍ਰੀ ਮੁਕਤਸਰ ਸਾਹਿਬ ਹਲਕੇ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਹਲਕੇ ਦੇ ਪਿੰਡ ਸਮਾਘ, ਮਨੀਆਂਵਾਲਾ ਤੇ ਸੁਖਨਾ ਅਬਲੂ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਸਮਾਗਮਾਂ ਦੌਰਾਨ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਸ਼ਾ ਸਮਾਜ ਲਈ ਗੰਭੀਰ ਸਮੱਸਿਆ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਤੇ ਨਸ਼ਾ ਤਸਕਰਾਂ ਦੇ ਜੜ੍ਹੋਂ ਖ਼ਾਤਮੇ ਲਈ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ ਤਾਂ ਜੋ ਕੋਈ ਵੀ ਅੱਗੇ ਤੋਂ ਅਜਿਹਾ ਮਾੜਾ ਕੰਮ ਕਰਨ ਦੀ ਹਿੰਮਤ ਨਾ ਕਰੇ ਤੇ ਪੰਜਾਬ ਨੂੰ ਮੁੜ ਤੋਂ ਸਿਹਤਮੰਦ ਤੇ ਰੰਗਲਾ ਪੰਜਾਬ ਬਣਾਇਆ ਜਾ ਸਕੇ।



ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਚਾਇਤ ਵਿਭਾਗ, ਸਿਹਤ ਵਿਭਾਗ, ਪੁਲਿਸ ਵਿਭਾਗ, ਸਹਿਕਾਰਤਾ ਵਿਭਾਗ ਦੇ ਸਹਿਯੋਗ ਨਾਲ ਗ੍ਰਾਮ ਸਭਾਵਾਂ, ਪਿੰਡ ਵਾਸੀਆ, ਪਿੰਡ ਰੱਖਿਆ ਕਮੇਟੀਆਂ, ਯੂਥ ਕਲੱਬਾਂ ਤੇ ਵੱਡੀ ਗਿਣਤੀ ਵਿੱਚ ਇਕੱਠ ਕਰਕੇ ਕੀਤੇ ਜਾ ਰਹੇ ਜਾਗਰੂਕਤਾ ਸਮਾਗਮਾਂ ਦੇ ਸਾਰਥਿਕ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਨਸ਼ਾ ਮੁਕਤੀ ਯਾਤਰਾਵਾਂ ਨੂੰ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਦੀ ਦਲਦਲ ਵਿੱਚ ਫਸੇ ਲੋਕਾਂ ਨਾਲ ਹਮਦਰਦੀ ਭਰਿਆ ਰਵੱਈਆ ਅਪਣਾਇਆ ਜਾਵੇ ਅਤੇ ਨਸ਼ੇ ਦੇ ਆਦੀਆਂ ਨੂੰ ਨਸ਼ੇ ਛੱਡਣ 'ਚ ਸਹਿਯੋਗ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਜੋ ਲੋਕ ਨਸ਼ੇ ਛੱਡਣ ਦੇ ਚਾਹਵਾਨ ਹਨ, ਉਹ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਜਾਂ ਮਾਨਤਾ ਪ੍ਰਾਪਤ ਕੇਂਦਰਾਂ ਤੋਂ ਹੀ ਆਪਣਾ ਇਲਾਜ ਕਰਵਾਉਣ। ਉਨ੍ਹਾਂ ਕਿਹਾ ਕਿ ਨਸ਼ੇ ਛੱਡਣ ਦੇ ਚਾਹਵਾਨ ਮਰੀਜਾਂ ਦਾ ਸਰਕਾਰ ਵੱਲੋਂ ਇਲਾਜ ਕਰਵਾਉਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ ਦੇ ਵੀ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਰਚੇ ਦੇ ਹਲਕਾ ਗਿੱਦੜਬਾਹਾ ਦੇ ਕੋਆਰਡੀਨੇਟਰ ਮਾਧੋ ਦਾਸ ਸਿੰਘ ਖ਼ਾਲਸਾ, ਵਿਲੇਜ ਡਿਫੈਂਸ ਕਮੇਟੀਆਂ ਮੰਗੇ ਮੈਂਬਰ, ਪੰਚਾਇਤਾਂ ਦੇ ਨੁਮਾਇੰਦੇ ਤੇ ਵੱਡੀ ਗਿਣਤੀ 'ਚ ਹਲਕਾ ਨਿਵਾਸੀ ਹਾਜ਼ਰ ਸਨ।

# ਬਜ਼ੁਰਗ ਮਹਿਲਾ ਦੀਆਂ ਬਾਲੀਆ ਖੋਹਣ ਵਾਲੇ ਝਪਟਮਾਰ ਕਾਬੂ



ਬਰਨਾਲਾ, 25 ਮਈ (ਚਮਕੌਰ ਸਿੰਘ ਗੱਗੀ): ਬੀਤੇ ਦਿਨੀਂ ਬਰਨਾਲਾ ਦੇ ਕਿਲਾ ਮੁਹੱਲਾ ਦੀ ਰਹਿਣ ਵਾਲੀ ਬਜੁਰਗ ਮਹਿਲਾ ਦੀਆਂ ਕੰਨਾ ਦੀਆਂ ਬਾਲੀਆ ਝਪਟਣ ਵਾਲੇ ਬਰਨਾਲਾ ਪੁਲਿਸ ਵੱਲੋਂ 24 ਘੰਟਿਆਂ 'ਚ ਗ੍ਰਿਫ਼ਤਾਰ ਕਰ ਲਏ ਗਏ ਤੇ ਝਪਟਿਆ ਸਮਾਂਨ ਤੇ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ, ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਰਾਜਿੰਦਰਪਾਲ ਸਿੰਘ ਪੀਪੀਐਸ ਡੀਐਸਪੀ (ਡੀ) ਬਰਨਾਲਾ ਨੇ ਦੱਸਿਆ ਕਿ ਕਿਲਾ ਮੁਹੱਲਾ ਦੀ ਰਹਿਣ ਵਾਲੀ ਬਜੁਰਗ ਔਰਤ ਸੋਮਾਵਤੀ ਪਤਨੀ ਗਿਰਧਾਰੀ ਲਾਲ ਆਪਣੇ ਘਰ ਨੂੰ ਜਾ ਰਹੀ ਸੀ ਤਾਂ ਦੋ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਝਪਟ ਮਾਤ ਕੇ ਕੰਨਾਂ ਦੀਆਂ ਬਾਲੀਆ ਖੋਹ ਕੇ ਭੱਜ ਗਏ ਸੀ ਤੇ ਮਹਿਲਾ ਜਖਮੀ ਹੋ ਗਈ, ਜਿਸ ਤੋਂ ਬਾਅਦ ਥਾਣਾ ਸਿਟੀ ਇੱਕ ਵਿੱਚ ਮੁੱਕਦਮਾ ਨੰਬਰ 207 ਅਧੀਨ ਧਾਰਾ 304, 115 (2), 61 (2), 3 (5) ਬੀਐਨਐਸ ਥਾਣਾ ਸਿਟੀ ਬਰਨਾਲਾ ਦਰਜ ਰਜਿਸਟਰ ਕੀਤਾ ਗਿਆ ਤੇ ਸਰਫਰਾਜ ਆਲਮ ਐਸ ਐਸ ਪੀ ਬਰਨਾਲਾ ਤੇ ਅਸ਼ੋਕ ਕੁਮਾਰ ਐਸਪੀ (ਡੀ) ਬਰਨਾਲਾ ਜੀ ਦੀ ਯੋਗ ਅਗਵਾਈ ਹੇਠ ਬਰਨਾਲਾ ਪੁਲਿਸ ਦੀਆ ਟੀਮਾ ਇੰਸ: ਬਲਜੀਤ ਸਿੰਘ ਇੰਚਾਰਜ ਸੀ ਆਈ ਏ ਸਟਾਫ ਬਰਨਾਲਾ ਅਤੇ ਇੰਸ: ਲਖਵਿੰਦਰ ਸਿੰਘ ਐਸਐਚਓ ਥਾਣਾ ਸਿਟੀ ਬਰਨਾਲਾ ਦਾ ਗਠਿਤ ਕਰਕੇ ਏ ਐੱਸ ਆਈ ਗਿਆਨ ਸਿੰਘ ਸਮੇਤ ਪੁਲਿਸ ਪਾਰਟੀ ਨੇ ਸੀ ਸੀ ਟੀਵੀ ਦੀ ਮਦੱਦ ਲਈ ਜਿਸ ਤੋਂ ਬਾਅਦ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਕਿ ਜਦੋਂ ਝਪਟਮਾਰਾਂ ਨੂੰ ਦਬੋਚ ਲਿਆ ਤੇ ਖੋਹ ਕੀਤੀ ਸੋਨੇ ਦੀ ਵਾਲੀ ਸਮੇਤ ਮੋਟਰਸਾਈਕਲ ਬਰਾਮਦ ਕੀਤਾ ਗਿਆ, ਜਿੰਨਾ ਦੀ ਪਹਿਚਾਣ ਸੁਖਵੀਰ ਸਿੰਘ ਕਾਕਾ ਚਹਿਲ ਪੁੱਤਰ ਕਰਨੈਲ ਸਿੰਘ ਵਾਸੀ ਸੇਖਾ ਅਤੇ ਪਰਮਜੀਤ ਸਿੰਘ ਉਰਫ ਗੱਗੂ ਪੁੱਤਰ ਸੁਦਾਗਰ ਸਿੰਘ ਵਾਸੀ ਰੰਗੀਆ ਵਜੋਂ ਹੋਈ ਹੈ। ਪੁਲਿਸ ਅਨੁਸਾਰ ਗਿਰਫ਼ਤਾਰ ਕੀਤੇ ਗਏ ਵਿਆਕਤੀਆਂ ਖਿਲਾਫ ਮਹਿਲਾ ਵੀ ਮੁਕਦਮੇ ਦਰਜ ਹਨ ਤੇ ਅਗਲੇਰੀ ਕਾਰਵਾਈ ਆਰੰਭ ਦਿੱਤੀ।

## ਚੇਅਰਮੈਨ ਘੁੱਲੀ ਵੱਲੋਂ ਪ੍ਰਾਇਮਰੀ ਸਕੂਲ ਕਿਲ੍ਹਾ ਹਕੀਮਾਂ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ



ਸ਼ੇਰਪੁਰ, 25 ਮਈ (ਰਣਜੀਤ ਸਿੰਘ ਪੇਧਨੀ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਚਲਾਈ ਜਾ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸੂਬਾ ਸਰਕਾਰ ਦੀ ਇੱਕ ਅਜਿਹੀ ਪਹਿਲ-ਕਦਮੀ ਹੈ, ਜਿਸ ਨਾਲ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਕੈਂਪਸ ਇੰਚਾਰਜ ਰਾਜਵੰਤ ਸਿੰਘ ਘੁੱਲੀ ਵੱਲੋਂ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਸਰਕਾਰੀ ਪ੍ਰਾਇਮਰੀ ਸਕੂਲ, ਕਿਲ੍ਹਾ ਹਕੀਮਾਂ ਵਿਖੇ ਹੈੱਡ ਟੀਚਰ ਅਮਨਦੀਪ ਕੌਰ ਦੀ ਅਗਵਾਈ ਹੇਠ ਹੋਏ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਤਰਜ਼ੀਹੀ ਖੇਤਰ ਮੰਨਦੇ ਹੋਏ, ਨਿਰੰਤਰ ਇਤਿਹਾਸਕ ਫੈਸਲੇ ਕਰ ਰਹੀ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਹਤਰ, ਸੁਰੱਖਿਅਤ ਅਤੇ ਆਧੁਨਿਕ ਵਿੱਦਿਅਕ ਮਾਹੌਲ ਉਪਲੱਬਧ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕ੍ਰਾਂਤੀਕਾਰੀ ਫੈਸਲਿਆਂ ਨੂੰ ਵੇਖਦੇ ਹੋਏ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖਲ ਕਰਵਾਉਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਉੱਥੇ ਹੀ ਸਿਹਤ ਸਹੂਲਤਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਅਮਰੀਕ ਸਿੰਘ ਕਿਲ੍ਹਾ ਹਕੀਮਾਂ, ਕਮਲਜੀਤ ਸਿੰਘ, ਅਮਨਦੀਪ ਸਿੰਘ, ਪਰਉਪਕਾਰ ਸਿੰਘ, ਪ੍ਰਿਤਪਾਲ ਸਿੰਘ, ਬਲਜਿੰਦਰ ਕੌਰ, ਸੰਦੀਪ ਕੌਰ, ਮਨਦੀਪ ਕੌਰ ਹਾਜ਼ਰ ਸਨ।

## ਭਾਜਪਾ ਦੇ ਐਸ ਸੀ ਮੋਰਚੇ ਨੇ ਜ਼ਿਲ੍ਹਾ ਪੱਧਰੀ ਵਰਕਸ਼ਾਪ ਲਗਾਈ



ਭੁੱਚੋ ਮੰਡੀ ਨਥਾਣਾ, 25 ਮਈ (ਹਰਬੰਸ ਸਿੰਘ ਭੋਲਾ): ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੰਜਾਬ ਭਾਜਪਾ ਐਸ ਸੀ ਮੋਰਚੇ ਵੱਲੋਂ ਜ਼ਿਲ੍ਹਾ ਪੱਧਰੀ ਵਰਕਸ਼ਾਪ ਬਠਿੰਡਾ ਦੇ ਪਾਰਟੀ ਦਫਤਰ ਦੇ ਹਾਲ ਵਿੱਚ ਆਯੋਜਿਤ ਕੀਤੀ ਗਈ।ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਇਸ ਵਰਕਸ਼ਾਪ ਵਿੱਚ ਜ਼ਿਲ੍ਹੇ ਐਸ ਸੀ ਮੋਰਚੇ ਦੇ ਆਗੂ ਅਤੇ ਵਰਕਰ ਸਾਹਿਬਾਨ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਵਰਕਸ਼ਾਪ ਸੰਬੰਧੀ ਜਾਣਕਾਰੀ ਭਾਜਪਾ ਦੇ ਹਲਕਾ ਭੁੱਚੋ ਦੇ ਇੰਚਾਰਜ ਅਤੇ ਬਠਿੰਡਾ ਜ਼ਿਲ੍ਹਾ ਦੇ ਐਸ ਸੀ ਮੋਰਚਾ ਦੇ ਪ੍ਰਧਾਨ ਬਲਦੇਵ ਸਿੰਘ ਆਕਲੀਆ ਨੇ ਸਾਂਝੀ ਕਰਦਿਆਂ ਕਿਹਾ ਕਿ ਇਸ ਕਾਰਜਸ਼ਾਲਾ ਵਿੱਚ ਬਠਿੰਡੇ ਜ਼ਿਲ੍ਹੇ ਵਿੱਚ ਐਸ ਸੀ ਮੋਰਚਾ ਦੇ ਹਰੇਕ ਆਗੂ ਨੇ ਸਮਾਜ ਦੇ ਚੇਤਨ 25 ਵਿਆਕਤੀਆਂ ਨਾਲ ਸੰਪਰਕ ਕਰਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਜੀ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਨੀ ਹੈ ਅਤੇ ਇਸੇ ਤਰਾਂ ਵਰਕਰ ਸਾਹਿਬਾਨ ਨੇ ਸਮਾਜ ਦੇ ਚੇਤਨ ਪੰਜ ਵਿਆਕਤੀਆਂ ਨਾਲ ਸੰਪਰਕ ਸਾਧ ਕੇ ਬਾਬਾ ਸਾਹਿਬ ਨੇ ਜੋ ਦਲਿਤ ਸਮਾਜ ਲਈ ਸੰਘਰਸ਼ ਕੀਤਾ ਹੈ, ਦੇ ਬਾਰੇ ਵਿਚਾਰ ਵਟਾਂਦਰਾ ਕਰਨਾ ਹੈ।ਭਾਰਤੀ ਜਨਤਾ ਪਾਰਟੀ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦੀ ਸ਼ਖਸੀਅਤ ਨੂੰ ਹੋਰ ਉਭਾਰਨ ਲਈ, ਜੋ ਕੁਝ ਕੀਤਾ ਹੈ,ਇਸ ਸੰਬੰਧੀ ਵੀ ਦਲਿਤ ਸਮਾਜ ਨਾਲ ਗੱਲਬਾਤ ਰਾਹੀਂ ਸਾਂਝਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਐਸ ਸੀ ਮੋਰਚੇ ਦੇ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਕਾਂਗਰਸ ਸੰਵਿਧਾਨ ਬਚਾਉਣ ਦੀ ਗੱਲ ਕਰ ਰਹੀ ਹੈ ਜਦੋਂ ਕਿ ਸਭ ਤੋਂ ਵੱਧ ਸੰਵਿਧਾਨ ਵਿੱਚ ਸੋਧਾਂ ਕਾਂਗਰਸ ਪਾਰਟੀ ਦੇ ਰਾਜ ਸਮੇਂ ਹੋਈਆਂ। ਉਹਨਾਂ ਅੱਗੇ ਕਿਹਾ ਕਿ ਦਲਿਤ ਸਮਾਜ ਦੇ ਰਹਿਬਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜੋ ਸਤਿਕਾਰ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ ਉਹ ਕਾਂਗਰਸ ਨੇ ਕਦੇ ਨਹੀਂ ਕੀਤਾ ਅਤੇ ਨਾ ਹੀ ਕਰ ਸਕਦੀ ਹੈ,ਕਿਉਂਕਿ ਕਾਂਗਰਸ ਸਿਰਫ ਵੋਟ ਦੀ ਰਾਜਨੀਤੀ ਵਿੱਚ ਵਿਸ਼ਵਾਸ਼ ਰੱਖਦੀ ਹੈ। ਭਾਰਤੀ ਜਨਤਾ ਪਾਰਟੀ ਨੇ ਹੀ ਬਾਬਾ ਸਾਹਿਬ ਨੂੰ ਭਾਰਤ ਰਤਨ ਦੀ ਉਪਾਧੀ ਦੇ ਕੇ ਪੂਰੇ ਦਲਿਤ ਸਮਾਜ ਨੂੰ ਮਾਣ-ਸਨਮਾਨ ਦਿੱਤਾ ਹੈ। ਇਸ ਮੌਕੇ ਪੰਜਾਬ ਐਸ ਸੀ ਮੋਰਚਾ ਦੇ ਜਨਰਲ ਸਕੱਤਰ ਜਸਵੀਰ ਸਿੰਘ ਮਹਿਰਾਜ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਬਹੁਤ ਯਤਨ ਕੀਤੇ। ਅੱਜ ਜੋ ਦਲਿਤ ਸਮਾਜ ਅੱਗੇ ਵਧ ਰਿਹਾ ਹੈ ਤਾਂ ਸਿਰਫ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਾਹਿਬ ਕਰਕੇ ਹੀ ਹੈ। ਉਹਨਾਂ ਨੇ ਵੀ ਐਸ ਸੀ ਮੋਰਚੇ ਆਗੂਆਂ ਅਤੇ ਵਰਕਰ ਸਾਹਿਬਾਨ ਨੇ ਸਮਾਜ ਦੇ ਚੇਤਨ ਵਿਅਕਤੀਆਂ ਨਾਲ ਸੰਪਰਕ ਮੁਹਿੰਮ ਸ਼ੁਰੂ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਗੁਰਮੇਲ ਸਿੰਘ ਬੱਲੂਆਣਾ, ਜਗਸੀਰ ਸਿੰਘ ਚੱਕ ਫਤਿਹ ਸਿੰਘ ਵਾਲਾ, ਗੁਰਮੇਲ ਸਿੰਘ ਖੇਮੂਆਣਾ,ਬਿੱਕਰ ਸਿੰਘ ਨਾਥੀਆਣਾ, ਦਰੋਗਾ ਸਿੰਘ ਬੁਰਜ ਮਹਿਮਾ, ਜਸਵਿੰਦਰ ਸਿੰਘ ਜੱਸੀ ਪੌ ਵਾਲੀ, ਜਸਵੀਰ ਸਿੰਘ ਮੰਜ਼ਿਲ, ਲਖਬੀਰ ਸਿੰਘ ਕਾਲਾ ਅਕਲੀਆ,ਰਾਜਵਿੰਦਰ ਸਿੰਘ ਮੈਂਬਰ, ਗੁਰਪਿਆਰ ਸਿੰਘ ਮੈਂਬਰ, ਪ੍ਰੀਤ ਸਿੰਘ ਜੰਗੀਰਾਣਾ, ਗੋਵਿੰਦਾ ਸਿੰਘ ਬੁਰਜ ਬੋਹੜ ਸਿੰਘ ਪਥਰਾਲਾ, ਰਾਣਾ ਸਰਪੰਚ ਪਥਰਾਲਾ, ਅਸ਼ੋਕ ਕੁਮਾਰ ਸਮੇਤ ਹੋਰ ਬਹੁਤ ਸਾਰੇ ਵਰਕਰ ਅਤੇ ਆਗੂ ਸਾਹਿਬਾਨ ਹਾਜ਼ਰ ਸਨ।

## ਯੁੱਧ ਨਸ਼ਿਆਂ ਵਿਰੁੱਧ ਵਿੱਢੇ ਯੁੱਧ 'ਚ ਆਮ ਲੋਕਾਂ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ ਵੱਲੋਂ: ਮਿਆਦੀਆਂ



ਚੋਗਾਵਾਂ, 25 ਮਈ ( ਸੁਬੇਗ ਸਿੰਘ ਸੋਨਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ 'ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪਿੰਡ ਮੱਲੂ ਨੰਗਲ ਵਿਖੇ ਸਰਪੰਚ ਗੁਰਪਾਲ ਸਿੰਘ ਦੀ ਅਗਵਾਈ ਹੇਠ ਨਸ਼ਿਆਂ ਬਾਰੇ ਮੀਟਿੰਗ ਕੀਤੀ ਗਈ, ਅਤੇ ਪਿੰਡ ਅਦਲੀਵਾਲ ਵਿੱਖੇ ਸਰਪੰਚ ਸੁਖਚੈਨ ਸਿੰਘ, ਵੱਲੋਂ ਨਸ਼ਿਆਂ ਖ਼ਿਲਾਫ਼ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਹਲਕਾ ਇੰਚਾਰਜ ਬਲਦੇਵ ਸਿੰਘ ਮਿਆਦੀਆਂ ਨੇ ਆਏ ਹੋਏ ਪਿੰਡ ਵਾਸੀਆਂ ਨੂੰ ਹਦਾਇਤ ਦਿੱਤੀ ਕਿ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਡਟ ਕੇ ਸਾਡਾ ਸਾਥ ਦਿਓ । ਉਨ੍ਹਾਂ ਕਿਹਾ ਕਿ ਜੇ ਕੋਈ ਨੌਜਵਾਨ ਨਸ਼ਾ ਕਰਦਾ ਹੈ ਤਾਂ ਉਸ ਦਾ ਨਸ਼ਾ ਛੁਡਵਾਉਣ ਲਈ ਸਰਕਾਰ ਪੂਰੀ ਤਰ੍ਹਾਂ ਤਤਪਰ ਹੈ। ਇਸ ਮੌਕੇ 'ਤੇ ਹਾਜ਼ਰ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਫੌਜੀ ਚੱਕ ਮਿਸ਼ਰੀ ਖਾ, ਐਸ ਐਚ ਓ ਮਨਤੇਜ ਸਿੰਘ ਰਾਜਾਸਾਂਸੀ, ਬੀਡੀਓ ਪਰਗਟ ਸਿੰਘ ਰਾਜਾਸਾਂਸੀ, ਹਲਕਾ ਰਾਜਾਸਾਂਸੀ ਦੇ ਕੋਆਰਡੀਨੇਟਰ ਲਖਵਿੰਦਰ ਸਿੰਘ ਲੱਖਾ, ਪਿੰਡ ਮੱਲੂ ਨੰਗਲ ਦੇ ਸਰਪੰਚ ਗੁਰਪਾਲ ਸਿੰਘ ਜੀ, ਮੈਂਬਰ ਸੁਖਦੇਵ ਸਿੰਘ, ਮੈਂਬਰ ਹਰਜਿੰਦਰ ਕੌਰ ਮੈਂਬਰ ਸੁਰਜੀਤ ਕੌਰ, ਮੈਂਬਰ ਕੁਲਦੀਪ ਸਿੰਘ ਮੈਂਬਰ ਰਣਜੀਤ ਸਿੰਘ, ਮੈਂਬਰ ਮੇਜਰ ਸਿੰਘ, ਸਾਬਕਾ ਸਰਪੰਚ ਰਾਜਵੀਰ ਸਿੰਘ ਨੰਬਰਦਾਰ ਹਰਭਿੰਦਰ ਸਿੰਘ, ਨੰਬਰਦਾਰ ਦਿਲਬਾਗ ਸਿੰਘ, ਗੁਰਲਾਲ ਸਿੰਘ, ਪ੍ਰਭਪਾਲ ਸਿੰਘ, ਡਾਕਟਰ ਰੁਪਿੰਦਰ ਸਿੰਘ ਗੋਲਡੀ, ਪੀਏ ਗੁਰਵਿੰਦਰ ਸਿੰਘ, ਆਦਿ ਹਾਜ਼ਰ ਸਨ।

## ਬਾਹਰੀ ਸੂਬਿਆਂ ਦੇ ਲੋਕਾਂ ਨੂੰ ਚੇਅਰਮੈਨ ਲਗਾਕੇ ਸਰਕਾਰ ਕਰ ਰਹੀ ਹੈ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸ਼ਘਾਤ : ਆਕਲੀਆਂ

ਭੁੱਚੋ ਮੰਡੀ ਨਥਾਣਾ, 25 ਮਈ(ਹਰਬੰਸ ਸਿੰਘ ਭੋਲਾ ): ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਕੀਤੀਆਂ ਹਨ,ਜਿਸ ਸਬੰਧੀ ਪੰਜਾਬ ਦੇ ਲੋਕ ਘੁਸਰ-ਮੁਸਰ ਕਰਦੇ ਵਿਖਾਈ ਦੇ ਰਹੇ ਹਨ।ਇਹਨਾਂ ਨਿਯੁਕਤੀਆਂ ਸੰਬੰਧੀ ਭਾਰਤੀ ਜਨਤਾ ਪਾਰਟੀ ਦੇ ਹਲਕਾ ਭੁੱਚੋ ਮੰਡੀ ਦੇ ਇੰਚਾਰਜ ਅਤੇ ਜ਼ਿਲ੍ਹਾ ਬਠਿੰਡਾ ਦੇ ਐਸ ਸੀ ਮੋਰਚੇ ਦੇ ਪ੍ਰਧਾਨ ਬਲਦੇਵ ਸਿੰਘ ਆਕਲੀਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵੱਖ ਵੱਖ ਬੋਰਡਾਂ ਤੇ ਕਾਰਪੋਰੇਸਨਾਂ ਦੇ ਚੇਅਰਮੈਨਾਂ ਦੀਆਂ ਜੋ ਨਿਯੁਕਤੀਆਂ ਕੀਤੀਆਂ ਗਈਆਂ ਹਨ।ਉਹ ਪੰਜਾਬ ਦੇ ਲੋਕਾਂ ਜਾਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਅੱਖੋਂ ਪਰੋਖੇ ਕਰਕੇ, ਪੰਜਾਬ ਤੋਂ ਬਾਹਰਲੇ ਲੋਕਾਂ ਨੂੰ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਦੇ ਅਜਿਹੇ ਵਰਤਾਰੇ ਦੀ ਭਾਰਤੀ ਜਨਤਾ ਪਾਰਟੀ ਸਖਤ ਸਬਦਾਂ ਵਿੱਚ ਨਿਖੇਧੀ ਕਰਦੀ ਹੈ। ਉਹਨਾਂ ਅੱਗੇ ਕਿਹਾ ਕਿ ਪੰਜਾਬ ਤੋਂ ਬਾਹਰੀ ਲੋਕਾਂ ਦੀਆਂ ਨਿਯੁਕਤੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦਿੱਲੀ ਦੀ ਕੇਜਰੀਵਾਲ ਜੁੰਡਲੀ ਦੇ ਇਸ਼ਾਰੇ ਤੇ ਕੰਮ ਕਰ ਰਿਹਾ ਹੈ,ਜਿਨ੍ਹਾ ਵਰਕਰਾਂ ਨੇ ਪਾਰਟੀ ਲਈ ਦਿਨ ਰਾਤ ਮਿਹਨਤ ਕੀਤੀ , ਉਹਨਾਂ ਨੂੰ ਦਰ-ਕਿਨਾਰ ਕਰਕੇ ਬਾਹਰੀ ਸੂਬਿਆਂ ਦੇ ਲੋਕਾਂ ਨੂੰ ਨਿਯੁਕਤ ਕਰਨਾ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਹੈ ਅਤੇ ਪਾਰਟੀ ਆਹੁਦੇਦਾਰਾਂ ਤੇ ਵਰਕਰਾਂ ਨਾਲ ਕੋਝਾ ਮਜ਼ਾਕ ਹੈ। ਇਸ ਕੰਮ ਦਾ ਖਮਿਆਜਾ ਆਮ ਆਦਮੀ ਪਾਰਟੀ ਨੂੰ ਦਿੱਲੀ ਦੀ ਤਰਾਂ ਪੰਜਾਬ ਵਿੱਚ ਵੀ ਭੁਗਤਣਾ ਪਵੇਗਾ।ਆਕਲੀਆਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਦਿੱਲੀ ਦੀ ਇੱਕ ਮਹਿਲਾ ਨੂੰ ਪੰਜਾਬ ਸਕੂਲ



ਸਿੱਖਿਆ ਬੋਰਡ ਦੀ ਚੇਅਰਪਰਸਨ, ਸੰਸਦ ਸੰਦੀਪ ਪਾਠਕ ਦੇ ਨਿੱਜੀ ਸਹਾਇਕ ਦੀਪਕ ਚੌਹਾਨ ਵਾਸੀ ਉੱਤਰ ਪ੍ਰਦੇਸ ਨੂੰ ਪੰਜਾਬ ਦੇ ਉਦਯੋਗਿਕ ਵਿਕਾਸ ਬੋਰਡ ਦਾ ਚੇਅਰਮੈਨ ਨਿਯੁਕਤ ਕਰਨ ਤੋਂ ਇਲਾਵਾ ਪੰਜਾਬ ਪ੍ਰਦੂਸਨ ਕੰਟਰੋਲ ਬੋਰਡ ਦੀ ਜੋ ਚੇਅਰਪਰਸਨ ਨਿਯੁਕਤ ਕੀਤੀ ਗਈ ਹੈ ,ਉਹ ਦਿੱਲੀ ਵਿੱਚ ਕੇਜਰੀਵਾਲ ਦੀ ਸਲਾਹਕਾਰ ਅਤੇ ਆਮ ਆਦਮੀ ਪਾਰਟੀ ਦਿੱਲੀ ਯੂਨਿਟ ਦੇ ਬੁਲਾਰੇ ਵਜੋਂ ਕੰਮ ਕਰ ਰਹੀ ਸੀ।ਇਸ ਸਾਰੇ ਵਰਤਾਰੇ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸਿਰਫ ਨਾ ਦੇ ਮੁੱਖ ਮੰਤਰੀ ਹਨ, ਜਦੋਂ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਹੀ ਪੰਜਾਬ ਨੂੰ ਕੰਟਰੋਲ ਕਰ ਰਿਹਾ ਹੈ।ਇਹਨਾਂ ਆਪ- ਹੁਦਰੀਆਂ ਤੋਂ ਤੰਗ ਹੋਏ ਪੰਜਾਬ ਦੇ ਲੋਕ ਵਿਧਾਨ ਸਭਾ ਚੋਣਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਤਾਂ ਅੱਗੇ ਗਲਬਾਤ ਕਰਦਿਆਂ ਹੋਇਆਂ ਬਲਦੇਵ ਸਿੰਘ ਨੇ ਕਿਹਾਂ ਕਿ ਆਮ ਆਦਮੀ ਸਰਕਾਰ ਨੂੰ ਆਪਣੀਆਂ ਮਨਮਰਜ਼ੀਆਂ ਤੇ ਆਪਣੇ ਹੀ ਵਰਕਰਾਂ ਨੂੰ ਅੱਖੋ ਪਰੋਖੇ ਕਰਨ ਦਾ ਖਾਮਿਆਜ਼ਾ ਭੁਗਤਣਾ ਪਵੇਗਾ ।

## ਤਲਵੰਡੀ ਸਾਬੋ ਸਰਕਾਰੀ ਹਸਪਤਾਲ ਵਿਵਾਦ ਸੁਲਝਿਆ ! ਡਾਕਟਰਾਂ ਵਿਚਾਲੇ ਆਪਸੀ ਮਤਭੇਦ ਖ਼ਤਮ ,ਪੀਸੀਐਮਐਸਏ ਨੇ ਨਿਭਾਈ ਅਹਿਮ ਭੂਮਿਕਾ

ਬਠਿੰਡਾ, 25 ਮਈ (ਦੀਪਕ ਸ਼ਰਮਾ): ਜਿਸ ਸੰਸਥਾ ਵਿੱਚ ਬਹੁ ਗਿਣਤੀ ਵਿੱਚ ਲੋਕ ਕੰਮ ਕਰਦੇ ਹੋਣ ਤਾਂ ਫਿਰ ਉੱਥੇ ਕੰਮ ਕਰਨ ਵਾਲਿਆਂ ਦਰਮਿਆਨ ਆਪਸ ਵਿੱਚ ਮਨ ਮੁਟਾਵੇ ਹੁੰਦੇ ਰਹਿੰਦੇ ਹਨ। ਅਜਿਹਾ ਹੀ ਇੱਕ ਮਾਮਲਾ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਸਬ ਡਿਵੀਜ਼ਨਲ ਹਸਪਤਾਲ ਤੋਂ ਸਾਹਮਣੇ ਆਇਆ ਸੀ, ਜਿੱਥੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਵੀਕਾਂਤ ਗੁਪਤਾ 'ਤੇ ਰੁੱਖੇ ਵਤੀਰੇ ਦੇ ਦੋਸ਼ ਲੱਗੇ ਸਨ। ਇਸ ਘਟਨਾ ਨੇ ਜਿੱਥੇ ਹਸਪਤਾਲ ਦੇ ਮਾਹੌਲ ਨੂੰ ਪ੍ਰਭਾਵਿਤ ਕੀਤਾ, ਉੱਥੇ ਹੀ ਮਰੀਜ਼ਾਂ ਦੀ ਸੇਵਾ 'ਤੇ ਵੀ ਸਵਾਲ ਖੜ੍ਹੇ ਹੋਏ। ਹੁਣ ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ (PCMSA) ਦੀ ਸੂਬਾ ਕਮੇਟੀ ਨੇ ਇਸ ਮਾਮਲੇ 'ਚ ਦਖ਼ਲ ਦਿੰਦਿਆਂ ਇੱਕ ਅਹਿਮ ਭੂਮਿਕਾ ਨਿਭਾਈ ਹੈ।



ਪੰਜਾਬ ਸਿਵਲ ਮੈਡੀਕਲ ਸਰਵਿਸਿਸ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਅਖਿਲ ਸਰੀਨ ਦੀ ਪ੍ਰਧਾਨਗੀ ਹੇਠ ਬਣੀ ਹੋਈ ਸੂਬਾ ਕਮੇਟੀ ਵੱਲੋਂ ਅੱਜ ਡਾਕਟਰ ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਵਿਰੁੱਧ ਉਹਨਾਂ ਦੇ ਹੀ ਮੈਡੀਕਲ ਅਫਸਰ ਵੱਲੋਂ ਪਿਛਲੇ ਦਿਨੀ ਕੀਤੀ ਸ਼ਿਕਾਇਤ ਦਾ ਨਿਪਟਾਰਾ ਕਰਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਲੰਘੀ 21 ਮਈ 2025 ਨੂੰ ਸਬ ਡਿਵੀਜ਼ਨਲ ਹਸਪਤਾਲ ਤਲਵੰਡੀ ਸਾਬੋ ਦੇ ਡਾਕਟਰ ਬਿਕਰਮ ਪ੍ਰਤਾਪ ਖਿੱਚੀ ਵੱਲੋਂ ਡਾਕਟਰ ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫਸਰ ਵਿਰੁੱਧ ਸਿਵਲ ਸਰਜਨ ਬਠਿੰਡਾ ਪਾਸ ਸ਼ਿਕਾਇਤ ਕੀਤੀ ਸੀ ਕਿ ਡਾਕਟਰ ਰਵੀਕਾਂਤ ਵੱਲੋਂ ਉਹਨਾਂ ਸਮੇਤ ਸਮੂਹ ਮੈਡੀਕਲ ਅਫਸਰਾਂ ਨਾਲ ਰੁੱਖੀ, ਅਤੇ ਭੈੜੀ ਸ਼ਬਦਾਵਲੀ ਵਰਤੀ ਜਾਂਦੀ ਹੈ। ਜਿਸ ਗੱਲ ਦਾ ਸਮਰਥਨ ਸਿਵਲ ਹਸਪਤਾਲ ਤਲਵੰਡੀ ਸਾਬੋ ਸਮੂਹ ਮੈਡੀਕਲ ਅਫਸਰਾਂ ਵੱਲੋਂ ਵੀ ਕੀਤਾ ਗਿਆ । ਸੂਬਾ ਕਮੇਟੀ ਨੇ ਬਠਿੰਡਾ ਪਹੁੰਚ ਕੇ ਸਾਰੇ ਮਸਲੇ ਦੀ ਪੂਰੀ ਗਹਿਰਾਈ ਨਾਲ ਜਾਂਚ ਪੜਤਾਲ ਕੀਤੀ ਅਤੇ ਦੋਹਾਂ ਧਿਰਾਂ ਨੂੰ ਆਹਮਣੇ ਸਾਹਮਣੇ ਬਿਠਾ ਕੇ ਉਹਨਾਂ ਵਿੱਚ ਪੈਦਾ ਹੋਏ ਆਪਸੀ ਮਤਭੇਦਾਂ ਨੂੰ ਖਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਕਮੇਟੀ ਇਹ ਸਮਝਦੀ ਹੈ ਕਿ ਕੰਮ ਕਰਦੇ ਸਮੇਂ ਆਪਸੀ ਮਤਭੇਦਾਂ ਨੂੰ ਕਿਸੇ ਵੀ ਤਰੀਕੇ ਰੋਕਿਆ ਤਾਂ ਨੀ ਜਾ ਸਕਦਾ, ਪਰ ਉਹਨਾਂ ਨੂੰ ਨਜਿੱਠਣ ਦੇ ਲਈ ਸੀਨੀਅਰ ਅਧਿਕਾਰੀਆਂ ਨੂੰ ਇੱਕ ਬਹੁਤ ਹੀ ਮਿਲਵਰਤਨ ਅਤੇ ਨਿਮਰਤਾ ਵਾਲਾ ਵਤੀਰਾ ਅਪਣਾਉਣਾ ਚਾਹੀਦਾ ਹੈ। ਅਜਿਹੇ ਮਤਭੇਦ ਟਕਰਾਵਾਂ ਦੇ ਵਿੱਚ ਨਹੀਂ ਬਦਲਣੇ ਚਾਹੀਦੇ। ਕਮੇਟੀ ਦੀ ਪਹਿਲ ਕਦਮੀ ਨਾਲ ਇਸ ਮਸਲੇ ਨੂੰ ਪੂਰੀ ਤਰ੍ਹਾਂ ਨਜਿੱਠ ਲਿਆ ਗਿਆ ਹੈ ਹੁਣ ਦੋਹੇ ਧਿਰਾਂ ਆਪਸੀ ਸਮਝ ਅਤੇ ਮਿਲਵਰਤਨ ਨਾਲ ਅਤੇ ਅਨੁਸ਼ਾਸਨ ਅਧੀਨ ਰਹਿ ਕੇ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਸੇਵਾ ਲਈ ਬਚਨਬੱਧ ਹਨ। ਡਾਕਟਰ ਰਵੀਕਾਂਤ ਵੱਲੋਂ ਵੀ ਅੱਗੇ ਤੋਂ ਆਪਣੀ ਬੋਲਣੀ ਵਿੱਚ ਨਿਮਰਤਾ ਤੇ ਹਲੀਮੀ ਦੇ ਭਾਵ ਲਿਆਉਣ ਦਾ ਵਾਅਦਾ ਕੀਤਾ ਗਿਆ ਹੈ। ਅਤੇ ਸਮੂਹ ਮੈਡੀਕਲ ਅਫਸਰਾ ਵੱਲੋਂ ਵੀ ਆਪਸੀ ਸਹਿਯੋਗ ਨਾਲ ਸੰਸਥਾ ਦੀ ਵਧੀਆ ਕਾਰਗੁਜ਼ਾਰੀ ਲਈ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਕਮੇਟੀ ਨੇ ਆਪਣੀ ਪੜਤਾਲ ਦੇ ਅਧਾਰ 'ਤੇ ਦੋਹਾਂ ਧਿਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹੋਏ ਸਿਵਲ ਸਰਜਨ ਬਠਿੰਡਾ ਡਾ. ਰਮਨਦੀਪ ਸਿੰਗਲਾ ਪਾਸ ਸਮੂਹ ਮੈਡੀਕਲ ਅਫਸਰ ਤਲਵੰਡੀ ਸਾਬੋ ਵੱਲੋਂ ਡਾਕਟਰ ਰਵਿਕਾਂਤ ਗੁਪਤਾ ਖਿਲਾਫ ਕੀਤੀ ਸ਼ਿਕਾਇਤ ਸਬੰਧੀ ਕੋਈ ਕਾਰਵਾਈ ਨਾ ਕਰਵਾਉਣ ਦੀ ਪੁਸ਼ਟੀ ਕੀਤੀ ਹੈ। ਸੂਬਾ ਕਮੇਟੀ ਨੇ ਇਸ ਗੱਲ ਦੀ ਵੀ ਲੋੜ ਮਹਿਸੂਸ ਕੀਤੀ ਹੈ ਕਿ ਸਰਕਾਰ ਵੱਲੋਂ ਨਵੇਂ ਬਣੇ ਸੀਨੀਅਰ ਮੈਡੀਕਲ ਅਫਸਰ ਅਤੇ ਨਵ ਨਿਯੁਕਤ ਭਰਤੀ ਮੈਡੀਕਲ ਅਫਸਰਾਂ ਨੂੰ ਪਿਛਲੇ ਸਮਿਆਂ ਦੀ ਤਰ੍ਹਾਂ ਇੰਡਕਸ਼ਨ ਟ੍ਰੇਨਿੰਗ ਫਿਰ ਤੋਂ ਸ਼ੁਰੂ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਕੰਮ ਦੇ ਤੌਰ ਤਰੀਕਿਆਂ ਨੂੰ ਸਹੀ ਤਰੀਕੇ ਨਾਲ ਸਮਝਣਾ ਅਜਿਹੇ ਟਕਰਾਵਾਂ ਨੂੰ ਘੱਟ ਕਰਦਾ ਹੈ।

ਇਸ ਮੌਕੇ ਸਮੇਂ ਡਾ ਊਸ਼ਾ ਗੋਇਲ ਜਿਲਾ ਸਿਹਤ ਅਫਸਰ ਅਤੇ ਡਾ ਸੁਖਜਿੰਦਰ ਸਿੰਘ ਗਿੱਲ ਜਿਲਾ ਪਰਿਵਾਰ ਭਲਾਈ ਅਫਸਰ ਵੀ ਹਾਜਰ ਸਨ।

ਇਸ ਮੌਕੇ ਮੀਟਿੰਗ ਵਿੱਚ ਸੂਬਾ ਕਮੇਟੀ ਵਿੱਚ ਸ਼ਾਮਲ ਸੂਬਾ ਕਮੇਟੀ ਵੱਲੋਂ ਡਾ ਅਰਪਨਦੀਪ ਸਿੰਘ ਬਰਾੜ, ਡਾ ਸਤਪਾਲ ਸਿੰਘ ਤੋਂ ਇਲਾਵਾ ਜ਼ਿਲਾ ਬਠਿੰਡਾ ਤੋਂ ਜਥੇਬੰਦੀ ਦੇ ਪ੍ਰਧਾਨ ਡਾਕਟਰ ਜਗਰੂਪ ਗਿੱਲ, ਜਨਲ ਸਕੱਤਰ ਡਾਕਟਰ ਹਰਸ਼ਿਤ ਗੋਇਲ, ਡਾਕਟਰ ਅਰੁਣ ਬੰਸਲ,ਡਾ ਬਿਕਰਮਜੀਤ ਸਿੰਘ, ਡਾ ਰਵਿੰਦਰ ਆਹਲੂਵਾਲੀਆ ਅਤੇ ਡਾ ਗਰੀਸ਼ ਤੋਂ ਇਲਾਵਾ ਸਮੂਹ ਡਾਕਟਰ ਤਲਵੰਡੀ ਸਾਬੋ ਡਾ ਲਵਕੇਸ਼ ਗੁਪਤਾ, ਡਾ ਹਰਵਿੰਦਰ ਬਖਸ਼ੀ ਤੇ ਹੋਰ ਡਾਕਟਰ ਸ਼ਾਮਲ ਸਨ।

## ਬਾਕਸਿੰਗ ਮੁਕਾਬਲਿਆਂ ਵਿੱਚ ਗੋਬਿੰਦ ਸਕੂਲ ਭਦੌੜ ਦੇ ਵਿਦਿਆਰਥੀਆਂ ਨੇ ਗੱਡੇ ਝੰਡੇ

ਭਦੌੜ, 25 ਮਈ (ਸੁਖਵਿੰਦਰ ਪਲਾਹਾ): ਇਲਾਕੇ ਦੀ ਮਸ਼ਹੂਰ ਅਤੇ ਨਾਮਵਰ ਸੰਸਥਾ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੇ ਵਿਦਿਆਰਥੀਆਂ ਨੇ ਮੋਗਾ ਜ਼ੋਨ ਦੇ ਬਾਕਸਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ



ਮੁਕਾਬਲੇ ਐਬ੍ਰੋਸ਼ੀਅਲ ਸਕੂਲ , ਜ਼ੀਰਾ ਵਿਖੇ ਕਰਵਾਏ ਗਏ।ਇਹਨਾਂ ਮੁਕਾਬਲਿਆਂ ਵਿੱਚ ਜੀ.ਆਈ.ਪੀ.ਐੱਸ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਰਗਾਂ ਵਿੱਚ ਪੁਜੀਸ਼ਨਾਂ ਪ੍ਰਾਪਤ ਕੀਤੀਆਂ।ਸਕੂਲ ਦੇ ਪ੍ਰਿੰਸੀਪਲ ਪੀ ਕੇ ਠਾਕੁਰ ਨੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੰਤਰ-14 ਲੜਕਿਆਂ ਵਿੱਚ ਗੁਰਮਾਨ ਸਿੰਘ, ਮਹਿਰੀਨ ਸਿੰਘ, ਅਭੀਜੋਤ ਸਿੰਘ, ਜਸਨੂਰ ਸਿੰਘ ਨੇ ਸੋਨ ਤਗ਼ਮਾ ਅਤੇ ਸਿੰਘਰੋਨਿਤ ਧਾਲੀਵਾਲ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਅੰਤਰ-17 ਲੜਕਿਆਂ ਵਿੱਚ ਤਸਲੀਮ ਮਲਿਕ, ਸੰਜੂ ਰਾਮ, ਸਾਹਿਲਪ੍ਰੀਤ ਸਿੰਘ, ਗੁਰਸ਼ਾਨਦੀਪ ਸਿੰਘ, ਇਕਬਾਲ ਸਿੰਘ, ਨੇ ਸੋਨ ਤਗ਼ਮਾ ਅਤੇ ਸੁਖਮਨਪ੍ਰੀਤ ਸਿੰਘ ਨੇ ਤਾਂਬੇ ਦਾ ਤਗ਼ਮਾ ਜਿੱਤਿਆ। ਅੰਤਰ-14 ਲੜਕੀਆਂ ਦੇ ਮੁਕਾਬਲੇ ਵਿੱਚ ਜਪਰੀਨ ਕੌਰ, ਅਰਮੀਤ ਕੌਰ , ਇਸ਼ਾਰਵੀਰ ਕੌਰ ਨੇ ਸੋਨ ਤਗ਼ਮਾ ਜਿੱਤਿਆ। ਅੰਤਰ-17 ਲੜਕੀਆਂ ਦੇ ਮੁਕਾਬਲੇ ਵਿੱਚ ਗੁਰਅਨਾਇਤ ਕੌਰ, ਗੁਨਤਾਸ ਕੌਰ, ਅਨੁਰੂਪ ਕੌਰ ਨੇ ਸੋਨ ਤਗ਼ਮਾ ਜਿੱਤਿਆ ਅਤੇ ਚੰਨਪ੍ਰੀਤ ਕੌਰ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਇਹਨਾਂ ਵਿਦਿਆਰਥੀਆਂ ਨੇ ਆਪਣੀ ਮਿਹਨਤ ਦਾ ਜਲਵਾ ਦਿਖਾ ਕੇ ਸਕੂਲ ਦੀ ਸ਼ਾਨ ਵਿੱਚ ਹੋਰ ਵੀ ਵਾਧਾ ਕੀਤਾ ਹੈ । ਇਸ ਮੌਕੇ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦੇ ਹੋਏ ਸਕੂਲ ਦੇ ਸਰਪ੍ਰਸਤ ਡਾ:ਦਰਸ਼ਨ ਸਿੰਘ ਗਿੱਲ, ਵਾਇਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ ਅਤੇ ਐੱਮ. ਡੀ. ਮੈਡਮ ਰਿਚਾ ਪਨੇਸਰ ਗਿੱਲ ਨੇ ਬਾਕਸਿੰਗ ਕੋਚ ਦਵਿੰਦਰ ਸਿੰਘ ਗਰੇਵਾਲ ਅਤੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਇਸੇ ਤਰ੍ਹਾਂ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਤਾੜੀਆਂ ਮਾਰਕੇ ਖਿਡਾਰੀਆਂ ਦਾ ਹੌਂਸਲਾ ਵਧਾਇਆ।

## ਬਰਨਾਲਾ ਵਿਖੇ ਸੰਵਿਧਾਨ ਬਚਾਓ ਹੋ ਰਹੀ ਰੈਲੀ 'ਚ ਇਤਿਹਾਸਕ ਇਕੱਠ ਹੋਵੇਗਾ : ਬੀਬੀ ਬਾਲੀਆ



ਤਪਾ ਮੰਡੀ, 25 ਮਈ (ਭੂਸ਼ਨ ਘੜੈਲਾ): ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਬਰਨਾਲਾ ਵਿਖੇ 2 ਜੂਨ ਨੂੰ ਕੀਤੀ ਜਾ ਰਹੀ ਸੰਵਿਧਾਨ ਬਚਾਓ ਰੈਲੀ ਵਿੱਚ ਵਿਧਾਨ ਸਭਾ ਹਲਕਾ ਭਦੌੜ ਤੋਂ ਵੱਡੀ ਗਿਣਤੀ ਵਿੱਚ ਵਰਕਰ ਤੇ ਆਮ ਲੋਕ ਸ਼ਾਮਿਲ ਹੋਣਗੇ। ਇਹ ਪ੍ਰਗਟਾਵਾ ਹਲਕਾ ਆਗੂ ਬੀਬੀ ਸੁਰਿੰਦਰ ਕੌਰ ਬਾਲੀਆਂ ਨੇ ਤਪਾ ਅਤੇ ਨੇੜਲੇ ਪਿੰਡਾਂ ਮਹਿਤਾ,ਤਾਜੋ, ਘੁੰਨਸ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਜਨਤਾ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੋਹ ਪੂਰੀ ਤਰ੍ਹਾਂ ਭੰਗ ਹੋ ਚੁੱਕਿਆ ਹੈ ਅਤੇ ਪੰਜਾਬ ਅੰਦਰ ਕਾਂਗਰਸ ਦੀ ਇੱਕ ਵਾਰ ਫੇਰ ਸਰਕਾਰ ਲਿਆਉਣ ਲਈ ਲੋਕ ਉਤਾਵਲੇ ਹਨ।ਉਨ੍ਹਾਂ ਕਿਹਾ ਕਿਹਾ ਕਿ ਦੋ ਜੂਨ ਨੂੰ ਜ਼ਿਲ੍ਹਾ ਬਰਨਾਲਾ ਦੀ ਬਰਨਾਲਾ ਦੀ ਅਨਾਜ ਮੰਡੀ ਵਿੱਚ ਹੋ ਰਹੀ ਸੰਵਿਧਾਨ ਬਚਾਓ ਰੈਲੀ ਵਿੱਚ ਰਿਕਾਰਡ ਤੋੜ ਇਕੱਠ ਹੋਵੇਗਾ। ਇਸ ਸਬੰਧੀ ਹਲਕਾ ਭਦੌੜ ਦੇ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਮੌਕੇ ਉਹਨਾਂ ਨਾਲ ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ, ਨਿਰੰਜਨ ਸਿੰਘ ਤੋਂ ਇਲਾਵਾ ਹੋਰ ਕੋਈ ਕਾਂਗਰਸੀ ਵਰਕਰ ਵੀ ਹਾਜ਼ਰ ਸਨ।

## "ਖੁਆਰ ਹੋਇ ਸਭਿ ਮਿਲੈਂਗੇ" ਗੁਰਮਤਿ ਪ੍ਰਚਾਰ ਲਹਿਰ ਤਹਿਤ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨਸਾ ਫ਼ੇਰੀ ਯਾਦਗਾਰੀ ਹੋ ਨਿੱਬੜੀ

ਮਾਨਸਾ, 25 ਮਈ ( ਵਿਰੇਂਦਰਪਾਲ ਮੰਤਰੋ): ਮਾਨਸਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ "ਖੁਆਰ ਹੋਇ ਸਭਿ ਮਿਲੈਂਗੇ,, ਧਰਮ ਪ੍ਰਚਾਰ ਲਹਿਰ ਤਹਿਤ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਦੀ ਮਾਨਸਾ ਫ਼ੇਰੀ ਯਾਦਗਾਰੀ ਹੋ ਨਿੱਬੜੀ ਉਹਨਾਂ ਨੇ ਲੱਗਭੱਗ 10 ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਨੇ ਦੱਸਿਆ ਜੱਥੇਦਾਰ ਸਾਹਿਬ ਪਿੰਡ ਦੋਦੜਾ ਦੇ ਸਿੱਖ ਸਘੰਰਸ਼ ਦੇ ਸ਼ਹੀਦ ਭਾਈ ਛੱਜੂ ਸਿੰਘ ਦੇ ਪਰਿਵਾਰ ਨਾਲ਼ ਮੁਲਾਕਾਤ ਕੀਤੀ ਉਪਰੰਤ ਪਿੰਡ ਦਾਤੇਵਾਸ ਦੇ ਸਿੱਖ ਸੰਘਰਸ਼ ਦੇ ਸ਼ਹੀਦ ਭਾਈ ਦਰਸ਼ਨ ਸਿੰਘ, ਜਗਦੀਸ਼ ਸਿੰਘ ਅਤੇ ਸੁਖਦੇਵ ਸਿੰਘ ਪੀਟੀਆਈ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਧਰਮੀ ਫੌਜੀ ਚਰਨਜੀਤ ਸਿੰਘ, ਜਰਨੈਲ ਸਿੰਘ ਦਾ ਵਿਸ਼ੇਸ਼ ਸਨਮਾਨ ਅਤੇ ਗੁਰਦਵਾਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਾਲੀਆਂ ਬੀਬੀਆਂ ਵੱਲੋਂ ਸਿੰਘ ਸਾਹਿਬ ਦਾ ਸਨਮਾਨ ਕੀਤਾ ਗਿਆ। ਉਪਰੰਤ ਪਿੰਡ ਬਹਾਦਰਪੁਰ ਵਿਖੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ ਅਤੇ ਸੰਗਤਾਂ ਨਾਲ਼ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੰਘ ਸਾਹਿਬ ਨੇ ਉੜਾ ਅਤੇ ਜੁੜਾਂ ਬਚਾਉਣ ਲਈ ਯਤਨਸ਼ੀਲ ਹੋਣ ਅਤੇ ਧਰਮ ਪਰਿਵਰਤਨ ਵਿਰੁੱਧ ਲਹਿਰ ਖੜ੍ਹੀ ਕਰਨ ਦੀ ਗੱਲ ਕਹੀ ਉਪਰੰਤ ਸੰਗਤਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਸੰਦੇਸ਼ ਦਿੱਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਜੰਡਸਰ ਪਾਤਸ਼ਾਹੀ ਦਸਵੀਂ ਵੱਲੋਂ ਸਿੰਘ ਸਾਹਿਬ ਦਾ ਸਨਮਾਨ ਕੀਤਾ ਗਿਆ। ਅੱਗੇ ਪਿੰਡ ਗਾਦੜ



ਪੱਤੀ ਬੋਹਾ ਭਾਈ ਗਮਦੂਰ ਸਿੰਘ ਬੋਹਾ ਦੇ ਗ੍ਰਹਿ ਵਿਖੇ ਉਹਨਾਂ ਦੇ ਭਰਾਤਾ ਭਾਈ ਜੁਗਿੰਦਰ ਸਿੰਘ ਅਤੇ ਪ੍ਰੋਫੈਸਰ ਸਤਗੁਰ ਸਿੰਘ ਅਤੇ ਸਿੱਖ ਸਘੰਰਸ਼ ਵਿੱਚ ਸ਼ਹੀਦ ਹੋਏ ਛੇ ਸਿੰਘਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਉਪਰੰਤ ਮਾਨਬੀਬੜੀਆਂ ਨੇੜੇ ਮੂਸਾ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਪਿੰਡ ਦੇ ਲੱਗਭੱਗ ਦਸ ਸਿੱਖ ਨੌਜਵਾਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਪੂਰਨ ਕੀਤੀ ਹੈ, ਉਹਨਾਂ ਸਿੰਘਾਂ ਦਾ ਸਨਮਾਨ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।ਇਸ ਮੌਕੇ ਉਹਨਾਂ ਨਾਲ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ,ਭਾਈ ਹਰਲਾਜ ਸਿੰਘ ਬਹਾਦਰਪੁਰ,ਬਲਦੇਵ ਸਿੰਘ ਸਾਹਨੇਵਾਲੀ ਐਡਵੋਕੇਟ ਲਖਵਿੰਦਰ ਸਿੰਘ ਲੱਖਣਪਾਲ ,ਅਮਰੀਕ ਸਿੰਘ ਅਤਲਾ, ਅਮ੍ਰਿਤਪਾਲ ਸਿੰਘ ਸਿੱਧੂ ਲੋਗੋਵਾਲ ,ਜੈ ਸਿੰਘ ਭਾਦੜਾ ਇਸਤਰੀ ਆਗੂ ਬੀਬੀ ਸੁਖਜੀਤ ਕੌਰ ਅਤਲਾ ,ਬਹਾਦਰ ਸਿੰਘ ਦੋਦੜਾ ,ਡਾ ਦਰਸ਼ਨ ਸਿੰਘ, ਪ੍ਰਧਾਨ ਗੁਰਜੀਤ ਸਿੰਘ ਬਹਾਦਰਪੁਰ,ਭਗਵਾਨ ਸਿੰਘ ਬਹਾਦਰਪੁਰ, ਮੈਨੇਜਰ ਸੁਰਿੰਦਰ ਸਿੰਘ ਮੰਡੇਰ, ਸਾਬਕਾ ਸਰਪੰਚ ਕੁਲਦੀਪ ਸਿੰਘ ਮਾਨਬੀਬੜੀਆਂ,ਗ੍ਰੰਥੀ ਸਿੰਘ ਭਾਈ ਗੁਰਪ੍ਰੀਤ ਸਿੰਘ ਖਾਲਸਾ, ਗੁਰਸੇਵਕ ਸਿੰਘ ਪ੍ਰਧਾਨ, ਮੈਂਬਰ ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਸਿੰਘ ਸਾਹਿਬ ਦੇ ਨਿੱਜੀ ਸਕੱਤਰ ਜਸਵੀਰ ਸਿੰਘ ਲੌਂਗੋਵਾਲ ਆਦਿ ਹਾਜ਼ਰ ਸਨ।

## ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਬਠਿੰਡਾ ਪੁਲਿਸ ਨੇ ਕਸਿਆ ਸ਼ਿਕੰਜਾ: 20 ਗ੍ਰਿਫ਼ਤਾਰ, ਭਾਰੀ ਮਾਤਰਾ 'ਚ ਹੈਰੋਇਨ ਬਰਾਮਦ

ਬਠਿੰਡਾ, 25 ਮਈ (ਦੀਪਕ ਸ਼ਰਮਾ): ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ 'ਚ 20 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਬੱਸ ਸਟੈਂਡ ਤੋਂ ਮੁਲਜ਼ਮ ਅੰਗਰੇਜ਼ ਸਿੰਘ ਵਾਸੀ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਅਤੇ ਸੰਤੋਸ਼ ਰਾਣੀ ਵਾਸੀ ਗੁਰੂ ਨਾਨਕ ਪੁਰਾ ਮੁਹੱਲਾ ਨੂੰ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਕੋਤਵਾਲੀ ਪੁਲਿਸ ਨੇ ਦਾਣਾ ਮੰਡੀ ਤੋਂ ਮੁਲਜ਼ਮ ਮੀਰ ਖਾਨ ਵਾਸੀ ਰਾਮਾਬਾਗ ਰੋਡ ਨੂੰ 6 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਓਥੇ ਹੀ ਥਾਣਾ ਸਿਵਲ ਲਾਈਨ ਪੁਲਿਸ ਨੇ ਮਾਡਲ ਟਾਊਨ ਫੇਸ ਵਨ ਤੋਂ ਮੁਲਜ਼ਮ ਪ੍ਰਦੀਪ ਸਿੰਘ ਵਾਸੀ ਬੇਅੰਤ ਨਗਰ ਨੂੰ ਸਾਢੇ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਥਾਣਾ ਕੈਨਾਲ ਕਲੋਨੀ ਪੁਲਿਸ ਨੇ ਰਿੰਗ ਰੋਡ ਤੋਂ ਮੁਲਜ਼ਮ ਗੁਰਮੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਵਾਸੀ ਫਾਜ਼ਿਲਕਾ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਦਰ ਬਠਿੰਡਾ ਪੁਲਿਸ ਨੇ ਪਿੰਡ ਨਰੂਆਣਾ ਤੋਂ ਮੁਲਜ਼ਮ ਗੁਰਵਿੰਦਰਜੀਤ ਸਿੰਘ ਵਾਸੀ ਪਿੰਡ ਰਘੂਬੰਗੀ ਨੂੰ 15 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਓਥੇ ਹੀ ਥਾਣਾ ਨੇਹਿਆਂਵਾਲਾ ਪੁਲਿਸ ਨੇ ਪਿੰਡ ਮਹਿਮਾ ਸਰਜਾ ਤੋਂ ਮੁਲਜ਼ਮ ਗੁਰਪ੍ਰੀਤ ਸਿੰਘ ਅਤੇ ਧਨਕਰਾਜ ਸਿੰਘ ਨੂੰ 12 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ।ਥਾਣਾ ਸਿਟੀ ਰਾਮਪੁਰਾ ਪੁਲਿਸ ਨੇ ਮੁਲਜ਼ਮ ਚਰਨਜੀਤ ਸਿੰਘ ਅਤੇ ਗੁਰਜੋਤ ਸਿੰਘ ਵਾਸੀ ਰਾਮਪੁਰਾ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਓਥੇ ਹੀ ਥਾਣਾ ਸਦਰ ਰਾਮਪੁਰਾ ਪੁਲਿਸ ਨੇ ਮੁਲਜ਼ਮ ਪਰਵਿੰਦਰ ਸਿੰਘ ਅਤੇ ਹਰਦੀਪ ਸਿੰਘ ਨੂੰ 4.70 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਕੋਟਫੱਤਾ ਪੁਲਿਸ ਨੇ ਪਿੰਡ ਕੋਟਭਾਰਾ ਤੋਂ ਮੁਲਜ਼ਮ ਵਿੱਕੀ ਸਿੰਘ ਅਤੇ ਗੁਰਜੀਤ ਸਿੰਘ ਵਾਸੀ ਪਿੰਡ ਜੀਵਨ ਸਿੰਘ ਵਾਲਾ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਓਥੇ ਹੀ ਥਾਣਾ ਸੰਗਤ ਨੇ ਪਿੰਡ ਜੱਸੀ ਬਾਗਵਾਲੀ ਤੋਂ ਮੁਲਜ਼ਮ ਸਰੋਜ ਰਾਣੀ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਥਾਣਾ ਤਲਵੰਡੀ ਸਾਬੋ ਪੁਲਿਸ ਨੇ ਪਿੰਡ ਭਾਗੀਵਾਂਦਰ ਤੋਂ ਮੁਲਜ਼ਮ ਗੁਰਵਿੰਦਰ ਸਿੰਘ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਓਥੇ ਹੀ ਥਾਣਾ ਸਿਟੀ ਰਾਮਪੁਰਾ ਪੁਲਿਸ ਨੇ 50 ਪਾਬੰਦੀਸ਼ੁਦਾ ਕੈਪਸੂਲਾਂ ਸਮੇਤ ਮੁਲਜ਼ਮ ਮਨੀਸ਼ ਕੁਮਾਰ ਵਾਸੀ ਰਾਮਪੁਰਾ ਅਤੇ ਹਰਪ੍ਰੀਤ ਸਿੰਘ ਵਾਸੀ ਪਿੰਡ ਚਾਉਕੇ ਨੂੰ ਗ੍ਰਿਫ਼ਤਾਰ ਕੀਤਾ। ਇਸ ਤੋਂ ਇਲਾਵਾ ਥਾਣਾ ਦਿਆਲਪੁਰਾ ਪੁਲਿਸ ਨੇ ਪਿੰਡ ਦਿਆਲਪੁਰਾ ਮਿਰਜ਼ਾ 'ਚ ਛਾਪੇਮਾਰੀ ਕਰਕੇ 40 ਲੀਟਰ ਲਾਹਣ ਸਮੇਤ ਮੁਲਜ਼ਮ ਨਿਰਮਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

### ਨਸ਼ਾ ਕਰਨ ਵਾਲੇ ਚਾਰ ਗ੍ਰਿਫਤਾਰ

ਬਠਿੰਡਾ ਪੁਲਿਸ ਨੇ ਨਸ਼ਾ ਵੇਚਣ ਵਾਲਿਆਂ ਦੀ ਧਰ ਪਕੜ ਕਰਨ ਦੇ ਨਾਲ ਨਾਲ ਨਸ਼ਾ ਕਰਨ ਵਾਲੇ ਵਿਅਕਤੀਆਂ ਖਿਲਾਫ ਵੀ ਮੁਹਿੰਮ ਚਲਾਈ ਹੋਈ ਹੈ। ਪੁਲਿਸ ਵੱਲੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਖਿਲਾਫ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਉਨਾਂ ਦੇ ਇਲਾਜ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।ਜਾਣਕਾਰੀ ਅਨੁਸਾਰ ਨੇਹਿਆਂਵਾਲਾ ਪੁਲਿਸ ਨੇ ਪਿੰਡ ਗੋਨਿਆਣਾ ਖੁਰਦ ਤੋਂ ਮੁਲਜ਼ਮ ਅਮਨ ਖਾਨ ਨੂੰ ਨਸ਼ਾ ਕਰਨ ਦੇ ਦੋਸ਼ 'ਚ ਹਿਰਾਸਤ 'ਚ ਲੈ ਕੇ ਡੋਪ ਟੈਸਟ ਕਰਵਾਇਆ, ਤਾਂ ਉਸਦੀ ਰਿਪੋਰਟ ਪਾਜ਼ੇਟਿਵ ਆਈ। ਜਿਸਦੇ ਚਲਦਿਆਂ ਉਸ ਖਿਲਾਫ ਮਾਮਲਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਥਾਣਾ ਬਾਲਿਆਂਵਾਲੀ ਪੁਲਿਸ ਨੇ ਨਸ਼ਾ ਕਰਨ ਦੇ ਦੋਸ਼ 'ਚ ਮੁਲਜ਼ਮ ਪੱਪੂ ਸਿੰਘ ਵਾਸੀ ਪਿੰਡ ਖੋਖਰ ਨੂੰ ਗ੍ਰਿਫ਼ਤਾਰ ਕਰਕੇ ਉਸਨੂੰ ਨਸ਼ਾ ਛੁਡਾਊ ਕੇਂਦਰ 'ਚ ਦਾਖਲ ਕਰਵਾਇਆ। ਇਸ ਤੋਂ ਇਲਾਵਾ ਥਾਣਾ ਰਾਮਾ ਪੁਲਿਸ ਨੇ ਨਸ਼ਾ ਕਰਨ ਦੇ ਦੋਸ਼ 'ਚ ਮੁਲਜ਼ਮ ਗੁਰਮੀਤ ਸਿੰਘ ਅਤੇ ਹਰਵਿੰਦਰ ਸਿੰਘ ਵਾਸੀ ਪਿੰਡ ਬੰਗੀ ਨਿਹਾਲ ਸਿੰਘ ਵਾਲ ਦੇ ਖਿਲਾਫ ਮਾਮਲਾ ਦਰਜ ਕੀਤਾ।

## ਮੁਫ਼ਤ ਮੈਡੀਕਲ ਕੈਂਪ ਵਿੱਚ 57 ਮਰੀਜ਼ਾਂ ਦਾ ਚੈਕ ਅੱਪ ਕੀਤਾ ਅਤੇ ਦਵਾਈਆਂ ਦਿੱਤੀਆਂ



ਲਹਿਰਾਗਾਗਾ, 25 ਮਈ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਬੇਸਹਾਰਾ ਜੀਵ ਜੰਤੂ ਵੈਲਫੇਅਰ ਸੁਸਾਇਟੀ ਅਤੇ ਜੈ ਸ਼੍ਰੀ ਮਹਾਂਕਾਲੀ ਮੰਦਿਰ ਕਮੇਟੀ ਵੱਲੋਂ ਪ੍ਰਧਾਨ ਰਕੇਸ਼ ਬਾਂਸਲ (ਆਰ.ਕੇ.) ਅਤੇ ਰਾਜ ਸ਼ਰਮਾ ਦੀ ਪ੍ਰਧਾਨਗੀ ਵਿੱਚ ਸ੍ਰੀ ਸੰਨੀ ਜੀ ਗੱਦਿਆਂ ਵਾਲਿਆਂ ਦੇ ਸਹਿਯੋਗ ਨਾਲ ਹਫਤਾਵਾਰੀ ਚੈਰੀਟੇਬਲ ਮੈਡੀਕਲ ਕੈਂਪ ਅਤੇ ਦਵਾਈਆਂ ਦਾ ਲੰਗਰ ਲਗਵਾਇਆ ਗਿਆ, ਜਿਸ ਵਿੱਚ ਉਹਨਾਂ ਦੇ ਪਿਤਾ ਸ੍ਰੀ ਹੰਸ ਰਾਜ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਇਸ ਕੈਂਪ ਵਿੱਚ ਡਾਕਟਰ ਆਸਥਾ ਸਿੰਗਲਾ ਅਤੇ ਡਾ. ਨਾਜ਼ਿਰ ਅਲੀ ਦੁਆਰਾ 57 ਮਰੀਜਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈ ਵੀ ਦਿੱਤੀ ਗਈ। ਇਸ ਮੌਕੇ ਸੁਨੀਲ ਰਿੰਕੂ ਡ੍ਰੇਸ,ਅਸ਼ੋਕ ਜਿੰਦਲ (ਸੈਕਰੇਟਰੀ),ਸ਼ੈਂਕੀ ਸਿੰਗਲਾ,ਕਪਿਲ ਐਮ. ਫਾਰਮਾ,ਆਸ਼ੂ ਗੋਇਲ,ਕੁਲਭੂਸ਼ਣ (ਕੈਸ਼ੀਅਰ),ਮਾਸਟਰ ਸੁਭਾਸ਼ ਜਿੰਦਲ,ਅਨਿਲ ਲਿਲੀ,ਮਹੇਸ਼ ਮੇਸ਼ੀ,ਹਰਦਮ ਬਾਬਾ,ਮਾਸਟਰ ਅੰਕੁਰ ਜਿੰਦਲ, ਅਮਨ ਗਰਗ ਜੈਕੀ, ਮਨੀਸ਼ ਕੁਮਾਰ ਸੁਪਰਡੈਂਟ, ਅਰਸ਼ ਲੈਬ ਟੈਕਨੀਸ਼ੀਅਨ,ਮਨਮੋਹਨ ਜੋਸ਼ੀ, ਕ੍ਰਿਸ਼ਨ ਸਿੰਗਲਾ, ਰਮੇਸ਼ ਮਾਸਟਰ,ਸੁਭਾਸ਼ ਭਾਸ਼ੀ ਅਤੇ ਹੋਰ ਮੈਂਬਰ ਵੀ ਹਾਜਰ ਰਹੇ।

## ਕੋਵਿਡ-19 ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਸਾਵਧਾਨੀ ਹੀ ਸੁਰੱਖਿਆ ਹੈ : ਡਾ. ਰਮਨਦੀਪ ਸਿੰਗਲਾ

ਬਠਿੰਡਾ, 25 ਮਈ (ਦੀਪਕ ਸ਼ਰਮਾ):ਕਰੋਨਾ ਵਾਇਰਸ ਦੀ ਨਵੀਂ ਲਹਿਰ ਨੇ ਮੁੜ ਤੋਂ ਦੇਸ਼ ਭਰ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਕਾਰਨ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਹੈ। ਹਾਲਾਂਕਿ, ਇਸ ਮੁਸ਼ਕਿਲ ਘੜੀ ਵਿੱਚ ਮਾਹਿਰਾਂ ਨੇ ਘਬਰਾਉਣ ਦੀ ਬਜਾਏ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ। ਕਰੋਨਾ ਤੋਂ ਡਰਨ ਦੀ ਲੋੜ ਨਹੀਂ, ਸਿਰਫ਼ ਸਾਵਧਾਨੀ ਵਰਤ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਜੇਕਰ ਤੁਹਾਨੂੰ ਕੋਈ ਵੀ ਲੱਛਣ ਮਹਿਸੂਸ ਹੁੰਦਾ ਹੈ, ਤਾਂ ਤੁਰੰਤ ਡਾਕਟਰਾਂ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਚੱਲੋ।



ਕੋਵਿਡ 19 ਸੰਬੰਧੀ ਗੱਲਬਾਤ ਕਰਦੇ ਹੋਏ ਬਠਿੰਡਾ ਦੇ ਕਾਰਜਕਾਰੀ ਸਿਵਲ ਸਰਜਨ ਡਾ ਰਮਨਦੀਪ ਸਿੰਗਲਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕੋਵਿਡ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਸੋਸ਼ਲ ਮੀਡੀਆ ਉੱਪਰ ਜਾਰੀ ਵੀਡੀਓ ਸੁਨੇਹੇ ਦੇ ਹਵਾਲੇ ਤਹਿਤ ਰਾਜ ਦੇ ਨਾਗਰਿਕਾਂ ਨੂੰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕੋਵਿਡ-19 ਨੂੰ ਲੈ ਕੇ ਆਸ਼ਵਾਸਨ ਦਿੰਦਿਆਂ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਕੋਵਿਡ -19 ਦੇ ਜੇਐਨ.1 ਵੇਰੀਐਂਟ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਦੀ ਲੋੜ ਨਹੀਂ ਹੈ। ਇਹ ਵੇਰੀਐਂਟ ਆਮ ਤੌਰ 'ਤੇ ਹਲਕਾ ਹੁੰਦਾ ਹੈ ਅਤੇ ਹੁਣ ਤੱਕ ਪੰਜਾਬ ਵਿੱਚ ਇਸ ਨਾਲ ਜੁੜਿਆ ਕੋਈ ਨਵਾਂ ਕੇਸ ਸਾਹਮਣੇ ਨਹੀਂ ਆਇਆ ਹੈ।

ਉਨ੍ਹਾਂ ਦੱਸਿਆ ਕਿ ਸੂਬੇ ਦੀ ਸਿਹਤ ਸੰਭਾਲ ਪ੍ਰਣਾਲੀ ਪੂਰੀ ਤਰ੍ਹਾਂ ਤਿਆਰ ਹੈ। ਸਰਕਾਰੀ ਹਸਪਤਾਲਾਂ ਵਿੱਚ ਟੈਸਟਿੰਗ ਦੀ ਸਹੂਲਤ ਉਪਲੱਬਧ ਹੈ ਅਤੇ ਜ਼ਰੂਰੀ ਦਵਾਈਆਂ, ਆਕਸੀਜਨ ਅਤੇ ਵਿਗਿਆਨਕ ਸੂਝ-ਬੂਝ ਨਾਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸਾਰੇ ਜ਼ਿਲ੍ਹਿਆਂ ਵਿੱਚ ਨਿਗਰਾਨੀ ਕਾਇਮ ਹੈ ਅਤੇ ਲਗਾਤਾਰ ਟੈਸਟਿੰਗ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਸੰਭਾਵਿਤ ਮਾਮਲੇ ਦੀ ਪਛਾਣ ਕਰਕੇ ਤੁਰੰਤ ਇਲਾਜ ਮੁਹੱਈਆ ਕਰਵਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਭਾਵੇਂ ਹਾਲਾਤ ਕਾਬੂ 'ਚ ਹਨ, ਪਰ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਨੇ ਜਨਤਾ ਨੂੰ ਸਲਾਹ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਜ਼ੁਕਾਮ, ਖੰਘ, ਬੁਖਾਰ ਜਾਂ ਸਾਹ ਲੈਣ ਵਿੱਚ ਦਿੱਕਤ ਹੋਵੇ ਤਾਂ ਤੁਰੰਤ ਆਪਣੇ ਨਜ਼ਦੀਕੀ ਸਿਹਤ ਕੇਂਦਰ ਜਾਂ ਹਸਪਤਾਲ ਵਿੱਚ ਜਾਂਚ ਕਰਵਾਏ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੁਚੇਤ ਰਹਿਣ, ਅਫ਼ਵਾਹਾਂ ਤੋਂ ਬਚਣ ਅਤੇ ਸਿਰਫ਼ ਸਰਕਾਰੀ ਸੂਤਰਾਂ ਤੋਂ ਮਿਲ ਰਹੀ ਜਾਣਕਾਰੀ ਉੱਤੇ ਭਰੋਸਾ ਕਰਨ। ਉਨ੍ਹਾਂ ਕਿਹਾ, ਅਸੀਂ ਸਰਗਰਮੀ ਨਾਲ ਕੰਮ ਕਰ ਰਹੇ ਹਾਂ ਅਤੇ ਪੰਜਾਬ ਸਰਕਾਰ ਸਥਿਤੀ ਉੱਤੇ ਪੂਰੀ ਨਜ਼ਰ ਰੱਖੇ ਹੋਏ ਹੈ। ਸਾਡੀ ਟੀਮ ਹਰ ਪੱਖੋਂ ਤਿਆਰ ਹੈ। ਡਾਕਟਰ ਨੇ ਕਿਹਾ ਕਿ ਚੌਕਸ ਰਹੋ, ਸੁਰੱਖਿਅਤ ਰਹੋ।



# ਪਟਿਆਲਾ-ਆਸ/ਪਾਸ



# ਸਿੱਖਾਂ ਲਈ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ, ਦੁਨਿਆਵੀ ਅਹੁਦੇ ਬਾਅਦ 'ਚ: ਸਤਵਿੰਦਰ ਸਿੰਘ ਟੌਹੜਾ

## ☛ਸ਼ਹੀਦ ਪਰਿਵਾਰ ਤੇ ਧਾਰਮਿਕ ਸ਼ਖ਼ਸੀਅਤਾਂ ਬਾਰੇ ਘਟੀਆ ਸ਼ਬਦਾਵਲੀ ਬਰਦਾਸ਼ਤ ਨਹੀਂ

ਨਾਭਾ, 25 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੁੱਕਲ ਵਿਚ ਬਚਪਨ ਤੋਂ ਹੀ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਹੈ ਕਿ ਨਾਭਾ ਹਲਕੇ ਦੇ ਪਿੰਡ ਮੱਲੇਵਾਲ ਵਿਚ 22 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਅਨੁਸਾਰ ਹੋਈ ਵਿਸ਼ਾਲ ਮੀਟਿੰਗ ਤੋਂ ਘਬਰਾਏ ਬਾਦਲ ਦਲ ਦੇ ਆਗੂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਗੌੜਿਆਂ ਨੇ ਆਪਣੀ ਗੰਦਗੀ ਭਰੀ ਸੋਚ ਅਨੁਸਾਰ ਬਿਆਨ ਜਾਰੀ ਕੀਤੀ ਹੈ, ਜਿਸ ਨੂੰ ਸਿੱਖ ਸੰਗਤ ਬਰਦਾਸ਼ਤ ਨਹੀਂ ਕਰੇਗੀ। ਸ. ਟੌਹੜਾ ਅੱਜ ਨਾਭਾ ਵਿਖੇ ਇਕ ਪੱਤਰਕਾਰ ਸੰਮੇਲਨ ਨੂੰ ਰਸਮੀ ਤੌਰ 'ਤੇ ਸੰਬੋਧਨ ਕਰ ਰਹੇ ਸਨ। ਸ. ਟੌਹੜਾ ਨੇ ਕਿਹਾ ਕਿ 22 ਮਈ ਦੀ ਇਕੱਠ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਵਿਚ ਸ਼ਾਮਲ ਮੱਖਣ ਸਿੰਘ ਲਾਲਕਾ ਨੇ ਜੋ ਬਿਆਨਬਾਜ਼ੀ ਕੀਤੀ ਸੀ ਉਹ ਅਸੀਂ ਬਰਦਾਸ਼ਤ ਕਰ ਲਈ ਸੀ ਪਰ ਜੋ ਬਿਆਨਬਾਜ਼ੀ ਇਕੱਠ ਤੋਂ ਬਾਅਦ ਕੀਤੀ ਉਸ ਵਿਚ ਸਾਡੇ ਕੌਮੀ ਸ਼ਹੀਦ ਬਾਬਾ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਆਰਐਸਐਸ ਦੇ ਮੈਂਬਰ ਕਹਿਣਾ ਕਿਸੇ ਵੀ ਹਾਲ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਮਨਮੁਖ ਭਗੌੜਿਆਂ ਨੇ ਗਲਤ ਪੱਖ ਵਿਚ ਖੜ੍ਹਦਿਆਂ ਉਨ੍ਹਾਂ ਸੱਚੇ ਸੁੱਚੇ ਮਹਾਨ ਲੋਕਾਂ ਵਿਰੁੱਧ ਬੋਲਿਆ ਜੋ ਪੰਥਕ ਇਰਾਦਿਆਂ ਦੀ ਪਹਿਰੇਦਾਰੀ ਕਰ ਰਹੇ ਹਨ ਉਨ੍ਹਾਂ 'ਤੇ ਇਹ ਬੇਸਿਧਾਂਤੇ ਲੋਕ ਮਨਮਤੇ ਨਾਲ ਕੁਫ਼ਰ ਤੋਲਣ ਲੱਗ ਪਏ, ਇਸ ਵੇਲੇ ਮੱਖਣ ਸਿੰਘ ਲਾਲਕਾ ਵਰਗਿਆਂ ਨੇ ਹੋਰ ਵੀ ਘਟੀਆ ਬਿਆਨ ਬਾਜ਼ੀ ਕੀਤੀ ਹੈ ਜਿਵੇਂ ਕਿ ਉਨ੍ਹਾਂ ਸਿੱਖ ਕੌਮ ਦੇ ਵੱਡੇ ਵਿਦਵਾਨ ਬਾਬਾ ਦਰਸ਼ਨ ਸਿੰਘ ਜੀ ਮੱਲੇਵਾਲ 'ਤੇ ਵੀ ਘਟੀਆ ਰਾਜਨੀਤੀ ਵਰਤ ਕੇ ਹੋਛੀ ਬਿਆਨਬਾਜ਼ੀ ਕੀਤੀ। ਗੁਰਦੁਆਰਾ ਰੋੜੀ ਸਾਹਿਬ ਦੇ ਲੰਬੇ ਸਮੇਂ ਪ੍ਰਧਾਨ ਚਲੇ ਆ ਰਹੇ ਰਣਧੀਰ ਸਿੰਘ ਢੀਂਡਸਾ ਤੇ ਸੁਰਜੀਤ ਸਿੰਘ ਰੱਖੜਾ ਪਰਿਵਾਰ ਖ਼ਿਲਾਫ਼ ਜੋ ਭੱਦੀ ਤੇ ਗੈਰ ਨੈਤਿਕਤਾ ਵਾਲੀ ਸ਼ਬਦਾਵਲੀ ਵਰਤੀ ਹੈ, ਉਸ ਦਾ ਸਿੱਖ ਸੰਗਤ ਜਵਾਬ ਲਵੇਗੀ ਤੇ ਜੇਕਰ ਅਜਿਹੀ ਬਿਆਨਬਾਜ਼ੀ ਇਨ੍ਹਾਂ ਜਾਰੀ ਰੱਖੀ ਤਾਂ ਇਨ੍ਹਾਂ ਨੂੰ ਪਿੰਡਾਂ ਵਿਚ ਵੜਨ ਤੋਂ ਵੀ ਰੋਕੇਗੀ। ਐਡ. ਰਵਿੰਦਰ ਸ਼ਾਹਪੁਰ ਨੇ ਕਿਹਾ ਕਿ ਇਨ੍ਹਾਂ ਪੰਥ ਦੋਖੀਆਂ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਪਿੱਠ ਦੇਣ ਦੀ ਗੱਲ ਆਖੀ ਹੈ ਪਰ ਸ਼੍ਰੋਮਣੀ ਕਮੇਟੀ ਮੈਂਬਰ ਦੀ ਡਿਊਟੀ ਗੁਰੂ ਸਿਧਾਂਤਾਂ ਅਨੁਸਾਰ ਚੱਲਣਾ ਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾ ਕੇ ਭਗੌੜੇ ਹੋਣਾ ਨਹੀਂ, ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਨੂੰ ਜਾਣਦੇ ਹਾਂ। ਜਥੇਦਾਰ ਟੌਹੜਾ ਨੇ ਆਖਿਆ ਕਿ ਇਹ ਲੋਕ ਸਾਡੀਆਂ ਦਸਤਾਰਾਂ ਦੇ ਰੰਗ ਪਰਖਦੇ ਹਨ ਪਰ ਇਹ ਨਹੀਂ ਜਾਣਦੇ ਕਿ ਦਸਤਾਰ ਗੁਰੂ ਨੇ ਬਖ਼ਸ਼ੀ ਹੈ, ਤੁਹਾਡੇ ਵਾਂਗ ਦਸਤਾਰਾਂ ਸਜਾ ਕੇ ਗੁਰੂ ਨਾਲ ਬੇਮੁਖੀ ਨਹੀਂ ਕੀਤੀ। ਇਹ ਲੋਕ ਕਹਿੰਦੇ ਹਨ ਸ਼ਕਤੀ ਦੇ ਸੋਮੇ ਗੁਰਦੁਆਰਿਆਂ 'ਤੇ ਵੀ ਉਂਗਲਾਂ ਚੁੱਕਦੇ ਹਨ, ਜਦਕਿ ਗੁਰਦੁਆਰੇ ਸਾਰੀ ਸੰਗਤ ਦੇ ਸਾਂਝੇ ਹਨ। ਰਣਧੀਰ ਸਿੰਘ ਰੱਖੜਾ ਨੇ ਕਿਹਾ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ 'ਤੇ ਚੱਲਣ ਵਾਲਿਆਂ ਨੂੰ ਅਕਾਲੀ ਨਹੀਂ ਮੰਨ ਰਹੇ ਪਰ ਇਸ ਦਾ ਜਵਾਬ ਵੀ ਇਨ੍ਹਾਂ ਨੂੰ ਸਿੱਖ ਸੰਗਤ ਸਮਾਂ ਆਉਣ 'ਤੇ ਦੇਵੇਗੀ। ਉਨ੍ਹਾਂ ਕਿਹਾ ਕਿ ਰੱਖੜਾ ਪਰਿਵਾਰ ਜਿਨ੍ਹਾਂ ਦੇ ਦਰ 'ਤੇ ਇਹ ਰੋਜ਼ਾਨਾ ਅਲਖ ਜਗਾਉਂਦੇ ਸੀ ਉਨ੍ਹਾਂ 'ਤੇ ਵੀ ਉਂਗਲਾਂ ਚੁੱਕ ਰਹੇ ਹਨ, ਜੇਕਰ ਰੱਖੜਾ ਪਰਿਵਾਰ ਬੋਲ ਪਿਆ ਤਾਂ ਇਨ੍ਹਾਂ ਨੂੰ ਮੂੰਹ ਛੁਪਾਉਣ ਲਈ ਥਾਂ ਨਹੀਂ ਥਿਆਉਣੀ। ਇੱਥੇ ਪ੍ਰੀਤ ਕੰਬਾਈਨ ਦੇ ਮਾਲਕ ਤੇ ਸੀਨੀਅਰ ਅਕਾਲੀ ਆਗੂ ਹਰੀ ਸਿੰਘ, ਸਾਬਕਾ ਚੇਅਰਮੈਨ ਰਣਧੀਰ ਸਿੰਘ ਰੱਖੜਾ ਨੇ ਕਿਹਾ ਕਿ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹੈ ਤੇ ਗੁਰੂ ਪੰਥ ਦੇ ਨਾਲ ਹੈ, ਪਰ ਇਹ ਲੋਕ ਪੰਥ ਦੇ ਅਸਲ ਅਕੀਦੇ ਤੋਂ ਪਾਸਾ ਵੱਟ ਗਏ ਹਨ। ਜਥੇਦਾਰਾਂ ਦੀ ਧੌਣ 'ਤੇ ਗੋਡੇ ਰੱਖ ਕੇ ਹੁਕਮਨਾਮੇ ਜਾਰੀ ਕਰਾਉਂਦੇ ਰਹੇ ਹਨ। ਪਰ ਅੱਜ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਵੱਡੇ ਹੋ ਗਏ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਪਿੱਠ ਦਿਖਾ ਗਏ, ਜਿਸ ਦਾ ਸਮੁੱਚੀਆਂ ਗੁਰਦੁਆਰਾ ਕਮੇਟੀਆਂ ਨੇ ਬੁਰਾ ਮਨਾਇਆ। ਇਸ ਵੇਲੇ, ਮੱਲੇਵਾਲ ਦੇ ਦੋਵੇਂ ਗੁਰੂ ਘਰਾਂ ਦੀਆਂ ਕਮੇਟੀਆਂ, ਦਿੱਤੂਪੁਰ ਦੀ ਗੁਰਦੁਆਰਾ ਕਮੇਟੀ ਤੋਂ ਇਲਾਵਾ ਕਰਨੈਲ ਸਿੰਘ ਮਟੋਰੜਾ, ਗੁਰਮੀਤ ਸਿੰਘ ਕੋਟ, ਅਨਿਲ ਗੁਪਤਾ, ਪਿਆਰਾ ਸਿੰਘ ਮੰਹਸਗੁਆਰਾ, ਮਨਜੀਤ ਸਿੰਘ ਮੱਲੇਵਾਲ, ਭਾਈ ਅਮਰਜੀਤ ਸਿੰਘ ਫਰੀਦਪੁਰ, ਭਾਈ ਅਮਰ ਸਿੰਘ ਰਾਮਗੜ੍ਹ, ਰਣਧੀਰ ਸਿੰਘ ਢੀਂਡਸਾ, ਮਹਿੰਗਾ ਸਿੰਘ ਭੜੀ, ਬਲਵੰਤ ਸਿੰਘ ਤਰਖੇੜੀ, ਜਥੇਦਾਰ ਕੁਲਦੀਪ ਸਿੰਘ ਅਲੋਹਰਾਂ, ਪ੍ਰਧਾਨ ਕਾਹਨ ਸਿੰਘ ਹੀਰਾ ਮਹਿਲ, ਰਣਜੀਤ ਸਿੰਘ, ਸੰਦੀਪ ਸਿੰਘ ਤੇ ਬਲਜੀਤ ਸਿੰਘ ਮੱਲੇਵਾਲ ਪ੍ਰਧਾਨ ਗੁਰਦੁਆਰਾ ਕਮੇਟੀ, ਜਰਨੈਲ ਸਿੰਘ ਗਦਾਈਆ, ਮਲਕੀਤ ਸਿੰਘ ਬਜੀਦੜੀ, ਹਰਦੀਪ ਸਿੰਘ ਨੰਬਰਦਾਰ ਘਣੀਵਾਲ, ਬਹਾਦਰ ਸਿੰਘ ਟੌਹੜਾ, ਹਰਭਜਨ ਸਿੰਘ ਟੌਹੜਾ, ਮਹਿੰਦਰ ਸਿੰਘ ਦਰਗਾਪੁਰ, ਬਲਵਿੰਦਰ ਸਿੰਘ ਦਿੱਤੂਪੁਰ, ਹਰਮੇਲ ਸਿੰਘ ਗੋਬਿੰਦਪੁਰਾ, ਖਾਲਸਾ ਸਟੂਡੀਓ, ਗਿਆਨੀ ਹਰਪਾਲ ਸਿੰਘ ਦਲੱਦੀ, ਜਥੇਦਾਰ ਜੋਗਿੰਦਰ ਸਿੰਘ ਲੌਟ, ਬਹਾਦਰ ਸਿੰਘ ਰਾਮਗੜ੍ਹ, ਕਰਮ ਸਿੰਘ ਮਟੋਰੜਾ ਧੰਨਾ ਸਿੰਘ ਭਗਤ ਨਾਮ ਦੇਵ ਕਮੇਟੀ ਵੀ ਹਾਜ਼ਰ ਸਨ।



# ਡੇਅਰੀ ਸ਼ਿਫਟਿੰਗ ਦੀਆਂ ਤਿਆਰੀਆਂ ਜ਼ੋਰਾਂ 'ਤੇ : ਪ੍ਰੋਜੈਕਟ ਦੇ 90 ਫੀਸਦੀ ਕੰਮ ਪੂਰੇ

## ਵਿਧਾਇਕ ਕੋਹਲੀ ਨੇ ਚੁੱਕੀ ਵੱਡੀ ਜ਼ਿੰਮੇਵਾਰੀ, 10 ਦਿਨਾਂ ਅੰਦਰ ਕੀਤੀਆਂ ਤਿੰਨ ਮੀਟਿੰਗਾਂ

ਪਟਿਆਲਾ, 25 ਮਈ (ਗੁਰਪ੍ਰੀਤ ਰੁਪਾਣਾ) : ਸ਼ਹਿਰ ਦੇ ਸੀਵਰੇਜ ਜਾਮ ਵਿਚ ਵੱਡੀ ਸਮੱਸਿਆ ਬਣ ਰਹੀਆਂ ਡੇਅਰੀਆਂ ਨੂੰ ਜਲਦ ਸ਼ਿਫਟ ਕਰਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਡੇਅਰੀ ਪ੍ਰੋਜੈਕਟ ਦੇ ਲਗਭਗ 90 ਫੀਸਦੀ ਤੋਂ ਵੱਧ ਕੰਮ ਪੂਰੇ ਹੋ ਗਏ ਹਨ। ਅੱਜ ਪਿਛਲੇ 10 ਦਿਨਾਂ ਵਿਚ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਨਿਗਮ ਅਧਿਕਾਰੀਆਂ ਅਤੇ ਡੇਅਰੀ ਮਾਲਕਾਂ ਨਾਲ ਤੀਸਰੀ ਮੀਟਿੰਗ ਕੀਤੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ ਵੀ ਹਾਜ਼ਰ ਸਨ। ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅਬਲੋਵਾਲ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਵੱਡੀ ਜ਼ਿੰਮੇਵਾਰੀ ਚੁੱਕਦਿਆਂ, ਕਿਹਾ ਕਿ ਸ਼ਹਿਰ ਦੇ ਡੇਅਰੀ ਵਾਲਿਆਂ ਦੀਆਂ ਮੰਗਾਂ ਨੂੰ ਵੀ 90 ਫੀਸਦੀ ਤੱਕ ਪੂਰਾ ਕਰਵਾਇਆ, ਜਿਸ ਕਾਰਨ ਹੁਣ ਅਬਲੋਵਾਲ ਵਿਖੇ ਇਹ ਡੇਅਰੀਆਂ ਸ਼ਿਫਟ ਹੋਣਗੀਆਂ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਇਸ ਪ੍ਰੋਜੈਕਟ ਲਈ ਸ਼ਹਿਰ ਦੇ ਵੱਖ ਵੱਖ ਲੋਕਾਂ ਨਾਲ ਜਿੱਥੇ ਸਮੇਂ ਸਮੇਂ 'ਤੇ ਮੀਟਿੰਗਾਂ ਕੀਤੀਆਂ, ਉੱਥੇ ਲੋਕਾਂ ਨੂੰ ਇਸ ਪ੍ਰੋਜੈਕਟ ਨੂੰ ਲੈ ਕੇ ਆ ਰਹੀਆਂ ਸਮੱਸਿਆਵਾਂ ਜਿਵੇਂ ਪਲਾਟਾਂ, ਰੇਟਾਂ, ਪਾਣੀ ਦੀ ਨਿਕਾਸੀ ਆਦਿ ਛੋਟੀ ਮੋਟੀ ਸਮੱਸਿਆਵਾਂ ਨੂੰ ਵੀ ਹੱਲ ਕਰਵਾ ਕੇ ਉਨ੍ਹਾਂ ਦੇ ਕੰਮਾਂ ਨੂੰ ਪੂਰਾ ਕਰਵਾਇਆ ਗਿਆ। ਵਿਧਾਇਕ ਕੋਹਲੀ ਨੇ ਆਖਿਆ ਕਿ ਇਸ ਪ੍ਰੋਜੈਕਟ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹਨ ਅਤੇ ਬਹੁਤ ਜਲਦ ਹੀ ਇਸ ਪ੍ਰੋਜੈਕਟ ਨੂੰ ਪੂਰਾ ਕਰਕੇ ਡੇਅਰੀਆਂ ਨੂੰ ਸ਼ਹਿਰ ਵਿਚੋਂ ਬਾਹਰ ਸ਼ਿਫਟ ਕੀਤਾ ਜਾਵੇਗਾ ਤੇ ਲੋਕਾਂ ਨੂੰ ਬਣਦੀਆਂ ਸੁਵਿਧਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਜਿੰਨੇ ਵੀ ਲੋਕਾਂ ਨੂੰ ਸਮੱਸਿਆਵਾਂ ਆ ਰਹੀਆਂ ਸਨ, ਉਨ੍ਹਾਂ ਨੂੰ ਪੂਰਾ ਕਰ ਦਿੱਤਾ ਗਿਆ ਹੈ ਅਤੇ ਸਾਰੇ ਕੰਮਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ ਦਿੱਤਾ ਗਿਆ ਹੈ। ਹੁਣ ਬਹੁਤ ਜਲਦ ਇਸ ਪ੍ਰੋਜੈਕਟ ਤਹਿਤ ਡੇਅਰੀਆਂ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰ ਦਿੱਤਾ ਜਾਵੇਗਾ।



# ਡਾ. ਬਲਬੀਰ ਸਿੰਘ ਵੱਲੋਂ ਪਿੰਡ-ਪਿੰਡ ਨਸ਼ਾ ਮੁਕਤੀ ਯਾਤਰਾ ਨੇ ਫੜੀ ਰਫ਼ਤਾਰ




ਨਾਭਾ, 25 ਮਈ (ਚੌਧਰੀਮਾਜਰਾ) : ਪੰਜਾਬ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ 'ਨਸ਼ਾ ਮੁਕਤੀ ਯਾਤਰਾ' ਦਿਨੋਂ ਦਿਨ ਰਫ਼ਤਾਰ ਫੜ ਰਹੀ ਹੈ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਰੋਜ਼ਾਨਾ ਪਟਿਆਲਾ ਦੇ ਪਿੰਡਾਂ ਵਿੱਚ ਜਾ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾ ਰਹੇ ਹਨ। ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਅੱਜ ਰਾਮਗੜ੍ਹ ਛੰਨਾ, ਲਲੌਂਦਾ, ਲਬਾਣਾ ਟਿੱਕੂ, ਘਮਰੌਂਦਾ, ਕੈਦਪੁਰ ਦੇ ਦੌਰੇ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਪੰਜਾਬੀ ਨੂੰ ਇਸ ਯਾਤਰਾ ਦਾ ਹਿੱਸਾ ਬਣ ਕੇ ਨਸ਼ਿਆਂ ਖਿਲਾਫ਼ ਲੜਾਈ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਦੀ ਲਹਿਰ ਹੁਣ ਆਪਣੀਆਂ ਸ਼ਿਖਰਾਂ 'ਤੇ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨਸ਼ਾ ਕਰਨ ਵਾਲਿਆਂ 'ਤੇ ਨਿਗਰਾਨੀ ਰੱਖਣ ਅਤੇ ਨਸ਼ਾ ਤਸਕਰਾਂ 'ਤੇ ਕਾਰਵਾਈ ਕਰਨ ਲਈ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਨਸ਼ਾ ਛੱਡਣ ਵਾਲਿਆਂ ਲਈ ਇਲਾਜ ਦੇ ਨਾਲ-ਨਾਲ ਸਰਕਾਰ ਵੱਲੋਂ ਕਿੱਤਾ ਮੁਖੀ ਕੋਰਸਾਂ ਦੀ ਵੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਉਹ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਣ। ਇਸ ਸਮਾਗਮ ਵਿੱਚ ਪਿੰਡਾਂ ਦੇ ਪੰਚ, ਸਰਪੰਚ ਤੇ ਪਿੰਡ ਵਾਸੀਆਂ ਦੀ ਵੱਡੀ ਹਾਜ਼ਰੀ ਰਹੀ।

# ਵਿਆਹੁਤਾ ਨੂੰ ਮਾਰਨ 'ਤੇ ਪਤੀ ਅਤੇ ਸਹੁਰਾ ਪਰਿਵਾਰ ਖ਼ਿਲਾਫ਼ ਮੁਕੱਦਮਾ ਦਰਜ

ਘਨੌਰ, 25 ਮਈ (ਮਦਨ ਲਾਲ) : ਥਾਣਾ ਘਨੌਰ ਵਿਖੇ ਬਲਦੇਵ ਰਾਜ ਪੁੱਤਰ ਸੋਮ ਨਾਥ ਵਾਸੀ ਸਾਹਬਪੁਰਾ ਥਾਣਾ ਸਦਰ ਅੰਬਾਲਾ ਨੇ ਸ਼ਿਕਾਇਤ ਦਰਜ ਕਰਾਈ ਕਿ ਉਸਦੀ ਲੜਕੀ ਮੁਮਤੇਸ਼ ਰਾਣੀ ਉਮਰ 30 ਸਾਲ ਦੀ ਸ਼ਾਦੀ 27-11-2024 ਨੂੰ ਦੋਸ਼ੀ ਲਵਪ੍ਰੀਤ ਸਿੰਘ ਨਾਲ ਹੋਇਆ ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਸ਼ਿਕਾਇਤਕਰਤਾ ਦੀ ਲੜਕੀ ਨੂੰ ਤੰਗ ਪ੍ਰੇਸ਼ਾਨ ਕਰ ਲੱਗ ਪਏ, ਜਿਸ ਸਬੰਧੀ ਰਿਸ਼ਤੇਦਾਰਾਂ ਨਾਲ ਮਿਲ ਕੇ ਕਥਿਤ ਦੋਸ਼ੀਆਂ ਨੂੰ ਸਮਝਾਇਆ ਤੇ ਦੋਸ਼ੀਆਂ ਨੇ ਮੁਮਤੇਸ਼ ਰਾਣੀ ਨੂੰ ਆਪਣੇ ਘਰ ਲੈ ਆਏ ਸੀ। ਮਿਤੀ 22-5-2005 ਨੂੰ ਉਸ ਦੀ ਪਤਨੀ ਨੇ ਲੜਕੀ ਮੁਮਤੇਸ਼ ਰਾਣੀ ਨਾਲ ਗੱਲ ਹੋਈ ਜੋ ਉਸ ਸਮੇਂ ਬਿਲਕੁਲ ਸਹੀ ਸਲਾਮਤ ਸੀ ਜੋ ਬਾਅਦ ਵਿਚ ਉਸ ਦੀ ਸਾਲੀ ਬਬਲੀ ਦਾ ਫੋਨ ਆਇਆ ਕਿ ਮੁਮਤੇਸ਼ ਰਾਣੀ ਦੀ



ਤਬੀਅਤ ਖਰਾਬ ਹੈ, ਜਦੋਂ ਇਸ ਸਬੰਧੀ ਸ਼ਿਕਾਇਤਕਰਤਾ ਨੇ ਸਾਹਿਬ ਸਿੰਘ ਨਾਲ ਗੱਲ ਕੀਤੀ ਤਾਂ ਉਸਨੇ ਕਿਹਾ ਕਿ ਮੁਮਤੇਸ਼ ਰਾਣੀ ਹੁਣ ਠੀਕ ਹੈ,ਜੋ ਦਵਾਈ ਲੈ ਕੇ ਘਰ ਆ ਗਏ ਹਨ, ਜੋ ਫਿਰ ਮੁਮਤੇਸ਼ ਰਾਣੀ ਦੀ ਹਾਲਤ ਖਰਾਬ ਹੋਣ ਕਰਕੇ ਦੋਸ਼ੀਆਂ ਉਸਨੂੰ ਅੰਬਾਲਾ ਵਿਖੇ ਪ੍ਰਾਈਵੇਟ ਹਸਪਤਾਲ ਲੈ ਗਏ, ਜੋ ਮਿਤੀ 23—5—2025 ਨੂੰ ਸਾਹਿਬ ਸਿੰਘ ਨੇ ਫੋਨ ਕਰਕੇ ਦੱਸਿਆ ਕਿ ਹਾਲਤ ਜ਼ਿਆਦਾ ਖਰਾਬ ਹੋਣ ਕਾਰਨ ਮੁਮਤੇਸ਼ ਰਾਣੀ ਨੂੰ ਸੈਕਟਰ 32 ਚੰਡੀਗੜ ਰੈਫਰ ਕਰ ਦਿੱਤਾ ਹੈ, ਜੋ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਮੁਮਤੇਸ਼ ਰਾਣੀ ਦੀ ਮੌਤ ਹੋ ਗਈ। ਦੋਸ਼ੀਆਨ ਵੱਲੋਂ ਉਸ ਦੀ ਲੜਕੀ ਨੂੰ ਤੰਗ ਪ੍ਰੇਸ਼ਾਨ ਜਾਂ ਕੁਝ ਖਵਾ ਕੇ ਜਾਂ ਉਸ ਵੱਲੋਂ ਖਾ ਕੇ ਉਸ ਦੀ ਮੌਤ ਹੋ ਗਈ। ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਘਨੌਰ ਪੁਲਿਸ ਨੇ ਲਵਪ੍ਰੀਤ ਸਿੰਘ ਪੁੱਤਰ ਸਾਹਿਬ ਸਿੰਘ, ਸਾਹਿਬ ਸਿੰਘ ਪੁੱਤਰ ਗਿਆਨ ਸਿੰਘ,ਨਰਿੰਦਰ ਕੌਰ ਪਤਨੀ ਸਾਹਿਬ ਸਿੰਘ, ਮਹਿੰਦਰੋ ਕੌਰ ਪਤਨੀ ਗਿਆਨ ਸਿੰਘ ਵਾਸੀਆਨ ਘਨੌਰ ਖਿਲਾਫ ਥਾਣਾ ਘਨੌਰ ਵਿਖੇ ਮੁਕਦਮਾ ਨੰ: 52 ਮਿਤੀ 23—5—25 ਅਧੀਨ ਧਾਰਾ 80,3(5) ਬੀ.ਐਨ.ਐਸ. ਤਹਿਤ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕੀਤੀ।

# ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਐਮ.ਡੀ. ਨਾਲ ਮੀਟਿੰਗ

## ☛ਰਹਿੰਦੇ ਬਕਾਇਆਂ ਸਬੰਧੀ ਹੋਈ ਗੱਲਬਾਤ



ਪਟਿਆਲਾ, 25 ਮਈ (ਚ.ਨ.ਸ.) : ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਨੁਮਾਇੰਦਿਆਂ ਦੇ ਵਫਦ ਦੀ ਮੀਟਿੰਗ ਐਮ ਡੀ ਪੀ ਆਰ ਟੀ ਸੀ ਨਾਲ ਕੇਂਦਰੀ ਬਾਡੀ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਵਿਚ ਹੋਈ ਜਿਸ ਸਰਵ ਸ੍ਰੀ ਬਚਨ ਸਿੰਘ ਅਰੋੜਾ ਜਨਰਲ ਸਕੱਤਰ , ਹਰੀ ਸਿੰਘ ਚਮਕ ਸਕੱਤਰ ਜਨਰਲ ਤੇ ਅਮੋਲਕ ਸਿੰਘ ਕੈਸ਼ੀਅਰ ਵੀ ਸ਼ਾਮਲ ਸਨ। ਹਰੀ ਸਿੰਘ ਚਮਕ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ ਇਸ ਮੀਟਿੰਗ ਵਿੱਚ ਪੀ ਆਰ ਟੀ ਸੀ ਪੈਨਸ਼ਨਰਾਂ ਦੇ ਰਹਿੰਦੇ ਬਕਾਇਆਂ ਬਾਰੇ ਐਮ ਡੀ ਸਾਹਿਬ ਨਾਲ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ ਜਿਸ ਵਿੱਚ ਐਮ ਡੀ ਸਾਹਿਬ ਨੇ ਦੱਸਿਆ ਕਿ ਪੇ ਕਮਿਸ਼ਨ ਦੇ ਬਕਾਏ ਦੀ ਰਕਮ ਲਗ-ਭਗ 125/- ਕਰੋੜ ਬਣਦੀ ਹੈ, ਜਿਸ ਨੂੰ ਲੈ ਕੇ ਸਰਕਾਰ 'ਤੇ ਪੂਰਾ ਜੋਰ ਪਾਇਆ ਜਾ ਰਿਹਾ ਹੈ, ਉਮੀਦ ਹੈ ਕਿ ਇਹ ਪੈਸਾ ਜਲਦੀ ਆ ਜਾਵੇਗਾ, ਜਦੋਂ ਵੀ ਇਹ ਪੈਸਾ ਆ ਗਿਆ ਓਦੋਂ ਹੀ ਇਹ ਅਦਾਇਗੀ ਕਰ ਦਿੱਤੀ ਜਾਵੇਗੀ। ਮੈਡੀਕਲ ਬਿਲਾਂ ਦੀ ਅਦਾਇਗੀ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਦਿਆਂ ਇਸ ਅਦਾਇਗੀ ਨੂੰ ਪਹਿਲ ਦੇ ਅਧਾਰ 'ਤੇ ਕਰਨ ਲਈ ਸਹਿਮਤੀ ਹੋਈ। ਬਾਕੀ ਰਹਿੰਦੇ ਬਕਾਇਆਂ ਜਿਵੇਂ ਕਿ ਗਰੈਚੁਟੀ ਵਗੈਰਾ, ਕੁਝ ਦੇ ਓਵਰਟਾਈਮ ਆਦਿ ਦੇ ਭੁਗਤਾਨ ਵੀ ਸਰਕਾਰ ਵਲੋਂ ਪੈਸੇ ਆਉਣ 'ਤੇ ਨਾਲ ਦੀ ਨਾਲ ਕਰ ਦਿੱਤੇ ਜਾਣਗੇ। ਮੀਟਿੰਗ ਬਹੁਤ ਸੁਖਾਵੇਂ ਮਹੌਲ ਵਿੱਚ ਹੋਈ। ਬਜੁਰਗ ਪੈਨਸ਼ਨਰਾਂ ਦੀ ਮਜਬੂਰੀ ਅਤੇ ਬਕਾਇਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਐਮ ਡੀ ਸਾਹਿਬ ਨੇ ਇਨ੍ਹਾਂ ਦਾ ਭੁਗਤਾਨ ਕਰਨ ਲਈ ਸਰਕਾਰ ਤੋਂ ਪੈਸੇ ਲਿਆ ਕੇ ਜਲਦੀ ਨਿਪਟਾਰਾ ਕਰਨ ਦਾ ਵਿਸ਼ਵਾਸ ਦਵਾਇਆ।

# ਪਟਿਆਲਾ ਦੇ ਦੋ ਕ੍ਰਿਕਟ ਖਿਡਾਰੀਆਂ ਦੀ ਭਾਰਤੀ ਟੀਮ ਲਈ ਚੋਣ

ਪਟਿਆਲਾ, 25 ਮਈ (ਚ.ਨ.ਸ.) : ਪਟਿਆਲਾ ਦੇ ਦੋ ਕ੍ਰਿਕਟ ਖਿਡਾਰੀ



ਅੰਡਰ 23 ਏਸ਼ੀਆ ਕੱਪ ਲਈ ਭਾਰਤੀ ਟੀਮ ਦੇ ਕੈਂਪ ਲਈ ਚੁਣੇ ਗਏ ਹਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਟਿਆਲਾ ਦੇ ਖਿਡਾਰੀ ਆਫ ਸਪਿਨਰ ਹਰਜਸ ਸਿੰਘ ਟੰਡਨ ਅਤੇ ਖੱਬੇ ਹੱਥ ਦੇ ਫਿਰਕੀ ਗੇਂਦਬਾਜ਼ ਆਰਿਆ ਮਾਨ ਧਾਲੀਵਾਲ ਦੀ ਚੋਣ ਬੀਸੀਸੀਆਈ ਵੱਲੋਂ ਅੰਡਰ 23 ਏਸ਼ੀਆ ਕੱਪ ਦੇ ਲਈ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕ੍ਰਿਕਟ ਹੱਬ ਦੇ ਕੋਚ ਕਮਲ ਸੰਧੂ ਨੇ ਦੱਸਿਆ ਕਿ ਇਹ ਦੋਵੇਂ ਖਿਡਾਰੀ ਪਿਛਲੇ ਕਈ ਸਾਲਾਂ ਤੋਂ ਪੰਜਾਬ ਵੱਲੋਂ ਖੇਡਦਿਆਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਸਨ। ਜਦੋਂ ਕੋਚ ਕਮਲ ਸੰਧੂ ਨੂੰ ਪੁੱਛਿਆ ਗਿਆ ਕਿ ਕੀ ਕਾਰਨ ਹੈ ਕਿ ਲਗਾਤਾਰ ਪਟਿਆਲਾ ਦੇ ਕ੍ਰਿਕਟ ਖਿਡਾਰੀ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਮਾਨ ਹਾਸਲ ਕਰ ਰਹੇ ਹਨ, ਤਾਂ ਕੋਚ ਸੰਧੂ ਨੇ ਦੱਸਿਆ ਕਿ ਪਟਿਆਲਾ ਵਿੱਚ ਨਵਜੋਤ ਸਿੰਧੂ ਤੋਂ ਬਾਅਦ ਹੁਣ ਤੱਕ ਜਿੰਨੇ ਵੀ ਖਿਡਾਰੀ ਭਾਰਤੀ ਕ੍ਰਿਕਟ ਟੀਮ ਜਾਂ ਪੰਜਾਬ ਦੀ ਕ੍ਰਿਕਟ ਟੀਮ ਵਿੱਚ ਚੁਣੇ ਗਏ ਹਨ, ਉਸ ਦਾ ਕਾਰਨ ਇਹ ਹੈ ਕਿ ਅਕਾਦਮੀ ਕ੍ਰਿਕਟ ਹੱਬ ਵਿੱਚ ਸਟੇਟ ਖਿਡਾਰੀਆਂ ਦਾ ਇੱਕ ਪ੍ਰੈਕਟਿਸ ਦਾ ਗਰੁੱਪ ਬਣਿਆ ਹੋਇਆ ਹੈ, ਜਿਸ ਵਿੱਚ ਚੰਗੇ ਖਿਡਾਰੀ ਆਪਣੇ ਜੂਨੀਅਰ ਖਿਡਾਰੀਆਂ ਨੂੰ ਖੇਡ ਦੀ ਹਰ ਬਰੀਕੀ ਚੰਗੀ ਤਰ੍ਹਾਂ ਨਾਲ ਸਮਝਾਉਂਦੇ ਹਨ ਅਤੇ ਪ੍ਰੈਕਟਿਸ ਅਤੇ ਬਾਅਦ ਵਿੱਚ ਕਰਵਾਏ ਜਾਂਦੇ ਮੈਚਾਂ ਵਿੱਚ ਨਾ ਸਿਰਫ ਜੂਨੀਅਰ ਖਿਡਾਰੀ ਆਪਣੇ ਸੀਨੀਅਰ ਖਿਡਾਰੀਆਂ ਨੂੰ ਮੈਚ ਵਿੱਚ ਪ੍ਰਦਰਸ਼ਨ ਦੇਖਦੇ ਹਨ ਬਲਕਿ ਉਹਨਾਂ ਨੂੰ ਹੱਲਾਸ਼ੇਰੀ ਮਿਲਦੀ ਹੈ।

# ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 25 ਮਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਮਹਿਲਾ ਬੇਬੀ ਵਾਸੀ ਦਿਲਾਵਰਪੁਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਕੁਲਦੀਪ ਸਿੰਘ ਸਮੇਤ ਪੁਲਿਸ ਪਾਰਟੀ ਪਸਿਆਣਾ ਗੰਦੇ ਨਾਲ ਪਾਸ ਜਾ ਰਹੇ ਸਨ ਤਾ ਸੜ੍ਹਕ ਕਿਨਾਰੇ ਸ਼ੱਕੀ ਹਾਲਤ ਵਿੱਚ ਖੜ੍ਹੀ ਔਰਤ ਨੂੰ ਚੈਕ ਕਰਨ 'ਤੇ 80 ਨਸ਼ੀਲੀਆ ਗੋਲੀਆਂ ਬ੍ਰਾਮਦ ਹੋਈਆਂ।

# 432 ਨਸ਼ੀਲੇ ਕੈਪਸੂਲ ਬ੍ਰਾਮਦ

ਪਟਿਆਲਾ, 25 ਮਈ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਬਲਵਿੰਦਰ ਸਿੰਘ ਵਾਸੀ ਪਿੰਡ ਕਲਿਆਣ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਸੰਤੋਖ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁਲੀ ਸੂਆ ਲਚਕਾਣੀ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈਕ ਕਰਨ ਪਰ 432 ਨਸ਼ੀਲੇ ਕੈਪਸੂਲ ਬ੍ਰਾਮਦ ਹੋਏ।

*ਪੰਜਾਬ ਸਰਕਾਰ ਦਾ ਵੱਡਾ ਉਪਰਾਲਾ*

# ਰਜਤ ਸ਼ਰਮਾ ਬਣੇ ਲਾਅਨ ਟੈਨਿਸ ਦੇ ਕੋਚ

ਘਨੌਰ, 25 ਮਈ (ਮਦਨ ਲਾਲ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ



ਦੀ ਯੋਗ ਅਗਵਾਈ ਹੇਠ ਪੰਜਾਬ ਵਿਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਫ਼ਲਤਾ ਪੂਰਵਕ ਚੱਲ ਰਹੀ ਹੈ। ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਅਤੇ ਬੇਰੁਜਗਾਰੀ ਦਾ ਖਾਤਮਾ ਕਰਨ ਲਈ ਪੰਜਾਬ ਸਰਕਾਰ ਨੇ ਖੇਡ ਵਿਭਾਗ ਵਿਚ ਖੇਡ ਨਰਸਰੀਆਂ ਬਣਾ ਕੇ ਕੁਆਲੀਫਾਈਡ ਕੋਚਾਂ ਦੀ ਭਰਤੀ ਕੀਤੀ ਹੈ। ਸ. ਗੁਰਲਾਲ ਘਨੌਰ ਨੇ ਅੱਜ ਆਪਣੀ ਰਿਹਾਇਸ਼ ਉੱਤੇ ਸ੍ਰੀ ਰਜਤ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਆਪ ਸਰਕਾਰ ਲੋਕਾਂ ਨਾਲ ਕੀਤੇ ਹਰੇਕ ਵਾਅਦੇ ਨੂੰ ਪੂਰਾ ਕਰਨ ਵਿਚ ਸਫ਼ਲ ਹੋ ਰਹੀ ਹੈ। ਮਾਸਟਰ ਜਸਵਿੰਦਰ ਸਿੰਘ ਚਪੜ੍ਹ - ਸਟੇਟ ਅਵਾਰਡੀ ਨੇ ਕਿਹਾ ਕਿ ਰਜ਼ਤ ਸ਼ਰਮਾ ਸਾਡੇ ਵਿਦਿਆਰਥੀ - ਲਾਅਨ ਟੈਨਿਸ ਦੇ ਹਲਕਾ ਘਨੌਰ ਵਿਚੋਂ ਪਹਿਲੇ ਸਰਕਾਰੀ ਕੋਚ ਬਣੇ ਹਨ। ਨਵੇਂ ਕੋਚਾਂ ਦੇ ਆਉਣ ਨਾਲ ਪੰਜਾਬ ਵਿਚ ਹੋਰ ਸਿਹਤ ਅਤੇ ਸਿੱਖਿਆ ਵਿਚ ਕ੍ਰਾਂਤੀ ਆਏਗੀ। ਇਸ ਮੌਕੇ ਲੈਕਚਰਾਰ ਸ. ਗੁਰਪ੍ਰੀਤ ਸਿੰਘ, ਸ. ਜਸਵਿੰਦਰ ਸਿੰਘ ਚਪੜ੍ਹ - ਸਟੇਟ ਅਵਾਰਡੀ, ਸ. ਕੁਲਵੰਤ ਸਿੰਘ ਕੋਚ, ਸ੍ਰੀ ਰਜ਼ਤ ਸ਼ਰਮਾ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਹਾਜਰ ਸਨ।

# ਗੁਪਤਾ ਜਾਗਰਣ ਪਰਿਵਾਰ ਵੱਲੋਂ ਸ਼੍ਰੀ ਖਾਟੂ ਸ਼ਾਮ ਦੇ ਦਰਸ਼ਨਾਂ ਲਈ ਭਗਤਾਂ ਦਾ ਜਥਾ ਰਵਾਨਾ

ਨਾਭਾ, 25 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ) : ਸ਼੍ਰੀ ਖਾਟੂ ਸ਼ਿਆਮ ਮੰਦਿਰ ਬੱਸ ਸਟੈਂਡ ਨਾਭਾ ਤੋਂ ਡਾਇਰੈਕਟਰ ਲਲਿਤ ਗੁਪਤਾ ਅਤੇ ਪ੍ਰੋਜੈਕਟ ਚੇਅਰਮੈਨ ਕੁਲਦੀਪ ਭਾਟੀਆ ਦੀ ਅਗਵਾਈ ਵਿੱਚ 64 ਮੈਂਬਰਾਂ ਦਾ ਜਥਾ ਸ਼੍ਰੀ ਖਾਟੂ ਸ਼ਾਮ ਜੀ ਸ਼੍ਰੀ ਸਾਲਾਸਰ ਬਾਲਾ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਬੱਸ ਨੂੰ ਝੰਡੀ ਦੇਣ ਦੀ ਰਸਮ ਖੂਨ ਦਾਨ ਖੇਤਰ ਵਿੱਚ ਮੋਹਰੀ ਅਤੇ ਖੂਨਦਾਨੀ ਸਟੇਟ ਅਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਅਤੇ ਚੇਅਰਮੈਨ ਜਿਪਸੀ ਬਾਂਸਲ ਨੇ ਸਾਂਝੇ ਤੌਰ ਤੇ ਅਦਾ ਕੀਤੀ,ਨਾਰੀਅਲ ਤੋੜਨ ਦੀ ਰਸਮ ਰਾਜੇਸ਼ ਗਰਗ ਨਿੱਟੀ ਸਕੱਤਰ,ਸੰਜੀਵ ਜਿੰਦਲ ਸੰਜੂ ਤੇਲ ਵਾਲੇ, ਦੀਪਕ ਜੌਲੀ ਸਮਾਜ ਸੇਵਕ ਨੇ ਸਾਂਝੇ ਤੌਰ ਤੇ ਨਿਭਾਈ। ਇਸ ਮੌਕੇ ਪ੍ਰਧਾਨ ਭਾਸ਼ੀ ਨੇ ਕਿਹਾ ਕਿ ਗੁਪਤਾ ਜਾਗਰਣ ਪਰਿਵਾਰ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ। ਉਹਨਾਂ ਦੇ ਨਾਲ



ਹੀ ਸਮਾਜ ਸੇਵਕ ਦੀਪਕ ਜੌਲੀ ਅਤੇ ਰਾਜੇਸ਼ ਗੋਲਡੀ ਸਮਾਜ ਸੇਵਕ ਨੇ ਸਾਂਝੇ ਤੌਰ 'ਤੇ ਕਿਹਾ ਕਿ ਨਾਭਾ ਸ਼ਹਿਰ ਸ਼ੁਰੂ ਤੋਂ ਹੀ ਮਿੰਨੀ ਕਾਂਸੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਸੀਂ ਆਪਣੇ ਧਰਮ ਪ੍ਰਤੀ ਹਮੇਸ਼ਾ ਏਦਾਂ ਹੀ ਸੇਵਾਵਾਂ ਨਿਭਾਉਂਦੇ ਰਹੀਏ ਜੋ ਧਰਮ ਦਾ ਸਹੀ ਤਰੀਕੇ ਨਾਲ ਪ੍ਰਚਾਰ ਹੋ ਸਕੇ, ਸਾਡਾ ਹਰੇਕ ਤਰ੍ਹਾਂ ਦਾ ਸਹਿਯੋਗ ਗੁਪਤਾ ਜਾਗਰਣ ਪਰਿਵਾਰ ਨੂੰ ਹਮੇਸ਼ਾ ਰਹੇਗਾ ਇਹ ਜਦੋਂ ਵੀ ਸਾਡੀ ਡਿਊਟੀ ਜਿੱਥੇ ਜਿਵੇਂ ਲਗਾਉਂਦੇਹਨ ਅਸੀਂ ਹਾਜ਼ਰ ਹੁੰਦੇ ਹਾਂ,ਲਲਿਤ ਗੁਪਤਾ ਅਤੇ ਕੁਲਦੀਪ ਭਾਟੀਆ ਸਮਾਜ ਸੇਵਕ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਭਗਤਾਂ ਲਈ ਪਾਣੀ ਦੀ ਸੇਵਾ ਸੰਜੀਵ ਜਿੰਦਲ ਸੰਜੂ ਅਤੇ ਮੋਹਿਤ ਕੁਮਾਰ ਸਮਾਜ ਸੇਵਕ ਵੱਲੋ ਨਿਭਾਈ ਗਈ, ਉਸ ਮੌਕੇ ਨਾਲ ਪਵਨ ਕੁਮਾਰ ਧਾਰਮਿਕ ਆਗੂ,ਮੋਹਿਤ ਕੁਮਾਰ ਸਮਾਜ ਸੇਵਕ,ਗਾਇਕਾਂ ਰੇਣੂ ਰਾਕੇਸ਼ ਰਾਜਪਾਲ, ਚਿੰਟੂ ਭਾਟੀਆ, ਸ਼ਰਮਾ ਪੰਡਿਤ ਆਦਿ ਹਾਜ਼ਰ ਸਨ।

# 'ਨਟਾਸ' ਨੇ ਸਿਵਲ ਲਾਈਨ ਸਕੂਲ ਅਤੇ ਹਾਈ ਸਕੂਲ ਥੇੜ੍ਹੀ ਵਿਖੇ ਨਾਟਕ ਮੇਲਾ ਕਰਵਾਇਆ



ਪਟਿਆਲਾ, 25 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਆਰੰਭੀ 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਥੀਏਟਰ ਮੁਹਿੰਮ ਤਹਿਤ 12ਵਾਂ ਸਫਲ ਨਾਟਕ ਮੇਲਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿਖੇ ਪ੍ਰਿੰਸੀਪਲ ਮੈਡਮ ਸੀਮਾ ਉੱਪਲ ਦੀ ਰਹਿਨੁਮਾਈ ਹੇਠ ਅਤੇ ਹਾਜ਼ਰ ਮਹਿਮਾਨ ਹਸਤੀਆਂ ਵਿਦਵਾਨ, ਸਾਹਿਤਕਾਰ ਸ੍ਰ: ਬੀ.ਐਸ. ਰਤਨ ਆਈ.ਆਰ.ਐਸ. ਸਾਬਕਾ ਇਨਕਮ ਟੈਕਸ ਕਮਿਸ਼ਨਰ ਭਾਰਤ ਸਰਕਾਰ ਅਤੇ ਉੱਦਮੀ ਸ੍ਰ: ਸਹਿਜਦੀਪ ਸਿੰਘ ਐਮ.ਡੀ. ਜੱਗੀ ਸਵੀਟਸ ਪ੍ਰਾਈਵੇਟ ਲਿਮ: ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਅਵਸਰ 'ਤੇ ਸ੍ਰ: ਬੀ.ਐਸ. ਰਤਨ ਵੱਲੋਂ ਪੇਸ਼ ਰੂਬਰੂ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾਂ ਮਿਲਿਆ ਅਤੇ ਹਾਜ਼ਰ ਦਰਸ਼ਕਾਂ ਨੇ ਖੜੇ ਹੋ ਕੇ ਸਟੈਂਡਿੰਗ ਓਬੇਸ਼ਨ ਨਾਲ ਉਹਨਾਂ ਦਾ ਸਤਿਕਾਰ ਕੀਤਾ। ਇਸੇ ਤਰ੍ਹਾਂ ਸਰਕਾਰੀ ਹਾਈ ਸਕੂਲ ਥੇੜ੍ਹੀ ਦੀ ਉੱਦਮੀ ਪ੍ਰਿੰਸੀਪਲ ਮੈਡਮ ਪੂਜਾ ਗੁਪਤਾ ਅਤੇ ਨਾਮਵਰ ਸ਼ਖਸੀਅਤਾਂ ਵਿਸ਼ਵ ਗਲੋਬਲ ਚਿੰਤਕ ਅਵਾਰਡੀ ਡਾ: ਸਵਰਾਜ ਸਿੰਘ, ਸ੍ਰੀ ਸਤੀਸ਼ ਚੰਦਰ ਬਰਾਂਚ ਮੈਨੇਜਰ ਐਸ.ਬੀ.ਆਈ. ਥੇੜ੍ਹੀ ਬਰਾਂਚ ਅਤੇ ਸ਼੍ਰੀ ਗੌਰਵ ਚੌਹਾਨ ਐਮ.ਡੀ. ਮਾਂ ਲਕਸ਼ਮੀ ਜਿਊਲਰਜ਼ ਦੇ ਸਹਿਯੋਗ ਨਾਲ ਪੇਸ਼ 13ਵਾਂ ਨਾਟਕ ਮੇਲੇ ਨੇ ਵਾਹ ਵਾਹ ਖੱਟੀ। ਪੇਸ਼ ਨਾਟਕਾਂ ਅਜਮੇਰ ਸਿੰਘ ਓਲਖ ਕੇ 'ਸੁੱਕੀ ਕੁੱਖ', 'ਅਵੇਸਲੇ ਯੁੱਧਾਂ ਦੀ ਨਾਇਕਾ' ਅਤੇ 'ਪਰਿਆਵਰਨ ਸੰਭਾਲ', 'ਸਵੱਛਤਾ ਅਭਿਆਨ', 'ਪਾਣੀ ਹੈ ਤੇ ਪ੍ਰਾਣੀ ਹੈ', 'ਬਿਰਖ ਉਗਾਓ- ਬਿਰਖ ਬਚਾਓ', 'ਖੇਤਾਂ ਚ ਸ਼ੌਚ ਨਹੀਂ' ਅਤੇ ਗੀਤ ਸੰਗੀਤ ਵਿੱਚ ਭਾਗ ਲੈਣ ਵਾਲੇ ਨਾਮੀ ਕਲਾਕਾਰਾਂ ਗਾਇਕ, ਕੰਮਪੋਜਰ-ਅਦਾਕਾਰ ਗਿੱਲਦੀਪ (ਟਿੰਮੀ), ਸੁਭਾਸ਼ ਭਗਤ, ਪਰਮਜੀਤ ਕੌਰ, ਸਿਮਰਨਜੀਤ ਕੌਰ ਸਰਨਾ, ਬਲਜੀਤ ਚੰਦ, ਬਲਵਿੰਦਰ ਸਿੰਘ, ਟੈਕਨੀਕਲ ਅਤੇ ਪ੍ਰਬੰਧਕੀ ਟੀਮ ਨੂੰ ਭਰਵਾਂ ਹੁੰਗਾਰਾ ਮਿਲਿਆ।

# ਬ੍ਰਾਹਮਣ ਸਮਾਜ ਵੈਲ਼ਫੇਅਰ ਫਰੰਟ ਪੰਜਾਬ ਦੀ ਮੀਟਿੰਗ

ਪਟਿਆਲਾ, 25 ਮਈ (ਰੁਪਾਣਾ) : ਬ੍ਰਾਹਮਣ ਸਮਾਜ ਵੈਲਫੇਅਰ ਫਰੰਟ



ਪੰਜਾਬ ਦੀ ਮੀਟਿੰਗ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਸੂਬਾ ਪ੍ਰਧਾਨ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਅਤੇ ਸਾਬਕਾ ਚੇਅਰਮੈਨ ਬ੍ਰਾਹਮਣ ਭਲਾਈ ਬੋਰਡ ਪੰਜਾਬ ਦੀ ਪ੍ਰਧਾਨਗੀ ਹੇਠ ਪਰਸ਼ੂਰਾਮ ਵਾਟਿਕਾ ਸਰਹਿੰਦੀ ਗੇਟ ਪਟਿਆਲਾ ਵਿਖੇ ਹੋਈ। ਮੀਟਿੰਗ ਵਿੱਚ ਹਿਮਾਚਲ ਪ੍ਰਦੇਸ਼ ਤੋਂ ਹਿਮਾਚਲ ਯੋਗਾ ਐਸੋਸ਼ੀਏਸ਼ਨ ਦੇ ਪ੍ਰਧਾਨ ਅਚਾਰਿਆ ਮਹਿੰਦਰ ਸ਼ਰਮਾ ਦਾ ਮੀਟਿੰਗ ਵਿੱਚ ਪਹੁੰਚਣ 'ਤੇ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਵੱਲੋਂ ਮੂਮੈਂਟੋ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਮੀਟਿੰਗ ਵਿੱਚ ਵਿਚਾਰ ਪੇਸ਼ ਕਰਦਿਆਂ ਸ਼ਰਮਾ ਨੇ ਕਿਹਾ ਕਿ ਅਸੀਂ ਬ.ਸ.ਵੇ. ਫਰੰਟ ਦੀਆਂ ਮੰਗਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਸੂਬਿਆਂ ਦਾ ਗੱਠਜੋੜ ਕਰਕੇ ਬ੍ਰਾਹਮਣ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠਿਆਂ ਕਰਕੇ ਸੰਯੁਕਤ ਬ੍ਰਾਹਮਣ ਮੋਰਚਾ ਬਣਾਵਾਂਗੇ। ਅਸ਼ਵਨੀ ਭਾਸਕਰ ਸ਼ਾਸਤਰੀ ਅਤੇ ਲਲਿਤ ਸ਼ਰਮਾ ਨੇ ਕਿਹਾ ਕਿ ਬ੍ਰਾਹਮਣ ਸਮਾਜ ਨੂੰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਨੁੱਕੜ ਮੀਟਿੰਗਾਂ ਕਰਨ ਦਾ ਮਤਾ ਪਾਸ ਕੀਤਾ ਗਿਆ। ਜਿਵੇਂ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਰਿਵਾਇਵ ਕਰਨ ਸਬੰਧੀ, ਸ੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਦੀ ਕਮੇਟੀ ਅਤੇ ਸਰਕਾਰੀ ਗਊਸ਼ਾਲਾਵਾਂ ਦਾ ਬ੍ਰਾਹਮਣ ਭਲਾਈ ਬੋਰਡ ਪੰਜਾਬ ਦਾ ਚੈਅਰਮੈਨ/ਸਾਬਕਾ ਚੇਅਰਮੈਨ ਨੂੰ ਮੈਂਬਰ ਲਾਉਣ ਅਤੇ ਮੰਦਿਰਾਂ ਦੇ ਪੁਜਾਰੀਆਂ / ਕਰਮਚਾਰੀਆਂ ਨੂੰ ਬਣਦੀਆਂ ਤਨਖਾਹਾਂ/ਸਹੂਲਤਾਂ ਸਬੰਧੀ ਅਗਲੀ ਮੀਟਿੰਗ 15-06-2025 ਨੂੰ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਕਿ ਬ੍ਰਾਹਮਣ ਸਮਾਜ ਦੀ ਅਵਾਜ਼ ਨੂੰ ਸਰਕਾਰ ਤੱਕ ਪਹੁੰਚਾ ਕੇ ਮੰਗਾਂ ਨੂੰ ਪੂਰਾ ਕੀਤਾ ਜਾਵੇ। ਮੀਟਿੰਗ ਵਿੱਚ ਸਰਿਤਾ ਬਾਤਿਸ਼ ਪਤਨੀ ਸ੍ਰੀ ਅਸ਼ਵਨੀ ਬੱਤਾ ਚੇਅਰਮੈਨ ਬਲਾਕ ਸੰਮਤੀ ਸਨੌਰ ਦੀ ਹੋਈ ਬੇਵਕਤੀ ਮੌਤ 'ਤੇ ਅਫਸੋਸ ਪ੍ਰਗਟ ਕੀਤਾ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਟਿੰਗ ਵਿੱਚ ਭੂਸ਼ਨ ਸ਼ਰਮਾ ਜ਼ਿਲ੍ਹਾ ਪ੍ਰਧਾਨ, ਧਰਮਪਾਲ ਰਾਏਪੁਰ ਮੰਡਲਾ ਦਿਹਾਤੀ ਪ੍ਰਧਾਨ, ਹਰੀ ਕ੍ਰਿਸ਼ਨ ਸਰਪੰਚ ਪੰਜੋਲਾ, ਵਰਿੰਦਰ ਸ਼ਰਮਾ, ਐਡਵੋਕੇਟ ਕਮਲ ਸ਼ਰਮਾ, ਅਨੁਜ ਸ਼ਾਸ਼ਤਰੀ, ਸ਼ਸ਼ੀ ਸ਼ਰਮਾ, ਨਿਸ਼ੂ ਸ਼ਰਮਾ, ਅੰਜਲੀ ਪਾਂਡੇ, ਅਨੂਪ ਸ਼ਰਮਾ ਪ੍ਰਧਾਨ, ਹਰਮਿੰਦਰ ਸ਼ਰਮਾ ਬਹਾਦਰਗੜ੍ਹ, ਨਰੇਸ਼ ਜੋਸ਼ੀ ਸ਼ੇਹਰੀ, ਪ੍ਰਵੀਨ ਕੁਮਾਰ, ਅਜੈ ਜੇ ਨਗਰ, ਚੌਧਰੀ ਜੈਨ, ਸ਼ੰਕਰ ਸ਼ਰਮਾ, ਗਿਆਨ ਚੰਦ, ਵੀਰ ਭਾਨ, ਸ਼ਮਾਦਾਤ ਪਾਂਡੇ, ਯੁਵਰਾਜ ਸ਼ਰਮਾ ਯੂਥ ਨੇਤਾ, ਸਚਿਨ ਸ਼ਰਮਾ ਸਨੌਰ ਆਦਿ ਸ਼ਾਮਲ ਸਨ।

# ਸੋਨੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਗੋਲਡ ਤੇ ਸਿਲਵਰ ਮੈਡਲ ਜਿੱਤੇ




ਪਟਿਆਲਾ, 25 ਮਈ (ਚ.ਨ.ਸ.) :ਜਿੱਤ, ਸਨਮਾਨ ਖੁਸ਼ੀਆਂ ਅਤੇ ਉਨਤੀਆਂ ਦੀ ਪ੍ਰਾਪਤੀਆਂ ਲਈ ਨਿਰੰਤਰ ਅਭਿਆਸ ਅਤੇ ਦਿਲਚਸਪੀ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਸੋਨੀ ਪਬਲਿਕ ਸਕੂਲ ਪਟਿਆਲਾ ਦੇ ਜੂਡੋ, ਕਰਾਟੇ ਅਤੇ ਤਾਈਕਵਾਂਡੋ ਦੀ ਲਗਾਤਾਰ ਪ੍ਰੈਕਟਿਸ ਕਰ ਰਹੇ ਗੁਰਤੇਜ ਸਿੰਘ, ਖੁਸ਼ੀ ਅਤੇ ਸਾਲੂ ਨੇ ਪੰਜਾਬ ਪੱਧਰ ਦੇ ਮੁਕਾਬਲਿਆਂ ਦੌਰਾਨ ਅਨੇਕਾਂ ਸਕੂਲਾਂ ਦੇ ਖਿਡਾਰੀਆਂ ਨੂੰ ਹਰਾਕੇ ਤਿੰਨ ਗੋਲਡ ਮੈਡਲ ਜਿੱਤ ਕੇ ਸਿੱਧ ਕਰ ਦਿੱਤਾ ਹੈ। ਕੋਚ ਵਰਿੰਦਰ ਸਿੰਘ ਨੇ ਦੱਸਿਆ ਕਿ ਬੱਚਿਆਂ ਨੂੰ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ ਚੰਗੇ ਪ੍ਰਿੰਸੀਪਲਾਂ, ਅਧਿਆਪਕਾਂ, ਮਾਪਿਆ ਦੀ ਜ਼ਿੰਮੇਵਾਰੀ ਹੁੰਦੀ ਹੈ, ਤਾਂ ਜੋ ਬੱਚੇ ਚੰਗੇ ਗਿਆਨਵਾਨ ਵਿਦਵਾਨ ਕੋਚਾਂ ਤੋਂ ਟ੍ਰੇਨਿੰਗ ਲੈਣ। ਸਕੂਲ ਦੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਦੱਸਿਆ ਕਿ ਸੋਨੀ ਪਬਲਿਕ ਸਕੂਲ ਨੇ ਤਿੰਨ ਗੋਲਡ ਮੈਡਲਾਂ ਤੋਂ ਇਲਾਵਾ ਸਕੂਲ ਦੀ ਦੀਪਾਲੀ, ਰੂਚੀ ਅਤੇ ਮਯੰਕ ਰਾਜ ਗੌਤਮ ਨੇ ਜਦਕਿ ਲੋਵੰਸ਼ ਮਲਹੋਤਰਾ ਸੈਂਟ ਪੀਟਰਜ਼ ਅਕੈਡਮੀ ਪਟਿਆਲਾ ਨੇ ਸਿਲਵਰ ਮੈਡਲ ਜਿੱਤੇ। ਸੋਨੀ ਪਬਲਿਕ ਸਕੂਲ ਦੇ ਸੋਮੀਆ, ਉੱਤਮ, ਮੋਨੀਕਾ ਨੇ ਬਰੋਨਜ ਮੈਡਲ ਜਿੱਤੇ। ਪ੍ਰਿੰਸੀਪਲ ਨੇ ਵਰਿੰਦਰ ਸਿੰਘ ਕੋਚ, ਕਾਕਾ ਰਾਮ ਵਰਮਾ, ਆਪਣੇ ਅਧਿਆਪਕਾਂ ਬੱਚਿਆਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ।



# ਪਟਿਆਲਾ-ਆਸ/ਪਾਸ



# ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਕਾਲੀ ਮਾਤਾ ਮੰਦਰ ਵਿਖੇ ਮੱਥਾ ਟੇਕਿਆ

## ਮੰਦਰ ਦੀ ਕਾਇਆਕਲਪ ਸਬੰਧੀ ਯੋਜਨਾ ਦਾ ਕੀਤਾ ਐਲਾਨ



ਪਟਿਆਲਾ, 25 ਮਈ (ਰੁਪਾਣਾ/ਅਮਰਜੀਤ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਨਤਮਸਤਕ ਹੋ ਕੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਲੋੜੀਂਦੇ ਸਰੋਤਾਂ ਨਾਲ ਮੰਦਰ ਦੀ ਕਾਇਆਕਲਪ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ 30 ਸਾਲਾਂ ਤੋਂ ਮੰਦਰ ਦੇ ਸੁੱਕੇ ਪਏ ਸਰੋਵਰ 'ਚ ਤਾਜ਼ਾ ਪਾਣੀ ਭਰਕੇ ਇਸਨੂੰ ਸੁਰਜੀਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੰਦਰ ਦੇ ਸਰੋਵਰ ਦਾ ਪੂਰੀ ਤਰ੍ਹਾਂ ਨਵੀਨੀਕਰਨ ਕੀਤਾ ਜਾਵੇਗਾ, ਜਿਸ ਵਿੱਚ ਗਾਰ ਕੱਢਣਾ, ਵਾਟਰਪ੍ਰੂਫਿੰਗ, ਕਿਨਾਰਿਆਂ 'ਤੇ ਪੱਥਰ ਲਗਾਉਣਾ ਅਤੇ ਰਸਤਿਆਂ ਨੂੰ ਹੋਰ ਵਧੀਆ ਦਿੱਖ ਦੇਣਾ ਸ਼ਾਮਲ ਹੈ। ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਇਸਦੀ ਪਵਿੱਤਰਤਾ ਨੂੰ ਬਰਕਰਾਰ ਰੱਖੇਗਾ ਅਤੇ ਇਸਨੂੰ ਵਿਰਾਸਤੀ ਵਾਸਤੂਕਲਾ ਨਾਲ ਹੋਰ ਆਕਰਸ਼ਕ ਦਿੱਖ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲਾ ਗੇਟ, ਜੋ ਸ਼ਰਧਾਲੂਆਂ ਦੀ ਵਧੇਰੇ ਆਮਦ ਦੇ ਸਮੇਂ ਦੌਰਾਨ ਇੱਕ ਮੁੱਖ ਪਹੁੰਚ ਦੁਆਰ ਵਜੋਂ ਕੰਮ ਕਰਦਾ ਹੈ, ਨੂੰ ਦੁਬਾਰਾ ਖੋਲ੍ਹਣ ਅਤੇ ਇਸਦੇ ਨਵੀਨੀਕਰਨ ਦਾ ਪ੍ਰਸਤਾਵ ਹੈ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਰੇ ਮੰਦਰ ਪ੍ਰਵੇਸ਼ ਦੁਆਰਾਂ ਨੂੰ ਇੱਕੋ ਸਮੇਂ ਨਵੀਂ ਦਿੱਖ ਵਿੱਚ ਬਹਾਲ ਕੀਤਾ ਜਾਵੇਗਾ ਤਾਂ ਜੋ ਵਾਸਤੂਕਲਾ ਦੀ ਸਮਰੂਪਤਾ ਕਾਇਮ ਰੱਖਦਿਆਂ ਸ਼ਰਧਾਲੂਆਂ ਦੀ ਆਮਦ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ।ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸਿੱਖ ਅਤੇ ਹਿੰਦੂ ਪਰੰਪਰਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸ਼ਰਧਾਲੂਆਂ, ਖਾਸ ਕਰਕੇ ਦੂਰ-ਦੁਰਾਡੇ ਤੋਂ ਆਉਣ ਵਾਲੇ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਸ਼ਰਧਾਲੂਆਂ ਲਈ ਰੋਜ਼ਾਨਾ ਲੰਗਰ ਸੇਵਾ ਸ਼ੁਰੂ ਕੀਤੀ ਜਾਵੇਗੀ। ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਮੰਦਰ ਦੀ ਮਹੱਤਤਾ ਇਸ ਤੱਥ ਤੋਂ ਝਲਕਦੀ ਹੈ ਕਿ ਰੋਜ਼ਾਨਾ ਲਗਭਗ 25,000 ਸ਼ਰਧਾਲੂ, ਜਦੋਂਕਿ ਸ਼ਨੀਵਾਰ ਨੂੰ ਲਗਭਗ ਇੱਕ ਲੱਖ ਅਤੇ ਨਵਰਾਤਰੀ ਤਿਉਹਾਰਾਂ ਦੌਰਾਨ ਲਗਭਗ 1.5 ਲੱਖ ਸ਼ਰਧਾਲੂ ਇੱਥੇ ਦਰਸ਼ਨ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਉਹ ਸੁਭਾਗੇ ਹਨ ਕਿ ਉਨ੍ਹਾਂ ਨੂੰ ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਾਲੀ ਮਾਤਾ ਦੇ ਮੁੱਖ ਪਵਿੱਤਰ ਸਥਾਨ ਤੋਂ ਇਲਾਵਾ, ਮੰਦਿਰ ਕੰਪਲੈਕਸ ਵਿੱਚ ਸ਼ਕਤੀ ਦੇ ਰੂਪ ਸ਼੍ਰੀ ਰਾਜ ਰਾਜੇਸ਼ਵਰੀ ਜੀ ਦਾ ਇੱਕ ਪੁਰਾਣਾ ਮੰਦਿਰ ਵੀ ਹੈ। ਇਸ ਮੌਕੇ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਨੀਨਾ ਮਿੱਤਲ, ਹਰਮੀਤ ਸਿੰਘ ਪਠਾਨਮਾਜਰਾ, ਕੁਲਵੰਤ ਸਿੰਘ ਬਾਜ਼ੀਗਰ, ਗੁਰਲਾਲ ਘਨੌਰ, ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ, ਮੇਅਰ ਕੁੰਦਨ ਗੋਗੀਆ, 'ਆਪ' ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ੇਰਮਾਜਰਾ ਤੇ ਤੇਜਿੰਦਰ ਮਹਿਤਾ, ਜਗਦੀਪ ਸਿੰਘ ਜੱਗਾ, ਇੰਦਰਜੀਤ ਸਿੰਘ ਸੰਧੂ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

### 25 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 25 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਮੀਤ ਸਿੰਘ ਵਾਸੀ ਪਿੰਡ ਚਲੈਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਨਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਫੱਗਣਮਾਜਰਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸ਼ਰਾਬ ਵੇਚਣ ਲਈ ਸ਼ਮਸ਼ਾਨਘਾਟ ਫੱਗਣਮਾਜਰਾ ਵਿਖੇ ਬੈਠਾ ਗ੍ਰਾਹਕਾਂ ਦੀ ਉਡੀਕ ਕਰ ਰਿਹਾ ਹੈ, ਜੋ ਦੋਸ਼ੀ ਪਾਸ ਰੇਡ ਕਰਕੇ 25 ਬੋਤਲਾਂ ਸ਼ਰਾਬ ਠੇਕਾ ਦੇਸੀ ਮਾਲਟਾ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

### ਆਬਕਾਰੀ ਵਿਭਾਗ ਵੱਲੋਂ ਸ਼ੱਕੀ ਥਾਵਾਂ 'ਤੇ ਛਾਪੇਮਾਰੀ

# 150 ਲੀਟਰ ਲਾਹਨ, 35 ਲੀਟਰ ਘਰ ਦੀ ਕੱਢੀ ਨਾਜਾਇਜ਼ ਸ਼ਰਾਬ ਤੇ ਹੋਰ ਸਮਾਨ ਬ੍ਰਾਮਦ



ਪਟਿਆਲਾ, 25 ਮਈ (ਚ.ਨ.ਸ.) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਬਕਾਰੀ ਵਿਭਾਗ ਪਟਿਆਲਾ ਵੱਲੋਂ ਹਰ ਰੋਜ ਥਾਂ-ਥਾਂ ਉਤੇ ਛਾਪੇਮਾਰੀ ਕਰਕੇ ਲਾਹਨ, ਘਰ ਦੀ ਕੱਢੀ, ਕੱਚੀ ਜਾਂ ਰੂੜੀਮਾਰਕਾ ਸ਼ਰਾਬ ਤੇ ਨਕਲੀ ਸ਼ਰਾਬ ਦੇ ਖਿਲਾਫ ਮੋਰਚਾ ਵਿੱਢਿਆ ਗਿਆ ਹੈ। ਇਸ ਮੁਹਿੰਮ ਤਹਿਤ ਪਿੰਡ ਸ਼ੰਕਰਪੁਰ ਵਿੱਚ ਕਈ ਘਰਾਂ ਵਿੱਚ ਅਤੇ ਸ਼ੱਕੀ ਥਾਵਾਂ ਉਤੇ ਛਾਪੇ ਮਾਰੇ ਗਏ, ਅਤੇ 150 ਲੀਟਰ ਲਾਹਨ, 35 ਲੀਟਰ ਘਰ ਦੀ ਕੱਢੀ ਨਜਾਇਜ ਸ਼ਰਾਬ ਅਤੇ ਹੋਰ ਸਮਾਨ ਬਰਾਮਦ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਉਪ ਕਮਿਸ਼ਨਰ (ਆਬਕਾਰੀ) ਪਟਿਆਲਾ ਜੋਨ ਤਰਸੇਮ ਚੰਦ ਨੇ ਦੱਸਿਆ ਕਿ ਆਬਕਾਰੀ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ ਦੀ ਰਹਿਨੁਮਾਈ ਹੇਠ ਆਬਕਾਰੀ ਵਿਭਾਗ ਤੇ ਆਬਕਾਰੀ ਪੁਲਿਸ ਵੱਲੋਂ ਜ਼ਿਲ੍ਹਾ ਪੁਲਿਸ ਨਾਲ ਮਿਲਕੇ ਲਗਾਤਾਰ ਛਾਪੇਮਾਰੀ ਕੀਤ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਲਾਹਨ, ਘਰ ਦੀ ਕੱਢੀ, ਕੱਚੀ ਜਾਂ ਰੂੜੀਮਾਰਕਾ ਤੇ ਨਕਲੀ ਸ਼ਰਾਬ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ ਜਿਸ ਕਰਕੇ ਲੋਕ ਇਸ ਤੋਂ ਬਚਣ। ਇਸ ਦੌਰਾਨ ਸਹਾਇਕ ਕਮਿਸ਼ਨਰ (ਆਬਕਾਰੀ) ਪਟਿਆਲਾ ਅਸ਼ੋਕ ਚਲੋਤਰਾ ਦੇ ਦਿਸ਼ਾ-ਨਿਰਦੇਸ਼ਾਂ ਇਹ ਕਾਰਵਾਈ ਕਰਦਿਆਂ ਈਟੀਓ ਰੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਨਜਾਇਜ਼ ਸ਼ਰਾਬ ਵਿਰੁੱਧ ਆਬਕਾਰੀ ਵਿਭਾਗ ਪਟਿਆਲਾ ਵੱਲੋਂ ਥਾਂ-ਥਾਂ ਛਾਪਾਮਾਰੀ ਕਰਕੇ ਵੱਡੀਆਂ ਕਾਰਵਾਈਆਂ ਜਾਰੀ ਰਹਿਣਗੀਆਂ।

# ਖੇਤ 'ਚ ਲੱਗੀ ਅੱਗ ਨਾਲ ਝੁਲਸੇ ਕਿਸਾਨ ਦੀ ਇਲਾਜ ਦੌਰਾਨ ਮੌਤ



ਸਮਾਣਾ, 25 ਮਈ (ਵਿਜੇ ਕੁਮਾਰ) : ਚਾਰ ਦਿਨ ਪਹਿਲਾਂ ਪਿੰਡ ਗਾਜੇਵਾਸ ਦੇ ਖੇਤਾਂ 'ਚ ਨਾੜ ਨੂੰ ਲੱਗੀ ਅੱਗ ਨੂੰ ਬੁਝਾਉਂਦੇ ਹੋਏ ਝੁਲਸ ਗਏ ਕਿਸਾਨ ਸੰਦੀਪ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ। ਗਾਜੇਵਾਸ ਪੁਲਸ ਦੇ ਗੁਰਜੰਟ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕ ਸੰਦੀਪ ਸਿੰਘ (35) ਦੇ ਪਿਤਾ ਦਰਸ਼ਨ ਸਿੰਘ ਨਿਵਾਸੀ ਪਿੰਡ ਗਾਜੇਵਾਸ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ 21 ਮਈ ਨੂੰ ਖੇਤ 'ਚ ਮੱਕੀ ਤੇ ਸਪਰੇਅ ਕਰਨ ਦੌਰਾਨ ਕਣਕ ਦੇ ਕਬਾੜ ਨੂੰ ਉਥੇ ਲੱਗੀ ਅੱਗ ਬੁਝਾਉਂਦੇ ਸੰਦੀਪ ਸਿੰਘ ਬੁਰੀ ਤਰ੍ਹਾਂ ਝੁਲਸ ਗਿਆ ਸੀ, ਜਿਸ ਨੂੰ ਇਲਾਜ ਲਈ ਪਟਿਆਲਾ ਉਪਰੰਤ ਪੀ. ਜੀ. ਆਈ. ਚੰਡੀਗੜ੍ਹ ਲਿਜਾਇਆ ਗਿਆ। ਜਿੱਥੇ ਸ਼ਨੀਵਾਰ ਨੂੰ ਇਲਾਜ ਦੌਰਾਨ ਸੰਦੀਪ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਦਾ ਭਰਾ ਭਾਰਤੀ ਜਲ ਸੈਨਾ 'ਚ ਸੇਵਾਵਾਂ ਦੇ ਰਿਹਾ ਹੈ।ਅਧਿਕਾਰੀ ਅਨੁਸਾਰ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਇਕ ਛੋਟੀ ਬੱਚੀ ਛੱਡ ਗਿਆ ਹੈ।

# ਜ਼ਿੰਦਗੀ 'ਚ ਉਚਾਈਆਂ 'ਤੇ ਪਹੁੰਚਣ ਦਾ ਨਿਸ਼ਾਨਾ ਰੱਖਣਾ ਤੇ ਇੱਕ ਚੰਗਾ ਇਨਸਾਨ ਬਣਨਾ ਬੇਹਦ ਜ਼ਰੂਰੀ : ਏ.ਐਸ. ਰਾਏ

## ਸ਼ੀਲਾ ਅਲੀਪੁਰੀਆ ਚੈਰੀਟੇਬਲ ਸੁਸਾਇਟੀ ਵੱਲੋਂ ਸਿੱਖਿਆ ਲੈ ਰਹੇ ਬੱਚਿਆਂ ਦਾ ਸਨਮਾਨ



ਪਟਿਆਲਾ, 25 ਮਈ (ਰੁਪਾਣਾ) : ਪੰਜਾਬ ਦੇ ਐਡੀਸ਼ਨ ਡਾਇਰੈਕਟਰ ਜਨਰਲ ਆਫ ਪੁਲਸ ਅਤੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਅਮਰਦੀਪ ਸਿੰਘ ਰਾਏ ਨੇ ਆਖਿਆ ਹੈ ਕਿ ਜ਼ਿੰਦਗੀ ਨੂੰ ਸਫਲ ਕਰਨ ਲਈ ਉਚਾਈਆਂ 'ਤੇ ਪਹੁੰਚਣ ਦਾ ਨਿਸ਼ਾਨਾ ਰੱਖਣਾ ਅਤੇ ਇੱਕ ਚੰਗਾ ਇਨਸਾਨ ਬਣਨਾ ਬੇਹਦ ਜ਼ਰੂਰੀ ਹੈ। ਏ.ਐਸ. ਰਾਏ ਅੱਜ ਇੱਥੇ ਸ਼ੀਲਾ ਅਲੀਪੁਰੀਆ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਅਜੇ ਅਲੀਪੁਰੀਆ ਦੀ ਅਗਵਾਈ ਹਾਇਰ ਐਜੂਕੇਸ਼ਨ ਪ੍ਰਾਪਤ ਕਰ ਰਹੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਰੱਖੇ ਸਮਾਗਮ ਮੌਕੇ ਬੋਲ ਰਹੇ ਸਨ। ਇਹ ਸੁਸਾਇਟੀ ਲੋੜਵੰਦ ਬੱਚਿਆਂ ਨੂੰ ਪੂਰੀ ਤਰ੍ਹਾਂ ਮੁਫਤ ਹਾਇਰ ਐਜੂਕੇਸ਼ਨ ਦਿੰਦੀ ਹੈ ਅਤੇ ਇਸ ਸਮੇਂ ਸੁਸਾਇਟੀ ਵਿਚ ਲਗਭਗ 18 ਬੱਚੇ ਸੀਏ ਦੀ ਪੜ੍ਹਾਈ ਕਰ ਰਹੇ ਹਨ। ਏ.ਐਸ. ਰਾਏ ਨੇ ਇਸ ਮੌਕੇ ਬਚਿਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕਿਸੇ ਵੀ ਬੱਚੇ ਦਾ, ਵਿਦਿਆਰਥੀ ਦਾ ਜੀਵਨ ਵਿਚ ਵਿਚਰਨ ਦਾ ਢੰਗ ਇਹ ਦਸਦਾ ਹੈ ਕਿ ਉਸਨੇ ਸਹੀ ਐਜੂਕੇਸ਼ਨ ਲਈ ਹੋਈ ਹੈ। ਉਨ੍ਹਾਂ ਆਖਿਆ ਕਿ ਜਿੰਦਗੀ ਵਿਚ ਹਰ ਛੋਟੀ ਤੇ ਵੱਡੀ ਸਮੱਸਿਆ ਦਾ ਹੱਲ ਸਖਤ ਮਿਹਨਤ ਅਤੇ ਹਾਇਰ ਐਜੂਕੇਸ਼ਨ ਰਾਹੀਂ ਕੀਤਾ ਜਾ ਸਕਦਾ ਹੈ। ਐਜੂਕੇਸ਼ਨ ਹਰ ਛੋਟੀ ਤੇ ਵੱਡੀ ਸਮੱਸਿਆ ਦਾ ਹੱਲ ਕਰਕੇ ਜ਼ਿੰਦਗੀ ਨੂੰ ਸਫਲ ਕਰ ਦਿੰਦੀ ਹੈ। ਏ.ਐਸ. ਰਾਏ ਨੇ ਬੱਚਿਆਂ ਨੂੰ ਆਖਿਆ ਕਿ ਜੇਕਰ ਉਹ ਪੜ ਲਿਖਕੇ ਡਿਗਰੀਆਂ ਪ੍ਰਾਪਤ ਕਰਕੇ ਸਫਲ ਹੋ ਜਾਣਗੇ, ਉਸ ਸਮੇਂ ਉਨ੍ਹਾਂ ਨੂੰ ਇਹ ਪਤਾ ਚੱਲੇਗਾ ਕਿ ਐਜੂਕੇਸ਼ਨ ਹਰ ਵਿਅਕਤੀ ਨੂੰ ਇੱਕ ਚੰਗਾ ਇਨਸਾਨ ਬਣਾ ਦਿੰਦੀ ਹੈ। ਏ.ਐਸ ਰਾਏ ਨੇ ਇਸ ਮੌਕੇ ਬੱਚਿਆਂ ਨੂੰ ਆਖਿਆ ਕਿ ਉਨ੍ਹਾਂ ਨੂੰ ਸਹੀ ਮੰਜਿਲ ਸਹੀ ਰਸਤੇ 'ਤੇ ਪਹੁੰਚਾ ਦੇਵੇਗੀ ਪਰ ਮਾੜੇ ਰਸਤੇ ਤੋਂ ਬਚਣਾ ਪਵੇਗਾ। ਉਨ੍ਹਾਂ ਆਖਿਆ ਕਿ ਇਹ ਅਜਿਹੀ ਕੱਚੀ ਉਮਰ ਹੁੰਦੀ ਹੈ ਕਿ ਇਸ ਵਿਚ ਹਰ ਬੱਚਾ ਮਾੜੀਆਂ ਹਰਕਤਾਂ ਦੇਖ ਕੇ ਪ੍ਰਭਾਵਿਤ ਹੋ ਜਾਂਦਾ ਹੈ, ਫਿਰ ਇਹ ਮਾੜੀ ਸੰਗਤ ਜਿੰਦਗੀ ਨੂੰ ਬਰਬਾਦ ਕਰ ਦਿੰਦੀ ਹੈ। ਇਸ ਲਈ ਮਾੜੀ ਸੰਗਤ ਤੋਂ ਬਚਕੇ ਚੰਗੇ ਰਸਤੇ 'ਤੇ ਪੁੱਜਣਾ ਬੇਹਦ ਜ਼ਰੂਰੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੈਡਮ ਅਨੁਰਾਧਾ ਅਲੀਪੁਰੀਆ, ਸੰਜੇ ਅਲੀਪੁਰੀਆ, ਪੂਨਮ ਅਲੀਪੁਰੀਆ, ਅਭਿਸ਼ੇਕ ਗੁਪਤਾ ਅਲੀਪੁਰੀਆ, ਡਾ. ਰਵੀ ਭੂਸ਼ਣ, ਸੀਏ ਗਿਤੇਸ਼ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਪੁੱਜੇ ਹੋਏ ਸਨ।

# ਚਾਰ ਦਹਾਕੇ ਪਹਿਲਾਂ ਬਣਿਆ ਘੱਗਰ ਦਰਿਆ ਦਾ ਤੰਗ ਪੁਲ ਬਣ ਰਿਹੈ ਰਾਹਗੀਰਾਂ ਲਈ ਪ੍ਰੇਸ਼ਾਨੀ ਦਾ ਕਾਰਨ

ਘਨੌਰ, 25 ਮਈ (ਮਦਨ ਲਾਲ) : ਕਸਬਾ ਘਨੌਰ ਤੋਂ ਮਹਿਜ਼ ਤਿੰਨ ਕਿਲੋਮੀਟਰ ਦੂਰ ਪਟਿਆਲਾ ਤੋਂ ਅੰਬਾਲਾ ਲਿੰਕ ਰੋਡ 'ਤੇ ਗੁਰਦੁਆਰਾ ਸਾਹਿਬ ਭਗਤ ਧੰਨਾ ਨੇੜੇ ਬਣਿਆ ਘੱਗਰ ਦਰਿਆ ਦਾ ਪੁਲ ਬਹੁਤ ਤੰਗ ਹੋਣ ਕਾਰਨ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਿਹਾ ਹੈ। ਚਾਰ ਦਹਾਕੇ ਪਹਿਲਾਂ ਸਾਲ 1985 'ਚ ਬਣਿਆ ਇਹ 14 ਫੁੱਟ ਚੌੜਾ ਅਤੇ 120 ਮੀਟਰ ਲੰਮਾ ਪੁਲ ਆਵਾਜਾਈ ਪੱਖੋਂ ਖਸਤਾ ਹਾਲਤ 'ਤੇ ਹੋਣ ਕਰਕੇ ਖਤਰਾ ਬਣ ਰਿਹਾ ਹੈ ਅਤੇ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ। ਰੋਜ਼ਾਨਾ ਆਪਣੇ ਕੰਮਾਂ ਲਈ ਘਨੌਰ ਤੋਂ ਅੰਬਾਲਾ ਅਤੇ ਅੰਬਾਲੇ ਵਾਲੇ ਪਾਸਿਓਂ ਘਨੌਰ ਆਉਣ ਵਾਲੇ ਰਾਹਗੀਰਾਂ ਨੇ ਜਿੱਥੇ ਇਸ ਪੁਲ ਨੂੰ ਨਵਾਂ ਬਣਾਉਣ ਦੀ ਮੰਗ ਕੀਤੀ ਹੈ ਉਸ ਨੂੰ ਚੌੜਾ ਕਰਨ ਦੀ ਵੀ ਮੰਗ ਕੀਤੀ ਹੈ। ਪੁਲ ਪਾਰ ਕਰਨ ਹਲਕਾ ਘਨੌਰ ਦੇ ਦਰਜ਼ਨ ਤੋਂ ਵੱਧ ਪਿੰਡ ਇਹ ਪੁਲ ਪਟਿਆਲਾ ਤੋਂ ਅੰਬਾਲਾ ਵਾਇਆ ਘਨੌਰ ਸੜਕ 'ਤੇ ਸਥਿਤ ਹੋਣ ਕਾਰਨ ਹਰਿਆਣਾ ਵਾਲੇ ਪਾਸੇ ਦੇ ਹਲਕਾ ਘਨੌਰ, ਪੰਜਾਬ ਦੇ ਦਰਜ਼ਨਾਂ ਤੋਂ ਵੱਧ ਪਿੰਡਾਂ ਨੂੰ ਕਸਬਾ ਘਨੌਰ ਨਾਲ ਜੋੜਦਾ। ਸਬ-ਤਹਿਸੀਲ ਘਨੌਰ ਦੇ ਅਧੀਨ ਪੈਂਦੇ ਲਾਛੜੂ ਖੁਰਦ, ਕਾਮਾਲਪੁਰ, ਸਰਾਲਾ, ਕਪੂਰੀ, ਸੈਂਟਾ, ਰਾਮਪੁਰ, ਝਾੜਵਾ, ਲੋਹਸਿੰਬਲੀ, ਜੰਡਮਾਜਰਾ, ਰਾਮਪੁਰ, ਨਰੈਣਗੜ੍ਹ, ਜਮੀਤਗੜ੍ਹ, ਚਮਾਰੂ, ਰਾਏਪੁਰ, ਨਨਹੇੜੀ, ਉਂਟਸਰ, ਕਾਮੀ ਖੁਰਦ, ਸੰਜਰਪੁਰ, ਲਾਛੜੂ ਕਲਾਂ, ਮਾਰੀਆਂ ਤੇ ਹਰਪਾਲਾ ਸਰਾਲਾ ਆਦਿ ਦਰਜਨ ਤੋਂ ਵੱਧ ਪਿੰਡਾਂ ਦੇ ਸੈਂਕੜੇ ਲੋਕਾਂ ਨੂੰ ਰੋਜ਼ਾਨਾ ਆਪਣੇ ਕੰਮਾਂ ਕਾਰਾਂ ਲਈ ਘਨੌਰ ਅਤੇ ਘਨੌਰ ਤੋਂ ਅੰਬਾਲਾ ਜਾਣਾ ਆਉਣਾ ਪੈਂਦਾ ਹੈ। ਇਸ ਤੋਂ ਇਲਾਵਾ ਕਸਬਾ ਘਨੌਰ ਵਿਖੇ ਸਰਕਾਰੀ ਹਸਪਤਾਲ, ਬੈਂਕਾਂ, ਸਕੂਲਾਂ, ਅਨਾਜ ਮੰਡੀ ਅਤੇ ਪੁਲਿਸ ਥਾਣਾ ਹੋਣ ਕਾਰਨ ਵੀ ਉਕਤ ਪਿੰਡਾਂ ਨੂੰ ਆਪਣੇ ਕੰਮਾਂ ਲਈ ਘਨੌਰ ਆਉਣਾ ਪੈਂਦਾ ਹੈ, ਜਿਸ ਕਾਰਨ ਘਨੌਰ ਤੋਂ ਅੰਬਾਲਾ ਲਿੰਕ ਰੋਡ 'ਤੇ ਭਾਰੀ ਆਵਾਜਾਈ ਰਹਿੰਦੀ ਹੈ।

# ਸੀਨੀਅਰ ਸਿਟੀਜ਼ਨਜ਼ ਲਈ ਵਿਸ਼ੇਸ਼ ਪ੍ਰਾਪਰਟੀ ਟੈਕਸ ਕੈਂਪ ਲਗਾਇਆ



ਪਟਿਆਲਾ, 25 ਮਈ (ਰੁਪਾਣਾ) : ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਪਟਿਆਲਾ ਨੇ ਗੁਰਜੀਤ ਸਿੰਘ ਸਾਹਨੀ ਐਮ.ਸੀ. ਦੇ ਸਹਿਯੋਗ ਨਾਲ ਸੀਨੀਅਰ ਸਿਟੀਜ਼ਨ ਨੂੰ ਪ੍ਰਾਪਰਟੀ ਟੈਕਸ ਭਰਨ ਦੀ ਸਹੂਲਤ ਦੇਣ ਲਈ, ਐਸੋਸੀਏਸ਼ਨ ਦੇ ਦਫ਼ਤਰ, ਬੀਰ ਦਵਿੰਦਰ ਸਿੰਘ ਕਮਿਊਨਿਟੀ ਸੈਂਟਰ, ਮਾਡਲ ਟਾਊਨ ਵਿਖੇ, ਇਕ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਜਿਸ ਵਿੱਚ ਮੌਕੇ 'ਤੇ ਹੀ ਟੈਕਸ ਭਰਨ ਅਤੇ ਕੰਪਿਊਟਰਾਈਜ਼ਡ ਰਸੀਦਾਂ ਜਾਰੀ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ। ਇਸ ਦੇ ਕਾਰਨ ਬਹੁਤ ਸਾਰੇ ਬਜ਼ੁਰਗਾਂ ਨੂੰ ਕਾਰਪੋਰੇਸ਼ਨ ਦੇ ਦਫ਼ਤਰ ਜਾ ਕੇ ਅਤੇ ਲੰਬੀਆਂ ਲਾਈਨਾਂ ਵਿਚ ਖਲੋ ਕੇ ਟੈਕਸ ਜਮ੍ਹਾਂ ਕਰਵਾਉਣ ਦੀ ਖੇਚਲ ਤੋਂ ਬਚਾਅ ਹੋ ਗਿਆ। ਐਸੋਸੀਏਸ਼ਨ ਦੇ ਪ੍ਰਧਾਨ, ਸ੍ਰੀ ਐਸ.ਪੀ. ਕੌਲ ਨੇ ਦੱਸਿਆ ਕਿ ਕਾਰਪੋਰੇਸ਼ਨ ਦਾ ਦਫ਼ਤਰ 6-7 ਕਿਲੋਮੀਟਰ ਦੀ ਦੂਰੀ 'ਤੇ ਹੈ, ਜਿਸ ਕਾਰਨ ਬਜ਼ੁਰਗਾਂ ਨੂੰ ਉਥੇ ਪੁੱਜਣ ਲਈ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਪ੍ਰਾਪਰਟੀ ਟੈਕਸ ਕੈਂਪ ਦਾ ਆਯੋਜਨ ਐਸੋਸੀਏਸ਼ਨ ਦੇ ਦਫਤਰ ਵਿੱਚ ਹੀ ਕਰਵਾਇਆ ਗਿਆ ਹੈ। ਉਨ੍ਹਾਂ ਨੇ ਸ੍ਰੀ ਸਾਹਨੀ, ਮਿਊਂਸਪਲ ਕਮਿਸ਼ਨਰ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਇਕ ਰੋਜ਼ਾ ਕੈਂਪ ਵਿਚ 135 ਵਿਅਕਤੀਆਂ ਨੇ ਕੁੱਲ 2,77,000/- ਰੁਪਏ ਦੀ ਰਕਮ ਪ੍ਰਾਪਰਟੀ ਟੈਕਸ ਵਜੋਂ ਜਮ੍ਹਾਂ ਕਰਵਾਈ। ਇਸ ਕੈਂਪ ਦੇ ਸਫਲ ਆਯੋਜਨ ਲਈ ਐਸੋਸੀਏਸ਼ਨ ਦੇ ਮੀਤ ਪ੍ਰਧਾਨ, ਜੇ.ਐਸ. ਮਦਾਨ, ਜਨਰਲ ਸਕੱਤਰ, ਰਾਕੇਸ਼ ਰੰਚਨ, ਵਿਤ ਸਕੱਤਰ, ਸ੍ਰੀ ਸੁਸ਼ੀਲ ਸਿੰਗਲਾ ਅਤੇ ਸੁਰੇਸ਼ ਗੋਇਲ ਅਤੇ ਡਾ.ਜੀ.ਐਸ. ਆਨੰਦ ਨੇ ਭਰਪੂਰ ਸਹਿਯੋਗ ਦਿੱਤਾ।

# ਪਿੰਗਲਾ ਆਸ਼ਰਮ ਵਿਖੇ ਸਥਾਪਨਾ ਦਿਵਸ ਮੌਕੇ 11 ਲੜਕੀਆਂ ਦੇ ਵਿਆਹ ਕਰਵਾਏ



ਸਨੌਰ, 25 ਮਈ (ਗੁਰਜੀਤ ਸਿੰਘ ਢੋਟ): ਉੱਤਰੀ ਭਾਰਤ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਆਲ ਇੰਡੀਆ ਪਿੰਗਲਾ ਆਸ਼ਰਮ ਸਨੌਰ ਦੁਆਰਾ ਉਸ ਦਾ 42ਵਾਂ ਸਥਾਪਨਾ ਦਿਵਸ ਮੁਖੀ ਸੰਤ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਬੜੀ ਧੂਮਧਾਮ ਦੇ ਨਾਲ ਮਨਾਇਆ ਗਿਆ ਇਸ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀਆਂ ਲੜੀਆਂ ਦੇ ਸੰਪਟ ਪਾਠ ਦੇ ਭੋਗ ਪਾਏ ਗਏ ਅਤੇ ਰਾਗੀਆਂ ਦੁਆਰਾ ਗੁਰਬਾਣੀ ਦਾ ਕਥਾ ਕੀਰਤਨ ਕੀਤਾ ਗਿਆ। ਇਸ ਮੌਕੇ ਹਰ ਸਾਲ ਦੀ ਤਰਾਂ ਲੋੜਵੰਦ ਪਰਿਵਾਰਾਂ ਦੀਆਂ 11 ਲੜਕੀਆਂ ਦੇ ਵਿਆਹ ਕੀਤੇ ਗਏ ਅਤੇ ਉਨ੍ਹਾਂ ਨੂੰ ਘਰੇਲੂ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ।ਅਨੰਦ ਕਾਰਜ ਦੀ ਰਸਮ ਕੀਰਤਨ ਕਰਨ ਉਪਰੰਤ ਸੰਤ ਮਨਮੋਹਣ ਸਿੰਘ ਬਾਰਨ ਵਾਲਿਆਂ ਦੁਆਰਾ ਨਿਭਾਈ ਗਈ। ਇਸ ਮੌਕੇ ਸੰਤ ਮਨਮੋਹਨ ਸਿੰਘ ਬਾਰਨ ਵਾਲਿਆਂ ਦਾ ਵਿਸੇਸ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮੰਚ ਸਕੱਤਰ ਦੀ ਸੇਵਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਸ. ਕ੍ਰਿਸ਼ਨ ਸਿੰਘ ਸਨੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਸੰਤ ਸੁਖਦੇਵ ਸਿੰਘ ਅਮਨ ਨਗਰ ਵਾਲੇ, ਸੰਤ ਬਾਬਾ ਜੈਮਲ ਸਿੰਘ ਅਲੀਪੁਰ ਰਾਈਆਂ ਵਾਲੇ, ਪੰਜਾਬ ਸਿੱਖ ਕੌਂਸਲ ਪ੍ਰਧਾਨ ਮੋਹਣ ਸਿੰਘ ਕਰਤਾਰਪੁਰ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਮੇਅਰ ਕੁੰਦਨ ਗੋਗੀਆ, ਆਰ.ਐੱਸ.ਐੱਸ.ਆਗੂ ਸੰਜੀਵ ਸਿੰਘ ਧੀਮਾਨ, ਐੱਸ. ਜੀ. ਪੀ. ਸੀ. ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਸਿਆਸੀ ਸਕੱਤਰ ਜਗਜੀਤ ਸਿੰਘ ਕੋਹਲੀ, ਭੁਪਿੰਦਰ ਸਿੰਘ ਮਸੀਂਗਣ, ਮਨਸਿਮਰਤ ਸਿੰਘ ਸ਼ੇਰੀ ਰਿਆੜ, ਹਰਿੰਦਰ ਕੋਹਲੀ, ਸਟੇਟ ਅਵਾਰਡੀ ਪ੍ਰਿੰਸੀਪਲ ਅਜੀਤ ਸਿੰਘ ਭੱਟੀ, ਤਰਸੇਮ ਸਿੰਘ ਸੈਣੀ, ਤਸਵਿੰਦਰ ਸਿੰਘ ਸੈਣੀ, ਸਰਬਜੀਤ ਸਿੰਘ ਸੈਣੀ, ਕਰਨਲ ਬਲਵਿੰਦਰ ਸਿੰਘ ਚੀਮਾ, ਜਗਦੇਵ ਸਿੰਘ ਤੇਜਾਂ, ਮਨਜੀਤ ਸਿੰਘ ਚੌਹਾਨ ਅਤੇ ਉਪਕਾਰ ਸਿੰਘ ਸਾਰੇ ਸਮਾਜ ਸੇਵਕ, ਪ੍ਰਿੰਸੀਪਲ ਅਜੀਤ ਸਿੰਘ ਭੱਟੀ, ਭੁਪਿੰਦਰ ਸਿੰਘ ਚਾਚੂ, ਅਮਰਿੰਦਰ ਸਿੰਘ ਸਨੌਰ, ਬਲਵਿੰਦਰ ਸਿੰਘ ਸਪੇਨ ਵਾਲੇ, ਰਾਜਿੰਦਰ ਸਿੰਘ ਮੌਜੀ, ਭਾਈ ਰਣਜੀਤ ਸਿੰਘ ਰਾਣਾ ਮਨੀਲਾ, ਭਾਈ ਹਰਵਿੰਦਰ ਸਿੰਘ ਸੈਣੀ ਮਨੀਲਾ ਅਤੇ ਬੀਬੀ ਰਿੰਕੂ ਮੈਂਗੜੇ ਨੇ ਵੀ ਵਿਆਹਾਂ ਵਿੱਚ ਵਿਸ਼ੇਸ਼ ਸਹਿਯੋਗ ਦੇ ਕੇ ਗੁਰੂ ਘਰ ਵਿੱਚ ਹਾਜ਼ਰੀ ਲਵਾਈ। ਪਿੰਗਲਾ ਆਸ਼ਰਮ ਮੁਖੀ ਸੰਤ ਬਾਬਾ ਬਲਬੀਰ ਸਿੰਘ ਨੇ ਆਏ ਸਭ ਮਹਿਮਾਨਾਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਸਨਮਾਨ ਕਰਦਿਆਂ ਧੰਨਵਾਦ ਕੀਤਾ।

# ਘਰ ਦੀ ਭੰਨਤੋੜ ਕਰਨ 'ਤੇ ਚਾਰ ਵਿਰੁੱਧ ਮਾਮਲਾ ਦਰਜ

ਸਮਾਣਾ, 25 ਮਈ (ਵਿਜੇ ਕੁਮਾਰ) : ਰਿਸ਼ਤੇ ਦੀ ਗੱਲ ਨਾ ਬਣਨ 'ਤੇ ਗੁੱਸੇ ਵਿਚ ਆਏ ਨੌਜਵਾਨ ਵੱਲੋਂ ਆਪਣੇ ਵਾਰਸਾਂ ਦੇ ਨਾਲ ਅੱਧੀ ਰਾਤ ਨੂੰ ਲੜਕੀ ਦੇ ਘਰ ਜਾ ਕੇ ਭੰਨਤੋੜ ਕਰਨ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਤਹਿਤ ਸਦਰ ਪੁਲਿਸ ਨੇ ਚਾਰ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ।ਮੁਲਜ਼ਮਾਂ 'ਚ ਹਰਤੇਜ ਸਿੰਘ, ਸਤਨਾਮ ਸਿੰਘ, ਜਤਿੰਦਰ ਸਿੰਘ ਨਿਵਾਸੀ ਪਿੰਡ ਮਟੋਰਡਾ ਅਤੇ ਨਾਨਕਵੀਰ ਸਿੰਘ ਨਿਵਾਸੀ ਗੁਦਾਈਆ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ ਮਵੀਕਲਾਂ ਪੁਲਿਸ ਮੁੱਖੀ ਬਲਕਾਰ ਸਿੰਘ ਨੇ ਦੱਸਿਆ ਕਿ ਜਸਵੀਰ ਕੌਰ ਨਿਵਾਸੀ ਪਿੰਡ ਕਕਰਾਲਾ ਵੱਲੋਂ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਨ੍ਹਾਂ ਦੇ ਪਰਿਵਾਰ ਵੱਲੋਂ ਮੁਲਜ਼ਮ ਨੌਜਵਾਨ ਦੇ ਨਾਲ ਰਿਸ਼ਤੇ ਦੀ ਗੱਲ ਨਾ ਮੰਨਣ 'ਤੇ 22 ਮਈ ਦੀ ਰਾਤ ਇੱਕ ਵਜੇ ਕਾਰਾਂ ਵਿੱਚ ਪਹੁੰਚੇ ਹਥਿਆਰਬੰਦ ਮੁਲਜ਼ਮ ਉਨ੍ਹਾਂ ਦੇ ਘਰ ਦੀ ਦੀਵਾਰ ਟੱਪ ਕੇ ਅੰਦਰ ਦਾਖਲ ਹੋ ਗਏ ਅਤੇ ਘਰ ਦਾ ਗੇਟ ਤੋੜਨ ਲੱਗੇ। ਇਸ ਦੌਰਾਨ ਪਰਿਵਾਰ ਦੇ ਲੋਕ ਜਾਗ ਗਏ ਅਤੇ ਰੌਲਾ ਪੈਣ 'ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਸਾਰੇ ਮੁਲਜ਼ਮ ਫਰਾਰ ਹੋ ਗਏ। ਅਧਿਕਾਰੀ ਅਨੁਸਾਰ ਸੀ.ਸੀ.ਟੀ.ਵੀ. ਕੈਮਰਿਆਂ ਨਾਲ ਪਹਿਚਾਣ ਕਰਨ ਉਪਰੰਤ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ 'ਚ ਰੇਡ ਕੀਤੀ ਜਾ ਰਹੀ ਹੈ।

# ਗਿ: ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ ਤੁਰੰਤ ਬਹਾਲ ਕਰਨ ਦੀ ਲੋੜ : ਬਘੌਰਾ



ਘਨੌਰ, 25 ਮਈ (ਮਦਨ ਲਾਲ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਸ਼੍ਰੋਮਣੀ ਅਕਾਲੀ ਦੱਲ ਸੀਨੀਅਰ ਆਗੂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਵੱਲੋਂ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਸਾਹਿਬ ਦੇ ਧਾਰਮਿਕ ਸਮਾਗਮਾਂ 'ਤੇ ਲੱਗੀ ਰੋਕ ਹਟਾਉਣ ਦਾ ਸਵਾਗਤ ਕਰਦੇ ਹੋਏ ਤੱਖਤ ਹਰਿਮੰਦਰ ਜੀ ਪਟਨਾ ਸਾਹਿਬ ਦੀ ਕਮੇਟੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਮੇਰ ਸਿੰਘ ਲਾਛੜੂ ਹਰਬੰਸ ਸਿੰਘ ਦਦਹੇੜਾ ਸੁਖਵੰਤ ਸਿੰਘ ਭੁੱਲਰ ਅਜੀਤਪਾਲ ਸਿੰਘ ਗੁਰਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਅਤੇ ਉਪਰੋਕਤ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮੰਗ ਪੱਤਰ ਦੇਣ ਉਪਰੰਤ ਕਿਹਾ ਕਿ ਪਿਛਲੇ ਸਮੇਂ ਜੋ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਿੱਚ ਭਾਈ ਬਲਦੇਵ ਸਿੰਘ ਜੀ ਸ਼ਾਮਿਲ ਹੁੰਦੇ ਹਨ।ਉਹਨਾਂ ਨੂੰ ਪੰਜ ਬਾਣੀਆਂ ਪਾਠ ਕੰਠ ਹੋਣ ਕਰਕੇ ਅਕਾਲ ਤਖਤ 'ਤੇ ਸੱਦਿਆ ਗਿਆ ਸੀ ਤੇ ਜਿਸ ਦੇ ਪ੍ਰਤੀ ਉਹਨਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਪੁਤਲਾ ਫੂਕ ਕੇ ਸਿੱਖ ਦੇ ਹਿਰਦਿਆਂ 'ਤੇ ਬਹੁਤ ਡੂੰਘੀ ਸੱਟ ਮਾਰੀ ਹੈ। ਇਸ ਲਈ ਅਸੀਂ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਇਸ ਵਕਤ ਭਾਜਪਾ ਦੇ ਕੁਝ ਪਿੱਠੂ ਜੋ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਚੱਲ ਕੇ ਗੁਰੂ ਘਰਾਂ ਦੇ ਵਿੱਚ ਦਖਲ ਅੰਦਾਜ਼ੀ ਕਰ ਰਹੇ ਹਨ ਜਿਵੇਂ ਕਿ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਹਰਿਆਣਾ ਦਿੱਲੀ ਕਮੇਟੀ ਨੂੰ ਆਪਣੇ ਹੱਥਾਂ ਵਿੱਚ ਲੈਣਾ ਇਹ ਬੰਦੂਕ ਦੂਜੇ ਮੋਢਿਆਂ 'ਤੇ ਧਰ ਕੇ ਚਲਾਉਣਾ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਿੱਖ ਕੌਮ ਨੂੰ ਵੀ ਇਸ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ।

# ਸ਼ਹੀਦ ਨਾਇਕ ਮਲਕੀਤ ਸਿੰਘ ਨੂੰ ਸ਼ਰਧਾਂਜਲੀਆਂ



ਦੇਵੀਗੜ੍ਹ, 25 ਮਈ (ਗੁਰਜੀਤ ਢੋਟ) :ਅਪਰੇਸ਼ਨ ਸਿੰਧੂਰ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਤੇ ਹਡਾਣਾ ਵਿੱਚ ਤਿਰੰਗਾ ਯਾਤਰਾ ਕੱਢੀ ਗਈ, ਜਿਸ ਵਿੱਚ ਹਲਕਾ ਇੰਚਾਰਜ ਸਨੌਰ ਭਾਰਤੀ ਜਨਤਾ ਪਾਰਟੀ ਵਿਕਰਮਜੀਤ ਇੰਦਰ ਸਿੰਘ ਚਹਿਲ ਨੇ ਹਡਾਣਾ ਵਿੱਚ ਸ਼ਹੀਦ ਨਾਇਕ ਮਲਕੀਤ ਸਿੰਘ ਜੋ ਕਾਰਗਿਲ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਭਾਜਪਾ ਵਰਕਰ ਤੇ ਆਗੂ ਸੰਦੀਪ ਸ਼ਰਮਾ ਰੋਹੜ, ਜਸਵਿੰਦਰ ਸ਼ਰਮਾ ਪ੍ਰਧਾਨ ਘੜਾਮ ਮੰਡਲ, ਹਰਮੀਤ ਸਿੰਘ ਅਤੇ ਠਕਰਾਲ ਵਰਿੰਦਰ ਸਿੰਘ ਵਿਕਸੀ ਮਿਹੌਣ, ਗੁਰਮੀਤ ਸਿੰਘ ਓਬੀਸੀ ਵਿੰਗ ਪ੍ਰਧਾਨ ਹਡਾਣਾ, ਬਲਕਾਰ ਸਿੰਘ ਬਰਕਤਪੁਰ, ਬਲਵਿੰਦਰ ਸਿੰਘ ਰੱਤਾਖੇੜਾ, ਹਰਪਾਲ ਸਿੰਘ ਬਰਕਤਪਰ ਹਾਜ਼ਰ ਸਨ।

# ਡਾ.ਅਜੈ ਗੋਇਲ ਬਣੇ ਮਹਾਰਾਜਾ ਯਾਦਵਿੰਦਰਾ ਇਨਕਲੇਵ ਵੈਲ.ਫੇਅਰ ਐਸੋਸੀਏਸ਼ਨ ਦੇ ਪ੍ਰਧਾਨ



ਪਟਿਆਲਾ, 25 ਮਈ (ਚ.ਨ.ਸ.) : ਮਹਾਰਾਜਾ ਯਾਦਵਿੰਦਰਾ ਇਨਕਲੇਵ ਵੈੱਲਫੇਅਰ ਐਸੋਸੀਏਸ਼ਨ (ਰਜਿ.) ਦੀ ਪ੍ਰਧਾਨਗੀ ਦੇ ਅਹੁੱਦੇ ਨੂੰ ਲੈ ਕੇ ਹੋਈ ਚੋਣ ਵਿੱਚ ਡਾ. ਅਜੈ ਗੋਇਲ ਨੇ ਜਿੱਤ ਪ੍ਰਾਪਤ ਕੀਤੀ ਹੈ। ਉਹਨਾਂ ਦੀ ਕਾਰਜਸ਼ੈਲੀ ਤੇ ਮੁੜ ਤੋਂ ਭਰੋਸਾ ਵਿਖਾਉਂਦੇ ਹੋਏ ਕਲੋਨੀ ਦੇ ਵਸਨੀਕਾਂ ਨੇ 2 ਸਾਲਾਂ ਦੇ ਲਈ ਕਲੋਨੀ ਦੀ ਸੇਵਾ ਕਰਨ ਦਾ ਅਵਸਰ ਪ੍ਰਦਾਨ ਕੀਤਾ ਹੈ। ਇਸ ਚੋਣ ਵਿੱਚ ਡਾ. ਅਜੈ ਗੋਇਲ ਨੂੰ ਕੁੱਲ 184 ਵੋਟਾਂ ਪਈਆ।ਉਹਨਾਂ ਦੀ ਵਿਰੋਧੀ ਉਮੀਦਵਾਰ ਸਿਲਕੀ ਅਗਰਵਾਲ ਨੇ 59 ਵੋਟਾਂ ਪ੍ਰਾਪਤ ਕੀਤੀਆਂ। ਸੋਹਨ ਲਾਲ ਬਾਂਸਲ ਮੀਤ ਪ੍ਰਧਾਨ ਅਤੇ ਪ੍ਰਮੋਦ ਜੈਨ ਜਨਰਲ ਸੈਕਟਰੀ ਦੇ ਅਹੁੱਦੇ ਲਈ ਨਿਰਵਿਰੋਧ ਚੁਣੇ ਗਏ। ਇਸ ਤੋਂ ਇਲਾਵਾ ਦਰਸ਼ਨ ਸਿੰਘ ਟਿਵਾਣਾ ਨੂੰ ਜ਼ੋਨ ਨੰਬਰ 1 ਤੋਂ, ਜੁਗਰਾਜ ਸਿੰਘ ਜ਼ੋਨ ਨੰਬਰ 2, ਸੁਰੇਸ਼ ਕੁਮਾਰ ਜ਼ੋਨ ਨੰਬਰ 3, ਦਵਿੰਦਰ ਕੁਮਾਰ ਜ਼ੋਨ ਨੰਬਰ 3, ਸ਼ੇਰ ਸਿੰਘ ਬੋਪਾਰਾਏ ਜ਼ੋਨ ਨੰਬਰ 4, ਹੇਮੰਤ ਘਈ ਜ਼ੋਨ ਨੰਬਰ 5, ਸੰਜੀਵ ਜੈਨ ਜ਼ੋਨ ਨੰਬਰ 6, ਧੀਰਜ ਕੁਮਾਰ ਜ਼ੋਨ ਨੰਬਰ 7, ਸੁਦਰਸ਼ਨ ਪਾਲ ਜ਼ੋਨ ਨੰਬਰ 8, ਲਲਿਤ ਮਿੱਤਲ ਜ਼ੋਨ ਨੰਬਰ 9, ਚਮਨਦੀਪ ਸ਼ਰਮਾ ਜ਼ੋਨ ਨੰਬਰ 10, ਹਰਬੰਸ ਲਾਲ ਬਾਂਸਲ ਜ਼ੋਨ ਨੰਬਰ 11, ਮੋਹਿੰਦਰ ਸਿੰਘ ਜ਼ੋਨ ਨੰਬਰ 13 ਆਦਿ ਐਗਜ਼ੀਕਿਊਟਿਵ ਮੈਂਬਰਾਂ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ ਹੈ। ਜੋਨ 12 ਦੇ ਮੈਂਬਰ ਦੀ ਚੋਣ ਵਿੱਚ ਅਤੁਲ ਬਾਂਸਲ ਨੇ ਜਿੱਤ ਪ੍ਰਾਪਤ ਕੀਤੀ। ਇਸ ਚੋਣ ਨੂੰ ਸਫਲਤਾਪੂਰਵਕ ਕਰਵਾਉਣ ਵਿੱਚ ਸ਼ਾਮ ਗੁਪਤਾ, ਸੋਮਨਾਥ ਗੋਇਲ ਅਤੇ ਸੰਜੀਵ ਅਗਰਵਾਲ ਦੀ ਖਾਸ ਭੂਮਿਕਾ ਰਹੀ। ਇਸ ਮੌਕੇ 'ਤੇ ਪ੍ਰਧਾਨ ਅਜੈ ਗੋਇਲ ਨੇ ਸਾਰੀ ਟੀਮ ਨੂੰ ਮੁਬਾਰਕਵਾਦ ਦਿੱਤੀ।

# ਜਸਵਿੰਦਰ ਸਿੰਘ ਵੜੈਚ ਨੂੰ ਨੰਬਰਦਾਰ ਯੂਨੀਅਨ ਗਾਲਿਬ ਵੱਲੋਂ ਸ਼ਰਧਾਂਜਲੀ ਭੇਟ



ਸਮਾਣਾ, 25 ਮਈ (ਜਵੰਦਾ) : ਪੰਜਾਬ ਨੰਬਰਦਾਰ ਯੂਨੀਅਨ ਗਾਲਿਬ ਤਹਿਸੀਲ ਸਮਾਣਾ ਦੇ ਪਿੰਡ ਤਲਵੰਡੀ ਮਲਿਕ ਦੇ ਨੰਬਰਦਾਰ ਜਸਵਿੰਦਰ ਸਿੰਘ ਵੜੈਚ ਕਈ ਰੋਜ਼ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ।ਅੱਜ ਨੰਬਰਦਾਰ ਯੂਨੀਅਨ ਸਮਾਣਾ ਇਕਾਈ ਦੇ ਪ੍ਰਧਾਨ ਬਲਵਿੰਦਰ ਸਿੰਘ ਟੋਡਰਪੁਰ ਅਤੇ ਨੰਬਰਦਾਰ ਸਾਹਿਬਾਨ ਵੱਲੋਂ ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ ਮੌਕੇ ਹਾਜ਼ਰੀ ਲਗਵਾਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਕਿਹਾ ਕਿ ਜਦੋਂ ਕੋਈ ਆਪਣਾ ਸਾਥੀ ਸਮੇਂ ਤੋਂ ਪਹਿਲਾਂ ਇਸ ਨਾਸ਼ਵਾਨ ਦੁਨੀਆਂ ਤੋਂ ਰੁਖਸਤ ਹੋ ਜਾਂਦਾ ਹੈ ਤਾਂ ਬਹੁਤ ਦੁੱਖ ਲੱਗਦਾ ਹੈ। ਸ਼ਰਧਾਂਜਲੀ ਸਮਾਗਮ ਉਪਰੰਤ ਉਹਨਾਂ ਦੇ ਸਪੁੱਤਰ ਸ. ਅਰਸ਼ਦੀਪ ਸਿੰਘ ਵੜੈਚ ਨੂੰ ਨੰਬਰਦਾਰੀ ਵਜੋਂ ਪੱਗ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਬਲਵਿੰਦਰ ਸਿੰਘ ਟੋਡਰਪੁਰ, ਹਰਜੀਤ ਸਿੰਘ ਜ਼ਿਲ੍ਹਾ ਪਟਿਆਲਾ ਨਰਿੰਦਰ ਸਿੰਘ ਕਮਾਲਪੁਰ, ਤਲਵਿੰਦਰ ਸਿੰਘ ਕੁਲਾਰਾਂ ਜਸਵਿੰਦਰ ਸਿੰਘ ਤਲਵੰਡੀ ਮਲਿਕ , ਹਰਿੰਦਰ ਸਿੰਘ ਦੁੱਲੜ ਪ੍ਰਿਤਪਾਲ ਸਿੰਘ ਸਾਬਕਾ ਸਰਪੰਚ ਤਲਵੰਡੀ ਮਲਿਕ ਆਦਿ ਨੰਬਰਦਾਰ ਹਾਜ਼ਰ ਸਨ।

# ਆਈ.ਟੀ. ਦੇ ਖੇਤਰ 'ਚ ਵੱਡੀਆਂ ਪੁਲਾਂਘਾਂ ਪੁੱਟ ਰਿਹੈ ਡਕਾਲਾ ਸਕੂਲ

## ਏ.ਆਈ.ਐਫ. ਦੁਆਰਾ ਸਕੂਲ 'ਚ ਦੋ ਰੋਜ਼ਾ ਟੀਚਰਜ਼ ਟਰੇਨਿੰਗ-ਕਮ-ਐਕਸਪੋਜ਼ਰ ਵਿਜ਼ਿਟ



ਪਟਿਆਲਾ, 25 ਮਈ (ਚ.ਨ.ਸ.) :ਆਧੁਨਿਕ ਟੈਕਨਾਲੌਜੀ ਦੀ ਦੁਨੀਆਂ ਵਿੱਚ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡਕਾਲਾ ਹੁਣ ਜ਼ਿਲ੍ਹੇ ਦੇ ਹੋਰਨਾਂ ਸਕੂਲਾਂ ਨੂੰ ਸਿਖਲਾਈ ਦੇਣ ਦਾ ਮਹੱਤਵਪੂਰਨ ਕਾਰਜ ਕਰ ਰਿਹਾ ਹੈ। ਜਿਸ ਦੇ ਚੱਲਦਿਆਂ 22 ਤੇ 23 ਮਈ ਨੂੰ ਡਕਾਲਾ ਸਕੂਲ ਵਿਖੇ ਅਮਰੀਕਨ ਇੰਡੀਆ ਫੈਡਰੇਸ਼ਨ (ਏਆਈਐਫ) ਦੇ ਦੁਆਰਾ ਦੋ ਰੋਜ਼ਾ ਟੀਚਰਜ਼ ਟਰੇਨਿੰਗ-ਕਮ-ਐਕਸਪੋਜ਼ਰ ਵਿਜ਼ਿਟ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਡਾ. ਰਵਿੰਦਰਪਾਲ ਸ਼ਰਮਾ, ਡਾਈਟ ਨਾਭਾ ਦੇ ਪ੍ਰਿੰਸੀਪਲ ਡਾ. ਸੰਦੀਪ ਨਾਗਰ, ਏਆਈਐਫ ਦੇ ਨੌਰਥ ਹੈਡ ਨਿਖਿਲ ਮਹਿਤਾ ਅਤੇ ਏਆਈਐਫ ਪਟਿਆਲਾ ਦੇ ਇੰਚਾਰਜ ਡਾ. ਪ੍ਰਿਯੰਕਾ ਕੌਸ਼ਿਕ ਨੇ ਸ਼ਿਰਕਤ ਕੀਤੀ। ਡਕਾਲਾ ਸਕੂਲ ਦੇ ਪ੍ਰਿੰਸੀਪਲ ਸੀਮਾ ਰਾਣੀ ਨੇ ਰੋਬੋਟਿਕ ਲੈਬ ਡੋਨਰ ਮਾਸ਼ਾ ਸਜਦੇ ਅਤੇ ਏਆਈਐਫ ਟੀਮ ਦਾ ਧੰਨਵਾਦ ਕੀਤਾ। ਜਿਸ ਦੌਰਾਨ ਜ਼ਿਲ੍ਹੇ ਦੇ ਪੰਜ ਸਕੂਲਾਂ, ਜਿਨ੍ਹਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ, ਸਕੂਲ ਆਫ ਐਮੀਨੈਂਸ ਫੀਲਖਾਨਾ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਨੌਰ ਅਤੇ ਮੇਜਬਾਨ ਸਕੂਲ ਸ਼ਾਮਲ ਹਨ, ਦੇ ਕੰਪਿਊਟਰ, ਸਾਇੰਸ ਅਤੇ ਗਣਿਤ ਵਿਸ਼ੇ ਨਾਲ ਸਬੰਧਿਤ ਅਧਿਆਪਕਾਂ ਨੇ ਸ਼ਮੂਲੀਅਤ ਕਰਕੇ ਰੋਬੋਟਿਕਸ ਬਾਰੇ ਜਾਣਕਾਰੀ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰੋਬੋਟਿਕ ਲੈਬ ਦੇ ਇੰਚਾਰਜ ਤੇ ਕੰਪਿਊਟਰ ਅਧਿਆਪਕ ਦਲਬੀਰ ਸਿੰਘ ਨੇ ਦੱਸਿਆ ਕਿ ਇਹ ਐਕਸਪੋਜ਼ਰ ਵਿਜ਼ਿਟ ਬਹੁਤ ਹੀ ਲਾਹੇਵੰਦ ਸਿੱਧ ਹੋਇਆ ਹੈ। ਉਨ੍ਹਾਂ ਦੱਸਿਆ ਕਿ ਡਕਾਲਾ ਸਕੂਲ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਵਿਦਿਆਰਥੀ ਰੋਬੋਟਿਕਸ ਬਾਰੇ ਪੜ੍ਹਾਈ ਹਾਸਲ ਕਰ ਰਹੇ ਹਨ। ਜਿਨ੍ਹਾਂ ਵਿੱਚੋਂ 28 ਵਿਦਿਆਰਥੀ ਬਿੱਲਕੁਲ ਤਿਆਰ ਹਨ। ਉਨ੍ਹਾਂ ਦੱਸਿਆ ਕਿ ਇਸ ਦੋ ਰੋਜ਼ਾ ਪ੍ਰੋਗਰਾਮ ਦੌਰਾਨ ਸਕੂਲ ਦੇ 10 ਵਿਦਿਆਰਥੀ ਮੁਹੰਮਦ ਰਿਹਾਨ, ਜਸਪ੍ਰੀਤ ਸਿੰਘ, ਮਨਪ੍ਰੀਤ ਕੌਰ, ਸ਼ਿਵਾਲੀ, ਮੁਸਕਾਨ ਖਾਨ, ਖੁਸ਼ਪ੍ਰੀਤ ਕੌਰ, ਪ੍ਰੀਆ ਬਾਵਾ, ਪ੍ਰੀਆ, ਅਮਨ ਅਤੇ ਮਨਵੀਰ ਸਿੰਘ ਨੇ ਬਾਹਰਲੇ ਸਕੂਲਾਂ ਤੋਂ ਆਏ ਅਧਿਆਪਕਾਂ ਨੂੰ ਰੋਬੋਟਿਕਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਕੇ ਹੈਰਾਨ ਕਰ ਦਿੱਤਾ। ਜਿਸ ਤਹਿਤ ਵੱਧ ਤੋਂ ਵੱਧ ਸਕੂਲਾਂ ਨੂੰ ਰੋਬੋਟਿਕਸ, ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ), ਮਸ਼ੀਨ ਲਰਨਿੰਗ, ਕੋਡਿੰਗ ਅਤੇ ਪਾਈਥਨ ਪ੍ਰੋਗਰਾਮਿੰਗ ਬਾਰੇ ਜਾਗਰੂਕ ਕੀਤਾ ਜਾਵੇਗਾ।

# ਪੀ.ਯੂ. ਵੱਲੋਂ ਡਾ.ਜੱਗੀ ਨਮਿਤ ਸ਼ੋਕ ਸਭਾ



ਪਟਿਆਲਾ, 25 ਮਈ (ਚ.ਨ.ਸ.) :ਸਦੀਵੀਂ ਵਿਛੋੜਾ ਦੇ ਗਏ ਉੱਘੇ ਵਿਦਵਾਨ ਅਤੇ ਖੋਜੀ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਦੇਣ ਹਿਤ ਪੰਜਾਬੀ ਯੂਨੀਵਰਸਿਟੀ ਵਿਖੇ ਸ਼ੋਕ ਸਭਾ ਕਰਵਾਈ ਗਈ, ਜਿਸ ਦੌਰਾਨ ਪੜ੍ਹੇ ਗਏ ਸ਼ੋਕ ਮਤੇ ਦੌਰਾਨ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਉਨ੍ਹਾਂ ਦੇ ਇਸ ਅਸਹਿ ਵਿਛੋੜੇ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਹੋਣਹਾਰ ਵਿਦਵਾਨ ਡਾ. ਜੱਗੀ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦਿਆਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਅਤੇ ਉਨ੍ਹਾਂ ਦੇ ਸਮੂਹ ਪਾਠਕਾਂ ਨਾਲ਼ ਦੁੱਖ ਵਿੱਚ ਸ਼ਰੀਕ ਹੈ। ਸ਼ੋਕ ਸਭਾ ਮੌਕੇ ਯੂਨੀਵਰਸਿਟੀ ਦੇ ਵੱਖ-ਵੱਖ ਅਧਿਕਾਰੀਆਂ ਤੋਂ ਇਲਾਵਾ ਅਧਿਆਪਨ ਅਤੇ ਗ਼ੈਰ ਅਧਿਆਪਨ ਅਮਲੇ ਦੇ ਮੈਂਬਰ ਹਾਜ਼ਰ ਰਹੇ।